ਹੱਕ, ਸੱਚ, ਇਨਸਾਫ਼ ਅਤੇ ਮਨੁੱਖਤਾ ਲਈ ਲੜ ਰਹੇ ਲੋਕ ਕਿਤੇ ਵੀ ਹੋਣ ਉਹ ਸਾਡੇ ਲੋਕ ਹਨ

# ਸਾਡੇ ਲੋਕ
SADE LOK
sadelok.com

28 ਮਈ ਤੋਂ 3 ਜੂਨ 2025

ਸਾਲ 16ਵਾਂ - ਅੰਕ 22
email : info@sadelok.com
Ph. : 510-706-1300
Fax : 925-373-1300


(ਦੇਖੋ ਸਫ਼ਾ 35-37 'ਤੇ)

ਤੇਰਾ ਕੀਆ ਮੀਠਾ ਲਾਗੈ ॥ ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥

## ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

ਦੇ ਸ਼ਹੀਦੀ ਦਿਹਾੜੇ ਮੌਕੇ ਉਨ੍ਹਾਂ ਨੂੰ ਕੋਟਿ-ਕੋਟਿ ਪ੍ਰਣਾਮ।

## ਬਦਲਾਅ ਵਾਲੀ ਸਰਕਾਰ ਕਿਸਾਨਾਂ ਦੀਆਂ ਪੱਗਾਂ ਲੱਗੀ ਰੋਲਣ

# ਪੁਲਿਸ ਨੇ ਕਿਸਾਨਾਂ 'ਤੇ ਕੀਤਾ ਲਾਠੀਚਾਰਜ



### ਕਈ ਕਿਸਾਨਾਂ ਦੀਆਂ ਪੱਗਾਂ ਲੱਥੀਆਂ; 32 ਕਿਸਾਨ ਹਿਰਾਸਤ 'ਚ ਲਏ

ਗੁਰਦਾਸਪੁਰ/ਕਾਦੀਆਂ : ਭਾਰਤ ਮਾਲਾ ਪ੍ਰਾਜੈਕਟ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਕਿਸਾਨਾਂ ਦੀ ਜ਼ਮੀਨ ਐਕੁਆਇਰ ਕਰਨ ਦੀ ਕਾਰਵਾਈ ਦੌਰਾਨ ਅੱਜ ਕਾਹਨੂੰਵਾਨ ਬਲਾਕ ਦੇ ਪਿੰਡ ਭਿੱਟੇ ਵੱਢ ਵਿੱਚ ਕਿਸਾਨਾਂ ਅਤੇ ਪੁਲੀਸ ਵਿਚਾਲੇ ਝੜਪ ਹੋ ਗਈ। ਕਿਸਾਨਾਂ ਨੂੰ ਖੇਤਾਂ 'ਚੋਂ ਧੂਹ-ਧੂਹ ਕੇ ਬੱਸਾਂ ਤੱਕ ਲਿਜਾਇਆ ਗਿਆ ਤੇ ਪੁਲੀਸ ਨੇ 32 ਦੇ ਕਰੀਬ ਕਿਸਾਨਾਂ ਸਣੇ ਇੱਕ ਮਹਿਲਾ ਆਗੂ ਨੂੰ

(ਦੇਖੋ ਸਫ਼ਾ 16 'ਤੇ)

## ਸੁਖਬੀਰ ਬਾਦਲ ਨਾਲ ਸਮਝੌਤਾ ਕਰਨਾ 'ਖੁਦਕੁਸ਼ੀ' ਵਰਗਾ ਹੋਵੇਗਾ : ਗਿਆਨੀ ਹਰਪ੍ਰੀਤ ਸਿੰਘ



**ਜਿਨ੍ਹਾਂ ਲੋਕਾਂ ਨੂੰ ਪੰਜਾਬ ਦੇ ਲੋਕਾਂ ਨੇ ਘਰ ਬਿਠਾਇਆ, ਉਨ੍ਹਾਂ ਨੂੰ ਅਸੀਂ ਮੁੜ ਲੋਕਾਂ ਦੇ ਸਿਰਾਂ 'ਤੇ ਨਹੀਂ ਬੈਠਣ ਦਿਆਂਗੇ**

ਫਤਹਿਗੜ੍ਹ ਸਾਹਿਬ : ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਬਣਾਈ ਗਈ ਭਰਤੀ ਕਮੇਟੀ ਮੈਂਬਰਾਂ ਨੇ ਅੱਜ ਫਤਹਿਗੜ੍ਹ ਸਾਹਿਬ ਵਿਖੇ ਇੱਕ ਵਿਸ਼ਾਲ ਇਕੱਠ ਦਾ ਆਯੋਜਨ ਕੀਤਾ। ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਦੀ ਅਗਵਾਈ ਹੇਠ ਹੋਈ ਇਸ ਰੈਲੀ ਵਿੱਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਧੜੇ 'ਤੇ ਸਖ਼ਤ ਟਿੱਪਣੀਆਂ ਕੀਤੀਆਂ ਅਤੇ ਪੰਜਾਬ ਦੇ ਹਿੱਤਾਂ ਲਈ ਇੱਕ ਸਾਂਝੀ ਅਤੇ ਮਜ਼ਬੂਤ ਸਿਆਸੀ ਜਥੇਬੰਦੀ ਦੀ ਲੋੜ 'ਤੇ ਜ਼ੋਰ

(ਦੇਖੋ ਸਫ਼ਾ 25 'ਤੇ)

## ਨਹੀਂ ਰਹੇ ਭਾਈ ਖਾਲੜਾ ਅਗਵਾ ਕਾਂਡ ਦੇ ਚਸ਼ਮਦੀਦ ਸ੍ਰ. ਕ੍ਰਿਪਾਲ ਸਿੰਘ ਰੰਧਾਵਾ



(ਦੇਖੋ ਸਫ਼ਾ 16 'ਤੇ)

# ਦੋਵੇਂ ਮਹਾਂਸ਼ਕਤੀਆਂ ਆਹਮੋ-ਸਾਹਮਣੇ

## ਟਰੰਪ ਵਲੋਂ 'ਪਾਗਲ' ਕਹਿਣ 'ਤੇ ਪੁਤਿਨ ਵਲੋਂ ਤੀਜੀ ਸੰਸਾਰ ਜੰਗ ਦੀ ਧਮਕੀ



ਮਾਸਕੋ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨ ਰੂਸੀ ਰਾਸ਼ਟਰਪਤੀ ਪੁਤਿਨ ਨੂੰ ਅੱਗ ਨਾਲ ਨਾ ਖੇਡਣ ਦੀ ਜੋ ਚਿਤਾਵਨੀ ਦਿੱਤੀ ਉਸ ਦੇ ਪ੍ਰਤੀਕ੍ਰਮ ਵਜੋਂ ਰੂਸ ਨੇ ਤੀਜੇ ਵਿਸ਼ਵ ਯੁੱਧ ਦੀ ਧਮਕੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਟਰੰਪ ਨੇ ਪੁਤਿਨ ਨੂੰ ਪਾਗਲ ਵੀ ਕਿਹਾ ਸੀ। ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕਿਸੇ ਵੀ ਕੀਮਤ 'ਤੇ ਰੂਸ ਅਤੇ ਯੂਕਰੇਨ ਵਿਚਕਾਰ ਜੰਗਬੰਦੀ ਕਰਵਾਉਣਾ ਚਾਹੁੰਦੇ ਹਨ, ਪਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਇਸ ਲਈ ਤਿਆਰ ਨਹੀਂ ਹਨ। ਅਜਿਹੀ ਸਥਿਤੀ ਵਿਚ, ਟਰੰਪ ਪੁਤਿਨ ਤੋਂ ਨਾਰਾਜ਼ ਹਨ। ਅਜਿਹੀ ਸਥਿਤੀ ਵਿਚ ਟਰੰਪ ਨੇ ਪੁਤਿਨ ਨੂੰ ਸਾਫ਼-ਸਾਫ਼ ਕਿਹਾ ਸੀ ਕਿ ਸਾਡੀ ਗੱਲ ਨਾ ਸੁਣ ਕੇ ਉਹ ਅੱਗ

(ਦੇਖੋ ਸਫ਼ਾ 29 'ਤੇ)

## ਗੁਰੂ ਨਾਨਕ ਜਹਾਜ਼ ਦੀ 111ਵੀਂ ਯਾਦਗਾਰੀ ਵਰ੍ਹੇਗੰਢ 'ਤੇ ਵੈਨਕੂਵਰ 'ਚ ਸਮਾਗਮ



**'ਗੁਰੂ ਨਾਨਕ ਜਹਾਜ਼' ਨਾਂ ਦੀ ਬਹਾਲੀ ਅਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਇਤਿਹਾਸ ਦਰੁਸਤ ਕਰਨ ਸਬੰਧੀ ਮਤੇ ਸਰਬ-ਸੰਮਤੀ ਨਾਲ ਪਾਸ**

ਵੈਨਕੂਵਰ : 111 ਸਾਲ ਪਹਿਲਾਂ ਕੈਨੇਡਾ ਦੇ ਬਸਤੀਵਾਦ ਅਤੇ ਨਸਲਵਾਦ ਦਾ, ਚੜ੍ਹਦੀ ਕਲਾ ਅਤੇ ਭਾਈਚਾਰਕ ਸਾਂਝ ਨਾਲ ਮੁਕਾਬਲਾ ਕਰਨ ਵਾਲੇ 'ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ' ਦੀ ਨਿੱਡਰ ਅਤੇ ਸੁਤੰਤਰ ਹਸਤੀ ਬਾਰੇ, ਵੈਨਕੂਵਰ ਸਮੁੰਦਰੀ ਤੱਟ 'ਤੇ ਇੱਕ ਸ਼ਾਨਦਾਰ ਸਮਾਗਮ ਉਲੀਕਿਆ ਗਿਆ। ਇਸ ਵਿੱਚ ਕੈਨੇਡਾ ਵਸਦੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਸਿਆਸੀ ਹਸਤੀਆਂ ਤੋਂ ਇਲਾਵਾ, ਵੱਖ-ਵੱਖ ਸੰਸਥਾਵਾਂ, ਉਘੀਆਂ ਸ਼ਖਸ਼ੀਅਤਾਂ ਅਤੇ ਨੌਜਵਾਨ, ਬੱਚੇ ਅਤੇ ਬਜ਼ੁਰਗ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

111 ਸਾਲਾ ਸਮਾਗਮ ਵਿੱਚ ਬੀਸੀ ਖਾਲਸਾ ਦਰਬਾਰ ਵਲੋਂ ਹਰਿੰਦਰ ਸਿੰਘ ਸੋਹੀ ਤੇ ਗੁਰੂ

(ਦੇਖੋ ਸਫ਼ਾ 22 'ਤੇ)

Bhatia & Co, Inc
Certified Public Accountants
AICPA
Our Services :
Business Tax (C crop/S corp/LLC etc)
Individual Tax
Estate Tax
Internation Tax (FBAR/FATCA/5471/5472 etc)
Non-Profit entities
(Formation,IRS,FTB&DOJ approval)
Accounting & Payroll
Sales & Other Taxes
Financial Audit & Review
Tax Audit & Representation (IRS/FTB/BOE etc)
Collection, Lien & Back Taxes
Offer in Compromise
Santa Clara • Pleasanton • Merced
(844) 4USTAX (209)-354-8696
info@bhatiaco.com,www.bhatiaco.com

Bhatia Law Associates
Attorney at Law
Immigration and Business Services
IMMIGRATION
Immigrant Visas (Green Card)
Green Card : Employment based/PERM/NIW
Green Card : Family based
Green Card through refugee or asylee
Green Card : Investor & other categories
PERM
Nonimmigrant Visas
Fiancee visas
H1/L1/H4/L2/NAFTA TN/E2/E3
Student Visa
B-1/B-2 Visitor Visas and
Other Categories of nonimmigrant visas
Other Immigrantion Services
Citizenship
e-Verify, 1-9 and
Other Compliance
Other service -B-1/B-2 Visitor Visasextension and other Services
Santa Clara-Pleasanton-Merced
(844) 4USATAX (209)-354-8696
info@bhatiaco.com,www.Smoothimmigration.com

Jaspreet Singh
Attorney at law
ਅਮਰੀਕਾ 'ਚ ਕਾਨੂੰਨੀ ਸਹਾਇਤਾ ਲਈ ਭਰੋਸੇਮੰਦ ਨਾਮ
ਇਮੀਗ੍ਰੇਸ਼ਨ, ਬੈਂਕਰਪਸੀ, ਫੈਮਿਲੀ ਲਾਅ
Over 18 Years of Legal Experience
Specializes In :
- USA Immigration
- Citizenship
- Green Card
- Deportation Defense
- Political Asylum
- Detentaion Cases
- Artists
- Sin gers P3 Visas
- Priest R1 Visas
- Investors EB 5 Visas
- L1 Business Visas
- Fmily Law
- Criminal Defense Cases
44808 S. Grimmer Vlvd. #208 Fremont, CA 94538 Tel. : 510-657-6444
2951 W. Capital Ave. W. Sacramento CA 95691
4491 West Shaw Ave.# 131 Fresno. CA 93711 Tel : 559-271-5511
37-1873 Street Suite #401. Jackson Heights NY 11372 Tel : 718-533-844

Padam Builders
ਅਸੀਂ ਘਰ, ਗੈਸ ਸਟੇਸ਼ਨ, ਮੌਲ, ਸ਼ੋਅਰੂਮ ਅਤੇ ਹਰ ਤਰ੍ਹਾਂ ਦੀ ਕੰਸਟਰਕਸ਼ਨ ਦਾ ਕੰਮ foundation ਤੋਂ ਲੈ ਕੇ ਮੁਕੰਮਲ ਹੋਣ ਤੱਕ ਕਰਦੇ ਹਾਂ।
ਸਾਡੇ ਕੰਮ ਦੀ 100 ਪ੍ਰਤੀਸ਼ਤ ਗਰੰਟੀ
email:padambuilders@gmail.com
Licensed # 1019803
Bhupinder S. Padam
PH : 510-565-6667

CJ Singh
License # 24012019
Real Estate Broker
NORTHWEST REAL ESTATE
BERKSHIRE HATHAWAY HOMESERVICES
M. 206-401-4000
Charanjit Singh Seattle
ਜੇਕਰ ਤੁਸੀਂ ਬਿਜਨਸ ਅਤੇ ਆਪਣੇ ਸੁਪਨਿਆਂ ਦਾ ਘਰ ਖਰੀਦਣਾ ਚਹੁੰਦੇ ਹੋ ਤਾਂ ਸਾਨੂੰ ਇੱਕ ਕਾਲ ਕਰੋ ਅਤੇ ਤੁਸੀਂ ਸਾਡੇ ਉਪਰ 100% ਭਰੋਸਾ ਕਰ ਸਕਦੇ ਹੋ।
cjsingh@bhhsnw.com I cjsingh.bhhsnw.com
11400 SE 8th Street Ste 100
Bellevue. WA. 98004
A member of the franchise system of BHHS Affiliates, LLC.

ਪੋਲੀਟੀਕਲ ਅਸਾਈਲਮ – Political Asylum
Deportation of Defense – BIA Appeal
9 Circuit Court – Federal Court
ਗਰੀਨਕਾਰਡ – ਸਿਟੀਜਨਸ਼ਿਪ
Green Card – Citizenship
ਡਾਈਵੋਰਸ – ਸਿਵਲ ਐਂਡ ਕਰੀਮੀਨਲ ਕੇਸ
Divorce – Civil and Criminal Cases
Family Petition Immigration
Travel document – Work Permit
Harminder Singh Samana
Office Manager
239 West Yosemite Ave Manteca CA 95336 | hsrotal.64@gmail.com
209-481-7750
209-624-3919
ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ
LAW OFFICES OF EMMANUEL ENYINWA
All Services Under One Roof
ESQ, Abogado
369 Pine Street, Suite 420, San Francisco, CA 94104
Enyinwalaw@gmail.com
ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।
ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ Manteca-Arizona- San Francisco
EMMANUEL ENYINWA
Attorney of Law
Tel. 415-956-6100
Fax. 415-956-6111

# Valley Real Estate Center



Better Deal will be given from New Builders to Book New home in Mountain House, Tracy, Manteca and lathrop

ਮਾਊਂਟੇਨ ਹਾਊਸ, ਟਰੇਸੀ, ਮਨਟਿਕਾ ਅਤੇ ਲੈਥਰੋਪ ਵਿਚ ਨਵਾਂ ਘਰ ਬੁੱਕ ਕਰਨ ਲਈ ਨਵੇਂ ਅਤੇ ਤਜਰਬੇਕਾਰ ਬਿਲਡਰਜ਼ ਤੋਂ ਵਧੀਆ ਡੀਲ ਦਿਵਾਈ ਜਾਵੇਗੀ।

ਖੇਤੀਬਾੜੀ, ਅਲਮੰਡ ਫਾਰਮ, ਆਫ਼ਿਸ ਬਿਲਡਿੰਗ, ਫਾਰਮ ਹਾਊਸ ਅਤੇ ਟਰੱਕ ਯਾਰਡ ਲਈ ਵੀ ਵਧੀਆ ਸੇਵਾਵਾਂ ਹਾਸਲ ਕਰੋ।

For agriculture and almond Farm, office building, Farm House and for Truck Yard in Tracy, Manteca, Lathrop and Stockton

## Listing

Total 35.5 Young Three Years old Tree Padre and Nonpareil Variety. With Riparian Right From the San Joaquin River. With a Single Family Small Home, IT's Very Desirable Property





Property Address : 27022 River Roadm, Newman CA 95260.

## RANJIT SINGH

VALLEY REAL ESTATE CENTER (OFFICE LIC.: 01392267)

68 E 11TH STREET STE 109, TRACY, CA 95376

OFFICE : 209-956-1000 CELL : 408-355-5700, GBSINGH84@GMAIL.COM

# ਸਾਬਕਾ ਚੀਫ ਜਸਟਿਸ ਖੇਹਰ ਤੇ ਸ਼ੋਭਨਾ ਚੰਦਰਕੁਮਾਰ ਸਣੇ 68 ਨੂੰ ਪਦਮ ਪੁਰਸਕਾਰ

## ਕੱਥਕ ਨ੍ਰਿਤਕੀ ਕੁਮੁਦਿਨੀ ਰਜਨੀਕਾਂਤ ਲਖੀਆ ਅਤੇ ਲੋਕ ਗਾਇਕਾ ਸ਼ਾਰਦਾ ਸਿਨਹਾ ਲਈ ਪੋਤੇ ਤੇ ਪੁੱਤਰ ਨੇ ਪ੍ਰਾਪਤ ਕੀਤਾ ਸਨਮਾਨ



ਰਾਸ਼ਟਰਪਤੀ ਦਰੋਪਦੀ ਮੁਰਮੂ ਪੈਰਾ-ਤੀਰਅੰਦਾਜ਼ ਹਰਵਿੰਦਰ ਸਿੰਘ ਨੂੰ ਪਦਮਸ੍ਰੀ ਤੇ ਭਾਰਤ ਦੇ ਸਾਬਕਾ ਚੀਫ ਜਸਟਿਸ ਜਗਦੀਸ਼ ਸਿੰਘ ਖੇਹਰ ਨੂੰ ਪਦਮ ਵਿਭੂਸ਼ਨ ਪੁਰਸਕਾਰ ਨਾਲ ਸਨਮਾਨਦੇ ਹੋਏ।

ਨਵੀਂ ਦਿੱਲੀ : ਭਾਰਤ ਦੇ ਸਾਬਕਾ ਚੀਫ਼ ਜਸਟਿਸ ਜਗਦੀਸ਼ ਸਿੰਘ ਖੇਹਰ, ਨ੍ਰਿਤਕੀ ਸ਼ੋਭਨਾ ਚੰਦਰਕੁਮਾਰ, ਅਦਾਕਾਰ ਅਨੰਤ ਨਾਗ ਅਤੇ ਵੱਕਾਰੀ ਕਿੰਗ ਜੌਰਜ ਮੈਡੀਕਲ ਯੂਨੀਵਰਸਿਟੀ ਦੇ ਕੁਲਪਤੀ ਸੋਨੀਆ ਨਿੱਤਿਆਨੰਦ ਸਣੇ 68 ਵੱਕਾਰੀ ਸ਼ਖ਼ਸੀਅਤਾਂ ਨੂੰ ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਅੱਜ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ। ਰਾਸ਼ਟਰਪਤੀ ਨੇ ਅੱਜ ਉਪ ਰਾਸ਼ਟਰਪਤੀ ਜਗਦੀਪ ਧਨਖੜ, ਪ੍ਰਧਾਨ ਮੰਤਰੀ ਨਰਿੰਦਰ ਮੋਦੀ, ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਸਣੇ ਹੋਰਾਂ ਦੀ ਹਾਜ਼ਰੀ ਵਿੱਚ ਰਾਸ਼ਟਰਪਤੀ ਭਵਨ 'ਚ ਦੂਜੇ ਨਾਗਰਿਕ ਪੁਰਸਕਾਰ ਸਮਾਰੋਹ ਵਿੱਚ 68 ਚੋਣਵੀਆਂ ਸ਼ਖ਼ਸੀਅਤਾਂ ਨੂੰ ਪੁਰਸਕਾਰ ਪ੍ਰਦਾਨ ਕੀਤੇ। ਇਸ ਤੋਂ ਪਹਿਲਾਂ ਲੰਘੀ 28 ਅਪਰੈਲ ਨੂੰ ਪਹਿਲੇ ਸਨਮਾਨੇ ਸਮਾਰੋਹ ਵਿੱਚ ਰਾਸ਼ਟਰਪਤੀ ਮੁਰਮੂ ਨੇ 71 ਸ਼ਖ਼ਸੀਅਤਾਂ ਨੂੰ ਪਦਮ ਪੁਰਸਕਾਰਾਂ ਨਾਲ ਸਨਮਾਨਿਤ ਕੀਤਾ ਸੀ। ਰਾਸ਼ਟਰਪਤੀ ਦਰੋਪਦੀ ਮੁਰਮੂ ਨੇ ਜਸਟਿਸ (ਸੇਵਾਮੁਕਤ) ਖੇਹਰ ਨੂੰ ਜਨਤਕ ਮਾਮਲਿਆਂ ਲਈ ਦੇਸ਼ ਦੇ ਦੂਜੇ ਸਭ ਤੋਂ ਚੋਟੀ ਦੇ ਨਾਗਰਿਕ ਸਨਮਾਨ ਪਦਮ ਵਿਭੂਸ਼ਨ ਨਾਲ ਸਨਮਾਨਿਤ ਕੀਤਾ ਜਦਕਿ ਮਰਹੂਮ ਕੱਥਕ ਨ੍ਰਿਤਕੀ ਕੁਮੂਦਿਨੀ ਰਜਨੀਕਾਂਤ ਲਖੀਆ ਅਤੇ ਮਰਹੂਮ ਪ੍ਰਸਿੱਧ ਲੋਕ ਗਾਇਕਾ ਸ਼ਾਰਦਾ ਸਿਨਹਾ ਲਈ ਇਹ ਸਨਮਾਨ ਕ੍ਰਮਵਾਰ ਲਖੀਆ ਦੇ ਪੋਤੇ ਅਤੇ ਸਿਨਹਾ ਦੇ ਪੁੱਤਰ ਨੇ ਪ੍ਰਾਪਤ ਕੀਤਾ। ਰਾਸ਼ਟਰਪਤੀ ਨੇ ਸਮਾਰੋਹ ਦੌਰਾਨ ਨੌਂ ਵੱਕਾਰੀ ਸ਼ਖ਼ਸੀਅਤਾਂ ਨੂੰ ਪਦਮ ਭੂਸ਼ਨ ਸਨਮਾਨ ਨਾਲ ਨਿਵਾਜਿਆ, ਜਿਨ੍ਹਾਂ ਵਿੱਚ ਨ੍ਰਿਤਕੀ ਤੇ ਅਦਾਕਾਰਾ ਸ਼ੋਭਨਾ ਚੰਦਰਕੁਮਾਰ ਤੇ ਕਾਰੋਬਾਰੀ ਨੱਲੀ ਕੁੱਪੂਸਵਾਮੀ ਚੈਟੀ ਆਦਿ ਸ਼ਖ਼ਸੀਅਤਾਂ ਸ਼ਾਮਲ ਸਨ।


ਰੱਖੜਾ ਇਨਕਮ ਟੈਕਸ ਅਤੇ ਇਮੀਗ੍ਰੇਸ਼ਨ

ਇੱਕੋ ਜਗ੍ਹਾ ਅਤੇ ਇੱਕੋ ਛੱਤ ਹੇਠ ਆਪ ਜੀ ਹੇਠ ਲਿਖੀਆਂ ਸੇਵਾਵਾਂ ਪ੍ਰਾਪਤ ਕਰ ਸਕਦੇ ਹੋ ਜਿਵੇਂ ਕਿ ਇਨਕਮ ਟੈਕਸ (ਕਾਰਪੋਰੇਸ਼ਨ, ਬਿਜਨਸ, ਪਰਸਨਲ), ਰੀਅਲ ਅਸਟੇਟ, ਲਾਈਫ ਇੰਸ਼ੋਰੈਂਸ, ਓਬਾਮਾ ਕੇਅਰ, ਮੈਡੀਕੇਅਰ, ਪਾਸਪੋਰਟ ਰਿਨਿਊ, ਵੀਜ਼ਾ, ਸਿਟੀਜ਼ਨਸ਼ਿਪ, ਗਰੀਨ ਕਾਰਡ, ਵਰਕ ਪਰਮਿਟ, R-1 ਵੀਜ਼ਾ, ਫੈਮਿਲੀ ਪਟੀਸ਼ਨ ਫਾਈਲਿੰਗਜ਼ ਜਾਂ ਫਿਰ IRS ਨਾਲ ਕੋਈ ਵੀ ਮਸਲਾ।

ਹੁਣ ਤੁਸੀਂ ਇਥੇ MEDICARE BENEFITS ਲਈ ਅਪਲਾਈ ਕਰਦੇ ਹੋ। ਅਤੇ ਮੈਡੀਕੇਅਰ ਸਹੂਲਤਾਂ ਲਈ ਹੋਰ ਵਧੇਰੇ ਜਾਣਕਾਰੀ ਲੈ ਸਕਦੇ ਹੋ ਜੀ




Get more BENEFITS
at No Cost $0 Premium



Rakhra Tax & Immigration
3073 W Ashlan Ave <> Fresno, CA 93722
Ph. (559) 243-9200,
Fax (559) 549-6211
or visit
www.rakhrataxservice.com
or avtar06@gmail.com





Balsani Welders & Builders

We Design, Manufacture & Ship Nationwide

All Kind of Welding & Fabrication Services Available

- Mobile Welding Services
- Custom Febrication
- Custom Welding
- Alnminum Welding
- Metal Canopy
- Truck/Trailer Welding
- Custom Metal Gates
- Metal Fences







ਲੋਹੇ ਦੀਆਂ ਚਾਦਰਾਂ ਦੀਆਂ ਚਗਾਠਾਂ, ਗੇਟ ਗਰਿਲਾਂ ਹਰ ਤਰ੍ਹਾਂ ਦੇ ਫੈਂਸੀ ਗੇਟ, ਮਕਾਨਾਂ ਦੇ ਜੰਗਲੇ ਘਰਾਂ 'ਚ ਹਰ ਕਿਸਮ ਦੀ ਵੈਲਡਿੰਗ ਦੇ ਨਾਲ-ਨਾਲ ਅਸੀਂ ਟਰੱਕਾਂ ਦੀ ਵੈਲਡਿੰਗ ਦੇ ਕੰਮ ਦੇ ਵੀ ਮਾਹਿਰ ਹਾਂ।



ਤੁਸੀਂ ਸਾਡੇ 'ਤੇ 100% ਭਰੋਸਾ ਕਰ ਸਕਦੇ ਹੋ

ਤੁਸੀਂ ਆਪਣੇ ਘਰ ਜਾਂ ਕਾਰੋਬਾਰ ਤੋਂ ਅਣਚਾਹੇ ਸ਼ੱਕੀ ਲੋਕਾਂ ਨੂੰ ਬਾਹਰ ਰੱਖਣ ਅਤੇ ਘਰ ਵਪਾਰ ਦੀ ਸੁਰੱਖਿਆ ਲਈ ਅਸੀਂ ਲੋਹੇ ਦੀ ਸੁੰਦਰ ਵਾੜ ਲਗਾਉਂਦੇ ਹਾਂ। ਸਾਡੇ ਪਹਿਲੇ ਕੀਤੇ ਕੰਮ ਦੇਖੋ।

ਅਸੀਂ ਤੁਹਾਡੀਆਂ ਆਸਾਂ ਉਮੀਦਾਂ ਉਪਰ 100% ਖਰੇ ਉਤਰਾਂਗੇ

ਤੁਸੀਂ ਸਾਡੇ ਕੀਤੇ ਸੈਂਕੜੇ ਕੰਮਾਂ ਦੀਆਂ ਤਸਵੀਰਾਂ ਦੇਖਕੇ ਪਸੰਦ ਕਰਕੇ ਕੰਮ ਕਰਾਉ ਅਸੀਂ ਤੁਹਾਡੇ ਸੁਪਨਿਆਂ ਦਾ ਮਹਿਲ ਸਿਰਜਾਂਗੇ।





- Wrought Iron Fences
- Ornamental Iron Fences
- Custom Designed Iron Fences
- Black Rod Iron Fences
- Wrought Iron Garden Fences
- FROM CONCEPTION
- FABRICATION TO INSTALLATION

ਅਸੀਂ ਤੁਹਾਡੇ ਸੰਕਲਪ ਦੇ ਸੁਪਨਿਆਂ ਨੂੰ ਅਸਲੀਅਤ 'ਚ ਬਦਲਾਂਗੇ।

S. Iqbal Singh
844-573-3824 | 510 862 2332

433 W Scotts Ave Stockton, CA 95203
PH: (925) 487-7117

ਸਾਡੇ ਲੋਕ

# ARE YOU IN COMPLIANCE WITH FMCSA REGULATIONS?

Trust your compliance needs to us! Say goodbye to those Google-educated DOT consultants and experience the difference with our certified experts. They've honed their skills under the same entity that is conducting your audits and issuing tickets. Whether you're gearing up for a CHP or Federal Audit, or aiming to improve your DOT safety score for those coveted big clients, our consultants are your partners every step of the way, equipping you with the knowledge and tools for success. Our comprehensive services go beyond the basics listed below, ensuring your peace of mind.





OUR EXPERT COMPLIANCE DRIVING YOUR SUCCESS

## DOT AUDIT PREP

Be prepared for DOT audits with our comprehensive audit preparation services, minimizing risks and ensuring compliance.

Already had an audit, but failed? Don't worry, we can create and submit a corrective action plan (CAP) to prevent your DOT number from being revoked.

**YOUR SAFETY COMPLIANCE**

ਪੇਸ਼ ਕੀਤੀਆਂ ਸੇਵਾਵਾਂ:

## 45 ਦਿਨ, 90 ਦਿਨ, ਅਤੇ ਸਾਲਾਨਾ ਨਿਰੀਖਣ:

ਕੋਚ, ਸਕੂਲ ਲਈ 45 ਦਿਨਾਂ ਦਾ ਨਿਰੀਖਣ,
ਟੂਰ, ਯੂਥ, ਅਤੇ SPAB ਬੱਸਾਂ।

ਟਰੈਕਟਰਾਂ ਲਈ 90 ਦਿਨ ਅਤੇ ਸਾਲਾਨਾ ਨਿਰੀਖਣ ਅਤੇ ਟਰੇਲਰ
ਸਾਰੇ ਇੰਸਪੈਕਟਰ DOT ਪ੍ਰਮਾਣਿਤ ਹਨ

## ਕਲੀਅਰਿੰਗਹਾਊਸ ਅਤੇ FMCSA ਪੋਰਟਲ

ਅਸੀਂ ਡਰਾਈਵਰਾਂ ਅਤੇ ਕੈਰੀਅਰਾਂ ਲਈ ਤੁਹਾਡੇ ਕਲੀਅਰਿੰਗਹਾਊਸ ਅਤੇ FMCSA ਪੋਰਟਲ ਨੂੰ ਸਥਾਪਤ ਕਰਨ ਵਿੱਚ ਤੁਹਾਡੀ ਮਦਦ ਕਰ ਸਕਦੇ ਹਾਂ

## ਡਰੱਗ ਅਤੇ ਅਲਕੋਹਲ ਮਾਨਾ ਜੀਮੈਂਟ

ਪੂਰਵ-ਰੁਜ਼ਗਾਰ, ਬੇਤਰਤੀਬ, ਅਤੇ ਦੁਰਘਟਨਾ ਤੋਂ ਬਾਅਦ ਡਰੱਗ ਟੈਸਟਿੰਗ।
ਰਿਕਾਰਡ ਰੱਖਣ ਅਤੇ ਪਦਾਰਥਾਂ ਦੀ ਦੁਰਵਰਤੋਂ ਪ੍ਰੋਗਰਾਮ (SAP) ਪਾਲਣਾ

## ਰੁਜ਼ਗਾਰਦਾਤਾ ਫੁੱਲ ਨੋਟਿਸ (EPN)

ਡਰਾਈਵਰ ਰਿਕਾਰਡਾਂ ਦੇ ਸਿਖਰ 'ਤੇ ਰਹੋ ਅਤੇ ਸਾਡੇ ਨਾਲ ਪਾਲਣਾ ਕਰੋ ਰੁਜ਼ਗਾਰਦਾਤਾ ਫੁੱਲ ਨੋਟਿਸ (EPN) ਸੇਵਾਵਾਂ, ਇਹ ਯਕੀਨੀ ਬਣਾਉਂਦੇ ਹੋਏ ਕਿ ਤੁਹਾਡੀ ਡਰਾਈਵਰ ਸਾਰੀਆਂ ਜ਼ਰੂਰੀ ਲੋੜਾਂ ਪੂਰੀਆਂ ਕਰਦੇ ਹਨ।

## ਡਰਾਈਵਰ ਲੌਗ ਬੁੱਕ ਆਡਿਟ

ਸਾਡੀ ਸੁਚੇਤ ਡਰਾਈਵਰ ਲੌਗਬੁੱਕ ਨਾਲ ਜੁਰਮਾਨੇ ਅਤੇ ਜੁਰਮਾਨੇ ਤੋਂ ਬਚੋ ਆਡਿਟ, ਨਿਯਮਾਂ ਦੀ ਸ਼ੁੱਧਤਾ ਅਤੇ ਪਾਲਣਾ ਨੂੰ ਯਕੀਨੀ ਬਣਾਉਣਾ।

## ਟਿਕਟਾਂ ਲਈ ਦੇਸ਼ ਵਿਆਪੀ ਅਟਾਰਨੀ ਸੇਵਾਵਾਂ

ਆਉ ਅਸੀਂ ਤੁਹਾਡੀ ਕੰਪਨੀ ਦੇ ਸੁਰੱਖਿਆ ਸਕੋਰ ਅਤੇ ਡ੍ਰਾਈਵਰ ਨੂੰ ਰੱਖਣ ਵਿੱਚ ਤੁਹਾਡੀ ਮਦਦ ਕਰੀਏ CDL ਸਾਡੀ ਗਾਹਕੀ ਅਧਾਰਤ ਅਟਾਰਨੀ ਸੇਵਾਵਾਂ ਨਾਲ ਸੁਰੱਖਿਅਤ ਹੈ।

## ਕੈਲੀਫੋਰਨੀਆ ਕਾਰਬ ਕਲੀਨ ਟਰੱਕ ਚੈੱਕ 'ਸਮੋਗ ਟੈਸਟ'

ਕੈਲੀਫੋਰਨੀਆ ਦੇ ਕੈਰੀਅਰਾਂ ਨੂੰ ਟਰੱਕ ਦੀ ਸਾਫ਼ ਜਾਂਚ ਕਰਨ ਦੀ ਲੋੜ ਹੁੰਦੀ ਹੈ ਕੈਲੀਫੋਰਨੀਆ ਕਾਰਬੋਹਾਈਡਰੇਟ ਦੀ ਪਾਲਣਾ ਕਰਨ ਲਈ ਹਰ 6 ਮਹੀਨਿਆਂ ਬਾਅਦ ਸਮੋਕ ਟੈਸਟ ਕਰੋ

## ਡਰਾਈਵਰ ਅਤੇ ਮੇਨਟੇਨੈਂਸ ਫਾਈਲ ਮਾਨਾ ਜੀਮੈਂਟ ਸਿਸਟਮ

ਤੁਹਾਡੇ ਸਾਰੇ ਡਰਾਈਵਰ ਅਤੇ ਰੱਖ-ਰਖਾਅ ਦੇ ਪ੍ਰਬੰਧਨ ਲਈ ਔਨਲਾਈਨ ਸਿਸਟਮ ਤੁਹਾਡੇ ਨਾਲ ਸੰਗਠਿਤ ਅਤੇ ਅਪ ਟੂ ਡੇਟ ਰਹਿਣ ਲਈ ਫਾਈਲਾਂ ਦੀ ਪਾਲਣਾ ਕਰੋ

## ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਓ

ਅਸੀਂ ਵਿਅਕਤੀਗਤ ਸਿਖਲਾਈ ਪ੍ਰੋਗਰਾਮ ਅਤੇ ਨੀਤੀਆਂ ਬਣਾਉਂਦੇ ਹਾਂ ਤੁਹਾਡੀ ਕੰਪਨੀ ਦੀਆਂ ਲੋੜਾਂ ਅਤੇ FMCSA ਲੋੜਾਂ ਦੇ ਆਧਾਰ 'ਤੇ

## ਸਾਡੀਆਂ ਪੂਰੀ ਸੇਵਾ ਸਬਸਕ੍ਰਿਪਸ਼ਨ ਅਧਾਰਤ ਡਾਟ ਪਾਲਣਾ ਯੋਜਨਾਵਾਂ ਬਾਰੇ ਪੁੱਛੋ

888-896-9407
209-200-8308

info@yoursafetycompliance.com

www.yoursafetycompliance.com

ਸਾਡੇ ਸਲਾਹਕਾਰ ਸਾਬਕਾ ਜਾਂ ਮੌਜੂਦਾ DOT/ਕਾਨੂੰਨੀ ਹਨ
ਇਨਫੋਰਸਮੈਂਟ ਅਫਸਰ ਅਤੇ ਇਹਨਾਂ ਵਿੱਚ ਵਿਆਪਕ ਸਿਖਲਾਈ ਹੈ
DOT ਪਾਲਣਾ।

LET YOUR SAFETY COMPLIANCE BE YOUR TRUSTED PARTNER IN ENSURING COMPLIANCE AND SAFETY FOR YOUR BUSINESS!

# ਕੈਨੇਡਾ: ਬਰਤਾਨਵੀ ਸਮਰਾਟ ਵੱਲੋਂ ਕੈਨੇਡਾ ਦੀ 45ਵੀਂ ਪਾਰਲੀਮੈਂਟ ਦਾ ਉਦਘਾਟਨ

## ਥਰੋਨ ਸਪੀਚ ਵਿਚ ਕੈਨੇਡਾ ਨੂੰ 'ਮਜ਼ਬੂਤ ਅਤੇ ਆਜ਼ਾਦ' ਦੱਸਿਆ





ਵਿਨੀਪੈਗ : ਬਰਤਾਨਵੀ ਸਮਰਾਟ ਚਾਰਲਸ ਤੀਜੇ ਨੇ ਓਟਵਾ ਵਿਚ ਕੈਨੇਡਾ ਦੀ ਪਾਰਲੀਮੈਂਟ ਦਾ ਉਦਘਾਟਨ ਕਰਦਿਆਂ ਕੈਨੇਡਾ ਦੀ ਵਿਲੱਖਣ ਪਛਾਣ ਅਤੇ ਆਰਥਿਕ ਖੇਤਰ ਵਿਚ ਨਵੀਂ ਤਬਦੀਲੀ ਦੀ ਸਮਰੱਥਾ ਦੇ ਮੌਕਿਆਂ ਅਤੇ ਕੈਨੇਡਾ ਦੀ ਕੌਮਾਂਤਰੀ ਮੰਚ ਉੱਤੇ ਸ਼ਾਨਦਾਰ ਭੂਮਿਕਾ ਨੂੰ ਦ੍ਰਿੜ੍ਹਾਇਆ। ਉਨ੍ਹਾਂ ਕੈਨੇਡਾ ਦੀ 45ਵੀਂ ਸੰਸਦ ਦਾ ਉਦਘਾਟਨ ਕਰਦਿਆਂ ਫੈਡਰਲ ਸਰਕਾਰ ਦੀ ਥਰੋਨ ਸਪੀਚ ਵਿਚ ਕੈਨੇਡਾ ਦੀ ਪ੍ਰਭੂਸੱਤਾ ਦੀ ਪੁਸ਼ਟੀ ਕਰਦਿਆਂ ਦੂਜੇ ਵਿਸ਼ਵ ਯੁੱਧ ਤੋਂ ਬਾਅਦ ਕੈਨੇਡੀਅਨ ਅਰਥਚਾਰੇ ਵਿੱਚ ਸਭ ਤੋਂ ਵੱਡੀ ਤਬਦੀਲੀ ਦੇ ਵਾਅਦੇ ਨੂੰ ਦੁਹਰਾਇਆ। ਇਹ ਤੀਜੀ ਵਾਰ ਹੈ ਜਦੋਂ ਕਿਸੇ ਬਰਤਾਨਵੀ ਸਮਰਾਟ ਨੇ ਥ ?ਰੋਨ ਸਪੀਚ ਦਿੱਤੀ ਹੈ। ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੀਆਂ ਧਮਕੀਆਂ ਉਪਰੰਤ ਬਰਤਾਨਵੀ ਸਮਰਾਟ ਨੂੰ ਪਾਰਲੀਮੈਂਟ ਦੇ ਸੈਸ਼ਨ ਨੂੰ ਸੰਬੋਧਨ ਕਰਨ ਲਈ ਵਿਸ਼ੇਸ਼ ਤੌਰ 'ਤੇ ਬੁਲਾਇਆ ਸੀ ਤਾਂ ਕਿ ਅਮਰੀਕਾ ਨੂੰ ਕੈਨੇਡਾ ਦੀ ਪ੍ਰਭੂਸੱਤਾ ਦਾ ਸਪਸ਼ਟ ਸੰਦੇਸ਼ ਦਿੱਤਾ ਜਾ ਸਕੇ।

ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਦਫ਼ਤਰ ਵੱਲੋਂ ਕਿੰਗ ਚਾਰਲਸ ਦੇ ਦਫ਼ਤਰ ਨਾਲ ਸਲਾਹ-ਮਸ਼ਵਰੇ ਮਗਰੋਂ ਤਿਆਰ ਕੀਤੀ ਥਰੋਨ ਸਪੀਚ ਵਿਚ ਲਿਬਰਲ ਸਰਕਾਰ ਦੇ ਉਦਾਰਵਾਦੀ ਚੋਣ ਵਾਅਦਿਆਂ ਨੂੰ ਛੂਹਿਆ ਗਿਆ, ਜਿਸ ਵਿੱਚ ਮੱਧ-ਵਰਗ ਲਈ ਟੈਕਸ ਵਿੱਚ ਕਟੌਤੀ, ਅੰਤਰ-ਰਾਜ਼ੀ ਵਪਾਰ ਰੁਕਾਵਟਾਂ ਨੂੰ ਦੂਰ ਕਰਨਾ ਅਤੇ ਵੱਡੇ ਬੁਨਿਆਦੀ ਢਾਂਚੇ ਦੇ ਪ੍ਰੋਜੈਕਟਾਂ ਦੀਆਂ ਤੇਜ਼ ਪ੍ਰਵਾਨਗੀਆਂ ਸ਼ਾਮਲ ਹਨ। ਸਰਕਾਰ ਦੇ ਭਾਸ਼ਣ ਨੂੰ ਪੜ੍ਹਦੇ ਹੋਏ, ਕਿੰਗ ਚਾਰਲਸ ਨੇ ਕਿਹਾ ਕਿ ਸਰਕਾਰੀ ਖ਼ਰਚ ਹਰ ਸਾਲ ਨੌਂ ਪ੍ਰਤੀਸ਼ਤ ਵਧ ਰਿਹਾ ਹੈ। ਉਨ੍ਹਾਂ ਕਿਹਾ ਕਿ ਕਾਰਨੀ ਸਰਕਾਰ ਸੂਬਿਆਂ ਅਤੇ ਪ੍ਰਦੇਸ਼ਾਂ ਵਿੱਚ ਟਰਾਂਸਫ਼ਰ ਨੂੰ ਬਰਕਰਾਰ ਕਰਦੇ ਹੋਏ ਸਰਕਾਰੀ ਖ਼ਰਚ ਨੂੰ ਦੋ ਪ੍ਰਤੀਸ਼ਤ ਤੋਂ ਹੇਠਾਂ ਲਿਆਉਣ ਲਈ ਉਪਾਅ ਪੇਸ਼ ਕਰੇਗੀ। ਚਾਰਲਸ ਨੇ ਕੈਨੇਡਾ ਦੀ ਸਰਹੱਦ 'ਤੇ ਸੁਰੱਖਿਆ ਵਧਾਉਣ ਲਈ ਕਾਨੂੰਨ ਪੇਸ਼ ਕਰਨ ਦੇ ਸਰਕਾਰ ਦੇ ਇਰਾਦਿਆਂ ਦੀ ਗੱਲ ਕਰਦਿਆਂ ਪਾਰਲੀਮੈਂਟ ਦੀ ਸ਼ੁਰੂਆਤ ਕੀਤੀ। ਇਹ ਕਾਨੂੰਨ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਨੂੰ ਨਿਰਯਾਤ ਲਈ ਨਿਰਧਾਰਿਤ ਸਮਾਨ ਦੀ ਜਾਂਚ ਕਰਨ ਲਈ ਨਵੀਆਂ ਸ਼ਕਤੀਆਂ ਪ੍ਰਦਾਨ ਕਰੇਗਾ। ਸਰਕਾਰ ਨੇ 1,000 ਹੋਰ ਆਰਸੀਐੱਮਪੀ ਅਧਿਕਾਰੀਆਂ ਨੂੰ ਨਿਯੁਕਤ ਕਰਨ ਅਤੇ ਕਾਰ ਚੋਰੀ, ਘਰਾਂ 'ਤੇ ਹਮਲੇ ਅਤੇ ਮਨੁੱਖੀ ਤਸਕਰੀ ਸਮੇਤ ਕਈ ਅਪਰਾਧਾਂ ਲਈ ਜ਼ਮਾਨਤ ਨੂੰ ਔਖਾ ਬਣਾਉਣ ਲਈ ਕ੍ਰਿਮੀਨਲ ਕੋਡ ਨੂੰ ਅਪਡੇਟ ਕਰਨ ਦੇ ਆਪਣੇ ਵਾਅਦੇ ਨੂੰ ਦੁਹਰਾਇਆ। ਥਰੋਨ ਸਪੀਚ ਵਿਚ ਕਿੰਗ ਨੇ ਕਿਹਾ ਕੇ ਸਰਕਾਰ ਅਗਲੇ ਤਿੰਨ ਸਾਲਾਂ ਵਿੱਚ ਫ਼ਜ਼ੂਲ ਖ਼ਰਚੀ ਘਟਾ ਕੇ, ਪਬਲਿਕ ਸਰਵਿਸ ਨੂੰ ਸੀਮਤ ਕਰਕੇ, ਡੁਪਲੀਕੇਸ਼ਨ ਖ਼ਤਮ ਕਰਕੇ, ਅਤੇ ਪਬਲਿਕ ਸੈਕਟਰ ਦੀ ਉਤਪਾਦਕਤਾ ਨੂੰ ਬਿਹਤਰ ਬਣਾਉਣ ਲਈ ਟੈਕਨਾਲੋਜੀ ਦੀ ਵਰਤੋਂ ਨਾਲ ਆਪਣੇ ਸੰਚਾਲਨ ਬਜਟ ਨੂੰ ਸੰਤੁਲਿਤ ਕਰੇਗੀ। ਉਨ੍ਹਾਂ ਕਿਹਾ ਕਿ ਕਾਰਨੀ ਨਵੇਂ ਨਿਵੇਸ਼ ਨੂੰ ਉਤਸ਼ਾਹਿਤ ਕਰਨ ਅਤੇ ਨੌਕਰੀਆਂ ਪੈਦਾ ਕਰਨ ਦਾ ਵਾਅਦਾ ਵੀ ਕਰ ਰਹੇ ਹਨ।

ਬਰਤਾਨਵੀ ਸਮਰਾਟ ਨੇ ਕੈਨੇਡਾ ਦੇ ਮੁਖੀ ਵਜੋਂ ਸੰਬੋਧਨ ਕਰਦਿਆਂ ਦੇਸ਼ ਦੀ ਪ੍ਰਭੂਸੱਤਾ 'ਤੇ ਜ਼ੋਰ ਦਿੰਦਿਆਂ ਕੈਨੇਡਾ ਦੀ ਵਿਲੱਖਣ ਪਛਾਣ ਨੂੰ ਪਕੇਰਾ ਕੀਤਾ। ਉਨ੍ਹਾਂ ਕਿਹ, "ਮੈਨੂੰ ਹਮੇਸ਼ਾ ਕੈਨੇਡਾ ਦੀ ਵਿਲੱਖਣ ਪਛਾਣ 'ਤੇ ਖ਼ੁਸ਼ੀ ਹੁੰਦੀ ਹੈ, ਜਿਸ ਨੂੰ ਦੁਨੀਆ ਭਰ ਵਿੱਚ ਮਾਨਤਾ ਪ੍ਰਾਪਤ ਹੈ।'' ਉਨ੍ਹਾਂ ਮਹਾਰਾਣੀ ਐਲਿਜ਼ਬੈੱਥ ਵੱਲੋਂ 1957 ਵਿਚ ਕੈਨੇਡਾ ਦੀ ਪਾਰਲੀਮੈਂਟ ਬਿਲਡਿੰਗ ਦਾ ਉਦਘਾਟਨ ਕੀਤੇ ਜਾਣ ਦੀ ਇਤਿਹਾਸਕ ਘਟਨਾ ਨੂੰ ਯਾਦ ਕਰਦਿਆਂ ਕੈਨੇਡਾ ਨਾਲ ਆਪਣੇ ਨੇੜਲੇ ਰਿਸ਼ਤਿਆਂ ਦਾ ਜ਼ਿਕਰ ਕੀਤਾ। ਇਹ ਉਨ੍ਹਾਂ ਵੱਲੋਂ ਕੈਨੇਡਾ ਦਾ 20ਵਾਂ ਦੌਰਾ ਸੀ।

ਉਂਝ ਥਰੋਨ ਸਪੀਚ ਤੋਂ ਪਹਿਲਾਂ ਕਿੰਗ ਚਾਰਲਸ ਅਤੇ ਰਾਣੀ ਕੈਮਿਲਾ ਓਟਵਾ ਵਿਚ ਕਈ ਹੋਰ ਰਸਮੀ ਆਯੋਜਨ ਦੇ ਰੂਬਰੂ ਹੋਏ। ਸ਼ਾਹੀ ਜੋੜਾ ਕੈਨੇਡਾ ਦੇ ਸ਼ਾਹੀ ਰਥ (State Landau) ਵਿਚ ਸਵਾਰ ਹੋ ਕੇ ਸੈਨੇਟ ਪਹੁੰਚਿਆ। ਘੋੜਿਆਂ ਦਾ ਇਹ ਰਸਮੀ ਰਥ ਸ਼ਾਹੀ ਸਵਾਰੀ ਲਈ ਵਰਤਿਆ ਜਾਂਦਾ ਹੈ। ਇਸ ਸ਼ਾਹੀ ਸਵਾਰੀ ਵਿਚ 28 ਘੋੜੇ ਹੁੰਦੇ ਹਨ, ਜਿਨ੍ਹਾਂ ਵਿਚੋਂ 14 ਰਥ ਨੂੰ ਖਿੱਚਦੇ ਹਨ ਅਤੇ 14 ਘੋੜੇ ਉਸ ਦੇ ਪਿੱਛੇ ਚਲਦੇ ਹਨ। ਸੈਨੇਟ ਪਹੁੰਚਣ 'ਤੇ ਕਿੰਗ ਚਾਰਲਸ ਦਾ ਪੂਰੇ ਫ਼ੌਜੀ ਸਨਮਾਨ ਨਾਲ ਸਵਾਗਤ ਕੀਤਾ ਗਿਆ। ਇਸ ਵਿੱਚ ਰਾਇਲ ਕੈਨੇਡੀਅਨ ਰੈਜੀਮੈਂਟ ਦੀ ਥਰਡ ਬਟਾਲੀਅਨ ਦੇ 100 ਮੈਂਬਰਾਂ ਵੱਲੋਂ ਗਾਰਡ ਆਫ਼ ਆਨਰਜ਼ ਅਤੇ 21 ਬੰਦੂਕਾਂ ਦੀ ਸਲਾਮੀ ਵੀ ਸ਼ਾਮਲ ਸੀ।

# ਕੈਲਗਰੀ ਤੋਂ ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੇ ਪੰਜਾਬੀ ਮੂਲ ਦੇ ਜਿੱਤੇ 3 ਸੰਸਦ ਮੈਂਬਰਾਂ ਨੇ ਸਹੁੰ ਚੁੱਕੀ



ਕੈਲਗਰੀ : ਕੰਜ਼ਰਵੇਟਿਵ ਪਾਰਟੀ ਆਫ ਕੈਨੇਡਾ ਦੀ ਤਰਫੋਂ ਮੈਂਬਰ ਪਾਰਲੀਮੈਂਟ ਚੁਣੇ ਗਏ ਕੈਲਗਰੀ ਈਸਟ ਤੇ ਸੰਸਦ ਮੈਂਬਰ ਜਸਰਾਜ ਸਿੰਘ ਹੱਲਣ, ਕੈਲਗਰੀ ਸਕਾਈਵਿਊ ਤੋਂ ਅਮਨਪ੍ਰੀਤ ਸਿੰਘ ਗਿੱਲ ਅਤੇ ਕੈਲਗਰੀ ਮੈਕਨਾਈਟ ਤੋਂ ਦਲਵਿੰਦਰ ਸਿੰਘ ਗਿੱਲ ਨੇ ਆਪਣੇ ਅਹੁੱਦੇ ਦੀ ਸਹੁੰ ਚੁੱਕ ਲਈ ਹੈ। ਇਸ ਸਮੇਂ ਕੈਲਗਰੀ ਤੋਂ ਪਹੁੰਚੇ ਭਾਰੀ ਗਿਣਤੀ ਵਿਚ ਪੰਜਾਬੀ ਮੂਲ ਦੇ ਮੋਹਤਵਾਰ ਵਿਅਕਤੀ, ਪਾਰਟੀ ਦੇ ਸਹਿਯੋਗੀ ਤੇ ਵਰਕਰ ਵੀ ਹਾਜ਼ਰ ਸਨ, ਸਹੁੰ ਚੁੱਕਣ ਉਪਰੰਤ ਉਕਤ ਸੰਸਦ ਮੈਂਬਰਾਂ ਨੇ ਆਪਣੇ ਸਹਿਯੋਗੀਆਂ ਤੇ ਆਏ ਮਹਿਮਾਨਾਂ ਦਾ ਖ਼ੁਸ਼ੀ ਦੇ ਪਲਾਂ 'ਚ ਸ਼ਾਮਲ ਹੋਣ ਲਈ ਧੰਨਵਾਦ ਕੀਤਾ। ਤਿੰਨੋ ਸੰਸਦ ਮੈਂਬਰਾਂ ਦੇ ਪਾਰਲੀਮੈਂਟ ਦੇ ਗਾਈਡ ਸਟਾਫ ਵਲੋਂ ਸਾਰੇ ਮਹਿਮਾਨਾਂ ਨੂੰ ਪਾਰਲੀਮੈਂਟ ਬਿਲਡਿੰਗ ਦਾ ਟੂਰ ਵੀ ਕਰਵਾਇਆ ਤੇ ਪਾਰਲੀਮਾਨੀ ਇਤਿਹਾਸ ਦੇ ਨਾਲ ਹਾਊਸ ਆਫ ਕਾਮਨਜ਼ ਦੇ ਕੰਮ ਕਰਨ ਦੇ ਢੰਗ ਤਰੀਕੇ ਦੀ ਵੀ ਜਾਣਕਾਰੀ ਵੀ ਦਿੱਤੀ। ਇਥੇ ਦੱਸ ਦੇਈਏ ਕਿ ਸੰਸਦ ਮੈਂਬਰਾਂ ਵਿਚ ਜਸਰਾਜ ਸਿੰਘ ਹੱਲਣ ਤੀਜੀ ਵਾਰ, ਅਮਨਪ੍ਰੀਤ ਸਿੰਘ ਗਿੱਲ ਤੇ ਦਲਵਿੰਦਰ ਸਿੰਘ ਗਿੱਲ (ਦੋਨੋ ਪਹਿਲੀ ਵਾਰ ਸੰਸਦ ਮੈਂਬਰ) ਚੁਣੇ ਗਏ ਹਨ। ਅੱਜ ਦੇ ਇਸ ਸਹੁੰ ਚੁੱਕ ਸਮਾਗਮ ਨੂੰ ਕਾਮਾਗਾਟਾਮਾਰੂ (ਗੁਰੂ ਨਾਨਕ ਜਹਾਜ਼) ਦੇ ਉਨ੍ਹਾਂ ਯਾਤਰੀਆਂ ਦੇ ਕੈਨੇਡਾ ਦੀ ਧਰਤੀ 'ਤੇ ਪੁੱਜਣ ਦੇ ਦਿਨ 23 ਮਈ (1914) ਨਾਲ ਜੋੜਦਿਆਂ ਵੀ ਯਾਦ ਕੀਤਾ ਗਿਆ। ਜਿਨ੍ਹਾਂ ਦੇ ਪਰਵਾਸ ਦੀ ਕਹਾਣੀ ਰੌਂਗਟੇ ਖੜੇ ਕਰ ਦੇਣ ਵਾਲੀ ਹੈ ਪਰ ਅੱਜ ਕੈਨੇਡੀਅਨ ਪਾਰਲੀਮੈਂਟ ਵਿਚ 21 ਭਾਰਤੀ ਪੰਜਾਬੀ ਮੂਲ ਦੇ ਆਗੂ ਆਪਣੀ ਥਾਂ ਬਣਾਉਣ 'ਤੇ ਭਾਈਚਾਰੇ ਦਾ ਮਾਣ ਸਨਮਾਨ ਵਧਾਉਣ ਵਿਚ ਸਫਲ ਹੋਏ ਹਨ।

# ਕਾਮਾਗਾਟਾ ਮਾਰੂ ਘਟਨਾ ਸਾਨੂੰ ਮਨੁੱਖੀ ਕਦਰਾਂ-ਕੀਮਤਾਂ ਤੋਂ ਪਿੱਛੇ ਰਹਿ ਜਾਣ ਦੀ ਯਾਦ ਦਿਵਾਉਂਦੀ ਹੈ : ਮਾਰਕ ਕਾਰਨੀ

## ਕੈਨੇਡਾ ਦੇ ਪ੍ਰਧਾਨ ਮੰਤਰੀ ਕਾਰਨੀ ਨੇ ਕਾਮਾਗਾਟਾ ਮਾਰੂ ਘਟਨਾ 'ਤੇ ਕੀਤੀ ਟਿੱਪਣੀ; ਭਾਰਤ-ਕੈਨੇਡਾ ਸਬੰਧ ਸੁਧਰਨ ਦੀ ਆਸ ਜਾਗੀ



ਵਿਨੀਪੈਗ : ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਾਮਾਗਾਟਾ ਮਾਰੂ ਘਟਨਾ 'ਤੇ ਟਿੱਪਣੀ ਕੀਤੀ ਹੈ, ਜਿਸ ਵਿੱਚ 376 ਭਾਰਤੀ ਪਰਵਾਸੀਆਂ ਨੂੰ ਕੈਨੇਡਾ ਵਿੱਚ ਦਾਖ਼ਲ ਹੋਣ ਤੋਂ ਰੋਕਿਆ ਗਿਆ ਸੀ। ਉਨ੍ਹਾਂ ਨੇ ਕਿਹਾ, "1914 ਵਿੱਚ, ਕਾਮਾਗਾਟਾ ਮਾਰੂ ਸਟੀਮ ਸ਼ਿਪ ਨੇ ਪ੍ਰਸ਼ਾਂਤ ਮਹਾਂਸਾਗਰ ਵਿੱਚ ਲੰਬੀ ਯਾਤਰਾ ਤੋਂ ਬਾਅਦ ਵੈਨਕੂਵਰ ਦੀ ਬੰਦਰਗਾਹ ਵਿੱਚ ਲੰਗਰ ਲਾਇਆ ਗਿਆ ਸੀ। ਜਹਾਜ਼ ਵਿਚ ਸਵਾਰ 376 ਸਿੱਖ, ਮੁਸਲਿਮ ਅਤੇ ਹਿੰਦੂ ਧਰਮਾਂ ਦੇ ਲੋਕ ਸ਼ਰਨ ਅਤੇ ਸਨਮਾਨ ਦੀ ਮੰਗ ਕਰਦੇ ਹੋਏ ਪਹੁੰਚੇ ਸਨ।"

ਕਾਰਨੀ ਨੇ ਕਾਮਾਗਾਟਾ ਮਾਰੂ ਘਟਨਾ ਦੀ ਯਾਦ ਵਿੱਚ ਸੋਸ਼ਲ ਮੀਡੀਆ ਪਲੇਟਫਾਰਮ ਐਕਸ X ਉੱਤੇ ਜਾਰੀ ਇੱਕ ਬਿਆਨ ਵਿੱਚ ਕਿਹਾ ਕਿ ਹਾਲਾਂਕਿ, ਕੈਨੇਡੀਅਨ ਅਧਿਕਾਰੀਆਂ ਨੇ ਵਿਦੇਸ਼ੀਆਂ ਸਬੰਧੀ ਅਤੇ ਪੱਖਪਾਤੀ ਕਾਨੂੰਨਾਂ ਦੀ ਵਰਤੋਂ ਕਰਦਿਆਂ ਉਨ੍ਹਾਂ ਨੂੰ ਦਾਖ਼ਲ ਹੋਣ ਤੋਂ ਇਨਕਾਰ ਕਰ ਦਿੱਤਾ। ਉਨ੍ਹਾਂ ਯਾਤਰੀਆਂ ਦੁੱਖ ਨੂੰ ਯਾਦ ਕਰਦਿਆਂ ਕਾਰਨੀ ਨੇ ਕਿਹਾ ਕਿ ਯਾਤਰੀਆਂ ਨੂੰ ਦੋ ਮਹੀਨਿਆਂ ਲਈ ਜਹਾਜ਼ ਵਿੱਚ ਕੈਦ ਰੱਖਿਆ ਗਿਆ ਸੀ ਅਤੇ ਉਨ੍ਹਾਂ ਨੂੰ ਖਾਣਾ, ਪਾਣੀ ਅਤੇ ਡਾਕਟਰੀ ਸਹੂਲਤਾਂ ਦੇਣ ਤੋਂ ਇਨਕਾਰ ਕੀਤਾ ਗਿਆ ਸੀ।

ਉਨ੍ਹਾਂ ਕਿਹਾ, "ਜਦੋਂ ਉਨ੍ਹਾਂ ਨੂੰ ਭਾਰਤ ਵਾਪਸ ਜਾਣ ਲਈ ਮਜਬੂਰ ਕੀਤਾ ਗਿਆ ਤਾਂ ਉਨ੍ਹਾਂ ਵਿੱਚੋਂ ਬਹੁਤਿਆਂ ਨੂੰ ਜਾਂ ਤਾਂ ਜੇਲ੍ਹ ਭੇਜ ਦਿੱਤਾ ਗਿਆ ਜਾਂ ਮਾਰ ਦਿੱਤਾ ਗਿਆ।" ਕੈਨੇਡੀਅਨ ਪ੍ਰਧਾਨ ਮੰਤਰੀ ਨੇ ਕਿਹਾ, "ਕਾਮਾਗਾਟਾ ਮਾਰੂ ਦੁਖਾਂਤ ਇਸ ਗੱਲ ਦੀ ਸਪਸ਼ਟ ਯਾਦ ਦਿਵਾਉਂਦਾ ਹੈ ਕਿ ਸਾਡੇ ਇਤਿਹਾਸ ਦੇ ਕੁਝ ਖ਼ਾਸ ਪਲਾਂ 'ਤੇ ਕੈਨੇਡਾ ਉਨ੍ਹਾਂ ਕਦਰਾਂ-ਕੀਮਤਾਂ ਤੋਂ ਕਿਵੇਂ ਵਾਂਝਾ ਰਹਿ ਗਿਆ। ਕਾਰਨੀ ਨੇ ਕਿਹਾ, "ਅਸੀਂ ਅਤੀਤ ਨੂੰ ਦੁਬਾਰਾ ਨਹੀਂ ਲਿਖ ਸਕਦੇ, ਪਰ ਸਾਨੂੰ ਇਸ ਦਾ ਸਾਹਮਣਾ ਕਰਨਾ ਹੋਵੇਗਾ। ਸਾਨੂੰ ਇਹ ਯਕੀਨੀ ਬਣਾਉਣਾ ਹੋਵੇਗਾ ਕਿ ਇਸ ਤਰ੍ਹਾਂ ਦੀਆਂ ਬੇਇਨਸਾਫ਼ੀਆਂ ਕਦੇ ਨਾ ਦੁਹਰਾਈਆਂ ਜਾਣ।" ਉਨ੍ਹਾਂ ਕਿਹਾ, "ਆਓ ਅਸੀਂ ਇੱਕ ਅਜਿਹਾ ਭਵਿੱਖ ਬਣਾਈਏ ਜਿੱਥੇ ਸ਼ਮੂਲੀਅਤ ਇਕ ਨਾਅਰਾ ਨਾ ਹੋ ਕੇ ਇੱਕ ਹਕੀਕਤ ਬਣ ਜਾਵੇ। ਗੌਰਤਲਬ ਹੈ ਕਿ ਇਸ ਦੌਰਾਨ ਕੈਨੇਡਾ ਅਤੇ ਭਾਰਤ ਵਿਚਲੇ ਰਿਸ਼ਤੇ ਸੁਧਰਨ ਦੀ ਆਸ ਜਾਗੀ ਹੈ। ਹਾਲ ਹੀ ਵਿਚ ਕੈਨੇਡਾ ਦੇ ਪ੍ਰਧਾਨ ਮੰਤਰੀ ਮਾਰਕ ਕਾਰਨੀ ਦੇ ਬਿਆਨ ਵਿਚ ਇਸ ਸਬੰਧੀ ਸੰਕੇਤ ਦਿਸੇ ਹਨ। 110 ਸਾਲ ਤੋਂ ਵੱਧ ਪੁਰਾਣੀ ਕਾਮਾਗਾਟਾ ਮਾਰੂ ਘਟਨਾ 'ਤੇ ਪ੍ਰਧਾਨ ਮੰਤਰੀ ਦੀਆਂ ਟਿੱਪਣੀਆਂ ਇਸ ਗੱਲ ਵੱਲ ਇਸ਼ਾਰਾ ਕਰਦੀਆਂ ਹਨ। ਦੱਸਣਯੋਗ ਹੈ ਕਿ ਇਸ ਤੋਂ ਪਹਿਲਾਂ ਸਾਬਕਾ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਕਾਰਜਕਾਲ ਵਿਚ ਭਾਰਤ-ਕੈਨੇਡਾ ਸਬੰਧਾਂ ਵਿਚ ਭਾਰੀ ਖਟਾਸ ਆ ਗਈ ਸੀ। ਹੁਣ ਕਾਰਨੀ ਨੇ ਇਸ ਪਾਸੇ ਸੁਧਾਰ ਦੀ ਉਮਦ ਜਗਾਈ ਹੈ।

ਇਮੀਗ੍ਰੇਸ਼ਨ ਦੀਆਂ ਸਾਰੀਆਂ ਸੇਵਾਵਾਂ ਤੇ ਸਮੱਸਿਆਵਾਂ ਦਾ ਹੱਲ ਇਕ ਛੱਤ ਥੱਲੇ

# LAW OFFICES OF EMMANUEL ENYINWA

ESQ, Abogado

- ਪੋਲੀਟੀਕਲ ਅਸਾਈਲਮ
- Political Asylum
- Deportation of Defense
- BIA Appeal
- 9 Circuit Court
- Federal Court
- ਗਰੀਨਕਾਰਡ
- ਸਿਟੀਜਨਸ਼ਿਪ
- Green Card
- Citizenship
- ਡਾਈਵੋਰਸ
- ਸਿਵਲ ਐਂਡ ਕਰੀਮੀਨਲ ਕੇਸ
- Divorce
- Civil and Criminal Cases
- Family Petition Immigration
- Travel document
- Work Permit

ਅਸੀਂ ਇਮੀਗ੍ਰੇਸ਼ਨ ਨਾਲ ਸਬੰਧਤ ਹਰ ਤਰ੍ਹਾਂ ਦੀਆਂ ਸੇਵਾਵਾਂ ਪ੍ਰਦਾਨ ਕਰਦੇ ਹਾਂ।

ਅਸੀਂ ਤਿੰਨ ਥਾਵਾਂ ਤੋਂ ਆਪ ਜੀ ਦੀਆਂ ਸੇਵਾਵਾਂ ਲਈ ਹਾਜ਼ਰ ਹਾਂ

## Manteca-Arizona- San Francisco

239 West Yosemite Ave Manteca CA 95336
hsrotal.64@gmail.com
369 Pine Street, Suite 420, San Francisco, CA 94104
Enyinwalaw@gmail.com



## All Services Under One Roof



HARMINDER SINGH SAMANA
OFFICE MANAGER
209-481-7750
209-624-3919

EMMANUEL ENYINWA
Attorney of Law
Tel. 415-956-6100
Fax. 415-956-6111

# ਟਰੰਪ ਦੇ ਹਾਰਵਰਡ ਚ ਦਾਖਲਾ ਰੱਦ ਕਰਨ ਦੇ ਫੈਸਲੇ ਤੋਂ ਚਿੰਤਾ 'ਚ ਵਿਦਿਆਰਥੀ



ਵਾਸ਼ਿੰਗਟਨ : ਡੋਨਾਲਡ ਟਰੰਪ ਪ੍ਰਸ਼ਾਸਨ ਵੱਲੋਂ ਅਮਰੀਕਾ ਵਿੱਚ ਵਿਦੇਸ਼ੀ ਦਾਖਲੇ ਨੂੰ ਰੱਦ ਕਰਨ ਤੋਂ ਬਾਅਦ ਹਾਰਵਰਡ ਦੇ ਅੰਤਰਰਾਸ਼ਟਰੀ ਵਿਦਿਆਰਥੀ ਚਿੰਤਾ ਵਿਚ ਡੁੱਬੇ ਹਨ। ਸੀ.ਐਨ.ਐਨ ਦੀ ਇੱਕ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਦੁਨੀਆ ਭਰ ਦੇ ਵਿਦਿਆਰਥੀ ਚਿੰਤਤ ਹਨ ਕਿ ਜੇਕਰ ਉਹ ਦੇਸ਼ ਛੱਡ ਦਿੰਦੇ ਹਨ, ਤਾਂ ਉਨ੍ਹਾਂ ਦੇ ਵੀਜ਼ੇ ਰੱਦ ਕਰ ਦਿੱਤੇ ਜਾਣਗੇ, ਖੋਜ ਮੁਅੱਤਲ ਕਰ ਦਿੱਤੀ ਜਾਵੇਗੀ ਅਤੇ ਉਨ੍ਹਾਂ ਨੂੰ ਅਮਰੀਕਾ ਵਿੱਚ ਦੁਬਾਰਾ ਦਾਖਲ ਹੋਣ ਤੋਂ ਰੋਕ ਦਿੱਤਾ ਜਾਵੇਗਾ।

ਹਾਰਵਰਡ ਦੇ ਆਗੂਆਂ ਵੱਲੋਂ ਸੰਘੀ ਅਦਾਲਤ ਵਿੱਚ ਮੁਕੱਦਮਾ ਦਾਇਰ ਕਰਨ ਤੋਂ ਬਾਅਦ ਇੱਕ ਸੰਘੀ ਜੱਜ ਨੇ ਸ਼ੁੱਕਰਵਾਰ ਨੂੰ ਟਰੰਪ ਪ੍ਰਸ਼ਾਸਨ ਦੀ ਪਾਬੰਦੀ ਨੂੰ ਅਸਥਾਈ ਤੌਰ 'ਤੇ ਰੋਕ ਲਗਾ ਦਿੱਤੀ। ਹਾਰਵਰਡ ਨੇ ਦਲੀਲ ਦਿੱਤੀ ਹੈ ਕਿ ਵਿਦਿਆਰਥੀ ਅਤੇ ਐਕਸਚੇਂਜ ਵਿਜ਼ਟਰ ਪ੍ਰੋਗਰਾਮ ਵਿੱਚ ਇਸਦੀ ਮਾਨਤਾ ਨੂੰ ਰੱਦ ਕਰਨਾ ਸਰਕਾਰ ਦੀਆਂ ਵਿਚਾਰਧਾਰਕ ਤੌਰ 'ਤੇ ਜੜ੍ਹਾਂ ਵਾਲੀਆਂ ਨੀਤੀਗਤ ਮੰਗਾਂ ਨੂੰ ਰੱਦ ਕਰਨ ਲਈ 'ਸਪੱਸ਼ਟ ਬਦਲਾ' ਸੀ। ਪਾਕਿਸਤਾਨੀ ਮੂਲ ਦੇ ਨਿਵਾਸੀ ਹਾਰਵਰਡ ਸਟੂਡੈਂਟ ਬਾਡੀ ਦੇ ਸਹਿ-ਪ੍ਰਧਾਨ ਅਬਦੁੱਲਾ ਸ਼ਾਹਿਦ ਸਿਆਲ ਨੇ ਸੀਐਨਐਨ ਨੂੰ ਦੱਸਿਆ ਕਿ ਹਜ਼ਾਰਾਂ ਅੰਤਰਰਾਸ਼ਟਰੀ ਵਿਦਿਆਰਥੀ ਬਹੁਤ ਡਰੇ ਹੋਏ ਹਨ ਕਿਉਂਕਿ ਉਹਨਾਂ ਨੂੰ ਆਪਣੀ ਮੌਜੂਦਾ ਕਾਨੂੰਨੀ ਸਥਿਤੀ ਦਾ ਪਤਾ ਨਹੀਂ ਹੈ।

ਆਸਟਰੀਆ ਦੇ ਕਾਰਲ ਮੋਲਡਨ ਨੇ ਕਿਹਾ, 'ਆਪਣੇ ਜੱਦੀ ਸ਼ਹਿਰਾਂ ਤੋਂ ਹਜ਼ਾਰਾਂ ਮੀਲ ਦੂਰ ਸਾਡੇ ਵਿੱਚੋਂ ਬਹੁਤਿਆਂ ਨੇ ਹਾਰਵਰਡ ਵਰਗੀ ਯੂਨੀਵਰਸਿਟੀ ਵਿੱਚ ਦਾਖਲਾ ਲੈਣ ਲਈ ਆਪਣੀ ਪੂਰੀ ਜ਼ਿੰਦਗੀ ਮਿਹਨਤ ਕੀਤੀ ਹੈ ਅਤੇ ਹੁਣ ਸਾਨੂੰ ਇੰਤਜ਼ਾਰ ਕਰਨਾ ਪਵੇਗਾ ਅਤੇ ਦੇਖਣਾ ਪਵੇਗਾ ਕਿ ਕੀ ਸਾਨੂੰ ਕਿਤੇ ਹੋਰ ਜਾਣਾ ਪੈ ਸਕਦਾ ਹੈ ਅਤੇ ਵੀਜ਼ਾ ਸੰਬੰਧੀ ਮੁਸ਼ਕਲਾਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।' ਮੋਲਡਨ ਨੇ ਕਿਹਾ ਕਿ ਉਹ ਮਹਿਸੂਸ ਕਰਦੇ ਹਨ ਕਿ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ 'ਲੋਕਤੰਤਰ ਅਤੇ ਤਾਨਾਸ਼ਾਹੀ ਵਿਚਕਾਰ ਇਸ ਵੱਡੀ ਲੜਾਈ ਵਿੱਚ ਗੇਂਦਾਂ' ਵਜੋਂ ਵਰਤਿਆ ਜਾ ਰਿਹਾ ਹੈ।

# ਰਾਸ਼ਟਰਪਤੀ ਟਰੰਪ ਨੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਨੂੰ ਪਾਈ ਝਾੜ, ਮੀਟਿੰਗ ਦਾ ਸਵਾਦ ਹੋਇਆ ਫਿੱਕਾ



ਵਾਈਟ ਹਾਊਸ ਵਿਖੇ ਓਵਾਲ ਦਫਤਰ ਵਿਚ ਪੱਤਰਕਾਰਾਂ ਨਾਲ ਗੱਲਬਾਤ ਦੌਰਾਨ ਰਾਸ਼ਟਰਪਤੀ ਟਰੰਪ ਤੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸੀਰਿਲ ਰਾਮਾਫੋਸਾ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) : ਅਮਰੀਕਾ ਪੁੱਜੇ ਦੱਖਣੀ ਅਫਰੀਕਾ ਦੇ ਰਾਸ਼ਟਰਪਤੀ ਸੀਰਿਲ ਰਾਮਾਫੋਸਾ ਗੋਲਫ਼ ਪ੍ਰੇਮੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਖੁਸ਼ ਕਰਨ ਲਈ ਆਪਣੇ ਨਾਲ ਦੋ ਚੈਂਪੀਅਨਸ਼ਿੱਪ ਗੋਲਫ਼ਰਜ ਤੇ ਇਕ ਵੱਡੀ ਪੁਸਤਕ ਜਿਸ ਵਿਚ ਦੱਖਣੀ ਅਫਰੀਕਾ ਦੇ ਸ਼ਾਨਦਾਰ ਗੋਲਫ਼ ਮੈਦਾਨਾਂ ਦਾ ਵੇਰਵਾ ਸੀ, ਲੈ ਕੇ ਆਏ ਪਰੰਤੂ ਉਨਾਂ ਦੀ ਇਹ ਕੋਸ਼ਿਸ਼ ਨਾਕਾਮ ਰਹੀ। ਟਰੰਪ ਨੇ ਨਸਲਕੁੱਸ਼ੀ ਦੇ ਮਾਮਲੇ 'ਤੇ ਰਾਮਾਫੋਸਾ ਨੂੰ ਝਾੜ ਪਾਈ। ਦੋਨਾਂ ਆਗੂਆਂ ਵਿਚਾਲੇ ਹੋਈ ਇਕ ਘੰਟੇ ਦੀ ਮੀਟਿੰਗ ਫਰਵਰੀ ਵਿਚ ਯੁਕਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੰਸਕੀ ਨਾਲ ਹੋਈ ਮੀਟਿੰਗ ਵਰਗੀਆਂ ਕੌੜੀਆਂ ਯਾਦਾਂ ਛੱਡ ਗਈ। ਟਰੰਪ ਨੇ ਦੱਖਣੀ ਅਫਰੀਕੀ ਰਾਸ਼ਟਰਪਤੀ ਉਪਰ ਦੋਸ਼ ਲਾਇਆ ਕਿ ਉਹ ਵਾਈਟ ਅਫਰੀਕਨਾਂ ਵਿਰੁੱਧ ਨਸਲਕੁਸ਼ੀ ਦੇ ਮਾਮਲੇ ਨੂੰ ਠੀਕ ਸਾਬਤ ਕਰਨ ਦਾ ਯਤਨ ਕਰ ਰਹੇ ਹਨ। ਟਰੰਪ ਨੇ ਇਸ ਸਬੰਧੀ ਇਕ ਵੀਡੀਓ ਵੀ ਚਲਾਈ ਜਿਸ ਦਾ ਪ੍ਰਬੰਧ ਮੀਟਿੰਗ ਤੋਂ ਪਹਿਲਾਂ ਕਰ ਲਿਆ ਗਿਆ ਸੀ। ਮੀਟਿੰਗ ਦੌਰਾਨ ਟਰੰਪ ਇਕ ਰਿਪੋਰਟਰ ਨੂੰ ਵੀ ਟੁੱਟ ਕੇ ਪੈ ਗਏ ਜਿਸ ਨੇ ਕਤਰ ਤੋਂ 40 ਕਰੋੜ ਡਾਲਰ ਦੀ ਲਾਗਤ ਵਾਲਾ ਜੈੱਟ ਜਹਾਜ਼ ਲੈਣ ਬਾਰੇ ਸਵਾਲ ਕੀਤਾ ਸੀ। ਮਾਹੌਲ ਗਰਮ ਹੁੰਦਾ ਵੇਖ ਕੇ ਰਾਮਾਫੋਸਾ ਨੇ ਕਿਹਾ ਮੈਨੂੰ ਅਫਸੋਸ ਹੈ ਕਿ ਤੁਹਾਨੂੰ ਦੇਣ ਲਈ ਮੇਰੇ ਕੋਲ ਜਹਾਜ਼ ਨਹੀਂ ਹੈ। ਇਸ 'ਤੇ ਟਰੰਪ ਨੇ ਕਿਹਾ ਜੇਕਰ ਤੁਹਾਡਾ ਦੇਸ਼ ਯੂ ਐਸ ਏਅਰ ਫੋਰਸ ਨੂੰ ਜਹਾਜ਼ ਦੀ ਪੇਸ਼ਕਸ਼ ਕਰਦਾ ਤਾਂ ਮੈ ਉਸ ਨੂੰ ਸਵਿਕਾਰ ਕਰ ਲੈਂਦਾ। ਇਸ ਤਕਰਾਰ ਦੇ ਪਿਛੋਕੜ ਨੂੰ ਵੇਖੀਏ ਤਾਂ ਟਰੰਪ ਪ੍ਰਸ਼ਾਸਨ ਨੇ ਹਾਲ ਹੀ ਵਿਚ ਵਾਈਟ ਦੱਖਣੀ ਅਫਰੀਕੀ ਲੋਕਾਂ ਨੂੰ ਅਮਰੀਕਾ ਵਿਚ ਰਫ਼ਿਊਜੀ ਵਜੋਂ ਪ੍ਰਵਾਨ ਕਰਨ ਦਾ ਨਿਰਨਾ ਲਿਆ ਹੈ। ਇਹ ਨਿਰਨਾ ਉਸ ਸਮੇ ਲਿਆ ਗਿਆ ਹੈ ਜਦੋਂ ਟਰੰਪ ਪ੍ਰਸ਼ਾਸਨ ਨੇ ਹੋਰ ਰਫ਼ਿਊਜੀਆਂ ਖਾਸ ਕਰਕੇ ਕਾਲੇ ਲੋਕਾਂ ਦਾ ਅਮਰੀਕਾ ਵਿਚ ਸਵਾਗਤ ਕਰਨਾ ਬੰਦ ਕਰ ਦਿੱਤਾ ਹੈ। ਟਰੰਪ ਵਾਈਟ ਦੱਖਣੀ ਅਫਰੀਕੀ ਲੋਕਾਂ ਨਾਲ ਖੜੇ ਹਨ। ਟਰੰਪ ਦਾ ਕਹਿਣਾ ਹੈ ਕਿ ਦੱਖਣੀ ਅਫਰੀਕਾ ਵਿਚ ਨਵੇਂ ਕਾਨੂੰਨ ਤਹਿਤ ਘੱਟ ਗਿਣਤੀ ਵਾਈਟ ਲੋਕਾਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਕਾਨੂੰਨ ਤਹਿਤ ਦੱਖਣੀ ਅਫਰੀਕੀ ਸਰਕਾਰ ਜਨਤਿਕ ਹਿੱਤਾਂ ਲਈ ਬਿਨਾਂ ਮੁਆਵਜ਼ਾ ਦਿੱਤੇ ਕੋਈ ਵੀ ਜਾਇਦਾਦ ਜ਼ਬਤ ਕਰ ਸਕਦੀ ਹੈ। ਪਿਛਲੇ ਹਫਤੇ ਟਰੰਪ ਵੱਲੋਂ ਲਾਏ ਇਨਾਂ ਦੋਸ਼ਾਂ ਨੂੰ ਦੱਖਣੀ ਅਫਰੀਕੀ ਸਰਕਾਰ ਨੇ ਰੱਦ ਕਰ ਦਿੱਤਾ ਸੀ।

# ਪਹਿਲਗਾਮ ਕਸਮੀਰ 'ਚ ਹੋਏ ਅੱਤਵਾਦੀ ਹਮਲੇ 'ਚ ਸੈਲਾਨੀਆਂ ਲਈ ਜਾਨ ਕੁਰਬਾਨ ਕਰਨ ਵਾਲੇ ਆਦਿਲ ਹੁਸੈਨ ਦੇ ਪਰਿਵਾਰ ਦੀ ਸਿੱਖਸ ਆਫ਼ ਅਮੈਰਿਕਾ ਨੇ ਕੀਤੀ ਮਾਲੀ ਮਦਦ

## ਚੇਅਰਮੈਨ ਜਸਪ੍ਰੀਤ ਸਿੰਘ ਜੱਸੀ ਦੀ ਅਗਵਾਈ 'ਚ ਭੇਂਟ ਕੀਤਾ 2 ਲੱਖ ਰੁਪਏ ਦਾ ਚੈੱਕ






ਵਾਸ਼ਿੰਗਟਨ/ਡੀ.ਸੀ., (ਰਾਜ ਗੋਗਨਾ) : ਸਿੱਖਸ ਆਫ ਅਮੈਰਿਕਾ ਜਿੱਥੇ ਅੰਤਰਰਾਸ਼ਟਰੀ ਪੱਧਰ 'ਤੇ ਸਿੱਖੀ ਦੀ ਵੱਖਰੀ ਪਛਾਣ ਦੇ ਪ੍ਰਚਾਰ ਲਈ ਲਗਾਤਾਰ ਕਰ ਰਹੀ ਹੈ ਉੱਥੇ ਇਸ ਸੰਸਥਾ ਵਲੋਂ ਕੁਦਰਤੀ ਆਫ਼ਤਾਂ ਵੇਲੇ ਵੀ ਮੋਹਰੀ ਰੋਲ ਨਿਭਾਇਆ ਜਾਂਦਾ ਹੈ ਅਤੇ ਸਮਾਜ ਸੇਵੀ ਕਾਰਜਾਂ ਵਿਚ ਬਹੁਤ ਹੀ ਵੱਡਾ ਯੋਗਦਾਨ ਪਾਇਆ ਜਾਂਦਾ ਹੈ। ਇਸ ਸਬੰਧ 'ਚ ਚੇਅਰਮੈਨ ਜਸਪ੍ਰੀਤ ਸਿੰਘ ਜੱਸੀ ਵਲੋਂ ਆਪਣੇ ਸਾਥੀਆਂ ਦੇ ਸਹਿਯੋਗ ਨਾਲ ਲਗਾਤਾਰ ਹੀ ਲੋੜਵੰਦਾਂ ਦੀ ਸਹਾਇਤਾ ਕੀਤੀ ਜਾਂਦੀ ਰਹਿੰਦੀ ਹੈ। ਬੀਤੇ ਦਿਨੀਂ ਚੇਅਰਮੈਨ ਜਸਪ੍ਰੀਤ ਸਿੰਘ ਜੱਸੀ ਦੀ ਅਗਵਾਈ 'ਚ ਜਿੱਥੇ ਪਹਿਲਗਾਮ ਅੱਤਵਾਦੀ ਹਮਲੇ ਵਿਚ ਮਾਰੇ ਗਏ ਗ੍ਰੰਥੀ ਸਿੰਘ ਦੇ ਪਰਿਵਾਰ ਦੀ 2 ਲੱਖ ਰੁਪਏ ਨਾਲ ਮਾਲੀ ਮਦਦ ਕੀਤੀ ਗਈ ਉੱਥੇ ਇਸ ਅੱਤਵਾਦੀ ਹਮਲੇ ਦੌਰਾਨ ਸੈਲਾਨੀਆਂ ਨੂੰ ਬਚਾਉਣ ਲਈ ਕੋਸ਼ਿਸ਼ ਕਰਦਿਆਂ ਆਪਣੀ ਜਾਨ ਗਵਾਉਣ ਵਾਲੇ ਬਹਾਦਰ ਨੌਜਵਾਨ ਆਦਿਲ ਦੇ ਪਰਿਵਾਰ ਦੀ ਮਾਲੀ ਮਦਦ ਕਰਨ ਲਈ ਉਪਰਾਲਾ ਕੀਤਾ ਗਿਆ ਹੈ। ਸਿੱਖਸ ਆਫ਼ ਅਮੈਰਿਕਾ ਦੀ ਟੀਮ ਨੇ ਚੇਅਰਮੈਨ ਜਸਪ੍ਰੀਤ ਸਿੰਘ ਜੱਸੀ ਵਲੋਂ ਜਾਰੀ ਦੋ ਲੱਖ ਰੁਪਏ ਦਾ ਚੈੱਕ ਆਦਿਲ ਦੇ ਪਰਿਵਾਰ ਨੂੰ ਭੇਂਟ ਕੀਤਾ। ਇਸ ਮੌਕੇ ਚੇਅਰਮੈਨ ਜਸਦੀਪ ਸਿੰਘ ਜੱਸੀ ਵਲੋਂ ਆਦਿਲ ਦੇ ਪਿਤਾ ਨਾਲ ਵੀਡੀਓ ਕਾਲ ਉੱਤੇ ਗੱਲਬਾਤ ਕੀਤੀ ਗਈ ਅਤੇ ਕਿਹਾ ਕਿ ਗਿਆ ਉਸ ਦੇ ਬੇਟੇ ਦੀ ਕੁਰਬਾਨੀ ਉੱਤੇ ਭਾਰਤੀ ਨੂੰ ਹੀ ਨਹੀਂ ਸਗੋਂ ਸਮੁੱਚੀ ਦੁਨੀਆਂ 'ਚ ਵਸਦੇ ਅਮਨ ਪਸੰਦ ਲੋਕਾਂ ਨੂੰ ਮਾਣ ਹੈ। ਆਦਿਲ ਦੇ ਪਿਤਾ ਇਸ ਮੌਕੇ ਭਾਵੁਕ ਵੀ ਹੋਏ, ਸ੍ਰ. ਜੱਸੀ ਨੇ ਕਿਹਾ ਕਿ ਉਹ ਭਵਿੱਖ ਵਿਚ ਵੀ ਪਰਿਵਾਰ ਦੇ ਨਾਲ ਜੁੜੇ ਰਹਿਣਗੇ ਅਤੇ ਲੋੜੀਂਦੀ ਮਦਦ ਕਰਦੇ ਰਹਿਣਗੇ। ਆਦਿਲ ਦੇ ਪਿਤਾ ਸਈਅਦ ਹੈਦਰ ਸ਼ਾਹ ਨੇ ਸਮੁੱਚੀ ਸਿੱਖਸ ਆਫ ਅਮੈਰਿਕਾ ਦੀ ਟੀਮ ਦਾ ਧੰਨਵਾਦ ਵੀ ਕੀਤਾ।

# ਅਮਰੀਕੀ ਅਦਾਲਤਾਂ 'ਚ ਪ੍ਰਵਾਸੀਆਂ ਦੀ ਗ੍ਰਿਫ਼ਤਾਰੀ, ICE ਏਜੰਟਾਂ ਦੀ ਨਵੀਂ ਕਾਰਵਾਈ




ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਪ੍ਰਵਾਸੀਆਂ ਪ੍ਰਤੀ ਸਖ਼ਤ ਨੀਤੀ ਅਪਣਾਈ ਹੋਈ ਹੈ। ਇਸ ਨੀਤੀ ਨੂੰ ਸਫਲ ਬਣਾਉਣ ਲਈ ਅਮਰੀਕਾ ਦੀਆਂ ਇਮੀਗ੍ਰੇਸ਼ਨ ਅਦਾਲਤਾਂ ਹੁਣ ICE (ਇਮੀਗ੍ਰੇਸ਼ਨ ਐਂਡ ਕਸਟਮਜ਼ ਇਨਫੋਰਸਮੈਂਟ) ਏਜੰਟਾਂ ਲਈ ਨਵਾਂ ਅੱਡਾ ਬਣ ਗਈਆਂ ਹਨ, ਜਿਥੋਂ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਸੁਣਵਾਈ ਤੋਂ ਤੁਰੰਤ ਬਾਅਦ ਗ੍ਰਿਫ਼ਤਾਰ ਕਰਕੇ ਡਿਪੋਰਟ ਕੀਤਾ ਜਾ ਰਿਹਾ ਹੈ। ਟਰੰਪ ਪ੍ਰਸ਼ਾਸਨ ਵੱਲੋਂ ਲਾਗੂ ਕੀਤੀ ਨਵੀਂ ਨੀਤੀ ਅਧੀਨ ICE ਅਧਿਕਾਰੀ ਜੱਜ ਵੱਲੋਂ ਦੇਸ਼ ਨਿਕਾਲੇ ਦਾ ਹੁਕਮ ਆਉਣ ਜਾਂ ਸਰਕਾਰੀ ਵਕੀਲ ਕੇਸ ਖਤਮ ਕਰਨ ਦੀ ਅਰਜ਼ੀ ਦੇਣ 'ਤੇ ਤੁਰੰਤ ਹੀ ਪ੍ਰਵਾਸੀਆਂ ਨੂੰ ਹਿਰਾਸਤ ਵਿੱਚ ਲੈ ਰਹੇ ਹਨ। ਇਹ ਨੀਤੀ ਅਕਸਰ ਉਨ੍ਹਾਂ ਲੋਕਾਂ ਲਈ ਮੁਸੀਬਤ ਬਣ ਗਈ ਹੈ, ਜੋ ਕਾਨੂੰਨੀ ਕਾਰਵਾਈ ਵਿੱਚ ਪੂਰੀ ਤਰ੍ਹਾਂ ਸਹਿਯੋਗ ਦੇ ਰਹੇ ਹਨ।

ICE ਦੇ ਨਕਾਬਪੋਸ਼ ਏਜੰਟ 20 ਤੋਂ ਵੱਧ ਰਾਜਾਂ ਦੀਆਂ ਅਦਾਲਤਾਂ ਜਿਵੇਂ ਐਰੀਜ਼ੋਨਾ, ਵਰਜੀਨੀਆ ਆਦਿ ਵਿੱਚ ਤਾਇਨਾਤ ਹਨ, ਜੋ ਸੁਣਵਾਈ ਖਤਮ ਹੋਣ 'ਤੇ ਤੁਰੰਤ ਗ੍ਰਿਫ਼ਤਾਰੀ ਕਰਦੇ ਹਨ। ਕਈ ਕੇਸਾਂ ਵਿੱਚ ਜਿੱਥੇ ਪਹਿਲਾਂ ਕੇਸ ਖਤਮ ਹੋਣਾ ਰਾਹਤ ਦਾ ਕਾਰਨ ਹੁੰਦਾ ਸੀ, ਹੁਣ ICE ਉਨ੍ਹਾਂ ਵਿਅਕਤੀਆਂ ਨੂੰ ਬਾਹਰ ਨਿਕਲਦਿਆਂ ਹੀ ਫੜ ਲੈਂਦੇ ਹਨ। ਇਹ ਗ੍ਰਿਫ਼ਤਾਰੀਆਂ ਸਿਰਫ਼ ਅਪਰਾਧਿਕ ਪਿਛੋਕੜ ਵਾਲਿਆਂ ਤੱਕ ਸੀਮਿਤ ਨਹੀਂ ਹਨ, ਸਗੋਂ ਸ਼ਰਣ ਮੰਗਣ ਵਾਲਿਆਂ, ਬਿਨਾਂ ਵਕੀਲਾਂ ਵਾਲਿਆਂ ਅਤੇ ਸਾਫ਼ ਰਿਕਾਰਡ ਵਾਲਿਆਂ ਨੂੰ ਵੀ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਇਸ ਤਰੀਕੇ ਨੇ ਪ੍ਰਵਾਸੀ ਭਾਈਚਾਰੇ ਵਿੱਚ ਡਰ ਅਤੇ ਭੰਬਲਭੂਸਾ ਪੈਦਾ ਕਰ ਦਿੱਤਾ ਹੈ। ਕਈ ਲੋਕ ਜੋ ਨਿਯਮਤ ਜਾਂਚ ਜਾਂ ਸਕਾਰਾਤਮਕ ਨਤੀਜੇ ਦੀ ਉਮੀਦ ਨਾਲ ਅਦਾਲਤ ਪਹੁੰਚਦੇ ਸਨ, ਉਹ ਅਦਾਲਤ ਤੋਂ ਨਿਕਲਦੇ ਹੀ ਹਿਰਾਸਤ ਵਿੱਚ ਲਏ ਜਾ ਰਹੇ ਹਨ। ਇਕ ਸਮਾਚਾਰ ਏਜੰਸੀ ਮੁਤਾਬਕ ਇਹ ਕਾਰਵਾਈ ਉਨ੍ਹਾਂ ਲੋਕਾਂ ਨੂੰ ਨਿਸ਼ਾਨਾ ਬਣਾ ਰਹੀ ਹੈ ਜੋ ਦੋ ਸਾਲਾਂ ਤੋਂ ਘੱਟ ਸਮੇਂ ਤੋਂ ਦੇਸ਼ ਵਿੱਚ ਰਹਿ ਰਹੇ ਹਨ।

ਪ੍ਰਵਾਸੀ ਅਧਿਕਾਰਾਂ ਲਈ ਕੰਮ ਕਰ ਰਹੇ ਵਕੀਲਾਂ ਨੇ ਚਿੰਤਾ ਜਤਾਈ ਹੈ ਕਿ ਇਹ ਰਣਨੀਤੀ ਕਾਨੂੰਨੀ ਪ੍ਰਕਿਰਿਆ 'ਤੇ ਭਰੋਸਾ ਘਟਾਉਂਦੀ ਹੈ ਅਤੇ ਲੋਕਾਂ ਨੂੰ ਜ਼ਰੂਰੀ ਸੁਣਵਾਈਆਂ ਤੋਂ ਦੂਰ ਕਰ ਸਕਦੀ ਹੈ। ਅਮਰੀਕਨ ਇਮੀਗ੍ਰੇਸ਼ਨ ਲਾਇਰਜ਼ ਐਸੋਸੀਏਸ਼ਨ ਨੇ ਅਦਾਲਤਾਂ 'ਚ ਗ੍ਰਿਫ਼ਤਾਰੀਆਂ ਵਿੱਚ ਵਾਧੇ ਦੀ ਪੁਸ਼ਟੀ ਕੀਤੀ ਹੈ ਅਤੇ ਕੁਝ ਕਾਨੂੰਨੀ ਸੰਗਠਨ ਇਸ ਅਭਿਆਸ ਨੂੰ ਚੁਣੌਤੀ ਦੇਣ ਲਈ ਕਾਨੂੰਨੀ ਰਾਹਾਂ ਦੀ ਵੀ ਚਰਚਾ ਕਰ ਰਹੇ ਹਨ। ਟਰੰਪ ਪ੍ਰਸ਼ਾਸਨ ਨੇ ਇਸ ਨੀਤੀ ਨੂੰ ਨਜ਼ਰਬੰਦੀਆਂ ਅਤੇ ਡਿਪੋਰਟੇਸ਼ਨ ਦੀ ਪ੍ਰਕਿਰਿਆ ਤੇਜ਼ ਕਰਨ ਲਈ ਜਾਇਜ਼ ਠਹਿਰਾਇਆ ਹੈ, ਖਾਸ ਕਰਕੇ ਜਦੋਂ ਵੱਡੇ ਪੱਧਰ 'ਤੇ ਦੇਸ਼ ਨਿਕਾਲਾ ਲਾਉਣ ਵਿੱਚ ਕਾਨੂੰਨੀ ਰੁਕਾਵਟਾਂ ਆ ਰਹੀਆਂ ਹਨ। ਇਹ ਗ੍ਰਿਫ਼ਤਾਰੀਆਂ ਸੰਘੀ ਇਮੀਗ੍ਰੇਸ਼ਨ ਲਾਗੂ ਕਰਨ ਵਿੱਚ ਵੱਡਾ ਵਾਧਾ ਹਨ, ਜੋ ਪ੍ਰਵਾਸੀਆਂ ਦੀ ਵੱਡੀ ਗਿਣਤੀ ਨੂੰ ਨਿਸ਼ਾਨਾ ਬਣਾਉਂਦੀਆਂ ਹਨ।

# ਰੂਸੀ ਆਗੂ ਵਲਾਦੀਮੀਰ ਪੂਤਿਨ ਪੂਰੀ ਤਰ੍ਹਾਂ ਪਾਗਲ ਹੋਇਆ: ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੇ ਆਪਣੇ ਰੂਸੀ ਹਮਰੁਤਬਾ ਵਲਾਦੀਮੀਰ ਪੂਤਿਨ 'ਤੇ ਤਿੱਖੀ ਟਿੱਪਣੀ ਕਰਦਿਆਂ ਕਿਹਾ ਕਿ ਉਹ 'ਪੂਰੀ ਤਰ੍ਹਾਂ ਪਾਗਲ ਹੋ ਗਏ' ਹਨ। ਉਨ੍ਹਾਂ ਨੇ ਇਹ ਟਿੱਪਣੀ ਰੂਸ ਵੱਲੋਂ ਲਗਾਤਾਰ ਤੀਜੀ ਰਾਤ ਕੀਵ ਤੇ ਹੋਰਨਾਂ ਯੂਕਰੇਨੀ ਸ਼ਹਿਰਾਂ 'ਤੇ ਕੀਤੇ ਡਰੋਨ ਤੇ ਮਿਜ਼ਾਈਲ ਹਮਲਿਆਂ ਦੇ ਮੱਦੇਨਜ਼ਰ ਕੀਤੀ ਹੈ। ਟਰੰਪ ਨੇ ਐਤਵਾਰ ਰਾਤ ਸੋਸ਼ਲ ਮੀਡੀਆ 'ਤੇ ਪੋਸਟ 'ਚ ਲਿਖਿਆ, "ਰੂਸੀ ਰਾਸ਼ਟਰਪਤੀ ਵਲਾਦੀਮੀਰ ਪੂਤਿਨ ਨਾਲ ਮੇਰੇ ਹਮੇਸ਼ਾ ਬਹੁਤ ਚੰਗੇ ਰਿਸ਼ਤੇ ਰਹੇ ਹਨ, ਪਰ ਉਨ੍ਹਾਂ ਨੂੰ ਕੁਝ ਹੋ ਗਿਆ ਹੈ। ਉਹ ਬਿਲਕੁਲ ਪਾਗਲ ਹੋ ਗਏ ਹਨ।" ਅਮਰੀਕੀ ਸਦਰ ਨੇ ਕਿਹਾ, "ਪੂਤਿਨ ਬਹੁਤ ਸਾਰੇ ਲੋਕਾਂ ਦੀ ਬੇਵਜ੍ਹਾ ਜਾਨ ਲੈ ਰਹੇ ਹਨ। ਬਿਨਾਂ ਕਾਰਨ ਤੋਂ ਯੂਕਰੇਨੀ ਸ਼ਹਿਰਾਂ 'ਤੇ ਮਿਜ਼ਾਈਲਾਂ ਤੇ ਡਰੋਨ ਦਾਗੇ ਜਾ ਰਹੇ ਹਨ।" ਅਮਰੀਕੀ ਰਾਸ਼ਟਰਪਤੀ ਨੇ ਚਿਤਾਵਨੀ ਦਿੱਤੀ ਕਿ ਜੇ ਪੂਤਿਨ ਪੂਰੇ ਯੂਕਰੇਨ 'ਤੇ ਕਬਜ਼ਾ ਕਰਨਾ ਚਾਹੁੰਦੇ ਹਨ ਤਾਂ ਇਹ "ਰੂਸ ਨੂੰ ਪਤਨ ਵੱਲ ਲੈ ਜਾਵੇਗਾ!" ਟਰੰਪ ਨੇ ਯੂਕਰੇਨੀ ਸਦਰ ਵਲੋਦੀਮੀਰ ਜ਼ੇਲੈਂਸਕੀ ਨੂੰ ਲੈ ਕੇ ਵੀ ਨਿਰਾਸ਼ਾ ਜ਼ਾਹਿਰ ਕੀਤੀ। ਉਨ੍ਹਾਂ ਕਿਹਾ ਕਿ ਉਹ 'ਜਿਸ ਤਰ੍ਹਾਂ ਨਾਲ ਗੱਲ ਕਰ ਰਹੇ ਹਨ, ਉਸ ਨਾਲ ਉਹ ਆਪਣੇ ਮੁਲਕ ਨੂੰ ਕੋਈ ਫਾਇਦਾ ਨਹੀਂ ਪਹੁੰਚਾ ਰਿਹੈ।"



# ਧਰੁਵ ਰਾਠੀ ਦੀ ਵੀਡੀਓ ਅਤੇ ਸਿੱਖ ਸੰਸਥਾਵਾਂ

ਧਰੁਵ ਰਾਠੀ ਵੱਲੋਂ ਐਨੀਮੇਸ਼ਨ ਦੀ ਮਦਦ ਨਾਲ ਸਿੱਖ ਧਰਮ ਬਾਰੇ ਬਣਾਈ ਗਈ ਵੀਡੀਓ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐੱਸ.ਜੀ.ਪੀ.ਸੀ.) ਅਤੇ ਹੋਰ ਕੱਟੜ ਸਿੱਖਾਂ ਦੇ ਵਿਰੋਧ ਕਾਰਨ ਯੂਟਿਊਬ ਤੋਂ ਹਟਾ ਦਿੱਤੀ ਗਈ ਹੈ। ਭਾਵੇਂ ਇਹ ਵੀਡੀਓ ਬਹੁਤ ਸਾਰੇ ਸਿੱਖਾਂ ਨੇ ਨਹੀਂ ਦੇਖੀ ਹੋਣੀ, ਪਰ ਕਿਉਂਕਿ ਸਿੱਖ ਧਰਮ ਵਿੱਚ ਗੁਰੂ ਸਾਹਿਬਾਨ ਦੀ ਕਿਸੇ ਵੀ ਤਰ੍ਹਾਂ ਦੀ ਤਸਵੀਰ (ਅਜੋਕੇ ਸਮੇਂ ਵਿੱਚ ਐਨੀਮੇਟਡ ਇਮੇਜ) ਬਣਾਉਣਾ ਮਨ੍ਹਾਂ ਹੈ ਤੇ ਇਸ ਨੂੰ ਮਨਮਤ ਮੰਨਿਆ ਜਾਂਦਾ ਹੈ। ਇੱਥੇ ਸਵਾਲ ਇਹ ਬਣਦਾ ਹੈ ਕਿ ਸਿੱਖ ਧਰਮ ਵਿੱਚ ਕੀ ਸਿਰਫ਼ ਇੱਕ ਇਹ ਹੀ ਮਨਮਤ ਹੋਈ ਹੈ, ਸਾਡੇ ਸਤਿਕਾਰਯੋਗ ਧਾਰਮਿਕ ਆਗੂਆਂ ਨੂੰ ਸਾਡੇ ਧਰਮ ਵਿੱਚ ਹੋ ਰਹੀਆਂ ਹੋਰ ਮਨਮਤੀ ਕਿਰਿਆਵਾਂ ਦਿਖਾਈ ਕਿਉਂ ਨਹੀਂ ਦਿੰਦੀਆਂ? ਹੇਮਕੁੰਟ ਸਾਹਿਬ ਨੂੰ<B> <B>ਗੁਰੂ ਸਾਹਿਬਾਨ ਦੇ ਪਿਛਲੇ ਜੀਵਨ ਨਾਲ ਜੋੜ ਕੇ ਪ੍ਰਚਾਰਿਆ ਜਾ ਰਿਹਾ ਹੈ, ਪਤਾਲਪੁਰੀ ਵਿੱਚ ਫੁੱਲ ਤਾਰਨੇ, ਅੰਗੀਠੇ 'ਤੇ ਗੁਰਦੁਆਰੇ ਬਣਾਉਣੇ, ਅਖੰਡ ਪਾਠ ਵੇਲੇ ਕੁੰਭ ਰੱਖਣਾ, ਜੋਤਾਂ ਜਗਾਉਣੀਆਂ, ਨਾਮਾਂ ਵਿੱਚ 'ਸਿੰਘ' ਨੂੰ ਹਟਾ ਕੇ ਗੋਤਾਂ ਨੂੰ ਤਰਜੀਹ ਦੇਣਾ, ਜਾਤਾਂ ਦੇ ਨਾਮ 'ਤੇ ਗੁਰਦੁਆਰੇ ਬਣਾਉਣੇ ਆਦਿ ਕੀ ਮਨਮਤ ਦੇ ਦਾਇਰੇ ਵਿੱਚ ਨਹੀਂ ਆਉਂਦੇ? ਗੁਰੂ ਸਾਹਿਬਾਨ ਦੇ ਜਨਮ ਦਿਹਾੜੇ ਜਾਂ ਹੋਰ ਕਿਸੇ ਦਿਹਾੜਿਆਂ ਮੌਕੇ ਸਰਕਾਰਾਂ ਵੱਲੋਂ ਅਖ਼ਬਾਰਾਂ ਵਿੱਚ ਜਾਂ ਸੜਕਾਂ ਕੰਢੇ ਵੱਡੇ ਵੱਡੇ ਫਲੈਕਸ ਲਗਾ ਕੇ ਗੁਰੂ ਸਾਹਿਬਾਨ ਦੀਆਂ ਤਸਵੀਰਾਂ ਨਾਲ ਹੱਥ ਜੋੜ ਕੇ ਤਸਵੀਰਾਂ ਛਪਵਾਉਣ ਜਾਂ ਲਗਾਉਣ ਸਮੇਂ ਸਾਡੇ ਧਾਰਮਿਕ ਅਦਾਰੇ ਅਤੇ ਲੀਡਰ ਕਿਉਂ ਸੌਂ ਜਾਂਦੇ ਹਨ?



ਧਰੁਵ ਰਾਠੀ ਸੋਸ਼ਲ ਮੀਡੀਆ ਦਾ ਵੱਡਾ ਪ੍ਰਭਾਵਸ਼ਾਲੀ ਯੂਟਿਊਬਰ ਹੈ। ਇਹ ਠੀਕ ਹੈ ਕਿ ਉਸ ਨੂੰ ਸਿੱਖ ਗੁਰੂ ਸਾਹਿਬਾਨ ਦੀ ਇਮੇਜ ਨਹੀਂ ਸੀ ਬਣਾਉਣੀ ਚਾਹੀਦੀ ਪਰ ਉਸ ਨੇ ਆਪਣੀ ਵੀਡੀਓ ਰਾਹੀਂ ਸਿੱਖ ਧਰਮ ਦੇ ਸ਼ਾਨਦਾਰ ਅਤੇ ਮਾਣਮੱਤੇ ਇਤਿਹਾਸ ਬਾਰੇ ਆਮ ਲੋਕਾਂ, ਖ਼ਾਸਕਰ ਗ਼ੈਰ-ਸਿੱਖਾਂ ਨੂੰ, ਕਾਫ਼ੀ ਜਾਣਕਾਰੀ ਦਿੱਤੀ ਹੈ, ਜਿੱਥੋਂ ਤੱਕ ਤਾਂ ਸਾਡੀ ਸਤਿਕਾਰਯੋਗ ਐੱਸ.ਜੀ.ਪੀ.ਸੀ. ਜਾਂ ਧਰਮ ਪ੍ਰਚਾਰ ਕਮੇਟੀਆਂ ਸ਼ਾਇਦ ਸੋਚ ਵੀ ਨਹੀਂ ਸਕਦੀਆਂ। ਯੂਟਿਊਬ ਉੱਤੇ ਉਸ ਦੇ ਕਰੋੜਾਂ ਦੀ ਗਿਣਤੀ ਵਿੱਚ ਦੇਖਣ ਵਾਲੇ ਹਨ। ਸਾਨੂੰ ਇਹ ਵੀ ਸੋਚਣਾ ਚਾਹੀਦਾ ਹੈ ਕਿ ਬਿਨਾਂ ਕੋਈ ਕੋਸ਼ਿਸ਼ ਕੀਤਿਆਂ ਸਿੱਖ ਧਰਮ ਬਾਰੇ 'ਨਿੱਗਰ' ਅਤੇ 'ਪ੍ਰਮਾਣਿਕ ਸਮੱਗਰੀ' ਗ਼ੈਰ-ਸਿੱਖਾਂ ਵਿੱਚ ਗਈ ਹੈ। ਕਈ ਅਜਿਹੇ ਸਿੱਖ ਵੀ ਰਾਠੀ ਦੇ ਖ਼ ?ਲਾਫ਼ ਕੁਮੈਂਟ ਕਰ ਰਹੇ ਹਨ ਜਿਨ੍ਹਾਂ ਨੇ ਸ਼ਾਇਦ ਹੀ ਕਦੇ ਇਤਿਹਾਸ ਪੜ੍ਹਿਆ ਹੋਵੇ ਤੇ ਉਹ ਵੀ ਦੱਸ ਰਹੇ ਹਨ ਕਿ ਸਿੱਖ ਇਤਿਹਾਸ ਨੂੰ ਤੋੜ ਮਰੋੜ ਕੇ ਪੇਸ਼ ਕੀਤਾ ਹੈ। ਹਾਲਾਂਕਿ ਉਸ ਨੇ ਆਪਣੀ ਇਸ ਵੀਡੀਓ ਵਿੱਚ ਆਪਣੀ ਹਰ ਜਾਣਕਾਰੀ ਦਾ ਸਰੋਤ ਵੀ ਸਾਂਝਾ ਕੀਤਾ ਸੀ, ਜੋ ਕਿ ਜ਼ਿਆਦਾਤਰ ਸਿੱਖ ਵਿਦਵਾਨਾਂ ਵੱਲੋਂ ਲਿਖੀਆਂ ਕਿਤਾਬਾਂ ਵਿੱਚੋਂ ਹੀ ਲਈ ਗਈ ਹੈ। ਚਾਹੀਦਾ ਤਾਂ ਇਹ ਸੀ ਕਿ ਸਾਡੇ ਲੀਡਰ ਉਸ ਵਿਅਕਤੀ ਦੀ ਇਸ ਮਿਹਨਤ ਨੂੰ ਹੱਲਾਸ਼ੇਰੀ ਦਿੰਦੇ ਹੋਏ; ਜੇਕਰ ਉਸ ਤੋਂ ਗ਼ਲਤੀ ਹੋਈ ਤਾਂ ਉਸ ਨਾਲ ਰਾਬਤਾ ਕਰਕੇ ਉਸ ਵੀਡੀਓ ਵਿਚਲੀਆਂ ਕਮੀਆਂ ਨੂੰ ਦੂਰ ਕਰਵਾਉਂਦੇ।

ਸਾਡੇ ਸਿੱਖ ਲੀਡਰ ਸਰਕਾਰ ਨੂੰ ਉਸ ਖ਼ਿਲਾਫ਼ ਸਖ਼ਤ ਕਾਰਵਾਈ ਕਰਨ ਦੀ ਅਪੀਲ ਕਰ ਰਹੇ ਹਨ। ਉਨ੍ਹਾਂ ਨੂੰ ਚਾਹੀਦਾ ਹੈ ਕਿ ਧਰਮ ਦੀ ਰਹਿਤ ਮਰਿਆਦਾ ਅਪਣਾਉਣ ਲਈ ਵੀ ਸਿੱਖਾਂ ਨੂੰ ਕਹਿਣ। ਪੂਰੇ ਦੇਸ਼ ਵਿੱਚ, ਸਮੇਤ ਐੱਸ.ਜੀ.ਪੀ.ਸੀ. ਵੱਲੋਂ ਪ੍ਰਕਾਸ਼ਿਤ ਕਿਤਾਬਾਂ ਵਿੱਚ ਗੁਰੂ ਸਾਹਿਬਾਨ ਦੀਆਂ ਛਪਦੀਆਂ ਤਸਵੀਰਾਂ 'ਤੇ ਵੀ ਰੋਕ ਲੱਗਣੀ ਚਾਹੀਦੀ ਹੈ, ਜੋ ਦਹਾਕਿਆਂ ਤੋਂ ਧੜੱਲੇ ਨਾਲ ਛਪ ਰਹੀਆਂ ਹਨ। ਸ. ਸੋਭਾ ਸਿੰਘ ਵੱਲੋਂ ਬਣਾਏ ਗੁਰੂ ਸਾਹਿਬਾਨ ਦੇ ਚਿੱਤਰ ਲਗਾਤਾਰ ਛਪ ਰਹੇ ਹਨ। ਸਾਡੀ ਐੱਸ.ਜੀ.ਪੀ.ਸੀ., ਸ. ਸੋਭਾ ਸਿੰਘ ਜਾਂ ਹੋਰ ਤਸਵੀਰਸਾਜ਼ਾਂ ਖ਼ ?ਲਾਫ਼ ਤਾਂ ਸਖ਼ਤ ਕਾਰਵਾਰਈ ਕਰਨ ਦੀ ਕਦੇ ਗੱਲ ਨਹੀਂ ਕਰਦੀ। ਜੇਕਰ ਕੋਈ ਚੰਗੀ ਚੀਜ਼ ਸਿੱਖ ਧਰਮ ਬਾਰੇ ਗ਼ੈਰ-ਸਿੱਖਾਂ ਦੀ ਸਮਝ ਵਿੱਚ ਵਾਧਾ ਕਰਦੀ ਹੈ ਤਾਂ ਸਿੱਖਾਂ ਲੀਡਰਾਂ ਨੂੰ ਲਗਦਾ ਹੈ ਕਿ ਇਹ ਗ਼ਲਤ ਹੋ ਗਿਆ ਹੈ।

ਸਾਡੇ ਲੀਡਰਾਂ ਨੂੰ ਇਸ ਤੱਥ ਨੂੰ ਸਵੀਕਾਰ ਕਰਨਾ ਚਾਹੀਦਾ ਹੈ ਕਿ ਆਉਣ ਵਾਲਾ ਸਮਾਂ ਆਰਟੀਫੀਸ਼ੀਅਲ ਇੰਟੈਲੀਜੈਂਸ (19) ਤਕਨੀਕ ਦਾ ਹੋਵੇਗਾ। ਸਾਡੇ ਨਾ ਚਾਹੁਣ 'ਤੇ ਵੀ ਇਹ ਪੂਰੇ ਵਿਸ਼ਵ ਨੂੰ ਐਨੀਮੇਸ਼ਨ ਰਾਹੀਂ ਪ੍ਰਭਾਵਿਤ ਕਰੇਗੀ, ਸਿੱਖ ਨੌਜਵਾਨ ਤੇ ਮੁਟਿਆਰਾਂ ਵੀ ਇਸ ਤੋਂ ਅਭਿੱਜ ਨਹੀਂ ਰਹਿ ਸਕਣਗੇ। ਸਾਡੀਆਂ ਇਨ੍ਹਾਂ ਸੰਸਥਾਵਾਂ ਨੂੰ ਧਰਮ ਪ੍ਰਚਾਰ ਹਿੱਤ ਤਕਨੀਕ ਦੀ ਵਰਤੋਂ ਕਰਨ ਦੀ ਇਜਾਜ਼ਤ ਦੇਣ ਲਈ ਕੁਝ ਹਦਾਇਤਾਂ ਜਾਂ ਨਿਯਮ ਆਦਿ ਬਣਾਉਣ ਉੱਤੇ ਵਿਚਾਰ ਕਰਨਾ ਚਾਹੀਦਾ ਹੈ। ਸਿੱਖ ਵਿਦਵਾਨਾਂ, ਟੈਕਨੋਲੋਜੀ ਦੇ ਜਾਣਕਾਰ ਸਿੱਖਾਂ ਅਤੇ ਹੋਰ ਸੰਸਥਾਵਾਂ ਨੂੰ ਬਿਠਾ ਕੇ ਇਸ ਬਾਰੇ ਖੁੱਲ੍ਹੇ ਦਿਲ ਅਤੇ ਗੰਭੀਰਤਾ ਨਾਲ ਵਿਚਾਰ ਕਰਕੇ ਸਮੇਂ ਦੇ ਹਾਣੀ ਬਣਨ ਦੀ ਬਹੁਤ ਲੋੜ ਹੈ। ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਇਸੇ ਟੈਕਨੋਲੋਜੀ ਦੇ ਯੁੱਗ ਵਿੱਚ ਜਨਮ ਲੈਣਗੀਆਂ, ਉਹ ਸਾਡੇ ਬਾਰੇ ਕੀ ਸੋਚਣਗੀਆਂ ਕਿ ਅਸੀਂ ਸਮੇਂ ਦੀ ਹਾਣੀ ਨਹੀਂ ਬਣ ਸਕੇ? ਅੱਜ ਦੇ ਬੱਚਿਆਂ ਦੇ ਚਾਰੋਂ ਪਾਸੇ ਮਸਨੂਈ ਬੁੱਧੀ ਦਾ ਇੱਕ ਜਾਲ ਫੈਲਿਆ ਹੋਇਆ ਹੈ। ਬੱਚੇ ਦੀ ਪੜ੍ਹਾਈ ਇਸੇ ਨਾਲ ਸ਼ੁਰੂ ਹੁੰਦੀ ਹੈ, ਉਸ ਦਾ ਮਨੋਰੰਜਨ ਇਸੇ ਨਾਲ ਹੁੰਦਾ ਹੈ, ਉਸ ਦਾ ਕਿੱਤਾ ਵੀ ਐਨੀਮੇਸ਼ਨ ਬਣਦਾ ਜਾ ਰਿਹਾ ਹੈ। ਅਜਿਹੇ ਯੁੱਗ ਵਿੱਚ ਸਾਡੇ ਮਾਣਮੱਤੇ ਇਤਿਹਾਸ ਦੀਆਂ ਕਹਾਣੀਆਂ, ਜੋ ਸਾਡੀਆਂ ਦਾਦੀਆਂ, ਨਾਨੀਆਂ ਸਾਨੂੰ ਕਦੇ ਸੁਣਾਉਂਦੀਆਂ ਸਨ, ਨੂੰ ਐਨੀਮੇਸ਼ਨ ਦੀ ਸਹਾਇਤਾ ਨਾਲ ਦਿਖਾ ਦਿੱਤਾ ਜਾਵੇ ਤਾਂ ਇਸ ਨਾਲ ਸਾਡੀਆਂ ਆਉਣ ਵਾਲੀਆਂ ਪੀੜ੍ਹੀਆਂ ਨੂੰ ਆਪਣੇ ਧਰਮ ਅਤੇ ਇਤਿਹਾਸ ਬਾਰੇ ਬਿਹਤਰ ਅਤੇ ਸੌਖੇ ਤਰੀਕੇ ਨਾਲ ਸਮਝਾਇਆ ਜਾ ਸਕਦਾ ਹੈ।

-ਭਾਈ ਅਸ਼ੋਕ ਸਿੰਘ ਬਾਗੜੀਆਂ

# ਨਾ ਭਰੋਸਾ ਰਿਹਾ ਨਾ ਭਰੋਸੇਯੋਗਤਾ

**ਅਰਵਿੰਦਰ ਜੌਹਲ**




ਭਾਰਤ-ਪਾਕਿਸਤਾਨ ਤਣਾਅ ਦੌਰਾਨ ਟੀ.ਵੀ. ਚੈਨਲਾਂ ਦੀ ਵਿਊਅਰਸ਼ਿਪ (viewership) ਬਾਰੇ ਹਾਲ ਹੀ 'ਚ ਜਾਰੀ ਹੋਈ ਬ੍ਰਾਡਕਾਸਟ ਆਡੀਐਂਸ ਰਿਸਰਚ ਕੌਂਸਲ (ਬਾਰਕ) ਦੀ ਰਿਪੋਰਟ ਦੇ ਅੰਕੜੇ ਸਭ ਦਾ ਧਿਆਨ ਮੰਗਦੇ ਹਨ। ਪਹਿਲਗਾਮ ਦੀ ਬੈਸਰਨ ਵਾਦੀ ਵਿੱਚ 22 ਅਪਰੈਲ ਨੂੰ ਦਹਿਸ਼ਤੀ ਘਟਨਾ 'ਚ 26 ਸੈਲਾਨੀਆਂ ਦੀ ਹੱਤਿਆ ਮਗਰੋਂ ਪਾਕਿਸਤਾਨ ਵਿਚਲੇ ਦਹਿਸ਼ਤੀ ਟਿਕਾਣਿਆਂ ਨੂੰ ਤਬਾਹ ਕਰਨ ਲਈ ਭਾਰਤੀ ਫ਼ੌਜ ਵੱਲੋਂ 7 ਮਈ ਨੂੰ ਵੱਡੇ ਤੜਕੇ ਕੀਤਾ ਗਿਆ 'ਅਪਰੇਸ਼ਨ ਸਿੰਧੂਰ' ਜਿਸ ਵੇਲੇ ਸਿਖ਼ਰ 'ਤੇ ਸੀ, ਉਦੋਂ ਦੇਸ਼ ਦੀ ਵੱਡੀ ਆਬਾਦੀ ਆਈ.ਪੀ.ਐੱਲ. ਮੈਚ ਦੇਖ ਰਹੀ ਸੀ। ਅੱਠ ਮਈ ਦੀ ਰਾਤ ਨੂੰ 8.30 ਤੋਂ 9.30 ਵਜੇ ਦਰਮਿਆਨ ਸਟਾਰ ਸਪੋਰਟਸ-1 ਹਿੰਦੀ ਦੇ ਪ੍ਰਤੀ ਮਿੰਟ ਔਸਤ ਦਰਸ਼ਕ 9,345 ਸਨ ਜਦੋਂਕਿ ਸਾਰੇ ਹਿੰਦੀ ਨਿਊਜ਼ ਚੈਨਲਾਂ ਨੂੰ ਇਸ ਸਮੇਂ ਦੌਰਾਨ ਪ੍ਰਤੀ ਮਿੰਟ ਸਿਰਫ਼ 4,834 ਔਸਤ ਦਰਸ਼ਕ ਹੀ ਮਿਲੇ। 'ਬਾਰਕ' ਦੀ ਰਿਪੋਰਟ ਮੁਤਾਬਕ ਇਹ ਮੈਚ ਭਾਰਤ-ਪਾਕਿਸਤਾਨ ਤਣਾਅ ਕਾਰਨ ਵਿਚਾਲੇ ਰੋਕਣਾ ਪਿਆ ਪਰ ਫਿਰ ਵੀ ਇਸ ਦੀ ਵਿਊਅਰਸ਼ਿਪ 'ਚ ਕਮੀ ਨਹੀਂ ਆਈ। ਭਾਰਤੀ ਫ਼ੌਜ ਦੀ ਕਾਰਵਾਈ ਸਬੰਧੀ ਖ਼ਬਰਾਂ ਜਾਂ ਹੋਰ ਵਿਸ਼ਲੇਸ਼ਣਾਤਮਕ ਪ੍ਰੋਗਰਾਮ ਦੇਖਣ ਦੀ ਥਾਂ ਬਹੁਤੇ ਦਰਸ਼ਕਾਂ ਵੱਲੋਂ ਆਈ.ਪੀ.ਐੱਲ. ਦੇਖਣ ਨੂੰ ਤਰਜੀਹ ਦੇਣਾ ਵੱਡੇ ਸਵਾਲ ਖੜ੍ਹੇ ਕਰਦਾ ਹੈ। ਏਨਾ ਹੀ ਨਹੀਂ, ਰਿਪੋਰਟ 'ਚ ਇਹ ਵੀ ਕਿਹਾ ਗਿਆ ਹੈ ਕਿ 'ਅਪਰੇਸ਼ਨ ਸਿੰਧੂਰ' ਬਾਰੇ 7 ਮਈ ਨੂੰ ਹੀ ਸਵੇਰੇ 10.30 ਵਜੇ ਹੋਈ ਪਹਿਲੀ ਪ੍ਰੈੱਸ ਕਾਨਫਰੰਸ, ਜਿਸ ਵਿੱਚ ਵਿਦੇਸ਼ ਸਕੱਤਰ ਵਿਕਰਮ ਮਿਸਰੀ ਦੇ ਨਾਲ ਕਰਨਲ ਸੋਫ਼ੀਆ ਕੁਰੈਸ਼ੀ ਅਤੇ ਵਿੰਗ ਕਮਾਂਡਰ ਵਯੋਮਿਕਾ ਸਿੰਘ ਸ਼ਾਮਲ ਸਨ, ਲਈ ਵੀ ਸਾਰੇ ਹਿੰਦੀ ਚੈਨਲਾਂ ਨੂੰ ਪ੍ਰਤੀ ਮਿੰਟ 3,527 ਔਸਤ ਦਰਸ਼ਕ ਹੀ ਮਿਲੇ। ਅੱਠ ਮਈ ਦੀ ਸ਼ਾਮ ਨੂੰ ਦਰਸ਼ਕਾਂ ਦੀ ਗਿਣਤੀ ਘਟਣ ਦਾ ਕਾਰਨ ਆਈ.ਪੀ.ਐੱਲ. ਨੂੰ ਮੰਨਿਆ ਜਾ ਸਕਦਾ ਹੈ ਪਰ 7 ਮਈ ਨੂੰ ਸਵੇਰੇ ਜਿਸ ਵੇਲੇ ਇਹ ਪ੍ਰੈੱਸ ਕਾਨਫਰੰਸ ਹੋਈ, ਉਦੋਂ ਤਾਂ ਕੋਈ ਆਈ.ਪੀ.ਐੱਲ. ਮੈਚ ਨਹੀਂ ਸੀ ਚੱਲ ਰਿਹਾ। 'ਬਾਰਕ' ਦੀ ਰਿਪੋਰਟ ਅਨੁਸਾਰ 'ਅਪਰੇਸ਼ਨ ਸਿੰਧੂਰ' ਨੂੰ ਲੈ ਕੇ 8 ਮਈ ਨੂੰ ਸ਼ਾਮ 5.45 ਤੋਂ 6.25 ਦਰਮਿਆਨ ਹੋਈ ਦੂਜੀ ਪ੍ਰੈੱਸ ਕਾਨਫਰੰਸ ਦੌਰਾਨ ਇਨ੍ਹਾਂ ਚੈਨਲਾਂ ਨੂੰ ਦੇਖਣ ਵਾਲਿਆਂ ਦੀ ਗਿਣਤੀ ਘਟ ਕੇ ਪ੍ਰਤੀ ਮਿੰਟ ਸਿਰਫ਼ 2,148 ਹੀ ਰਹਿ ਗਈ। ਇੱਥੇ 'ਬਾਰਕ' ਨੇ ਆਪਣੀ ਰਿਪੋਰਟ ਵਿੱਚ ਇੱਕ ਹੋਰ ਤੱਥ ਦਾ ਉਭਰਵੇਂ ਰੂਪ 'ਚ ਜ਼ਿਕਰ ਕੀਤਾ ਹੈ, ਉਹ ਇਹ ਹੈ ਕਿ ਇਸ ਸਮੇਂ ਦੌਰਾਨ ਹਿੰਦੀ ਨਿਊਜ਼ ਚੈਨਲਾਂ ਦੇ ਮੁਕਾਬਲੇ ਦੁੱਗਣੇ ਦਰਸ਼ਕ ਆਈ.ਪੀ.ਐੱਲ. ਦੇ ਪੁਰਾਣੇ ਮੈਚ ਦੇਖ ਰਹੇ ਸਨ।

'ਬਾਰਕ' ਦੀ ਰਿਪੋਰਟ ਦੇ ਇਹ ਅੰਕੜੇ ਸਾਨੂੰ ਇਹ ਸੋਚਣ ਲਈ ਮਜਬੂਰ ਕਰਦੇ ਹਨ ਕਿ ਆਖ਼ਰ ਉਹ ਕੀ ਕਾਰਨ ਹਨ ਕਿ ਮੁੱਖ ਧਾਰਾ ਦੇ ਇਲੈਕਟ ?ਰਾਨਿਕ ਮੀਡੀਆ 'ਚ ਦੇਸ਼ ਲਈ ਸਭ ਤੋਂ ਮਹੱਤਵਪੂਰਨ ਘਟਨਾਕ੍ਰਮ ਬਾਰੇ ਖ਼ਬਰਾਂ ਜਾਂ ਹੋਰ ਪ੍ਰੋਗਰਾਮਾਂ ਨੂੰ ਦੇਖਣ 'ਚ ਬਹੁਤੇ ਲੋਕਾਂ ਦੀ ਦਿਲਚਸਪੀ ਕਿਉਂ ਨਹੀਂ ਸੀ? ਬੀਤੇ ਕੁਝ ਸਮੇਂ ਤੋਂ ਮੁੱਖ ਧਾਰਾ ਦੇ ਇਲੈਕਟ ?ਰਾਨਿਕ ਮੀਡੀਆ ਦੀ ਭਰੋਸੇਯੋਗਤਾ 'ਤੇ ਵੱਡੇ ਸਵਾਲ ਉੱਠਦੇ ਆ ਰਹੇ ਹਨ।

ਭਾਰਤੀ ਫ਼ੌਜ ਪਾਕਿਸਤਾਨ ਵਿਚਲੇ ਦਹਿਸ਼ਤੀ ਟਿਕਾਣਿਆਂ ਨੂੰ ਤਬਾਹ ਕਰਨ ਲਈ ਗਿਣੀ-ਮਿਥੀ ਕਾਰਵਾਈ ਕਰ ਰਹੀ ਸੀ। ਫ਼ੌਜ ਇਸ ਬਾਰੇ ਬਿਲਕੁਲ ਸਪੱਸ਼ਟ ਸੀ ਕਿ ਉਸ ਦੀ ਇਹ ਕਾਰਵਾਈ ਸਿਰਫ਼ ਦਹਿਸ਼ਤਗਰਦਾਂ ਖ਼ ?ਲਾਫ਼ ਹੈ ਨਾ ਕਿ ਪਾਕਿਸਤਾਨ ਦੇ ਸੈਨਿਕ ਟਿਕਾਣਿਆਂ ਜਾਂ ਆਮ ਲੋਕਾਂ ਖ਼ ?ਲਾਫ਼। ਦੂਜੇ ਪਾਸੇ ਮੁੱਖ ਧਾਰਾ ਦੇ ਮੀਡੀਆ ਨੇ ਤੱਥਾਂ ਦੀ ਪੜਤਾਲ ਕੀਤੇ ਬਗ਼ੈਰ ਹੀ ਅਜਿਹੀਆਂ ਰਿਪੋਰਟਾਂ ਚਲਾਈਆਂ ਕਿ ਭਾਰਤੀ ਜਲ ਸੈਨਾ ਨੇ ਕਰਾਚੀ ਬੰਦਰਗਾਹ ਤਬਾਹ ਕਰ ਦਿੱਤੀ। ਭਾਰਤੀ ਹਵਾਈ ਫ਼ੌਜ ਨੇ ਪਾਕਿਸਤਾਨ ਦੇ ਜਹਾਜ਼ਾਂ ਨੂੰ ਡੇਗ ਲਿਆ ਅਤੇ ਉਨ੍ਹਾਂ ਦੇ ਪਾਇਲਟਾਂ ਨੂੰ ਫੜ ਲਿਆ ਹੈ। ਮੁੱਖ ਧਾਰਾ ਦੇ ਇਹ ਚੈਨਲ ਇੱਥੇ ਹੀ ਨਹੀਂ ਰੁਕੇ, ਉਨ੍ਹਾਂ ਤਾਂ ਭਾਰਤੀ ਫ਼ੌਜ ਦੀ ਇਸ ਕਾਰਵਾਈ ਮਗਰੋਂ ਪਾਕਿਸਤਾਨ ਅੰਦਰਲੇ ਸਿਆਸੀ ਸਿੱਟਿਆਂ ਅਤੇ ਪਾਕਿਸਤਾਨੀ ਫ਼ੌਜ ਦੀ ਸਥਿਤੀ ਬਾਰੇ ਵੀ ਖ਼ਬਰਾਂ ਪ੍ਰਸਾਰਿਤ ਕੀਤੀਆਂ। ਉਨ੍ਹਾਂ ਅਨੁਸਾਰ ਭਾਰਤ ਦੀ ਇਸ ਕਾਰਵਾਈ ਮਗਰੋਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਨੇ ਬੰਕਰ ਵਿੱਚ ਸ਼ਰਨ ਲੈ ਲਈ ਹੈ ਅਤੇ ਪਾਕਿਸਤਾਨ ਦੇ ਫ਼ੌਜ ਮੁਖੀ ਆਸਿਮ ਮੁਨੀਰ ਦਾ ਤਖ਼ਤਾ ਪਲਟ ਦਿੱਤਾ ਗਿਆ ਹੈ (ਹਾਲਾਂਕਿ ਇਹ ਵੱਖਰੀ ਗੱਲ ਹੈ ਕਿ ਇਸ ਕਾਰਵਾਈ ਤੋਂ ਮਗਰੋਂ ਆਸਿਮ ਮੁਨੀਰ ਨੂੰ ਤਰੱਕੀ ਦੇ ਕੇ ਫੀਲਡ ਮਾਰਸ਼ਲ ਬਣਾ ਦਿੱਤਾ ਗਿਆ ਹੈ। ਅਯੂਬ ਖ਼ਾਨ ਤੋਂ ਬਾਅਦ ਉਹ ਦੂਜਾ ਵਿਅਕਤੀ ਹੈ ਜਿਸ ਨੂੰ ਇਹ ਰੁਤਬਾ ਹਾਸਲ ਹੋਇਆ ਹੈ)।

ਭਾਰਤੀ ਮੀਡੀਆ ਵੱਲੋਂ 'ਅਪਰੇਸ਼ਨ ਸਿੰਧੂਰ' ਬਾਰੇ ਦਿੱਤੀਆਂ ਗਈਆਂ ਅਜਿਹੀਆਂ ਖ਼ਬਰਾਂ ਮਗਰੋਂ ਗ਼ਲਤ ਸਾਬਤ ਹੋਈਆਂ ਜੋ ਪੱਛਮੀ ਜਗਤ ਵਿੱਚ ਦੇਸ਼ ਦੀ ਜੱਗ-ਹਸਾਈ ਦਾ ਕਾਰਨ ਬਣੀਆਂ। 'ਦਿ ਨਿਊਯਾਰਕ ਟਾਈਮਜ਼' ਨੇ ਭਾਰਤੀ ਮੁੱਖ ਧਾਰਾ ਦੇ ਇਲੈਕਟ੍ਰਾਨਿਕ ਮੀਡੀਆ ਬਾਰੇ ਲਿਖਿਆ ਹੈ, "ਐਂਕਰ ਅਤੇ ਟਿੱਪਣੀਕਾਰ ਪਰਮਾਣੂ ਹਥਿਆਰਾਂ ਨਾਲ ਲੈਸ ਦੋ ਦੇਸ਼ਾਂ ਵਿਚਾਲੇ ਜੰਗ ਨੂੰ ਉਤਸ਼ਾਹਿਤ ਕਰ ਰਹੇ ਸਨ। ਬਹੁਤੇ ਉੱਘੇ ਟੀ.ਵੀ. ਨੈੱਟਵਰਕਾਂ ਨੇ ਤੱਥਾਂ ਦੀ ਪੜਤਾਲ ਕੀਤੇ ਬਗ਼ੈਰ ਖ਼ਬਰਾਂ ਹੀ ਨਹੀਂ ਦਿੱਤੀਆਂ ਸਗੋਂ ਰਾਸ਼ਟਰਵਾਦ ਦੇ ਚੜ੍ਹੇ ਬੁਖ਼ਾਰ ਕਾਰਨ ਕਈ ਮਨਘੜਤ ਰਿਪੋਰਟਾਂ ਵੀ ਨਸ਼ਰ ਕੀਤੀਆਂ।" 'ਨਿਊਯਾਰਕ ਟਾਈਮਜ਼' ਦੀ ਇਹ ਟਿੱਪਣੀ ਸਾਡੇ ਮੁੱਖ ਧਾਰਾ ਦੇ ਇਲੈਕਟ ?ਰਾਨਿਕ ਮੀਡੀਆ ਦੀ ਨਿੱਘਰੀ ਹਾਲਤ ਦਰਸਾਉਣ ਲਈ ਕਾਫ਼ੀ ਹੈ। 'ਦਿ ਇਕੌਨੋਮਿਸਟ' ਨੇ ਵੀ ਇਨ੍ਹਾਂ ਟੀ.ਵੀ. ਚੈਨਲਾਂ 'ਤੇ ਇਸ ਵਿਸ਼ੇ ਨੂੰ ਲੈ ਕੇ ਹੋਈਆਂ ਬਹਿਸਾਂ ਬਾਰੇ ਟਿੱਪਣੀ ਕੀਤੀ ਹੈ, "ਜੇਕਰ ਇਨ੍ਹਾਂ ਚੈਨਲਾਂ ਦੇ ਖ਼ਬਰਾਂ ਵਾਲੇ ਪ੍ਰੋਗਰਾਮਾਂ ਦੀ ਗੱਲ ਕਰੀਏ ਤਾਂ ਇਨ੍ਹਾਂ ਦੀ ਸਮੁੱਚੀ ਸੁਰ ਬਹੁਤ ਅਪਮਾਨਜਨਕ ਅਤੇ ਟਿੱਪਣੀਆਂ ਬਹੁਤ ਬੇਤੁਕੀਆਂ ਤੇ ਬੇਹੂਦਾ ਸਨ।" 'ਦਿ ਇਕੌਨੋਮਿਸਟ' ਨੇ ਇਹ ਵੀ ਟਿੱਪਣੀ ਕੀਤੀ ਹੈ, "ਇੱਕ ਐਂਕਰ ਵੱਲੋਂ ਇਹ ਮੰਗ ਕੀਤੀ ਜਾ ਰਹੀ ਸੀ ਕਿ ਕਰਾਚੀ ਨੂੰ ਅੱਗ ਲਾ ਦਿਓ। ਸਾਰੇ ਸ਼ਹਿਰ ਨੂੰ ਉਡਾ ਦਿਓ। ਇੱਕ ਹੋਰ ਚੈਨਲ 'ਤੇ ਇੱਕ ਸਾਬਕਾ ਫ਼ੌਜੀ ਅਫ਼ਸਰ ਇਰਾਨ ਦੇ ਵਿਦੇਸ਼ ਮੰਤਰੀ ਨੂੰ 'ਸੂਰ ਦਾ ਪੁੱਤਰ' ਦੱਸ ਰਿਹਾ ਸੀ। ਉਸ ਦੀ ਇਸ ਟਿੱਪਣੀ ਕਾਰਨ ਦੋਵਾਂ ਦੇਸ਼ਾਂ ਵਿਚਾਲੇ ਹਲਕੀ ਕੂਟਨੀਤਕ ਤਲਖ਼ੀ ਵੀ ਪੈਦਾ ਹੋਈ।" ਹਾਲ ਹੀ ਵਿੱਚ ਮੁੱਖ ਧਾਰਾ ਦੇ ਇੱਕ ਉੱਘੇ ਟੀ.ਵੀ. ਚੈਨਲ ਨੇ ਆਪਣੇ ਪ੍ਰੋਗਰਾਮ 'ਚ ਤੁਰਕੀ ਵਿਚਲੇ 'ਇਸਤਾਂਬੁਲ ਕਾਂਗਰਸ ਸੈਂਟਰ' ਨੂੰ ਇੰਡੀਅਨ ਨੈਸ਼ਨਲ ਕਾਂਗਰਸ ਦੇ ਰਜਿਸਟਰਡ ਦਫ਼ਤਰ ਵਜੋਂ ਦਰਸਾਇਆ ਅਤੇ ਕਾਂਗਰਸ ਨੂੰ ਇਸ ਦਫ਼ਤਰ ਬਾਰੇ ਵਾਰ-ਵਾਰ ਸਵਾਲ ਕੀਤੇ। ਅੰਤ ਸੱਚ ਸਾਹਮਣੇ ਆ ਗਿਆ ਕਿ ਇਹ ਸੈਂਟਰ ਤਾਂ ਤੁਰਕੀ ਦੀ ਰਾਜਧਾਨੀ ਇਸਤਾਂਬੁਲ ਦੀ ਮੈਟਰੋਪੌਲੀਟਨ ਮਿਊਂਸਪੈਲਿਟੀ ਦੇ ਅਧੀਨ ਆਉਂਦਾ ਹੈ। ਮਹਿਜ਼ ਕਾਂਗਰਸ ਪੜ੍ਹ ਕੇ ਉਨ੍ਹਾਂ ਇਸ ਨੂੰ ਕਾਂਗਰਸ ਪਾਰਟੀ ਨਾਲ ਜੋੜ ਦਿੱਤਾ।

ਇਸੇ ਤਰ੍ਹਾਂ ਹਾਲ ਹੀ 'ਚ ਭਾਰਤੀ ਫ਼ੌਜ ਦੇ 15 ਇਨਫੈਂਟਰੀ ਡਿਵੀਜ਼ਨ ਦੇ ਜਨਰਲ ਆਫੀਸਰ ਕਮਾਂਡਿੰਗ ਮੇਜਰ ਜਨਰਲ ਕਾਰਤਿਕ ਸੀ. ਸ਼ੇਸ਼ਾਧਰੀ ਨੇ ਇੱਕ ਖ਼ਬਰ ਏਜੰਸੀ ਨਾਲ ਗੱਲਬਾਤ ਕਰਦਿਆਂ ਦਾਅਵਾ ਕੀਤਾ ਕਿ ਪਾਕਿਸਤਾਨ ਨੇ ਹਰਿਮੰਦਰ ਸਾਹਿਬ ਸਣੇ ਪੰਜਾਬ ਦੇ ਕੁਝ ਸ਼ਹਿਰਾਂ ਨੂੰ ਨਿਸ਼ਾਨਾ ਬਣਾਉਣ ਦਾ ਯਤਨ ਕੀਤਾ ਸੀ ਪਰ ਫ਼ੌਜ ਨੇ ਮਜ਼ਬੂਤ ਹਵਾਈ ਰੱਖਿਆ ਪ੍ਰਣਾਲੀ ਨਾਲ ਇਸ ਨੂੰ ਨਾਕਾਮ ਕਰ ਦਿੱਤਾ। ਹੋਰ ਤਾਂ ਹੋਰ, ਭਾਰਤੀ ਫ਼ੌਜ ਦੇ ਲੈਫ਼ਟੀਨੈਂਟ ਜਨਰਲ ਸੁਮੇਰ ਇਵਾਨ ਵੱਲੋਂ ਇੱਕ ਟੀ.ਵੀ. ਚੈਨਲ ਨੂੰ ਦਿੱਤੀ ਗਈ ਇੰਟਰਵਿਊ 'ਚ ਇਹ ਵੀ ਦਾਅਵਾ ਕੀਤਾ ਗਿਆ ਕਿ ਹਰਿਮੰਦਰ ਸਾਹਿਬ 'ਚ ਹਵਾਈ ਸੁਰੱਖਿਆ ਗੰਨਾਂ ਬੀੜੀਆਂ ਗਈਆਂ ਸਨ। ਫ਼ੌਜੀ ਅਫ਼ਸਰ ਦੇ ਇਸ ਦਾਅਵੇ ਦਾ ਜਦੋਂ ਸ਼ ?ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ, ਸੱਚਖੰਡ ਹਰਿਮੰਦਰ ਸਾਹਿਬ ਦੇ ਹੈੱਡ ਗ੍ਰੰਥੀ ਗਿਆਨੀ ਰਘਬੀਰ ਸਿੰਘ ਅਤੇ ਹੋਰਾਂ ਨੇ ਖੰਡਨ ਕੀਤਾ ਤਾਂ ਭਾਰਤੀ ਫ਼ੌਜ ਨੇ ਹਵਾਈ ਗੰਨਾਂ ਲਾਉਣ ਦੇ ਦਾਅਵਿਆਂ ਨੂੰ ਨਕਾਰਦਿਆਂ ਕਿਹਾ, "ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ 'ਗੋਲਡਨ ਟੈਂਪਲ' ਦੇ ਘੇਰੇ 'ਚ ਕੋਈ ਵੀ ਹਵਾਈ ਰੱਖਿਆ ਗੰਨ ਜਾਂ ਕੋਈ ਹੋਰ ਹਵਾਈ ਰੱਖਿਆ ਪ੍ਰਣਾਲੀ ਨਹੀਂ ਲਗਾਈ ਗਈ।" ਜੇਕਰ ਫ਼ੌਜ ਦਾ ਇਹ ਦਾਅਵਾ ਸਹੀ ਹੈ ਤਾਂ ਉਨ੍ਹਾਂ ਅਫ਼ਸਰਾਂ ਨੇ ਅਜਿਹੇ ਬਿਆਨ ਕਿਉਂ ਦਿੱਤੇ? ਇਸ ਤੋਂ ਬਾਅਦ ਸਾਰੇ ਮਾਮਲੇ 'ਤੇ ਮਿੱਟੀ ਪਾ ਦਿੱਤੀ ਗਈ ਪਰ ਸਵਾਲ ਤਾਂ ਇਹ ਹੈ ਕਿ ਉਨ੍ਹਾਂ ਵੱਲੋਂ ਅਜਿਹੇ ਦਾਅਵੇ ਕਰਨ ਦਾ ਮਕਸਦ ਕੀ ਸੀ? ਜਦੋਂ ਬਹੁਤ ਸਾਰੇ ਅਜਿਹੇ ਸਵਾਲਾਂ ਦਾ ਕਿਤਿਓਂ ਕੋਈ ਜਵਾਬ ਨਹੀਂ ਮਿਲਦਾ ਤਾਂ ਭਰੋਸੇਯੋਗਤਾ ਨੂੰ ਖ਼ੋਰਾ ਲਗਦਾ ਹੈ। ਮੀਡੀਆ ਵੱਲੋਂ ਜਦੋਂ ਲਗਾਤਾਰ ਅਜਿਹੀਆਂ ਤੱਥਹੀਣ ਮਨਘੜਤ ਖ਼ਬਰਾਂ ਪਰੋਸੀਆਂ ਜਾਂਦੀਆਂ ਹਨ ਤਾਂ ਉਹ ਆਪਣੇ ਦਰਸ਼ਕਾਂ ਦਾ ਹੀ ਭਰੋਸਾ ਨਹੀਂ ਤੋੜਦਾ ਸਗੋਂ ਆਪਣੀ ਭਰੋਸੇਯੋਗਤਾ ਵੀ ਗੁਆ ਬੈਠਦਾ ਹੈ। ਜੇ ਭਰੋਸੇਯੋਗਤਾ ਖ਼ਤਮ ਹੋ ਜਾਵੇ ਤਾਂ ਉਸ ਨੂੰ ਮੁੜ ਹਾਸਲ ਕਰਨਾ ਬਹੁਤ ਔਖਾ ਕਾਰਜ ਹੈ। ਇਹੀ ਕਾਰਨ ਹੈ ਕਿ ਮੁੱਖ ਧਾਰਾ ਦੇ ਚੈਨਲਾਂ ਦੇ ਵੱਡੀ ਗਿਣਤੀ ਦਰਸ਼ਕ ਸੋਸ਼ਲ ਮੀਡੀਆ ਵੱਲ ਮੁੜ ਗਏ ਹਨ।

ਸਾਡੇ ਲੋਕ
SADE LOK
ਸਤਨਾਮ ਸਿੰਘ ਖਾਲਸਾ
Office : (925) 243-1300 | Cell : (510) 706-1300 | Fax : (925) 373-1300 | India : 783 706 1300
1406 Janis CT Livermore CA 94551

Disclaimer : Sade Lok Weekly Punjabi Newspaper and People associated with it are not responsible are any chaims made advertisers and do not endorse any product or services advertised in the Sade Lok weekly Punjabi Newspaper. Please Consult your lawyer before buying-hiring-contracting throgh the advertisement. Publish in Sade Lok Weekly Newspaper. In the Business of selling Space and claims made by the advertiser are not tested.
ALL DISPUTES SUBJECTED TO THE COUNTY OF ALAMEDA CALIFORINA. ਲੇਖਕ ਦੇ ਵਿਚਾਰਾਂ ਨਾਲ ਸੰਪਾਦਕ ਦਾ ਅਤੇ ਅਦਾਰਾ ਸਾਡੇ ਲੋਕ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ।

# ਅਮਰੀਕਾ ਦੀ ਜੇਲ ਵਿਚੋਂ ਫਰਾਰ ਹੋਏ ਕੈਦੀਆਂ ਦੀ ਮੱਦਦ ਕਰਨ ਦੇ ਦੋਸ਼ਾਂ ਤਹਿਤ 7 ਗ੍ਰਿਫਤਾਰ

**• ਫਰਾਰ 10 ਕੈਦੀਆਂ ਵਿਚੋਂ 5 ਨੂੰ ਕੀਤਾ ਕਾਬੂ • ਪੁਲਿਸ ਵੱਲੋਂ ਆਮ ਲੋਕਾਂ ਨੂੰ ਚਿਤਾਵਨੀ**



ਫਰਾਰ ਹੋਏ ਕੈਦੀਆਂ ਦੀ ਸੀ ਸੀ ਟੀ ਵੀ ਕੈਮਰੇ ਵਿਚ ਕੈਦ ਤਸਵੀਰ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ)- ਕੋਈ ਹਫਤੇ ਤੋਂ ਵੀ ਵਧ ਸਮਾਂ ਪਹਿਲਾਂ ਲੋਇਸਿਆਨਾ ਦੀ ਨਿਊ ਓਰਲੀਨਜ ਜੇਲ ਵਿਚੋਂ ਫਰਾਰ ਹੋਏ 10 ਕੈਦੀਆਂ ਵਿਚੋਂ 5 ਅਜੇ ਵੀ ਪੁਲਿਸ ਦੇ ਕਾਬੂ ਨਹੀਂ ਆਏ ਜਦ ਕਿ ਕੈਦੀਆਂ ਦੀ ਫਰਾਰ ਹੋਣ ਵਿਚ ਮੱਦਦ ਕਰਨ ਦੇ ਦੋਸ਼ਾਂ ਤਹਿਤ 7 ਵਿਅਕਤੀਆਂ ਨੂੰ ਗ੍ਰਿਫਤਾਰ ਕੀਤੇ ਜਾਣ ਦੀ ਖਬਰ ਹੈ। ਲੋਇਸਿਆਨਾ ਅਟਾਰਨੀ ਜਨਰਲ ਲਿਜ਼ ਮੁਰਿਲ ਨੇ ਕਿਹਾ ਹੈ ਕਿ ਗ੍ਰਿਫਤਾਰ ਵਿਅਕਤੀਆਂ ਵਿਚ ਇਕ ਕੈਦੀ ਟਰੈਵਨ ਵਿਲੀਅਮਜ ਵੀ ਸ਼ਾਮਿਲ ਹੈ ਜੋ ਖੁਦ ਫਰਾਰ ਨਹੀਂ ਹੋਇਆ ਪਰੰਤੂ ਉਸ ਨੇ ਸਾਥੀਆਂ ਦੀ ਭੱਜਣ ਵਿਚ ਮੱਦਦ ਕੀਤੀ ਹੈ। ਇਸ ਤੋਂ ਇਲਾਵਾ ਇਕ ਜੇਲ ਮੁਲਾਜਮ ਸ਼ਾਮਿਲ ਹੈ। ਲੋਇਸਿਆਨਾ ਪੁਲਿਸ ਨੇ ਆਮ ਲੋਕਾਂ ਨੂੰ ਸਖਤ ਚਿਤਾਵਨੀ ਦਿੱਤੀ ਹੈ ਕਿ ਕੋਈ ਵੀ ਫਰਾਰ ਕੈਦੀਆਂ ਦੀ ਮਦਦ ਨਾ ਕਰੇ ਤੇ ਜੇਕਰ ਕੋਈ ਅਜਿਹਾ ਕਰੇਗਾ ਤਾਂ ਉਸ ਨੂੰ ਗ੍ਰਿਫਤਾਰ ਕਰ ਲਿਆ ਜਾਵੇਗਾ। ਪੁਲਿਸ ਨੇ ਕਿਹਾ ਹੈ ਕਿ ਫਰਾਰ 5 ਕੈਦੀ ਜੋ ਅਜੇ ਪੁਲਿਸ ਦੀ ਪਹੁੰਚ ਤੋਂ ਬਾਹਰ ਹਨ, ਨੂੰ ਗ੍ਰਿਫਤਾਰ ਕਰਵਾਉਣ ਵਿੱਚ ਮਦਦ ਕੀਤੀ ਜਾਵੇ ਤੇ ਐਲਾਨਿਆ ਇਨਾਮ ਲਿਆ ਜਾਵੇ। ਜੋ ਕੈਦੀ ਅਜੇ ਕਾਬੂ ਨਹੀਂ ਕੀਤੇ ਜਾ ਸਕੇ, ਉਨਾਂ ਵਿਚ ਜਰਮੇਨ ਡੋਨਾਲਡ, ਡੈਰਿਕ ਗਰੋਵਸ, ਲਿਓ ਟੇਟ, ਲੈਨਟਨ ਵੈਨਬੁਰੇਨ ਤੇ ਐਨਟੋਇਨ ਮੈਸੀ ਸ਼ਾਮਿਲ ਹਨ। ਇਨਾਂ ਵਿਚੋਂ ਡੋਨਾਲਡ, ਵੈਨਬੁਰੇਨ ਤੇ ਗਰੋਵਸ ਵਿਰੁੱਧ ਦੂਸਰਾ ਦਰਜਾ ਹੱਤਿਆ ਦੇ ਦੋਸ਼ ਦਰਜ ਹਨ।

# ਅਮਰੀਕਾ ਦੇ ਸੂਬੇ ਵਰਜੀਨੀਆ 'ਚ ਪੰਜਾਬੀ ਸਿੱਖ ਕੁਲਵਿੰਦਰ ਸਿੰਘ ਫਲੋਰਾ ਨਾਮੀਂ ਦੇ ਚੈਕ ਕੈਸ਼ ਨਾਮੀਂ ਸਟੋਰ ਤੇ ਫਾਇਰ ਬੰਬ ਦੇ ਨਾਲ ਉਸ ਨੂੰ ਮਾਰਨ ਦੀ ਕੋਸ਼ਿਸ਼ ਹੋਈ ਨਾਕਾਮ








ਵਰਜੀਨੀਆ, (ਰਾਜ ਗੋਗਨਾ) : ਬੀਤੇ ਦਿਨੀਂ ਅਮਰੀਕਾ ਦੇ ਸੂਬੇ ਵਰਜੀਨੀਆ ਦੇ ਫੈਅਰ ਫੈਕਸ ਚ' ਸਥਿਤ ਸਟੋਰ ਮਾਲਿਕ ਇਕ ਸਿੱਖ ਪੰਜਾਬੀ ਕੁਲਵਿੰਦਰ ਸਿੰਘ ਫਲੋਰਾ ਦੇ ਸਟੋਰ ਤੇ ਉਸ ਨੂੰ ਮਾਰਨ ਦੀ ਸਾਜਿਸ ਨੂੰ ਲੈ ਕੇ ਇਕ ਫਾਇਰ ਬੰਬ ਦੇ ਨਾਲ ਜਿੱਥੇ ਉਸ ਦੇ ਸਟੋਰ ਅਤੇ ਉਸ ਨੂੰ ਜਾਨੋਂ ਮਾਰਨ ਦੇ ਬਾਰੇ ਖ਼ਬਰ ਸਾਹਮਣੇ ਆਈ ਹੈ। ਜਿਸ ਉੱਤੇ ਉਸ ਦੇ ਸਟੋਰ ਨੂੰ ਭਾਰੀ ਨੁਕਸਾਨ ਦੇ ਨਾਲ ਉਸ ਅੱਤਵਾਦੀ ਨੇ ਫਾਇਰ ਬੰਬ ਦਾ ਸਹਾਰਾ ਲੈ ਕੇ ਉਸ ਤੇ ਜਾਨ ਲੇਵਾ ਹਮਲਾ ਕੀਤਾ। ਪਰ ਉਸ ਵਿਅਕਤੀ ਸਟੋਰ ਮਾਲਿਕ ਕੁਲਵਿੰਦਰ ਸਿੰਘ ਫਲੋਰਾ ਨੇ ਬੜੀ ਨਿੱਡਰਤਾ ਦੇ ਨਾਲ ਜਦੋਂ ਦੇਖਿਆ, ਮੁਕਾਬਲਾ ਕੀਤਾ। ਹਮਲਾਵਰ ਜਿਸ ਨੂੰ ਪੁਲਿਸ ਨੇ ਗਿਫਤਾਰ ਕਰ ਲਿਆ ਹੈ। ਜਿਸ ਦੀ ਪਹਿਚਾਣ ਕ੍ਰਿਸਟੋਫਰ ਟੈਰਲ ਵਜੋਂ ਹੋਈ ਹੈ। ਇਸ ਹਮਲਾਵਰ ਦਾ ਨਿੱਡਰਤਾ ਦੇ ਨਾਲ ਮੁਕਾਬਲਾ ਕਰਦੇ ਹੋਏ ਪੈਰਾ ਦੇ ਨਾਲ ਬੰਬ ਨੂੰ ਜਦੋਂ ਸੁੱਟਿਆ, ਜੋ ਉਸ ਦੇ ਉੱਤੇ ਜਦੋਂ ਡਿੱਗਿਆ, ਤਾ ਉਹ ਜ਼ਖਮੀ ਜੋ ਗਿਆ,ਸਟੋਰ ਮਾਲਿਕ ਫਲੋਰਾ ਨੇ ਜਦੋਂ ਦੇਖਿਆ, ਇਕ ਫਾਇਰ ਬੰਬ ਸੁੱਟਣ ਵਾਲਾ ਵਿਅਕਤੀ ਆਪਣੇ ਫੋਨ ਤੇ ਕਿਸੇ ਨਾਲ ਗੱਲ ਕਰਦਾ ਹੋਇਆ

## ਹਮਲਾਵਰ ਜੇਲ 'ਚ ਬੰਦ

ਵੀਡੀਓ ਬਣਾ ਰਿਹਾ ਹੈ। ਕੈਸ਼ ਚੈਕਿੰਗ ਅਤੇ ਵੈਸਟਰਨ ਯੂਨੀਅਨ ਦੇ ਮਾਲਿਕ ਕੁਲਵਿੰਦਰ ਸਿੰਘ ਫਲੋਰਾ ਨੇ ਬੜੀ ਮੁਸਤੈਦੀ ਦੈ ਨਾਲ ਉਸ ਫਾਇਰ ਬੰਬ ਨੂੰ ਆਪਣੇ ਪੈਰਾਂ ਦੇ ਨਾਲ ਜਦੋਂ ਕਿੱਕ ਮਾਰੀ ਤਾ ਉਹ ਉਸ ਉਸ ਉੱਤੇ ਨਾਂ ਡਿੱਗਾ ਅਤੇ ਉਹ ਜ਼ਖ਼ਮੀ ਹਾਲਤ 'ਚ ਉੱਥੋਂ ਭੱਜ ਗਿਆ, ਜਦੋਂ ਸਟੋਰ ਮਾਲਿਕ ਕੁਲਵਿੰਦਰ ਸਿੰਘ ਫਲੋਰਾ ਵੱਲੋ ਪੁਲਿਸ ਨੂੰ ਕਾਲ ਕੀਤੀ ਗਈ ਅਤੇ ਭਾਰੀ ਗਿਣਤੀ 'ਚ ਪੁਲਿਸ ਅਤੇ ਫਾਇਰ ਬ੍ਰਿਗੇਡ ਦੀ ਪਹੁੰਚਿਆਂ ਗੱਡੀਆਂ ਵੱਲੋ ਇਲਾਕਾ ਸੀਲ ਕੀਤਾ ਗਿਆ, ਪਰ ਹੈਲੀਕੈਪਟਰ ਦੀ ਮਦਦ ਦੇ ਨਾਲ ਹਮਲਾਵਰ ਨੂੰ ਕੁਝ ਹੀ ਮਿੰਟਾਂ 'ਚ ਪੁਲਿਸ ਨੇ ਗ੍ਰਿਫ਼ਤਾਰ ਕਰ ਕੇ ਜੇਲ 'ਚ ਬੰਦ ਕਰ ਦਿੱਤਾ ਹੈ। ਅਤੇ ਉਸ ਕੋਲੋਂ ਪੁੱਛਗਿੱਛ ਕੀਤੀ ਜਾ ਰਹੀ ਹੈ ਅਤੇ ਇਸ ਜਾਨ ਲੇਵਾ ਅਤੇ ਬਿਜਨੈੱਸ ਨੂੰ ਨੂੰ ਨੁਕਸਾਨ ਪਹੁੰਚਣ ਦੇ ਪਿੱਛੇ ਕਿਸ ਦਾ ਹੱਥ ਹੈ। ਜਾਂਚ ਜਾਰੀ ਹੈ। ਪੰਜਾਬੀ ਸਿੱਖ ਕੁਲਵਿੰਦਰ ਸਿੰਘ ਫਲੋਰਾ 18 ਸਾਲ ਤੋ ਆਪਣੇ ਪਰਿਵਾਰ ਦੇ ਨਾਲ ਰਹਿ ਰਿਹਾ ਹੈ। ਜਿਸ ਦਾ ਇੱਥੇ ਬ੍ਰਹੁਤ ਰਸੂਖ ਅਤੇ ਸਤਿਕਾਰ ਹੈ। ਪਰ ਉਸ ਦੇ ਸਟੋਰ ਅਤੇ ਉਸ ਨੂੰ ਮਾਰਨ ਦੀ ਸ਼ਾਜਿਸ਼ ਪਿੱਛੇ ਕਿਸ ਦਾ ਹੱਥ ਹੈ, ਪੁਲਿਸ ਇਸ ਦੀ ਪੂਰੀ ਜਾਂਚ ਕਰ ਰਹੀ ਹੈ।

# ਸੈਨ ਡੀਏਗੋ ਵਿਚ ਇਕ ਛੋਟਾ ਜਹਾਜ਼ ਤਬਾਹ, 6 ਮੌਤਾਂ ਤੇ ਕਈ ਜਖਮੀ

ਸੈਕਰਾਮੈਂਟੋ/ਕੈਲੀਫੋਰਨੀਆ (ਹੁਸਨ ਲੜੋਆ ਬੰਗਾ) ਸੈਨ ਡੀਏਗੋ ਵਿਚ ਉਸ ਸਮੇ ਹਫੜਾ ਦਫੜੀ ਮਚ ਗਈ ਜਦੋਂ ਇਕ ਛੋਟਾ ਜਹਾਜ਼ ਬਿਜਲੀ ਦੀਆਂ ਤਾਰਾਂ ਨਾਲ ਟਕਰਾ ਕੇ ਘਰਾਂ ਉਪਰ ਆ ਡਿੱਗਾ। ਡਿਗਦਿਆਂ ਸਾਰ ਹੀ ਜਹਾਜ਼ ਨੂੰ ਅੱਗ ਲੱਗ ਗਈ। ਜਹਾਜ਼ ਵਿਚ ਸਵਾਰ ਸਾਰੇ 6 ਵਿਅਕਤੀ ਮਾਰੇ ਗਏ। ਏਅਰ ਟਰੈਫਿਕ ਕੰਟਰੋਲ ਅਨੁਸਾਰ ਸੈਸਨਾ 550 ਬਿਜਨਸ ਜੈੱਟ ਦੇ ਪਾਇਲਟ ਨੇ ਖਰਾਬ ਮੌਸਮ ਦਰਮਿਆਨ ਜਹਾਜ਼ ਨੂੰ ਉਤਾਰਨ ਦੀ ਕੋਸ਼ਿਸ਼ ਕੀਤੀ ਪਰੰਤੂ ਉਹ ਸਫਲ ਨਹੀਂ ਹੋ ਸਕਿਆ। ਇਸ ਘਟਨਾ ਵਿਚ ਕੁਝ ਲੋਕ ਜ਼ਖਮੀ ਵੀ ਹੋਏ ਹਨ।



CAPITAL ACCOUNTING & TAX SERVICES



Kuldip Singh Kang



Sewa Singh Bhinder



HELPING PEOPLE FOR THEIR TRUCKING NEEDS
(IRP) Plates-48 States-Same Day
ਬਾਹਰ ਚੱਲਣ ਵਾਲੇ ਟਰੱਕਾਂ ਦੀਆਂ ਪਲੇਟਾਂ ਤੁਸੀਂ ਸਾਡੇ ਦਫ਼ਤਰ ਵਿਚੋਂ ਤੁਰੰਤ ਵੀ ਲੈ ਸਕਦੇ ਹੋ।
ਟਰੱਕਿੰਗ ਦੀ ਦੁਨੀਆ ਵਿਚ ਨਵਾਂ ਕਦਮ
• ਟਰੱਕ ਲਾਇਸੈਂਸ ਪਲੇਟਾਂ ਵਾਸਤੇ ਹੁਣ ਹਫਤਿਆਂਬੱਧੀ ਉਡੀਕ ਕਰਨ ਦੀ ਲੋੜ ਨਹੀਂ।
• ਉਸੇ ਦਿਨ ਲਾਇਸੈਂਸ ਪਲੇਟਾਂ ਲੈਣ ਲਈ ਸਾਡੇ ਨਾਲ ਸੰਪਰਕ ਕਰੋ।

ਸਾਨੂੰ 16 ਸਾਲਾਂ ਦਾ ਤਜਰਬਾ ਹੈ।

Same Day Plates Same Day Plates Same Day Plates

PH : 530-669-5780 Fax : 530-669-5775,
Cell : 530-908-9386 Cell : 530-405-6020

Tax Returns- Corporations, LLC, Non-Profits, Small Business and Individuals

ਇਹ ਦਫ਼ਤਰ ਡੀ.ਐਮ.ਵੀ. ਸ਼ਾਪਿੰਗ ਸੈਂਟਰ ਵਿਚ ਹੈ।
825 East Street, Suite 110 Woodland, CA 95776
440 N Palora Ave, Suite c Yuba City Ca. 95991

TRUCKING SERVICES AVAILABLE
- IRP License Plates
- IFTA-Fuel Tax Returns
- MC (ICC) Authority, US DOT #
- UCR Permits, BOC-3 Filing
- CA#, MCP, EPN Enrollment
- BIT-Enrollment
- NM Permit, KYU#, NY HUT Permit
- Oregon Permit, Oregon Bonds
- Highway Use Tax (2290)
- Trailer Plates, Title Transfer
- Tax Exemption

BUSINESS SERVICES AVAILABLE
- Tax Services : Individual, Small Business
- Computerized Accounting
- Financial Statement
- Monthly Sales Tax Reports
- Payroll Services

CALIFORNIA DMV LIV. # 40524

# LM Trans



LM RANS
Georgia

**NC, SC, GA, FL, AL, LA, MS to CA, AZ, NV,**
**CA, AZ, NV to NC, SC, GA, FL, AL, LA, MS**

- ਸਾਨੂੰ ਓਨਰ ਅਪਰੇਟਰ ਅਤੇ ਡਰਾਈਵਰਾਂ ਦੀ ਜ਼ਰੂਰਤ ਹੈ,
- ਸਾਡੇ ਕੋਲ ਪੱਕੇ ਲੋਡ ਅਤੇ ਕੰਮ ਸਾਰਾ ਸਾਲ।
- ਚੰਗੇ ਰੇਟ ਅਤੇ ਪੈਸੇ ਦਾ ਭੁਗਤਾਨ ਸਮੇਂ ਸਿਰ ਕੀਤਾ ਜਾਂਦਾ ਹੈ।
- ਤੁਹਾਡੇ ਕੋਲ VALID CDL ਅਤੇ ਘੱਟੋ ਘੱਟ 2 ਸਾਲ ਦਾ ਤਜਰਬਾ ਹੋਣਾ ਚਾਹੀਦਾ ਹੈ।

**ਸਾਡੇ ਨਾਲ ਕੰਮ ਕਰਨ ਲਈ ਸਾਨੂੰ ਅੱਜ ਹੀ ਕਾਲ ਕਰੋ**

**Lokesh Kumar**
**470 334 0020**

7437 avalon blvd, alpharetta, ga 30022
lmtrans868@gmail.com

# ਅੱਤਵਾਦ ਸਾਂਝੀ ਸਮੱਸਿਆ, ਸਾਨੂੰ ਮਿਲ ਕੇ ਇਸ ਨਾਲ ਲੜਨਾ ਚਾਹੀਦਾ: ਥਰੂਰ

ਨਿਊਯਾਰਕ : ਕਾਂਗਰਸ ਸੰਸਦ ਮੈਂਬਰ ਸ਼ਸ਼ੀ ਥਰੂਰ ਦੀ ਅਗਵਾਈ ਹੇਠ ਭਾਰਤੀ ਸੰਸਦ ਮੈਂਬਰਾਂ ਦੇ ਇੱਕ ਸਰਬ-ਪਾਰਟੀ ਵਫ਼ਦ ਨੇ ਨਿਊਯਾਰਕ ਵਿੱਚ 9/11 ਸਮਾਰਕ ਦਾ ਦੌਰਾ ਕੀਤਾ ਅਤੇ ਅੱਤਵਾਦੀ ਹਮਲਿਆਂ ਵਿੱਚ ਮਾਰੇ ਗਏ ਲੋਕਾਂ ਨੂੰ ਸ਼ਰਧਾਂਜਲੀ ਦਿੱਤੀ। ਨਾਲ ਹੀ ਉਨ੍ਹਾਂ ਲੋਕਾਂ ਨਾਲ ਏਕਤਾ ਪ੍ਰਗਟ ਕੀਤੀ ਤੇ ਇਸ ਗੱਲ ’ਤੇ ਜ਼ੋਰ ਦਿੱਤਾ ਕਿ ਦੁਨੀਆ ਨੂੰ ਅੱਤਵਾਦ ਦੀ ‘ਸਾਂਝੀ ਸਮੱਸਿਆ’ ਵਿਰੁੱਧ ਲੜਾਈ ਵਿੱਚ ਇੱਕਜੁੱਟ ਹੋਣਾ ਚਾਹੀਦਾ ਹੈ। ਇਹ ਯਾਦਗਾਰ 9 ਸਤੰਬਰ, 2001 ਨੂੰ ਹੋਏ ਅੱਤਵਾਦੀ ਹਮਲੇ ਵਿੱਚ ਮਾਰੇ ਗਏ ਲੋਕਾਂ ਦੀ ਯਾਦ ਵਿੱਚ ਬਣਾਈ ਗਈ ਹੈ।



ਥਰੂਰ ਨੇ ਕਿਹਾ ਕਿ ਵਫ਼ਦ ਨੇ ਏਕਤਾ ਦਿਖਾਉਣ ਲਈ 9/11 ਯਾਦਗਾਰ ਦਾ ਦੌਰਾ ਕੀਤਾ ਅਤੇ ਕਿਹਾ ਕਿ ਇਹ ‘ਸਾਡੇ ਲਈ ਬਹੁਤ ਹੀ ਦਿਲ ਨੂੰ ਛੂਹ ਲੈਣ ਵਾਲਾ ਪਲ’ ਸੀ। 22 ਅਪ੍ਰੈਲ ਨੂੰ ਹੋਏ ਪਹਿਲਗਾਮ ਅੱਤਵਾਦੀ ਹਮਲੇ ਦਾ ਜ਼ਿਕਰ ਕਰਦੇ ਹੋਏ ਉਨ੍ਹਾਂ ਕਿਹਾ ਕਿ ਇਸ ਦੌਰੇ ਦਾ ਉਦੇਸ਼ ਇੱਕ ਬਹੁਤ ਹੀ ਮਜ਼ਬੂਤ ਸੰਦੇਸ਼ ਦੇਣਾ ਵੀ ਸੀ ਕਿ ‘ਸਾਡੇ ਆਪਣੇ ਦੇਸ਼ ਵਿੱਚ ਇੱਕ ਹੋਰ ਅੱਤਵਾਦੀ ਹਮਲੇ ਤੋਂ ਬਾਅਦ ਅਸੀਂ ਇੱਥੇ ਇੱਕ ਅਜਿਹੇ ਸ਼ਹਿਰ ਵਿੱਚ ਹਾਂ ਜਿਸ ’ਤੇ ਅਜੇ ਵੀ ਉਸ ਬੇਰਹਿਮ ਅੱਤਵਾਦੀ ਹਮਲੇ ਦੇ ਜ਼ਖ਼ਮ ਹਨ’। ਥਰੂਰ ਨੇ ਕਿਹਾ ਕਿ ਭਾਰਤ ਨੇ ਅਮਰੀਕਾ ਨਾਲੋਂ ‘ਬਹੁਤ ਜ਼ਿਆਦਾ ਅੱਤਵਾਦੀ ਹਮਲਿਆਂ’ ਦਾ ਸਾਹਮਣਾ ਕੀਤਾ ਹੈ। ਅਸੀਂ ਇੱਥੇ ਸਾਰਿਆਂ ਨੂੰ ਯਾਦ ਦਿਵਾਉਣ ਲਈ ਹਾਂ ਕਿ ਇਹ ਇੱਕ ਸਾਂਝੀ ਸਮੱਸਿਆ ਹੈ। ਅਸੀਂ ਪੀੜਤਾਂ ਨਾਲ ਆਪਣੀ ਏਕਤਾ ਦਿਖਾਉਣ ਲਈ ਵੀ ਇੱਥੇ ਹਾਂ। ਇਨ੍ਹਾਂ ਪੀੜਤਾਂ ਵਿੱਚ ਭਾਰਤੀ ਵੀ ਸ਼ਾਮਲ ਸਨ... ਇਹ ਇੱਕ ਵਿਸ਼ਵਵਿਆਪੀ ਸਮੱਸਿਆ ਹੈ, ਇੱਕ ਸਰਾਪ ਹੈ ਅਤੇ ਸਾਨੂੰ ਸਾਰਿਆਂ ਨੂੰ ਇਸ ਨਾਲ ਇੱਕਜੁੱਟ ਹੋ ਕੇ ਲੜਨਾ ਚਾਹੀਦਾ ਹੈ।

ਥਰੂਰ ਦੀ ਅਗਵਾਈ ਵਾਲੇ ਇਸ ਵਫ਼ਦ ਵਿੱਚ ਲੋਕ ਜਨਸ਼ਕਤੀ ਪਾਰਟੀ (ਰਾਮ ਵਿਲਾਸ) ਦੀ ਸੰਸਦ ਮੈਂਬਰ ਸ਼ੰਭਵੀ, ਝਾਰਖੰਡ ਮੁਕਤੀ ਮੋਰਚਾ ਦੇ ਸਰਫਰਾਜ਼ ਅਹਿਮਦ, ਤੇਲਗੂ ਦੇਸ਼ਮ ਪਾਰਟੀ (ਟੀਡੀਪੀ) ਦੇ ਜੀਐਮ ਹਰੀਸ਼ ਬਾਲਯੋਗੀ, ਭਾਰਤੀ ਜਨਤਾ ਪਾਰਟੀ (ਭਾਜਪਾ) ਦੇ ਸ਼ਸ਼ਾਂਕ ਮਣੀ ਤ੍ਰਿਪਾਠੀ, ਭੁਵਨੇਸ਼ਵਰ ਕਲਿਤਾ ਅਤੇ ਤੇਜਸਵੀ ਸੂਰੀਆ, ਸ਼ਿਵ ਸੈਨਾ ਦੇ ਮਿਲਿੰਦ ਦੇਵਰਾ ਤੇ ਸਾਬਕਾ ਡਿਪਲੋਮੈਟ ਤਰਨਜੀਤ ਸੰਧੂ ਸ਼ਾਮਲ ਹਨ। ਥਰੂਰ ਨੇ 9/11 ਯਾਦਗਾਰੀ ਸਥਾਨ ’ਤੇ ਮੀਡੀਆ ਨਾਲ ਗੱਲ ਕਰਦੇ ਹੋਏ ਉਮੀਦ ਜਤਾਈ ਕਿ ਇਨ੍ਹਾਂ ਦੇਸ਼ਾਂ ਦੀ ਆਪਣੀ ਫੇਰੀ ਰਾਹੀਂ ‘ਅਸੀਂ ਦੁਨੀਆ ਨੂੰ ਇਹ ਸਮਝਾ ਸਕਾਂਗੇ ਕਿ ਅੱਤਵਾਦ ਵਿਰੁੱਧ ਇਕੱਠੇ ਖੜ੍ਹੇ ਹੋਣਾ ਸਾਡੇ ਸਾਰਿਆਂ ਲਈ ਕਿੰਨਾ ਮਹੱਤਵਪੂਰਨ ਹੈ।’

# ਅਮਰੀਕਾ ’ਚ ਕੋਵਿਡ ਦਾ ਨਵਾਂ ਰੂਪ, ਹਾਂਗ ਕਾਂਗ-ਤਾਈਵਾਨ ’ਚ ਵੀ ਵਧੇ ਮਾਮਲੇ

ਵਾਸ਼ਿੰਗਟਨ : ਦੁਨੀਆ ਵਿਚ ਇੱਕ ਵਾਰ ਫਿਰ ਕੋਰੋਨਾ ਦਾ ਖ਼ਤਰਾ ਮੰਡਰਾ ਰਿਹਾ ਹੈ। ਕੋਵਿਡ ਦਾ ਇੱਕ ਨਵਾਂ ਰੂਪ ਸਿੰਗਾਪੁਰ ਅਤੇ ਥਾਈਲੈਂਡ ਸਮੇਤ ਦੱਖਣ-ਪੂਰਬੀ ਏਸ਼ੀਆਈ ਦੇਸ਼ਾਂ ਵਿੱਚ ਵੀ ਦੇਖਿਆ ਗਿਆ ਹੈ। ਇਨ੍ਹੀਂ ਦਿਨੀਂ ਭਾਰਤ ਵਿੱਚ ਵੀ ਕੋਵਿਡ ਦੇ ਮਾਮਲਿਆਂ ਵਿੱਚ ਵਾਧਾ ਦੇਖਿਆ ਜਾ ਰਿਹਾ ਹੈ। ਹੁਣ ਕੋਵਿਡ ਦਾ ਇੱਕ ਨਵਾਂ ਰੂਪ ਅਮਰੀਕਾ ਵਿੱਚ ਆ ਗਿਆ ਹੈ। ਇੱਥੇ ਹਵਾਈ ਅੱਡੇ ’ਤੇ ਪਹੁੰਚਣ ਵਾਲੇ ਕਈ ਵਿਦੇਸ਼ੀ ਯਾਤਰੀਆਂ ਵਿੱਚ NB.1.8.1 ਨਾਮਕ ਇੱਕ ਨਵਾਂ ਕੋਵਿਡ ਰੂਪ ਪਾਇਆ ਗਿਆ ਹੈ। ਇਹ ਵੇਰੀਐਂਟ ਚੀਨ ਸਮੇਤ ਕਈ ਏਸ਼ੀਆਈ ਦੇਸ਼ਾਂ ਵਿੱਚ ਤੇਜ਼ੀ ਨਾਲ ਫੈਲ ਰਿਹਾ ਹੈ।

ਇੱਕ ਰਿਪੋਰਟ ਅਨੁਸਾਰ NB.1.8.1 ਵੇਰੀਐਂਟ ਵਾਲੇ ਲੋਕ ਵਾਸ਼ਿੰਗਟਨ, ਕੈਲੀਫੋਰਨੀਆ, ਨਿਊਯਾਰਕ ਅਤੇ ਵਰਜੀਨੀਆ ਸ਼ਹਿਰਾਂ ਦੇ ਆਲੇ-ਦੁਆਲੇ ਦੇ ਹਵਾਈ ਅੱਡਿਆਂ ’ਤੇ ਸਕਾਰਾਤਮਕ ਪਾਏ ਗਏ ਹਨ। ਰਿਪੋਰਟ ਅਨੁਸਾਰ ਇਨ੍ਹਾਂ ਲੋਕਾਂ ਦਾ ਯਾਤਰਾ ਇਤਿਹਾਸ ਦੱਖਣੀ ਕੋਰੀਆ, ਜਾਪਾਨ, ਚੀਨ ਅਤੇ ਫਰਾਂਸ ਸਮੇਤ ਹੋਰ ਦੇਸ਼ਾਂ ਦਾ ਹੈ। ਇਸੇ ਤਰ੍ਹਾਂ ਦੇ ਮਾਮਲੇ ਉਨ੍ਹਾਂ ਰਾਜਾਂ ਵਿੱਚ ਵੀ ਸਾਹਮਣੇ ਆਏ ਹਨ ਜੋ ਹਵਾਈ ਅੱਡਿਆਂ ਨਾਲ ਜੁੜੇ ਨਹੀਂ ਹਨ, ਜਿਵੇਂ



ਕਿ ਓਹੀਓ, ਰ੍ਹੋਡ ਆਈਲੈਂਡ ਅਤੇ ਹਵਾਈ। ਕੋਵਿਡ ਦੇ ਪਹਿਲੇ ਮਾਮਲੇ ਕੈਲੀਫੋਰਨੀਆ ਅਤੇ ਵਾਸ਼ਿੰਗਟਨ ਵਿੱਚ ਮਾਰਚ ਦੇ ਅਖੀਰ ਅਤੇ ਅਪ੍ਰੈਲ ਦੇ ਸ਼ੁਰੂ ਵਿੱਚ ਸਾਹਮਣੇ ਆਏ ਸਨ। ਸੀ.ਡੀ.ਸੀ ਦੇ ਅੰਕੜਿਆਂ ਮੁਤਾਬਕ ਪਿਛਲੇ ਮਹੀਨੇ ਕੋਰੋਨਾ ਵਾਇਰਸ ਨਾਲ ਹਰ ਹਫਤੇ ਔਸਤਨ 350 ਲੋਕਾਂ ਦੀ ਮੌਤ ਹੋਈ ਹੈ। ਏਜੰਸੀ ਨੇ ਕਿਹਾ ਕਿ ਮਰੀਜ਼ਾਂ ਦੀ ਗਿਣਤੀ ਬਹੁਤ ਜ਼ਿਆਦਾ ਹੈ।

ਸਿਹਤ ਮਾਹਿਰ ਇਸ ਨਵੇਂ ਰੂਪ ’ਤੇ ਨੇੜਿਓਂ ਨਜ਼ਰ ਰੱਖ ਰਹੇ ਹਨ। ਦੱਸ ਦੇਈਏ ਕਿ ਹਾਂਗਕਾਂਗ ਅਤੇ ਤਾਈਵਾਨ ਵਿੱਚ ਕੋਵਿਡ ਦੇ ਮਾਮਲੇ ਤੇਜ਼ੀ ਨਾਲ ਵੱਧ ਰਹੇ ਹਨ। ਉੱਥੇ ਹਸਪਤਾਲ ਮਰੀਜ਼ਾਂ ਨਾਲ ਭਰੇ ਹੋਏ ਹਨ ਅਤੇ ਲੋਕਾਂ ਨੂੰ ਮਾਸਕ ਪਹਿਨਣ ਲਈ ਕਿਹਾ ਜਾ ਰਿਹਾ ਹੈ। ਲੋਕਾਂ ਨੂੰ ਭੀੜ ਵਾਲੇ ਇਲਾਕਿਆਂ ਤੋਂ ਬਚਣ ਲਈ ਕਿਹਾ ਜਾ ਰਿਹਾ ਹੈ। ਤਾਈਵਾਨ ਵਿੱਚ ਵੀ ਕੋਵਿਡ ਦੇ ਗੰਭੀਰ ਮਾਮਲੇ ਦੇਖੇ ਜਾ ਰਹੇ ਹਨ। ਉੱਥੇ ਟੀਕਿਆਂ ਦਾ ਭੰਡਾਰ ਕੀਤਾ ਜਾ ਰਿਹਾ ਹੈ। ਸ਼ੁਰੂਆਤੀ ਖੋਜ ਸੁਝਾਅ ਦਿੰਦੀ ਹੈ ਕਿ NB.1.8.1 ਰੂਪ ਦੂਜਿਆਂ ਨਾਲੋਂ ਤੇਜ਼ੀ ਨਾਲ ਫੈਲ ਸਕਦਾ ਹੈ, ਪਰ ਇਹ ਓਨਾ ਗੰਭੀਰ ਨਹੀਂ ਹੈ।

ਵਿਸ਼ਵ ਸਿਹਤ ਸੰਗਠਨ (WHO) NB.1.8.1 ਵੇਰੀਐਂਟ ਦੀ ਨਿਗਰਾਨੀ ਕਰ ਰਿਹਾ ਹੈ ਕਿਉਂਕਿ ਦੁਨੀਆ ਭਰ ਵਿੱਚ ਕੇਸ ਤੇਜ਼ੀ ਨਾਲ ਵੱਧ ਰਹੇ ਹਨ। ਇਹ ਵੇਰੀਐਂਟ XDV.1.5.1 ਵੇਰੀਐਂਟ ਦਾ ਨਵਾਂ ਵਰਜਨ ਹੈ। ਤੁਹਾਨੂੰ ਦੱਸ ਦੇਈਏ ਕਿ NB.1.8.1 ਵੇਰੀਐਂਟ ਦਾ ਪਹਿਲਾ ਮਾਮਲਾ 22 ਜਨਵਰੀ 2025 ਨੂੰ ਸਾਹਮਣੇ ਆਇਆ ਸੀ। ਉਸ ਸਮੇਂ ਦੌਰਾਨ, WHO ਨੇ ਇਸਨੂੰ ਨਿਗਰਾਨੀ ਅਧੀਨ ਵੇਰੀਐਂਟ ਦੀ ਸੂਚੀ ਵਿੱਚ ਰੱਖਿਆ ਸੀ।

# ਅਮਰੀਕਾ ’ਚ ਮੁੜ ਗੋਲੀਬਾਰੀ, ਦਰਜਨਾਂ ਲੋਕ ਜ਼ਖਮੀ

ਲਿਟਲ ਰਿਵਰ (ਅਮਰੀਕਾ) : ਅਮਰੀਕਾ ਦੇ ਦੱਖਣੀ ਕੈਰੋਲੀਨਾ ਦੇ ਇੱਕ ਤੱਟਵਰਤੀ ਸ਼ਹਿਰ ਵਿੱਚ ਬੀਤੀ ਰਾਤ ਨੂੰ ਗੋਲੀਬਾਰੀ ਹੋਈ। ਇਸ ਗੋਲੀਬਾਰੀ ਵਿੱਚ ਘੱਟੋ-ਘੱਟ 11 ਲੋਕ ਜ਼ਖਮੀ ਹੋ ਗਏ। ਅਧਿਕਾਰੀਆਂ ਨੇ ਇਹ ਜਾਣਕਾਰੀ ਦਿੱਤੀ। ਰਾਤ 9:30 ਵਜੇ ਦੇ ਕਰੀਬ ਹੋਈ ਗੋਲੀਬਾਰੀ ਤੋਂ ਬਾਅਦ ਘੱਟੋ-ਘੱਟ 11 ਲੋਕਾਂ ਨੂੰ ਜ਼ਖਮੀ ਹਾਲਤ ਵਿੱਚ ਹਸਪਤਾਲ ਦਾਖਲ ਕਰਵਾਇਆ ਗਿਆ।

ਅਧਿਕਾਰੀਆਂ ਨੇ ਦੱਸਿਆ ਕਿ ਲਿਟਲ ਰਿਵਰ ਵਿੱਚ ਹੋਰੀ ਕਾਉਂਟੀ ਪੁਲਸ ਨੇ ਕਿਸੇ ਵੀ ਜ਼ਖਮੀ ਦੀ ਹਾਲਤ ਬਾਰੇ ਜਾਣਕਾਰੀ ਨਹੀਂ ਦਿੱਤੀ। ਹੋਰੀ ਕਾਉਂਟੀ ਪੁਲਸ ਨੇ ਸੋਸ਼ਲ ਮੀਡੀਆ ’ਤੇ ਕਿਹਾ ਕਿ ਜਾਂਚਕਰਤਾਵਾਂ ਨੂੰ ਨਿੱਜੀ ਵਾਹਨਾਂ ਵਿੱਚ ਹਸਪਤਾਲ ਪਹੁੰਚਣ ਵਾਲੇ ਹੋਰ ਲੋਕਾਂ ਬਾਰੇ ਜਾਣਕਾਰੀ ਮਿਲੀ ਸੀ। ਅਧਿਕਾਰੀਆਂ ਨੇ ਸ਼ੱਕੀਆਂ ਬਾਰੇ ਜਾਂ ਗੋਲੀਬਾਰੀ ਦੇ ਕਾਰਨ ਬਾਰੇ ਕੋਈ ਜਾਣਕਾਰੀ ਜਾਰੀ ਨਹੀਂ ਕੀਤੀ। ਲਿਟਲ ਰਿਵਰ ਮਿਰਟਲ ਬੀਚ ਤੋਂ ਲਗਭਗ 20 ਮੀਲ (32 ਕਿਲੋਮੀਟਰ) ਉੱਤਰ-ਪੂਰਬ ਵੱਲ ਹੈ।







ਸ੍ਰ. ਗੁਰਚਰਨਜੀਤ ਸਿੰਘ ਲਾਂਬਾ

ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਪੰਥਕ ਸਫ਼ਾਂ ਦੇ ਅੰਦਰ ਇਕ ਉਘੇ ਸਿੱਖ ਚਿੰਤਕ ਅਤੇ ਵਿਦਵਾਨ ਵਜੋਂ ਜਾਣੇ ਜਾਂਦੇ ਹਨ। ਆਪ ਨੇ ਪੰਥਕ ਤੇ ਧਾਰਮਿਕ ਸੂਝ-ਸਮਝ ਆਪਣੇ ਮਾਤਾ ਪਿਤਾ ਤੋਂ ਹੀ ਪ੍ਰਾਪਤ ਕੀਤੀ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਇੱਕ ਅੰਮ੍ਰਿਤਧਾਰੀ ਗੁਰੂ ਕੇ ਸਿੱਖ ਹਨ ਅਤੇ ਪੂਰੀ ਦੁਨੀਆ ਵਿੱਚ ਸਿੱਖ ਪੰਥ ਦੀ ਨਿਧੱੜਕ ਅਵਾਜ਼ ਹਨ। ਉਨ੍ਹਾਂ ਨੇ 1973 ਵਿਚ ਪਟਨਾ ਸਾਹਿਬ ਵਿਖੇ ਹੀ ਪਟਨਾ ਯੂਨੀਵਰਸਿਟੀ ਤੋਂ ਐਲ.ਐਲ.ਬੀ. ਦੀ ਡਿਗਰੀ ਹਾਸਲ ਕਰਕੇ ਵਕਾਲਤ ਦੇ ਨਾਲ ਨਾਲ ਟੀ.ਵੀ. ਪੱਤਰਕਾਰ ਦੇ ਪੇਸ਼ੇ ਨੂੰ ਅਪਣਾਇਆ। ਆਪ 2003 ਤੋਂ 2011 ਈ. ਤੱਕ ਸੰਤ ਸਿਪਾਹੀ ਰਸਾਲੇ ਦੇ ਐਡੀਟਰ ਰਹੇ। ਆਪ ਪੰਥਕ, ਧਾਰਮਿਕ ਤੇ ਕਾਨੂੰਨੀ ਮਸਲਿਆਂ, ਗੁਰਦੁਆਰਾ ਐਕਟ ਪੈਨਲ ਅਤੇ ਧਰਮਾਂ ਦੇ ਤੁਲਾਨਤਮਿਕ ਅਧਿਐਨ ਵਰਗੇ ਵਿਸ਼ਿਆਂ ਦੇ ਗਹਿਰ-ਗੰਭੀਰ ਖੋਜੀ ਬਣਕੇ ਪੰਥ ਦੇ ਵਡੇਰੇ ਹਿਤਾਂ ਲਈ ਯੋਗਦਾਨ ਪਾਉਂਦੇ ਰਹੇ। ਕਈ ਰਾਸ਼ਟਰੀ ਅਤੇ ਅੰਤਰਰਾਸ਼ਟਰੀ ਸੈਮੀਨਾਰਾਂ ਵਿਚ ਖੋਜ ਭਰਪੂਰ ਪਰਚੇ ਪੜ੍ਹੇ। "ਇਕ ਖਤ ਭਾਈ ਤਾਰੂ ਸਿੰਘ ਜੀ ਦੇ ਨਾਮ" ਅਤੇ "ਦਸਤਾਰ ਕਿ ਟੋਪੀ" ਆਪ ਦੀਆਂ ਇਨ੍ਹਾਂ ਪੁਸਤਕਾਂ ਨੂੰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਧਰਮ ਪ੍ਰਚਾਰ ਲਈ ਛਾਪਿਆ। ਆਪ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੁਆਰਾ ਪੰਥਕ ਮਸਲਿਆਂ ਦੇ ਹੱਲ ਲਈ ਬਣਾਈਆਂ ਕਈ ਸਬ ਕਮੇਟੀਆਂ ਦੇ ਮੈਂਬਰ ਵਜੋਂ ਵੀ ਕਾਰਜਸ਼ੀਲ ਰਹੇ। ਆਪ ਦੀ ਲਿਖੀ ਇਹ ਹੱਥੀ ਪੁਸਤਕ "ਸਾਖੀ ਸਿੱਖ ਰਹਿਤ ਮਰਯਾਦਾ ਜੀ ਕੀ" ਸਿੱਖ ਰਹਿਤ ਮਰਯਾਦਾ ਦੀ ਜਾਣਕਾਰੀ ਦੇਣ ਦੇ ਨਾਲ ਨਾਲ ਪੰਥ ਵਿਚ ਇਸ ਦੀ ਅਹਿਮੀਅਤ ਨੂੰ ਵੀ ਬਿਆਨ ਕਰਦੀ ਹੈ। ਆਪਜੀ ਦੀ ਕਿਤਾਬ ਪੰਥਕ ਨਜ਼ਰ ਇੱਕ ਇਤਿਹਾਸਕ ਦਸਤਾਵੇਜ਼ ਹੈ ਜੋ ਸਮੇਂ-ਸਮੇਂ ਵਰਤੇ ਇਤਿਹਾਸ ਦੀ ਗਵਾਹੀ ਭਰਦਾ ਹੈ। ਆਪ ਸ੍ਰੀ ਅਕਾਲ ਤਖਤ ਸਾਹਿਬ ਅਤੇ ਇਥੋਂ ਪੰਥ ਲਈ ਜਾਰੀ ਸਿੱਖ ਰਹਿਤ ਮਰਯਾਦਾ ਨੂੰ ਸਮਰਪਿਤ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਕੌਮ ਨੂੰ ਆ ਰਹੀਆਂ ਦਰਪੇਸ਼ ਖਤਰਿਆਂ ਉਪਰ ਬੇਬਾਕੀ ਦੇ ਨਾਲ ਬੋਲਦੇ ਅਤੇ ਕੌਮ ਨੂੰ ਅਗਾਹ ਕਰਦੇ ਹਨ। ਸ੍ਰ. ਗੁਰਚਰਨਜੀਤ ਸਿੰਘ ਲਾਂਬਾ ਜੀ ਪਿਛਲੇ ਲੰਬੇ ਸਮੇ ਤੋਂ 'ਸਾਡੇ ਲੋਕ' ਅਖਬਾਰ ਲਈ ਪੰਥ ਅਤੇ ਪੰਜਾਬ ਦੇ ਭਲੇ ਲਈ ਲਗਾਤਾਰ ਲਿਖ ਰਹੇ ਹਨ। ਅਸੀਂ ਉਨ੍ਹਾਂ ਦੀ ਇਤਿਹਾਸਕ ਕਿਤਾਬ ਪੰਥਕ ਨਜ਼ਰ ਨੂੰ ਲਗਾਤਰ ਹਫਤਾਵਾਰੀ ਛਾਪ ਰਹੇ ਹਾਂ। ਇਸ ਹਫਤੇ ਤੋਂ ਉਨ੍ਹਾਂ ਦੀ ਕੌਮ ਨੂੰ ਵੱਡੀ ਦੇਣ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਸ਼ੁਰੂ ਕਰ ਰਹੇ ਹਾਂ। ਇਥੇ ਇਹ ਜ਼ਿਕਰਯੋਗ ਹੈ ਕੀ ਇਸ ਕਿਤਾਬ ਨੂੰ ਲਿਖਣ ਲਈ ਦਹਾਕਿਆਂ ਦਾ ਸਮਾਂ ਲੱਗਾ ਹੈ ਅਤੇ ਆਸ ਹੈ ਕੀ ਪਾਠਕ ਇਸ ਇਤਿਹਾਸਕ ਦਸਤਾਵੇਜ਼ ਤੋਂ ਜ਼ਰੂਰ ਲਾਭ ਉਠਾਉਣਗੇ। ਅਸੀਂ 'ਸਾਖੀ ਸਿੱਖ ਰਹਿਤ ਮਰਿਆਦਾ ਜੀ ਕੀ' ਛਾਪਕੇ ਖ਼ੁਸ਼ੀ ਮਹਿਸੂਸ ਕਰ ਰਹੇ ਹਾਂ :- ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

*ਇਤਿਹਾਸ ਦੇ ਝਰੋਖੇ ਵਿਚੋਂ*

# ਸਿੱਖ ਰਹਿਤ ਮਰਯਾਦਾ ਦਾ ਖਰੜੇ ਤੋਂ ਪੰਥ ਪ੍ਰਵਾਨਤ ਹੋਣ ਦਾ ਸਫ਼ਰ

## ਪਹਿਲਾ ਪੜਾਅ ਸ਼੍ਰੋਮਣੀ ਗੁਰਦਆਰਾ ਪ੍ਰਬੰਧਕ ਕਮੇਟੀ ਅਤੇ ਸ਼੍ਰੋਮਣੀ ਅਕਾਲੀ ਦੀ ਕਾਇਮੀ

**(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)**

ਸਤੀਆ ਏਹਿ ਨ ਆਖੀਅਨਿ ਜੋ ਮੜਿਆ ਲਗਿ ਜਲੰਨਿ੍ ॥
ਨਾਨਕ ਸਤੀਆ ਜਾਣੀਅਨਿ੍ ਜਿ ਬਿਰਹੇ ਚੋਟ ਮਰੰਨਿ੍ ॥੧॥ (ਮ. ੩, ੭੮੭)

ਸਨਮਾਨਯੋਗ ਜੀਵਨ ਲਈਉਸਦੇ ਪੁਨਰ ਸੰਜੋਗ ਦੀ ਗੁਰਮਤਿ ਨੇ ਆਗਿਆ ਦਿੱਤੀ। ਇਹ ਉਸ ਸਮੇਂ ਦੇ ਪੈਮਾਨੇ ਨਾਲ ਇਕ ਬਹੁਤ ਵੱਡਾ ਕ੍ਰਾਂਤੀਕਾਰੀ ਕਦਮ ਸੀ। ਇਸ ਦੇ ਨਾਲ ਪਤੀ ਅਤੇ ਪਤਨੀ ਦੋਹਾਂ ਲਈ ਇਕੋ ਮਰਯਾਦਾ ਸਥਾਪਤ ਕੀਤੀ।

(ਝ) ਪੁਨਰ ਵਿਆਹ ਦੀ ਵੀ ਇਹੋ ਰੀਤ ਹੈ, ਜੋ 'ਅਨੰਦ' ਲਈ ਉਤੇ ਦੱਸੀ ਹੈ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਵਿਧਵਾ ਵਿਆਹ ਜਾਂ ਪੁਨਰ ਵਿਆਹ ਲਈ ਧਾਰਮਿਕ ਰਸਮ ਦੀ ਅਣਹੋਂਦ ਸੀ। ਇਸ ਲਈ ਪਤੀ ਜਾਂ ਪਤਨੀ ਦੀ ਮੌਤ ਦੇ ਬਾਅਦ ਵੱਖ-ਵੱਖ ਇਲਾਕਿਆਂ ਵਿਚ ਦੂਜੀ ਥਾਵੇਂ ਵਿਆਹ ਲਈ ਸਮਾਜਿਕ ਤੌਰ 'ਤੇ ਚਾਦਰ ਪਾਉਣੀ, ਲਿਯੋਗ ਪ੍ਰਥਾ ਆਦਿ ਰਸਮਾਂ ਮੌਜੂਦ ਸਨ। ਮਸ਼ਹੂਰ ਲੋਕ ਗੀਤ ਵਿਚ ਪੰਜਾਬ ਦੀ ਇਸ ਰੀਤ ਦਾ ਜ਼ਿਕਰ ਹੈ,

ਕਿੱਕਲੀ ਕਲੀਰ ਦੀ, ਪੱਗ ਮੇਰੇ ਵੀਰ ਦੀ।
ਦੁਪੱਟਾ ਮੇਰੇ ਭਾਈ ਦਾ, ਫਿੱਟੇ ਮੂੰਹ ਜਵਾਈ ਦਾ।
ਗਈ ਸਾਂ ਮੈਂ ਗੰਗਾ, ਚੜ੍ਹਾ ਲਿਆਈ ਵੰਗਾਂ।
ਸਮਾਨੀ ਮੇਰਾ ਘੱਗਰਾ, ਮੈਂ ਕਿਸ ਕਿੱਲੀ ਟੰਗਾਂ।
ਨੀਂ ਮੈਂ ਏਸ ਕਿੱਲੀ ਟੰਗਾਂ, ਨੀਂ ਮੈਂ ਓਸ ਕਿੱਲੀ ਟੰਗਾਂ।

ਪਰ ਗੁਰਮਤਿ ਨੇ ਪਤੀ ਪਤਨੀ ਦਾ ਰਿਸ਼ਤਾ ਕਾਇਮ ਕਰਨ ਲਈ ਕੇਵਲ ਇਕ ਢੰਗ ਅਨੰਦ ਕਾਰਜ ਦਾ ਹੀ ਪ੍ਰਵਾਨ ਕੀਤਾ ਹੈ।

(ਟ) 'ਆਮ ਹਾਲਤਾਂ ਵਿਚ ?' ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਅਕਤੂਬਰ ੨੦੧੫, ਪੰਨਾ ੨੪)

ਸਿੱਖ ਰਹਿਤ ਮਰਯਾਦਾ ਦੀ 1936 ਵਾਲੀ ਛਾਪ ਵਿਚ ਇਹ ਮੱਦ ਇਸ ਤਰ੍ਹਾਂ ਦਰਜ ਸੀ:

(ਟ) ਸਿੱਖ ਨੂੰ ਇਕ ਇਸਤ੍ਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।

(ਸਿੱਖ ਰਹਿਤ ਮਰਯਾਦਾ, ਛਾਪ ੧੯੩੬, ਪੰਨਾ ੧੨)

1936 ਵਾਲੀ ਸਿੱਖ ਰਹਿਤ ਮਰਯਾਦਾ ਵਿਚ ਇਹ ਤਬਦੀਲੀ ਧਾਰਮਿਕ ਸਲਾਹਕਾਰ ਕਮੇਟੀ ਦੀ ਤੇਰ੍ਹਵੀਂ ਇਕੱਤਰਤਾ ਮਿਤੀ 7 ਜਨਵਰੀ, 1945 ਦੇ ਮਤਾ ਨੰਬਰ 11 ਰਾਹੀਂ ਕੀਤੀ ਗਈ।

ਇਹ ਮਤਾ ਇਸ ਤਰ੍ਹਾਂ ਸੀ :

11. ਹੈਡਿੰਗ ਅਨੰਦ ਸੰਸਕਾਰ ਦਾ ਮੌਜੂਦਾ ਅੰਕ (2) ਹੇਠ ਲਿਖੇ ਅਨੁਸਾਰ ਕਰ ਦਿੱਤਾ ਜਾਵੇ। (2) ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਦਾ।

ਨੋਟ : ਇਸ ਅੰਕ 'ਤੇ ਬਹਿਸ ਦੇ ਦੌਰਾਨ ਪ੍ਰੋ. ਸ਼ੇਰ ਸਿੰਘ ਜੀ ਇਕੱਤਰਤਾ ਵਿਚੋਂ ਚਲੇ ਗਏ ਸਨ। ਪ੍ਰੋ. ਤੇਜਾ ਸਿੰਘ ਜੀ ਤੇ ਜਥੇਦਾਰ ਅੱਛਰ ਸਿੰਘ ਜੀ ਨੇ ਇਸ ਤਬਦੀਲੀ ਵਿਰੁੱਧ ਆਪਣੀ ਅਸੰਮਤੀ ਨੋਟ ਕਰਵਾਈ।

ਤਬਦੀਲੀ

ਇਸ ਮੱਦ ਵਿਚ ਲਫ਼ਜ਼ 'ਆਮ ਹਾਲਤਾਂ ਵਿਚ' ਵਧਾਏ ਗਏ ਹਨ।




1936 ਵਿਚ ਪ੍ਰਵਾਨ ਕੀਤੀ ਗਈ ਸਿੱਖ ਰਹਿਤ ਮਰਯਾਦਾ ਵਿਚ ਅੰਕਤ ਸੀ : 'ਸਿੱਖ ਨੂੰ ਇਕ ਇਸਤ੍ਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।' ਇਸ ਵਿਚ 1945 ਦੇ ਮਤੇ ਰਾਹੀਂ ਸ਼ੁਰੂ ਵਿਚ ਲਫ਼ਜ਼ 'ਆਮ ਹਾਲਤਾਂ ਵਿਚ' ਦਾ ਵਾਧਾ ਕਰ ਦਿੱਤਾ ਗਿਆ। ਇਸ ਤਰ੍ਹਾਂ ਨਵੀਂ ਮੱਦ ਹੋ ਗਈ, 'ਆਮ ਹਾਲਤਾਂ ਵਿਚ ਸਿੱਖ ਨੂੰ ਇਕ ਇਸਤਰੀ ਦੇ ਹੁੰਦਿਆਂ ਦੂਜਾ ਵਿਆਹ ਨਹੀਂ ਕਰਨਾ ਚਾਹੀਏ।'

ਤਬਦੀਲੀ ਤੋਂ ਪਹਿਲਾਂ ਸਪਸ਼ਟ ਰੂਪ ਵਿਚ ਇਕ ਇਸਤਰੀ ਦੇ ਹੁੰਦਿਆਂ ਦੂਸਰਾ ਵਿਆਹ ਕਰਨ ਦੀ ਮਨਾਹੀ ਦਰਜ ਹੈ। ਪਰ ਉਸ ਸਮੇਂ ਦੀ ਇਕੱਤਰਤਾ ਦੀ ਕਾਰਵਾਈ ਤੋਂ ਸਪਸ਼ਟ ਹੁੰਦਾ ਹੈ ਕਿ ਇਸ ਚਿ ਲਫ਼ਜ਼ 'ਆਮ ਹਾਲਤਾਂ ਵਿਚ' ਸ਼ਾਮਲ ਕਰਨ ਦੇ ਵਿਰੁੱਧ ਪ੍ਰੋ. ਤੇਜਾ ਸਿੰਘ ਜੀ ਅਤੇ ਜਥੇਦਾਰ ਅੱਛਰ ਸਿੰਘ ਜੀ ਨੇ ਅਸਹਿਮਤੀ ਅੰਕਤ ਕਰਵਾਈ ਅਤੇ ਨਾਲ ਹੀ ਪ੍ਰੋ. ਸ਼ੇਰ ਸਿੰਘ ਜੀ ਵੀ ਇਕੱਤਰਤਾ ਵਿਚੋਂ ਚਲੇ ਗਏ। ਪ੍ਰੋ. ਤੇਜਾ ਸਿੰਘ ਜੀ ਰਹੁਰੀਤ ਕਮੇਟੀ ਦੇ ਕਨਵੀਨਰ ਸਨ ਅਤੇ ਜਥੇਦਾਰ ਅੱਛਰ ਸਿੰਘ ਜੀ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਸਨ। ਇਸਦੇ ਨਾਲ ਹੀ ਗਿਆਨੀ ਸ਼ੇਰ ਸਿੰਘ ਜੀ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਵੀ ਰਹਿ ਚੁੱਕੇ ਸਨ।

ਇਕ ਹੋਰ ਅਹਿਮ ਨੁਕਤਾ ਬਹੁਤ ਹੀ ਮਹੱਤਵਪੂਰਨ ਹੈ ਕਿ 'ਆਮ ਹਾਲਾਤਾਂ' ਕੀ ਹਨ ਅਤੇ 'ਖਾਸ ਹਾਲਤਾਂ' ਕੀ ਹਨ ਇਯ ਦੀ ਕੋਈ ਵਿਆਖਿਆ ਨਹੀਂ ਕੀਤੀ ਗਈ ਹੈ ਅਤੇ ਸ਼ਾਇਦ ਕੀਤੀ ਵੀ ਨਹੀਂ ਜਾ ਸਕਦੀ।

ਇਸਦੇ ਨਾਲ ਹੀ ਇਕ ਕਾਨੂੰਨੀ ਕੁੰਡਾ ਵੀ ਹੈ। ਉਸ ਸਮੇਂ ਇਸ ਬਾਰੇ ਕੋਈ ਕਾਨੂੰਨੀ ਅੜਚਣ ਨਹੀਂ ਸੀ ਪਰ ਹੁਣ ਕਿਸੇ ਵੀ ਦੇਸ਼ ਵਿਚ ਬਹੁ ਵਿਵਾਹ Polygamy Ü» Polyandry (ਇਕ ਤੋਂ ਵੱਧ ਪਤੀ ਜਾਂ ਪਤਨੀ) ਜਾਂ ਸਵਾਮੀ ਦਯਾ ਨੰਦ ਵਲੋਂ ਸੁਝਾਈ ਗਈ ਨਿਯੋਗ ਰੀਤੀ ਦੀ ਇਜਾਜ਼ਤ ਨਹੀਂ ਹੈ ਅਤੇ ਇਹ ਇਕ ਕਾਨੂੰਨੀ ਅਪਰਾਧ ਹੈ।

**(ਚਲਦਾ)**

## ਹੈੱਡ ਗ੍ਰੰਥੀ ਗਿਆਨੀ ਹਰਪਾਲ ਸਿੰਘ ਦਾ ਸਨਮਾਨ



ਫ਼ਤਹਿਗੜ੍ਹ ਸਾਹਿਬ: ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਿੰਘ ਸਾਹਿਬ ਗਿਆਨੀ ਹਰਪਾਲ ਸਿੰਘ ਹੈੱਡ ਗ੍ਰੰਥੀ ਗੁਰਦੁਆਰਾ ਸ੍ਰੀ ਫਤਹਿਗੜ੍ਹ ਸਾਹਿਬ ਨੂੰ ਸਿੱਖ ਪੰਥ ਲਈ ਕੀਤੇ ਵਡਮੁੱਲੇ ਕਾਰਜਾਂ ਦੀ ਸ਼ਲਾਘਾ ਕਰਦਿਆਂ 'ਭਾਈ ਸਾਹਿਬ' ਦੀ ਉਪਾਧੀ ਨਾਲ ਸਨਮਾਨਿਆ ਗਿਆ ਸੀ। ਗੁਰਦੁਆਰਾ ਸ੍ਰੀ ਫ਼ਤਹਿਗੜ੍ਹ ਸਾਹਿਬ ਦੇ ਪ੍ਰਬੰਧਕੀ ਬਲਾਕ ਵਿੱਚ ਉਨ੍ਹਾਂ ਦੇ ਪਹੁੰਚਣ 'ਤੇ ਵਿਸ਼ੇਸ਼ ਸਨਮਾਨ ਕੀਤਾ ਗਿਆ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਜਗਦੀਪ ਸਿੰਘ ਚੀਮਾ, ਜਥੇਦਾਰ ਅਵਤਾਰ ਸਿੰਘ ਰਿਆ, ਮੈਨੇਜਰ ਗੁਰਦੀਪ ਸਿੰਘ ਕੰਗ, ਸੁਪਰਵਾਈਜ਼ਰ ਜੋਗਾ ਸਿੰਘ, ਰਿਕਾਰਡ ਕੀਪਰ ਹਰਮਨਜੀਤ ਸਿੰਘ, ਗੁਰਇਕਬਾਲ ਸਿੰਘ ਮਾਨ, ਗਗਨਦੀਪ ਸਿੰਘ, ਜਸਵੰਤ ਸਿੰਘ ਮੰਡੋਫਲ, ਸੁਖਵਿੰਦਰ ਸਿੰਘ ਜੈਲਦਾਰ, ਡਾ ਪ੍ਰਿਤਪਾਲ ਸਿੰਘ, ਸੁਪਰਵਾਈਜ਼ਰ ਕਰਨੈਲ ਸਿੰਘ, ਜਤਿੰਦਰ ਸਿੰਘ ਚੈਰੀ ਭਾਂਬਰੀ, ਚੇਅਰਮੈਨ ਦਰਸ਼ਨ ਸਿੰਘ ਬੱਬੀ ਅਤੇ ਰਣਧੀਰ ਸਿੰਘ ਹਾਜ਼ਰ ਸਨ।

## ਅਮਰੀਕਾ 'ਚ ਆਪਣੀ ਪਤਨੀ ਦੇ ਕਤਲ ਦੀ ਯੋਜਨਾ ਬਣਾਉਣ ਦੇ ਦੋਸ਼ 'ਚ ਗੁਜਰਾਤੀ-ਭਾਰਤੀ ਗ੍ਰਿਫ਼ਤਾਰ

ਨਿਊਯਾਰਕ (ਰਾਜ ਗੋਗਨਾ) : ਅਮਰੀਕਾ ਵਿੱਚ ਆਪਣੀ ਪਤਨੀ ਦੇ ਕਤਲ ਦੀ ਯੋਜਨਾ ਬਣਾਉਣ ਦੇ ਦੋਸ਼ ਵਿੱਚ ਇਕ ਭਾਰਤੀ-ਗੁਜਰਾਤੀ ਵਿਅਕਤੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਕਿਸੇ ਅਣਜਾਣ ਵਿਅਕਤੀ ਤੋਂ ਮਿਲੀ ਸੂਚਨਾ ਦੇ ਆਧਾਰ 'ਤੇ ਪੁਲਸ ਨੇ ਦਰਸ਼ਨ ਸੋਨੀ ਨਾਂ ਦੇ ਵਿਅਕਤੀ ਨੂੰ ਗ੍ਰਿਫ਼ਤਾਰ ਕਰ ਲਿਆ। ਇਡੀਆਨਾਪੋਲਿਸ ਮੈਟਰੋਪੋਲੀਟਨ ਪੁਲਸ ਵਿਭਾਗ ਨੇ 44 ਸਾਲਾ ਦਰਸ਼ਨ 'ਤੇ ਕਤਲ ਦੀ ਕੋਸ਼ਿਸ਼ ਅਤੇ ਕਤਲ ਦੀ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਹੈ। ਲੰਘੀ 12 ਮਈ ਨੂੰ ਇੱਕ ਅਣਪਛਾਤੇ ਵਿਅਕਤੀ ਨੇ ਦਰਸ਼ਨ ਸੋਨੀ ਦੀ ਇਸ ਖ਼ਤਰਨਾਕ ਯੋਜਨਾ ਬਾਰੇ ਪੁਲਸ ਨੂੰ ਸੂਚਿਤ ਕੀਤਾ ਅਤੇ ਫਿਰ ਘਟਨਾ ਦੀ ਜਾਂਚ ਸ਼ੁਰੂ ਕੀਤੀ ਗਈ।

ਸੂਹ ਵਿੱਚ ਕਿਹਾ ਗਿਆ ਹੈ ਕਿ ਦਰਸ਼ਨ ਸੋਨੀ ਨੇ ਆਪਣੀ ਪਤਨੀ ਅਪਰਣਾ ਸੋਨੀ ਦਾ ਕਤਲ ਕਰਨ ਲਈ ਕੇਨ ਕੌਕਸ ਨਾਮਕ ਆਪਣੇ ਇੱਕ ਕਰਮਚਾਰੀ ਦੀ ਮਦਦ ਮੰਗੀ ਸੀ। ਪੁਲਸ ਦੇ ਹਲਫ਼ਨਾਮੇ ਅਨੁਸਾਰ ਦਰਸ਼ਨ ਸੋਨੀ ਦੀ ਯੋਜਨਾ ਲੰਘੀ 16 ਮਈ ਨੂੰ ਅਪਰਣਾ ਨੂੰ ਉਸਦੇ ਹੀ ਘਰ ਵਿੱਚ ਕਤਲ ਕਰਨ ਦੀ ਸੀ, ਜਿਸਦੀ ਤਿਆਰੀ ਉਹ ਕਈ ਮਹੀਨਿਆਂ ਤੋਂ ਕਰ ਰਿਹਾ ਸੀ। ਦਰਸ਼ਨ ਸੋਨੀ ਨੇ ਇਸ ਕਤਲ ਨੂੰ ਅੰਜਾਮ ਦੇਣ ਲਈ ਵਰਤੀ ਗਈ ਬੰਦੂਕ 'ਤੇ ਵਰਤੇ ਗਏ ਸਾਈਲੈਂਸਰ ਬਾਰੇ ਪੁੱਛਗਿੱਛ ਕੀਤੀ ਸੀ ਅਤੇ ਅਜਿਹਾ ਕਰਨ ਲਈ ਵੱਖ-ਵੱਖ ਤਰੀਕੇ ਵੀ ਅਜ਼ਮਾਏ ਸਨ। ਇੰਨਾ ਹੀ ਨਹੀਂ ਦਰਸ਼ਨ ਸੋਨੀ ਨੇ ਇੱਕ ਚਾਂਦੀ ਰੰਗ ਦੀ ਫੋਰਡ ਏਸਕੇਪ ਸੈਕਿੰਡ ਹੈਂਡ ਕਾਰ ਵੀ ਖਰੀਦੀ ਜੋ ਇਸ ਕਤਲ ਵਿੱਚ ਵਰਤੀ ਜਾਣੀ ਸੀ। ਯੋਜਨਾ ਅਨੁਸਾਰ ਇਹ ਫੈਸਲਾ ਕੀਤਾ ਗਿਆ ਸੀ ਕਿ ਦਰਸ਼ਨ ਸੋਨੀ ਦਾ ਉਹ ਕਰਮਚਾਰੀ ਜੋ ਉਸਦੀ ਮਦਦ ਕਰਨ ਵਾਲਾ ਸੀ, ਇਸ ਕਾਰ ਦੀ ਵਰਤੋਂ ਕਰੇਗਾ।

ਪਰ ਪੁਲਸ ਵੱਲੋਂ ਦਾਇਰ ਕੀਤੇ ਗਏ ਹਲਫ਼ਨਾਮੇ ਤੋਂ ਇਹ ਵੀ ਸ਼ੱਕ ਪੈਦਾ ਹੁੰਦਾ ਹੈ ਕਿ ਦਰਸ਼ਨ ਨੇ ਪਹਿਲਾਂ ਅਪਰਣਾ ਤੋਂ ਛੁਟਕਾਰਾ ਪਾਉਣ ਦੀ ਕੋਸ਼ਿਸ਼ ਕੀਤੀ ਹੋ ਸਕਦੀ ਹੈ, ਜਿਸ ਲਈ ਉਸਨੇ ਆਪਣੀ ਪਤਨੀ ਨੂੰ ਜ਼ਹਿਰ ਵੀ ਦਿੱਤਾ ਹੋ ਸਕਦਾ ਹੈ। ਅਪਰਣਾ ਨੂੰ ਕਥਿਤ ਤੌਰ 'ਤੇ ਇਹ ਜ਼ਹਿਰ ਉਸਦੀ ਸਵੇਰ ਦੀ ਸਮੂਦੀ ਵਿੱਚ ਦਿੱਤਾ ਗਿਆ ਸੀ।



ਅਪਰਣਾ ਨੇ ਖੁਦ ਪੁਲਸ ਨੂੰ ਦੱਸਿਆ ਕਿ ਇਸ ਸਮੂਦੀ ਦਾ ਸੁਆਦ ਬਹੁਤ ਅਜੀਬ ਸੀ ਅਤੇ ਇਸਨੂੰ ਪੀਣ ਤੋਂ ਬਾਅਦ ਉਸਨੂੰ ਅਸਾਧਾਰਨ ਲੱਛਣਾਂ ਦਾ ਅਨੁਭਵ ਹੋਇਆ। ਇਸ ਤੋਂ ਇਲਾਵਾ ਪੁਲਸ ਨੇ ਹਲਫ਼ਨਾਮੇ ਵਿੱਚ ਦਰਸ਼ਨ ਅਤੇ ਉਸਦੇ ਕਰਮਚਾਰੀ ਕੇਨ ਕੌਕਸ ਵਿਚਕਾਰ ਹੋਈ ਇੱਕ ਮੁਲਾਕਾਤ ਦਾ ਵੀ ਖਾਸ ਤੌਰ 'ਤੇ ਜ਼ਿਕਰ ਕੀਤਾ ਹੈ ਜਿਸ ਵਿੱਚ ਉਸਨੇ ਆਪਣੀ ਹਿੰਸਕ ਯੋਜਨਾ ਬਾਰੇ ਚਰਚਾ ਕੀਤੀ ਸੀ ਅਤੇ ਉਸਨੇ ਆਪਣੇ ਕਰਮਚਾਰੀ ਨੂੰ ਇਹ ਵੀ ਕਿਹਾ ਸੀ ਕਿ ਯੋਜਨਾ ਜਿੰਨੀ ਬੇਰਹਿਮ ਹੋਵੇਗੀ, ਸਾਰੀਆਂ ਸਮੱਸਿਆਵਾਂ ਦਾ ਹੱਲ ਓਨਾ ਹੀ ਆਸਾਨ ਹੋਵੇਗਾ।

ਹਾਲਾਂਕਿ ਦਰਸ਼ਨ ਦੇ ਆਪਣੀ ਯੋਜਨਾ ਨੂੰ ਲਾਗੂ ਕਰਨ ਤੋਂ ਪਹਿਲਾਂ ਹੀ ਪੁਲਸ ਨੂੰ ਸੂਚਿਤ ਕਰ ਦਿੱਤਾ ਗਿਆ ਸੀ। ਇਸ ਮਾਮਲੇ ਦੀ ਜਾਂਚ ਦੌਰਾਨ ਪੁਲਸ ਨੇ ਉਸ ਵਿਅਕਤੀ ਨੂੰ ਆਪਣੇ ਸਰੋਤ ਵਜੋਂ ਵਰਤਿਆ ਜਿਸਨੇ ਅਪਰਣਾ ਦਾ ਕੰਡਾ ਕੱਢਣਾ ਸੀ ਅਤੇ ਦਰਸ਼ਨ ਸੋਨੀ ਵਿਰੁੱਧ ਠੋਸ ਸਬੂਤ ਇਕੱਠੇ ਕੀਤੇ। ਇਸੇ ਵਿਅਕਤੀ ਕੇਨ ਕੌਕਸ ਨੇ ਪੁਲਸ ਨੂੰ ਦੱਸਿਆ ਕਿ ਦਰਸ਼ਨ ਇੱਕ ਸਾਲ ਤੋਂ ਅਪਰਣਾ ਨੂੰ ਮਾਰਨ ਦੀ ਕੋਸ਼ਿਸ਼ ਕਰ ਰਿਹਾ ਸੀ ਅਤੇ ਹੋਰ ਭਿਆਨਕ ਤਰੀਕਿਆਂ 'ਤੇ ਵਿਚਾਰ ਕਰ ਰਿਹਾ ਸੀ, ਜਿਸ ਵਿੱਚ ਵੱਖ-ਵੱਖ ਕਿਸਮਾਂ ਦੇ ਜ਼ਹਿਰ ਦੀ ਵਰਤੋਂ ਤੋਂ ਲੈ ਕੇ ਉਸਨੂੰ ਮਾਰਨ ਤੱਕ ਸ਼ਾਮਲ ਸਨ। ਜਾਂਚ ਦੌਰਾਨ ਪੁਲਸ ਨੇ ਅਪਰਣਾ ਨੂੰ ਚੇਤਾਵਨੀ ਵੀ ਦਿੱਤੀ ਕਿ ਉਸਦੀ ਜਾਨ ਨੂੰ ਖ਼ਤਰਾ ਹੈ। ਪੁਲਸ ਅਪਰਣਾ ਦੀ ਸੁਰੱਖਿਆ ਨੂੰ ਯਕੀਨੀ ਬਣਾ ਰਹੀ ਹੈ ਅਤੇ ਉਸਦੇ ਪਤੀ ਦਰਸ਼ਨ ਸੋਨੀ, ਜੋ ਇਸ ਸਮੇਂ ਹਿਰਾਸਤ ਵਿੱਚ ਹੈ, ਵਿਰੁੱਧ ਹੋਰ ਸਬੂਤ ਇਕੱਠੇ ਕਰ ਰਹੀ ਹੈ। ਅੰਤ ਵਿੱਚ ਆਪਣਾ ਹੋਮਵਰਕ ਪੂਰਾ ਕਰਨ ਤੋਂ ਬਾਅਦ ਪੁਲਸ ਨੇ ਦਰਸ਼ਨ ਨੂੰ 16 ਮਈ ਨੂੰ ਗ੍ਰਿਫ਼ਤਾਰ ਕਰ ਲਿਆ ਹੈ, ਅਤੇ ਲੰਘੀ 20 ਮਈ ਨੂੰ ਉਸਦੇ ਖਿਲਾਫ ਦੋਸ਼ ਦਾਇਰ ਕੀਤੇ ਗਏ ਸਨ।

# BASRA

## Heating & Air Conditioning

CA LIC #

ਗਰਮੀਆਂ ਵਿੱਚ ਠੰਡ ਤੇ ਸਰਦੀਆ ਵਿੱਚ ਨਿੱਘ ਦਾ ਦੂਜਾ ਨਾਮ ਹੈ

## ਬਸਰਾ ਹੀਟਿੰਗ ਅਤੇ ਏਅਰ ਕੰਡੀਸ਼ਨਿੰਗ

ਤੁਸੀ ਆਪਣੇ ਸੁਪਨਿਆ ਦੇ ਮਹਿਲ ਆਪਣੇ ਘਰ ਜਾ ਆਪਣੇ ਕਾਰੋਬਾਰ ਉਪਰ ਨਵਾਂ ਹੀਟਿੰਗ ਜਾ ਏਅਰ ਕੰਡੀਸ਼ਨਿੰਗ ਜਾ ਦੋਵੇ ਤਾ ਬਸ ਇਕੋ ਨਾਮ ਯਾਦ ਰੱਖੋ

ਤੁਸੀਂ ਸਾਨੂੰ ਇੱਕ ਕਾਲ ਕਰੋ ਇੱਕ ਕਾਲ ਹੀ ਬਚਾ ਸਕਦੀ ਹੈ

ਤੁਹਾਡੇ ਢੇਰ ਸਾਰੇ ਪੈਸੇ




Reasonable price first class work ਅਤੇ

100% ਗਰੰਟੀ

Basra Heating & Air Conditioning has trained technicians and the right equipment to solve the problem fast and at a reasonable price.

### AC REPAIR

Common Air Conditioner Problems Requiring Repair
Low or Leaking Refrigerant
Broken Belt
Compressor Failure
Coil Issues

### Thermostat Concerns

- Repair leaks
- Clean dirty coils or drain lines
- Replace filters
- Refresh refrigerant
- Seal ductwork
- Replace faulty belts, coils, or compressors
- •Secure electrical connections
- Provide general maintenance
- And more



### From Basra Heating & Air Conditioning

"Basra Heating and Air Conditioning have been providing, installing and servicing home and commercial heat systems, air conditioners & ducting and repair for both residential and commercial customers in the Bay Area since 2012. Our team of trained service professionals has extensive experience installing and servicing home and commercial heat systems, air conditioners, & ducting. Regardless of the project, Basra Heating and Air Conditioning have quickly and professionally served the needs of Bay Area & Central Valley. We pride ourselves in offering a unique combination of skilled service technicians and great customer service. Our team is ready to help you with your heating, air conditioning needs."

ਹੋਰ ਜਾਣਕਾਰੀ ਲਈ ਕਾਲ ਕਰੋ

## ਸ. ਰਜਿੰਦਰ ਸਿੰਘ ਬਸਰਾ (209) 834-6188

## Address: 231 Portico Ln, Tracy, CA 95377

# ਕੈਨੇਡਾ ਅਮਰੀਕਾ ਦੇ ਗੋਲਡਨ ਡੋਮ ਪ੍ਰੋਗਰਾਮ 'ਚ ਸ਼ਾਮਲ ਹੋਣ ਲਈ ਉਤਸੁਕ



ਟੋਰਾਂਟੋ : ਕੈਨੇਡੀਅਨ ਪ੍ਰਧਾਨ ਮੰਤਰੀ ਮਾਰਕ ਕਾਰਨੀ ਨੇ ਕਿਹਾ ਹੈ ਕਿ ਉਨ੍ਹਾਂ ਦੀ ਸਰਕਾਰ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਭਵਿੱਖ ਦੇ 'ਗੋਲਡਨ ਡੋਮ ਮਿਜ਼ਾਈਲ' ਰੱਖਿਆ ਪ੍ਰੋਗਰਾਮ ਵਿੱਚ ਸ਼ਾਮਲ ਹੋਣ ਬਾਰੇ ਅਮਰੀਕਾ ਨਾਲ ਗੱਲਬਾਤ ਕਰ ਰਹੀ ਹੈ। ਇਹ ਬਹੁ-ਪੜਾਅ ਪ੍ਰਣਾਲੀ, ਜਿਸਦੀ ਕੁੱਲ ਲਾਗਤ 175 ਬਿਲੀਅਨ ਅਮਰੀਕੀ ਡਾਲਰ ਹੈ, ਪਹਿਲੀ ਵਾਰ ਅਮਰੀਕੀ ਹਥਿਆਰਾਂ ਨੂੰ ਪੁਲਾੜ ਵਿੱਚ ਲੈ ਜਾਵੇਗੀ। ਟਰੰਪ ਨੂੰ ਉਮੀਦ ਸੀ ਕਿ ਇਹ ਪ੍ਰਣਾਲੀ 2029 ਵਿੱਚ ਉਨ੍ਹਾਂ ਦੇ ਕਾਰਜਕਾਲ ਦੇ ਅੰਤ ਤੱਕ ਪੂਰੀ ਤਰ੍ਹਾਂ ਲਾਗੂ ਹੋ ਜਾਵੇਗੀ।

ਕਾਰਨੀ ਨੇ ਕਿਹਾ, "ਇਹ ਕੈਨੇਡਾ ਲਈ ਇੱਕ ਚੰਗਾ ਵਿਚਾਰ ਹੈ। ਕੈਨੇਡੀਅਨਾਂ ਦੀ ਸੁਰੱਖਿਆ ਲਈ ਕਦਮ ਚੁੱਕਣਾ ਚੰਗੀ ਗੱਲ ਹੈ।" ਉਨ੍ਹਾਂ ਇਸ ਸਬੰਧ ਵਿੱਚ ਟਰੰਪ ਨਾਲ ਹੋਈ ਗੱਲਬਾਤ ਦੀ ਪੁਸ਼ਟੀ ਕੀਤੀ ਅਤੇ ਕਿਹਾ ਕਿ ਸੀਨੀਅਰ ਅਧਿਕਾਰੀਆਂ ਨਾਲ ਵਿਚਾਰ-ਵਟਾਂਦਰਾ ਕੀਤਾ ਜਾ ਰਿਹਾ ਹੈ। ਟਰੰਪ ਨੇ ਕਿਹਾ ਕਿ ਕੈਨੇਡੀਅਨ ਸਰਕਾਰ ਨੇ ਉਨ੍ਹਾਂ ਦੇ ਪ੍ਰਸ਼ਾਸਨ ਨਾਲ ਸੰਪਰਕ ਕਰਕੇ ਸੰਕੇਤ ਦਿੱਤਾ ਹੈ ਕਿ ਉਹ ਇਸ ਪ੍ਰੋਗਰਾਮ ਵਿੱਚ ਸ਼ਾਮਲ ਹੋਣਾ ਚਾਹੁੰਦੀ ਹੈ ਅਤੇ ਉਹ ਕੈਨੇਡਾ ਵੱਲੋਂ ਢੁਕਵਾਂ ਯੋਗਦਾਨ ਪਾਉਣ ਨੂੰ ਯਕੀਨੀ ਬਣਾਉਣ ਲਈ ਓਟਾਵਾ ਨਾਲ ਕੰਮ ਕਰਨਗੇ।

'ਗੋਲਡਨ ਡੋਮ' ਸੰਭਾਵੀ ਹਮਲੇ ਦੇ ਚਾਰੇ ਪ੍ਰਮੁੱਖ ਪੜਾਵਾਂ 'ਤੇ ਮਿਜ਼ਾਈਲਾਂ ਦਾ ਪਤਾ ਲਗਾਉਣ ਅਤੇ ਉਨ੍ਹਾਂ ਨੂੰ ਰੋਕਣ ਲਈ ਜ਼ਮੀਨੀ ਅਤੇ ਪੁਲਾੜ ਅਧਾਰਤ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਦੀ ਕਲਪਨਾ ਕਰਦਾ ਹੈ। ਇਹ ਚਾਰ ਪੜਾਅ ਹਨ - ਲਾਂਚ ਤੋਂ ਪਹਿਲਾਂ ਮਿਜ਼ਾਈਲ ਦਾ ਪਤਾ ਲਗਾਉਣਾ ਅਤੇ ਨਸ਼ਟ ਕਰਨਾ, ਉਡਾਣ ਦੇ ਸ਼ੁਰੂਆਤੀ ਪੜਾਵਾਂ ਵਿੱਚ ਇਸਨੂੰ ਰੋਕਣਾ, ਇਸਨੂੰ ਹਵਾ ਵਿੱਚ ਰੋਕਣਾ ਜਾਂ ਆਖਰੀ ਮਿੰਟਾਂ ਵਿੱਚ ਇਸਨੂੰ ਰੋਕਣਾ ਜਦੋਂ ਇਹ ਨਿਸ਼ਾਨੇ ਵੱਲ ਜਾ ਰਹੀ ਹੋਵੇ। ਕਾਰਨੀ ਨੇ ਕਿਹਾ, 'ਅਸੀਂ ਇਸ 'ਤੇ ਵਿਚਾਰ ਕਰ ਰਹੇ ਹਾਂ ਅਤੇ ਇਸ 'ਤੇ ਬਹੁਤ ਉੱਚ ਪੱਧਰ 'ਤੇ ਚਰਚਾ ਕੀਤੀ ਗਈ ਹੈ।' ਕਾਰਨੀ ਨੇ ਚੇਤਾਵਨੀ ਦਿੰਦੇ ਹੋਏ ਕਿ ਕੈਨੇਡਾ ਨੂੰ 'ਨੇੜਲੇ ਭਵਿੱਖ' ਵਿੱਚ ਸੰਭਾਵੀ ਮਿਜ਼ਾਈਲ ਖ਼ਤਰਿਆਂ ਦਾ ਸਾਹਮਣਾ ਕਰਨਾ ਪੈ ਸਕਦਾ ਹੈ।

# ਭਾਰਤੀ ਵਿਦਿਆਰਥੀਆਂ ਲਈ ਦਰਵਾਜ਼ੇ ਬੰਦ ਕਰ ਰਿਹਾ ਕੈਨੇਡਾ, ਸਟੱਡੀ ਪਰਮਿਟ 'ਚ ਭਾਰੀ ਕਟੌਤੀ

ਟੋਰਾਂਟੋ : ਕੈਨੇਡਾ ਵਿਚ ਪੜ੍ਹਨ ਦੇ ਚਾਹਵਾਨ ਭਾਰਤੀ ਵਿਦਿਆਰਥੀਆਂ ਨੂੰ ਵੱਡਾ ਝਟਕਾ ਲੱਗਾ ਹੈ। ਕੈਨੇਡਾ ਨੇ ਭਾਰਤੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕਰਨ ਵਿੱਚ ਵੱਡੀਆਂ ਕਟੌਤੀਆਂ ਕੀਤੀਆਂ ਹਨ। 2025 ਦੀ ਪਹਿਲੀ ਤਿਮਾਹੀ ਵਿੱਚ ਭਾਰਤੀ ਵਿਦਿਆਰਥੀ ਪਰਮਿਟਾਂ ਵਿੱਚ 31% ਦੀ ਕਟੌਤੀ ਕੀਤੀ ਗਈ। ਜਨਵਰੀ ਤੋਂ ਮਾਰਚ 2025 ਦਰਮਿਆਨ ਸਿਰਫ਼ 30,640 ਭਾਰਤੀ ਵਿਦਿਆਰਥੀਆਂ ਨੂੰ ਸਟੱਡੀ ਪਰਮਿਟ ਜਾਰੀ ਕੀਤੇ ਗਏ ਸਨ, ਜਦੋਂ ਕਿ ਪਿਛਲੇ ਸਾਲ ਇਸੇ ਸਮੇਂ ਦੌਰਾਨ ਇਹ ਗਿਣਤੀ 44,295 ਸੀ। ਇਹ ਗਿਰਾਵਟ ਅਜਿਹੇ ਸਮੇਂ ਦਰਜ ਕੀਤੀ ਗਈ ਹੈ ਜਦੋਂ ਕੈਨੇਡਾ ਵਿੱਚ ਅੰਤਰਰਾਸ਼ਟਰੀ ਵਿਦਿਆਰਥੀਆਂ ਦੇ ਦਾਖਲੇ 'ਤੇ ਪਾਬੰਦੀਆਂ ਲਗਾਤਾਰ ਵਧ ਰਹੀਆਂ ਹਨ।

ਕੈਨੇਡੀਅਨ ਸਰਕਾਰ ਦੀਆਂ ਨਵੀਆਂ ਨੀਤੀਆਂ ਅਤੇ ਪਾਬੰਦੀਆਂ ਕਾਰਨ ਨਾ ਸਿਰਫ਼ ਭਾਰਤ ਤੋਂ ਸਗੋਂ ਦੂਜੇ ਦੇਸ਼ਾਂ ਤੋਂ ਵੀ ਵਿਦਿਆਰਥੀ ਵੀਜ਼ਾ ਦਰਾਂ ਘਟੀਆਂ ਹਨ। 2024 ਦੀ ਪਹਿਲੀ ਤਿਮਾਹੀ ਵਿੱਚ ਕੁੱਲ 1,21,070 ਸਟੱਡੀ ਪਰਮਿਟ ਜਾਰੀ ਕੀਤੇ ਗਏ ਸਨ, ਜਦੋਂ ਕਿ 2025 ਵਿੱਚ ਇਹ ਅੰਕੜਾ ਘੱਟ ਕੇ 96,015 ਰਹਿ ਗਿਆ ਹੈ। ਮਾਹਿਰਾਂ ਦਾ ਮੰਨਣਾ ਹੈ ਕਿ ਭਵਿੱਖ ਵਿੱਚ ਇਹ ਗਿਰਾਵਟ ਹੋਰ ਵੀ ਡੂੰਘੀ ਹੋਣ ਦੀ ਸੰਭਾਵਨਾ ਹੈ।



2023 ਦੇ ਆਖਰੀ ਮਹੀਨਿਆਂ ਤੋਂ ਕੈਨੇਡੀਅਨ ਸਰਕਾਰ ਨੇ ਅੰਤਰਰਾਸ਼ਟਰੀ ਵਿਦਿਆਰਥੀਆਂ ਦੀ ਗਿਣਤੀ ਨੂੰ ਕੰਟਰੋਲ ਕਰਨ ਲਈ ਸਖ਼ਤ ਕਦਮ ਚੁੱਕਣੇ ਸ਼ੁਰੂ ਕਰ ਦਿੱਤੇ ਸਨ। ਇਸ ਦੇ ਪਿੱਛੇ ਮੁੱਖ ਕਾਰਨ ਦੇਸ਼ ਵਿੱਚ ਤੇਜ਼ੀ ਨਾਲ ਵਧ ਰਹੀ ਆਬਾਦੀ, ਰਿਹਾਇਸ਼ ਦੀ ਘਾਟ ਅਤੇ ਸਿਹਤ ਅਤੇ ਆਵਾਜਾਈ ਸਹੂਲਤਾਂ 'ਤੇ ਵਧਦਾ ਦਬਾਅ ਹੈ। 28 ਅਪ੍ਰੈਲ, 2025 ਨੂੰ ਹੋਈਆਂ ਸੰਘੀ ਚੋਣਾਂ ਤੋਂ ਬਾਅਦ ਪ੍ਰਧਾਨ ਮੰਤਰੀ ਮਾਰਕ ਕਾਰਨੀ ਸਰਕਾਰ ਵਿੱਚ ਵਾਪਸ ਆਏ ਅਤੇ ਉਨ੍ਹਾਂ ਨੇ ਖਾਸ ਤੌਰ 'ਤੇ ਕਿਹਾ ਕਿ 2027 ਤੱਕ ਅੰਤਰਰਾਸ਼ਟਰੀ ਵਿਦਿਆਰਥੀਆਂ ਅਤੇ ਵਿਦੇਸ਼ੀ ਕਾਮਿਆਂ ਸਮੇਤ ਅਸਥਾਈ ਨਿਵਾਸੀਆਂ ਦੀ ਗਿਣਤੀ ਦੇਸ਼ ਦੀ ਕੁੱਲ ਆਬਾਦੀ ਦੇ 5% ਤੋਂ ਵੱਧ ਨਹੀਂ ਹੋਵੇਗੀ। ਉਨ੍ਹਾਂ ਦਾ ਰੁਖ਼ ਦਰਸਾਉਂਦਾ ਹੈ ਕਿ ਇਸ ਸਮੇਂ ਇਨ੍ਹਾਂ ਨੀਤੀਆਂ ਵਿੱਚ ਕਿਸੇ ਵੀ ਤਰ੍ਹਾਂ ਦੀ ਢਿੱਲ ਦੀ ਉਮੀਦ ਨਹੀਂ ਕੀਤੀ ਜਾ ਸਕਦੀ।

ਸਰਕਾਰੀ ਅੰਕੜਿਆਂ ਅਨੁਸਾਰ 2023 ਵਿੱਚ, ਕੈਨੇਡਾ ਨੇ ਕੁੱਲ 6,81,155 ਸਟੱਡੀ ਪਰਮਿਟ ਜਾਰੀ ਕੀਤੇ ਸਨ, ਜਿਨ੍ਹਾਂ ਵਿੱਚੋਂ 2,78,045 ਭਾਰਤੀ ਵਿਦਿਆਰਥੀਆਂ ਨੂੰ ਦਿੱਤੇ ਗਏ ਸਨ। ਇਸ ਦੇ ਨਾਲ ਹੀ, 2024 ਵਿੱਚ ਇਹ ਅੰਕੜਾ ਘੱਟ ਕੇ 5,16,275 ਹੋ ਗਿਆ ਅਤੇ ਭਾਰਤੀ ਵਿਦਿਆਰਥੀਆਂ ਦੀ ਗਿਣਤੀ ਘੱਟ ਕੇ 1,88,465 ਹੋ ਗਈ। IRCC (ਇਮੀਗ੍ਰੇਸ਼ਨ, ਸ਼ਰਨਾਰਥੀ ਅਤੇ ਨਾਗਰਿਕਤਾ ਕੈਨੇਡਾ) ਨੇ 18 ਸਤੰਬਰ, 2024 ਨੂੰ ਸਪੱਸ਼ਟ ਕੀਤਾ ਸੀ ਕਿ 2025 ਲਈ ਸਟੱਡੀ ਪਰਮਿਟਾਂ ਦੀ ਵੱਧ ਤੋਂ ਵੱਧ ਸੀਮਾ 4,37,000 ਹੋਵੇਗੀ, ਜੋ ਕਿ 2024 ਲਈ 4,85,000 ਦੇ ਟੀਚੇ ਤੋਂ ਬਹੁਤ ਘੱਟ ਹੈ। ਇਹ 'ਸਥਿਰ' ਅੰਕੜਾ 2026 'ਤੇ ਵੀ ਲਾਗੂ ਹੋਵੇਗਾ।

ਕੈਨੇਡੀਅਨ ਸਰਕਾਰ ਨੇ 1 ਜਨਵਰੀ, 2024 ਤੋਂ ਸਟੱਡੀ ਵੀਜ਼ਾ ਲਈ ਵਿੱਤੀ ਯੋਗਤਾ ਸ਼ਰਤਾਂ ਨੂੰ ਵੀ ਸਖ਼ਤ ਕਰ ਦਿੱਤਾ ਹੈ। ਹੁਣ ਇੱਕ ਸਿੰਗਲ ਬਿਨੈਕਾਰ ਨੂੰ ਇਹ ਦਿਖਾਉਣਾ ਹੋਵੇਗਾ ਕਿ ਉਸ ਕੋਲ 20,635 ਕੈਨੇਡੀਅਨ ਡਾਲਰ (ਲਗਭਗ 12.7 ਲੱਖ ਰੁਪਏ) ਦਾ ਫੰਡ ਹੈ, ਜਦੋਂ ਕਿ ਪਹਿਲਾਂ ਇਹ ਸੀਮਾ 10,000 ਕੈਨੇਡੀਅਨ ਡਾਲਰ (ਲਗਭਗ 6.14 ਲੱਖ ਰੁਪਏ) ਸੀ। ਇਸ ਤੋਂ ਇਲਾਵਾ, 7 ਦਸੰਬਰ, 2023 ਨੂੰ, IRCC ਨੇ ਇਹ ਵੀ ਐਲਾਨ ਕੀਤਾ ਕਿ ਸਾਰੀਆਂ ਨਵੀਆਂ ਅਰਜ਼ੀਆਂ ਵਿੱਚ, DLIs (ਮਨੋਨੀਤ ਸਿਖਲਾਈ ਸੰਸਥਾਵਾਂ) ਨੂੰ ਵਿਦਿਆਰਥੀਆਂ ਦੇ ਸਵੀਕ੍ਰਿਤੀ ਪੱਤਰ ਦੀ ਪੁਸ਼ਟੀ ਕਰਨੀ ਪਵੇਗੀ।

# ਓਂਟਾਰੀਓ ਦੇ ਜੱਜ ਨੇ ਲੋਬਲਾ ਬ੍ਰੈੱਡ-ਫਿਕਸਿੰਗ ਮਾਮਲੇ 'ਚ 500 ਮਿਲੀਅਨ ਡਾਲਰ ਦੇ ਨਿਪਟਾਰੇ ਨੂੰ ਦਿੱਤੀ ਮਨਜ਼ੂਰੀ

ਓਂਟਾਰੀਓ : ਓਂਟਾਰੀਓ ਦੇ ਇੱਕ ਜੱਜ ਨੇ ਇੱਕ ਕਲਾਸ-ਐਕਸ਼ਨ ਮੁਕੱਦਮੇ ਵਿੱਚ ਇੱਕ ਨਿਪਟਾਰੇ ਨੂੰ ਮਨਜ਼ੂਰੀ ਦੇ ਦਿੱਤੀ ਹੈ ਜਿਸ ਵਿੱਚ ਲੋਬਲਾ ਅਤੇ ਇਸਦੀ ਮੂਲ ਕੰਪਨੀ ਜਾਰਜ ਵੈਸਟਨ ਲਿਮਟਿਡ 'ਤੇ ਬ੍ਰੈੱਡ ਦੀ ਕੀਮਤ ਨਿਰਧਾਰਤ ਕਰਨ ਲਈ ਇੱਕ ਉਦਯੋਗ-ਵਿਆਪੀ ਯੋਜਨਾ 'ਚ ਸ਼ਾਮਲ ਹੋਣ ਦਾ ਦੋਸ਼ ਲਗਾਇਆ ਗਿਆ ਸੀ। ਇੱਕ ਲਿਖਤੀ ਫੈਸਲੇ 'ਚ ਜੱਜ ਐਡ ਮੋਰਗਨ ਕਹਿੰਦੇ ਹਨ ਕਿ £500 ਮਿਲੀਅਨ ਦਾ ਨਿਪਟਾਰਾ ਸ਼ਾਨਦਾਰ, ਨਿਰਪੱਖ ਅਤੇ ਕਲਾਸ ਮੈਂਬਰਾਂ ਦੇ ਹਿੱਤ 'ਚ ਹੈ। ਇਹ ਨਿਪਟਾਰਾ ਪਿਛਲੇ ਸਾਲ ਹੋਇਆ ਸੀ ਤੇ ਇਸ 'ਚ ਲੋਬਲਾ ਅਤੇ ਜਾਰਜ ਵੈਸਟਨ ਦੁਆਰਾ ਅਦਾ ਕੀਤੇ ਜਾਣ ਵਾਲੇ ਸੰਯੁਕਤ £404 ਮਿਲੀਅਨ ਸ਼ਾਮਲ ਹਨ। ਬਾਕੀ 96 ਮਿਲੀਅਨ ਡਾਲਰ ਇੱਕ ਗਿਫਟ ਕਾਰਡ ਪ੍ਰੋਗਰਾਮ ਦੁਆਰਾ ਗਿਫਟ ਕੀਤਾ ਗਿਆ ਹੈ ਜਿਸਦਾ ਐਲਾਨ ਲੋਬਲਾ ਨੇ 2001 ਵਿੱਚ ਕੁਝ



ਪੈਕ ਕੀਤੀਆਂ ਬ੍ਰੈੱਡ ਦੀ ਕੀਮਤ ਦੇ ਤਾਲਮੇਲ ਲਈ ਸੋਧ ਕਰਨ ਲਈ ਕੀਤਾ ਸੀ। ਇੱਕ ਵਾਰ ਕਾਨੂੰਨੀ ਫੀਸਾਂ ਅਤੇ ਹੋਰ ਅਦਾਲਤੀ ਖਰਚਿਆਂ ਦਾ ਭੁਗਤਾਨ ਕੀਤੇ ਜਾਣ ਤੋਂ ਬਾਅਦ, ਰਿਕਾਰਡ ਦਰਸਾਉਂਦੇ ਹਨ ਕਿ ਸੈਟਲਮੈਂਟ ਫੰਡਾਂ ਦਾ 78 ਫੀਸਦੀ ਕਿਊਬੈਕ ਤੋਂ ਬਾਹਰ ਕੈਨੇਡਾ ਦੇ ਨਿਵਾਸੀਆਂ ਨੂੰ ਅਲਾਟ ਕੀਤਾ ਜਾਵੇਗਾ ਅਤੇ 22 ਫੀਸਦੀ ਉਸ ਸੂਬੇ ਦੇ ਲੋਕਾਂ ਉੱਤੇ ਖਪਤ ਕੀਤਾ ਜਾਵੇਗਾ। ਸਮਝੌਤੇ ਦੇ ਹਿੱਸੇ ਲਈ ਯੋਗ ਲੋਕਾਂ ਨੂੰ ਜਨਵਰੀ 2001 ਅਤੇ ਦਸੰਬਰ 2021 ਦੇ ਵਿਚਕਾਰ ਨਿੱਜੀ ਵਰਤੋਂ ਲਈ ਜਾਂ ਮੁੜ ਵਿਕਰੀ ਲਈ ਪੈਕ ਕੀਤੀ ਰੋਟੀ ਖਰੀਦਣੀ ਪਵੇਗੀ।

# 21 ਸਾਲਾ ਔਰਤ ਬਣੀ ਆਸਟ੍ਰੇਲੀਆ ਦੀ ਛੋਟੀ ਉਮਰ ਦੀ ਸੈਨੇਟਰ

ਮੈਲਬੌਰਨ : ਆਸਟ੍ਰੇਲੀਆ ਵਿਚ 21 ਸਾਲ ਦੀ ਹੋਣ ਵਾਲੀ ਮਹਿਲਾ ਨੂੰ ਦੇਸ਼ ਦੀ ਸਭ ਤੋਂ ਛੋਟੀ ਉਮਰ ਦੀ ਸੈਨੇਟਰ ਘੋਸ਼ਿਤ ਕੀਤਾ ਗਿਆ ਹੈ। ਇਹ ਘੋਸ਼ਣਾ ਮਈ ਵਿੱਚ ਆਸਟ੍ਰੇਲੀਆ ਦੀਆਂ ਸੰਘੀ ਚੋਣਾਂ ਵਾਲੇ ਦਿਨ ਕੀਤੀ ਗਈ। ਜਾਣਕਾਰੀ ਮੁਤਾਬਕ ਆਸਟ੍ਰੇਲੀਆ ਵਿੱਚ ਚੋਣ ਲੜਨ ਵਾਲੀਆਂ ਬਹੁਤ ਸਾਰੀਆਂ ਮਹਿਲਾ ਉਮੀਦਵਾਰਾਂ ਵਾਂਗ ਸ਼ਾਰਲੋਟ ਵਾਕਰ ਦੇ ਜਿੱਤਣ ਦੀ ਉਮੀਦ ਨਹੀਂ ਸੀ। ਪ੍ਰਧਾਨ ਮੰਤਰੀ ਐਂਥਨੀ ਅਲਬਾਨੀਜ਼ ਨੂੰ ਉਮੀਦ ਹੈ ਕਿ 22 ਜੁਲਾਈ ਨੂੰ ਨਵੀਂ ਸੰਸਦ ਦੇ ਪਹਿਲੇ ਬੈਠਣ 'ਤੇ ਸੈਨੇਟ ਅਤੇ ਪ੍ਰਤੀਨਿਧੀ ਸਭਾ ਵਿੱਚ 57 ਪ੍ਰਤੀਸ਼ਤ ਲੇਬਰ ਕਾਨੂੰਨਸਾਜ਼ ਔਰਤਾਂ ਹੋਣਗੀਆਂ। ਸਰਕਾਰ ਵਿੱਚ ਅਲਬਾਨੀਜ਼ ਦੇ ਪਹਿਲੇ ਕਾਰਜਕਾਲ ਦੌਰਾਨ ਔਰਤਾਂ ਦਾ ਅਨੁਪਾਤ 52 ਪ੍ਰਤੀਸ਼ਤ ਸੀ।



ਆਸਟ੍ਰੇਲੀਆਈ ਚੋਣ ਕਮਿਸ਼ਨ ਨੇ ਮੰਗਲਵਾਰ ਨੂੰ ਅਧਿਕਾਰਤ ਤੌਰ 'ਤੇ ਪੋਲ ਦਾ ਐਲਾਨ ਕੀਤਾ। ਵਾਕਰ ਨੇ ਕਿਹਾ ਕਿ ਨਵੀਂ ਨੌਕਰੀ ਇੱਕ 'ਵੱਡਾ ਸਮਾਯੋਜਨ' ਹੋਵੇਗੀ, ਜੋ 1 ਜੁਲਾਈ ਤੋਂ ਆਪਣਾ ਛੇ ਸਾਲ ਦਾ ਕਾਰਜਕਾਲ ਸ਼ੁਰੂ ਕਰਦੀ ਹੈ। ਇੱਕ ਸੰਘੀ ਕਾਨੂੰਨਸਾਜ਼ ਦੀ ਮੂਲ ਤਨਖਾਹ ਸਾਲਾਨਾ 205,000 ਆਸਟ੍ਰੇਲੀਅਨ ਡਾਲਰ (133,000 ਅਮਰੀਕੀ ਡਾਲਰ) ਤੋਂ ਵੱਧ ਹੈ।

ਵਾਕਰ ਨੇ ਸੋਮਵਾਰ ਦੇਰ ਰਾਤ ਨਤੀਜਿਆਂ ਦਾ ਐਲਾਨ ਹੋਣ ਤੋਂ ਬਾਅਦ ਆਸਟ੍ਰੇਲੀਅਨ ਬ੍ਰੌਡਕਾਸਟਿੰਗ ਕਾਰਪੋਰੇਸ਼ਨ ਨੂੰ ਦੱਸਿਆ ਕਿ ਉਹ ਦੱਖਣੀ ਆਸਟ੍ਰੇਲੀਆਈ ਲੋਕਾਂ ਲਈ ਇੱਕ ਚੰਗਾ ਕੰਮ ਕਰਨਾ ਚਾਹੁੰਦੀ ਹੈ, ਪਰ ਉਹ ਨੌਜਵਾਨਾਂ ਖਾਸ ਕਰਕੇ ਨੌਜਵਾਨ ਔਰਤਾਂ ਨੂੰ ਇਹ ਵੀ ਦਿਖਾਉਣਾ ਚਾਹੁੰਦੀ ਹਾਂ ਕਿ ਔਰਤ ਉਹ ਮੁਕਾਮ ਹਾਸਲ ਕਰ ਸਕਦੀ ਹੈ ਜੋ ਉਹ ਚਾਹੁੰਦੀ ਹੈ। ਮੈਂ ਸੱਚਮੁੱਚ ਉਤਸ਼ਾਹਿਤ ਵੀ ਹਾਂ।

ਤੁਹਾਡੀ ਜਾਣਕਾਰੀ ਲਈ ਦੱਸ ਦਈਏ ਕਿ ਵਾਕਰ ਤੋਂ ਪਹਿਲਾਂ ਸਭ ਤੋਂ ਛੋਟੀ ਉਮਰ ਦੇ ਸੈਨੇਟਰ ਗ੍ਰੀਨ ਪਾਰਟੀ ਦੇ ਜੌਰਡਨ ਸਟੀਲ-ਜੌਨ ਸਨ, ਜੋ 2017 ਵਿੱਚ 23 ਸਾਲ ਦੀ ਉਮਰ ਵਿੱਚ ਪੱਛਮੀ ਆਸਟ੍ਰੇਲੀਆ ਰਾਜ ਲਈ ਚੁਣੇ ਗਏ ਸਨ। ਆਸਟ੍ਰੇਲੀਆ ਦੇ ਸਭ ਤੋਂ ਛੋਟੀ ਉਮਰ ਦੇ ਸੰਘੀ ਕਾਨੂੰਨਸਾਜ਼ ਵਿਆਟ ਰਾਏ ਸਨ, ਜੋ 2010 ਵਿੱਚ 20 ਸਾਲ ਦੀ ਉਮਰ ਵਿੱਚ ਪ੍ਰਤੀਨਿਧੀ ਸਭਾ ਲਈ ਚੁਣੇ ਗਏ ਸਨ। ਉਹ ਆਪਣੀ ਕੁਈਨਜ਼ਲੈਂਡ ਰਾਜ ਸੀਟ ਤੋਂ ਬਾਹਰ ਹੋਣ ਤੋਂ ਪਹਿਲਾਂ ਦੋ ਤਿੰਨ ਸਾਲਾਂ ਦੇ ਕਾਰਜਕਾਲ ਤੱਕ ਰਹੇ।

# ਮੈਕਸੀਕਨ ਰਾਸ਼ਟਰਪਤੀ ਸ਼ੀਨਬੌਮ ਨੇ ਰੈਮਿਟੈਂਸ ਤੇ ਅਮਰੀਕੀ ਟੈਕਸਾਂ ਦੀ ਕੀਤੀ ਨਿੰਦਾ

ਮੈਕਸੀਕੋ ਸਿਟੀ : ਮੈਕਸੀਕੋ ਦੀ ਰਾਸ਼ਟਰਪਤੀ ਕਲਾਉਡੀਆ ਸ਼ੀਨਬੌਮ ਨੇ ਪੈਸੇ ਭੇਜਣ 'ਤੇ ਅਮਰੀਕੀ ਟੈਕਸਾਂ ਦੀ ਨਿੰਦਾ ਕੀਤੀ ਹੈ। ਸ਼ੀਨਬੌਮ ਨੇ ਕਿਹਾ ਕਿ ਉਹ ਮੈਕਸੀਕੋ ਭੇਜੇ ਜਾਣ ਵਾਲੇ ਪੈਸੇ 'ਤੇ ਟੈਕਸ ਲਗਾਉਣ ਤੋਂ ਅਮਰੀਕੀ ਕਾਨੂੰਨਾਂ ਨੂੰ ਰੋਕਣ ਲਈ ਸਖ਼ਤ ਲਾਬਿੰਗ ਕਰ ਰਹੀ ਹੈ। ਉਨ੍ਹਾਂ ਇੱਕ ਪ੍ਰੈਸ ਕਾਨਫਰੰਸ ਵਿੱਚ ਕਿਹਾ ਕਿ ਅਮਰੀਕਾ ਵਿੱਚ ਮੈਕਸੀਕਨ ਪ੍ਰਵਾਸੀ ਆਪਣੀ ਇਮੀਗ੍ਰੇਸ਼ਨ ਸਥਿਤੀ ਦੀ ਪਰਵਾਹ ਕੀਤੇ ਬਿਨਾਂ ਟੈਕਸ ਅਦਾ ਕਰਕੇ 'ਅਮਰੀਕੀ ਅਰਥਵਿਵਸਥਾ ਨੂੰ ਚਲਾਉਂਦੇ ਰਹਿੰਦੇ ਹਨ'। ਉਨ੍ਹਾਂ ਦੀ ਕਮਾਈ ਦਾ ਸਿਰਫ਼ 20 ਪ੍ਰਤੀਸ਼ਤ ਹੀ ਪੈਸੇ ਭੇਜਣ ਵਿੱਚ ਜਾਂਦਾ ਹੈ। ਉਸਨੇ 1992 ਦੇ ਦੋਹਰੇ ਟੈਕਸਾਂ ਤੋਂ ਬਚਣ ਦੇ ਸੰਧੀ ਦਾ ਹਵਾਲਾ ਦਿੰਦੇ ਹੋਏ ਕਿਹਾ, 'ਸੰਯੁਕਤ ਰਾਜ ਅਮਰੀਕਾ ਅਤੇ ਮੈਕਸੀਕੋ ਵਿਚਕਾਰ 1992 ਵਿੱਚ ਇੱਕ ਸਮਝੌਤਾ ਹੋਇਆ ਸੀ ਜਿਸ ਵਿੱਚ ਕਿਹਾ ਗਿਆ ਸੀ ਕਿ ਕੋਈ ਵੀ ਦੋਹਰਾ ਟੈਕਸ ਨਹੀਂ ਹੋਣਾ ਚਾਹੀਦਾ ਜੋ ਵਿਤਕਰੇ ਵਾਲਾ ਹੋਵੇ।'



ਰਾਸ਼ਟਰਪਤੀ ਨੇ ਕਿਹਾ ਕਿ ਮੈਕਸੀਕਨ ਕਾਨੂੰਨਸਾਜ਼ ਅਤੇ ਗੈਰ-ਸਰਕਾਰੀ ਸੰਗਠਨ ਪ੍ਰਸਤਾਵਿਤ ਟੈਕਸ ਦੀਆਂ ਖਾਮੀਆਂ ਅਤੇ ਅਮਰੀਕੀ ਅਰਥਵਿਵਸਥਾ 'ਤੇ ਇਸਦੇ ਸੰਭਾਵੀ ਨਕਾਰਾਤਮਕ ਪ੍ਰਭਾਵ ਨੂੰ ਉਜਾਗਰ ਕਰਨ ਲਈ ਅਣਥੱਕ ਮੁਹਿੰਮ ਚਲਾ ਰਹੇ ਹਨ। ਵਿੱਤੀ ਮਾਹਿਰਾਂ ਅਨੁਸਾਰ ਪੈਸੇ ਭੇਜਣ 'ਤੇ ਟੈਕਸ ਲਗਾਉਣ ਨਾਲ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਮੈਕਸੀਕੋ ਪੈਸੇ ਭੇਜਣ ਦੇ ਹੋਰ ਗੈਰ-ਰਸਮੀ ਸਾਧਨਾਂ ਦੀ ਭਾਲ ਕਰਨ ਲਈ ਉਤਸ਼ਾਹਿਤ ਕੀਤਾ ਜਾ ਸਕਦਾ ਹੈ, ਜਿਸ ਨਾਲ ਕਾਲਾ ਬਾਜ਼ਾਰ ਵਧ ਸਕਦਾ ਹੈ।

# ਨਹੀਂ ਬਣੀ ਸਹਿਮਤੀ, ਇਜ਼ਰਾਈਲ ਨੇ ਨਵੀਂ ਜੰਗਬੰਦੀ ਦੀ ਤਜਵੀਜ਼ ਕੀਤੀ ਰੱਦ

ਯੇਰੂਸ਼ਲਮ : ਇਜ਼ਰਾਈਲ ਅਤੇ ਗਾਜ਼ਾ ਵਿਚਾਲੇ ਜੰਗਬੰਦੀ ਦੀਆਂ ਅਮਰੀਕਾ ਦੀਆਂ ਕੋਸ਼ਿਸ਼ਾਂ ਸਫਲ ਨਹੀਂ ਹੋ ਪਾ ਰਹੀਆਂ। ਹੁਣ ਇਜ਼ਰਾਈਲ ਨੇ ਗਾਜ਼ਾ ਵਿੱਚ ਹਮਲੇ ਰੋਕਣ ਅਤੇ ਆਪਣੇ 10 ਬੰਧਕਾਂ ਦੀ ਰਿਹਾਈ ਨੂੰ ਯਕੀਨੀ ਬਣਾਉਣ ਦੇ ਉਦੇਸ਼ ਨਾਲ ਅਮਰੀਕਾ ਦੇ ਇੱਕ ਨਵੇਂ ਪ੍ਰਸਤਾਵ ਨੂੰ ਰੱਦ ਕਰ ਦਿੱਤਾ ਹੈ। ਇਜ਼ਰਾਈਲ ਦੇ ਸਰਕਾਰੀ 'ਕਾਨ' ਟੀਵੀ ਨੇ ਸੋਮਵਾਰ ਨੂੰ ਇਹ ਜਾਣਕਾਰੀ ਦਿੱਤੀ। ਇਸ ਸਬੰਧੀ ਚੱਲ ਰਹੀ 'ਗੱਲਬਾਤ' ਟੀਮ ਵਿੱਚ ਸ਼ਾਮਲ ਇੱਕ ਸੀਨੀਅਰ ਇਜ਼ਰਾਈਲੀ ਅਧਿਕਾਰੀ ਨੇ ਕਾਨ ਟੀਵੀ ਨੂੰ ਦੱਸਿਆ ਕਿ ਅਮਰੀਕੀ ਵਿਚੋਲਿਆਂ ਨੇ ਬੀਤੇ ਦਿਨ ਇੱਕ ਪ੍ਰਸਤਾਵ ਪੇਸ਼ ਕੀਤਾ, ਜਿਸ ਵਿੱਚ ਪੰਜ ਜ਼ਿੰਦਾ ਬੰਧਕਾਂ ਦੀ ਰਿਹਾਈ ਅਤੇ ਪੰਜ ਬੰਧਕਾਂ ਦੀਆਂ ਲਾਸ਼ਾਂ ਦੀ ਸਪੁਰਦਗੀ, ਗਾਜ਼ਾ ਵਿੱਚ ਮਨੁੱਖੀ ਸਹਾਇਤਾ ਸਮੱਗਰੀ ਦੀ ਆਵਾਜਾਈ, 70 ਦਿਨਾਂ ਦੀ ਜੰਗਬੰਦੀ ਅਤੇ ਸਥਾਈ ਜੰਗਬੰਦੀ ਲਈ ਗੱਲਬਾਤ ਵਰਗੇ ਮੁੱਦੇ ਸ਼ਾਮਲ ਸਨ। ਅਧਿਕਾਰੀ ਨੇ ਕਿਹਾ ਕਿ ਇਜ਼ਰਾਈਲ ਨੇ ਇਸਨੂੰ 'ਹਮਾਸ ਅੱਗੇ ਸਮਰਪਣ' ਮੰਨਦੇ ਹੋਏ



ਪੂਰੀ ਤਰ੍ਹਾਂ ਰੱਦ ਕਰ ਦਿੱਤਾ ਹੈ।

ਇਜ਼ਰਾਈਲ ਨੇ ਤਥਾਕਥਿਤ 'ਵਿਟਕੌਫ' ਡਰਾਫਟ 'ਤੇ ਜ਼ੋਰ ਦਿੱਤਾ ਹੈ, ਇਹ ਪ੍ਰਸਤਾਵ ਦੇਸ਼ ਦੇ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਦੁਆਰਾ ਮਾਰਚ ਦੇ ਸ਼ੁਰੂ ਵਿੱਚ ਪੇਸ਼ ਕੀਤਾ ਗਿਆ ਸੀ। ਇਸ ਵਿੱਚ 50 ਦਿਨਾਂ ਦੀ ਜੰਗਬੰਦੀ ਦੇ ਬਦਲੇ ਵਾਧੂ ਇਜ਼ਰਾਈਲੀ ਬੰਧਕਾਂ ਦੀ ਰਿਹਾਈ ਅਤੇ ਲੰਬੇ ਸਮੇਂ ਦੀ ਜੰਗਬੰਦੀ ਲਈ ਗੱਲਬਾਤ ਕਰਨ ਦਾ ਵਾਅਦਾ ਸ਼ਾਮਲ ਹੈ। ਹਾਲਾਂਕਿ ਇਸ ਵਿੱਚ ਇਜ਼ਰਾਈਲੀ ਫੌਜਾਂ ਦੀ ਵਾਪਸੀ ਜਾਂ ਫਲਸਤੀਨੀ ਕੈਦੀਆਂ ਦੀ ਰਿਹਾਈ ਦਾ ਜ਼ਿਕਰ ਨਹੀਂ ਹੈ, ਇਹ ਹਮਾਸ ਦੀਆਂ ਦੋ ਮੁੱਖ ਮੰਗਾਂ ਹਨ। ਇਸ ਦੌਰਾਨ ਇਜ਼ਰਾਈਲ ਅਤੇ ਹਮਾਸ ਵਿਚਕਾਰ ਅਸਿੱਧੀ ਗੱਲਬਾਤ ਦਾ ਇੱਕ ਹੋਰ ਦੌਰ ਪਿਛਲੇ ਵੀਰਵਾਰ ਨੂੰ ਸਮਾਪਤ ਹੋ ਗਿਆ ਜਦੋਂ ਨੇਤਨਯਾਹੂ ਨੇ ਦੇਸ਼ ਦੇ ਵਫ਼ਦ ਨੂੰ ਵਾਪਸ ਬੁਲਾ ਲਿਆ। ਇਸਦਾ ਉਦੇਸ਼ ਇਜ਼ਰਾਈਲ ਦੀ 19 ਮਹੀਨੇ ਲੰਬੀ ਫੌਜੀ ਮੁਹਿੰਮ ਨੂੰ ਖਤਮ ਕਰਨਾ ਅਤੇ ਗਾਜ਼ਾ ਵਿੱਚ ਅਜੇ ਵੀ ਬੰਧਕ ਬਣਾਏ ਗਏ 58 ਲੋਕਾਂ ਦੀ ਰਿਹਾਈ ਨੂੰ ਯਕੀਨੀ ਬਣਾਉਣਾ ਸੀ।

ਇਜ਼ਰਾਈਲ ਨੇ ਦੋ ਮਹੀਨਿਆਂ ਦੀ ਜੰਗਬੰਦੀ ਤੋਂ ਬਾਅਦ ਮਾਰਚ ਵਿੱਚ ਤਿੰਨ-ਪੜਾਅ ਵਾਲੀ ਜੰਗਬੰਦੀ ਨੂੰ ਖਤਮ ਕਰ ਦਿੱਤਾ, ਜਿਸ ਦੌਰਾਨ ਹਮਾਸ ਨੇ 33 ਇਜ਼ਰਾਈਲੀ ਬੰਧਕਾਂ ਨੂੰ ਰਿਹਾਅ ਕਰ ਦਿੱਤਾ। ਹਾਲਾਂਕਿ ਇਜ਼ਰਾਈਲ ਨੇ ਦੂਜੇ ਪੜਾਅ ਵਿੱਚ ਅੱਗੇ ਵਧਣ ਤੋਂ ਇਨਕਾਰ ਕਰ ਦਿੱਤਾ ਅਤੇ ਗਾਜ਼ਾ 'ਤੇ ਆਪਣਾ ਹਮਲਾ ਦੁਬਾਰਾ ਸ਼ੁਰੂ ਕਰ ਦਿੱਤਾ। ਗਾਜ਼ਾ ਦੇ ਸਿਹਤ ਅਧਿਕਾਰੀਆਂ ਅਨੁਸਾਰ ਯੁੱਧ ਸ਼ੁਰੂ ਹੋਣ ਤੋਂ ਬਾਅਦ ਇਸ ਖੇਤਰ ਵਿੱਚ 53,000 ਤੋਂ ਵੱਧ ਫਲਸਤੀਨੀ ਮਾਰੇ ਗਏ ਹਨ।

# ਟਰੰਪ ਨੂੰ ਮਿਲਿਆ 13 ਹਜ਼ਾਰ ਕਰੋੜ ਰੁਪਏ ਦਾ ਤੋਹ.ਫਾ



ਵਾਸ਼ਿੰਗਟਨ : ਅਮਰੀਕਾ ਦੇ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਟੈਰਿਫ ਨੀਤੀ ਤੋਂ ਲਗਭਗ ਸਾਰੇ ਦੇਸ਼ ਪ੍ਰਭਾਵਿਤ ਹਨ। ਟਰੰਪ ਦੀ ਟੈਰਿਫ ਨੀਤੀ ਤੋਂ ਬਚਣ ਲਈ ਵੀਅਤਨਾਮ ਨੇ ਟਰੰਪ ਦੇ ਪਰਿਵਾਰ ਨੂੰ 13 ਹਜ਼ਾਰ ਕਰੋੜ ਰੁਪਏ ਦਾ ਕੀਮਤੀ ਤੋਹਫਾ ਦਿੱਤਾ ਹੈ। ਜਾਣਕਾਰੀ ਮੁਤਾਬਕ ਟਰੰਪ ਦੇ ਸੱਤਾ ਵਿੱਚ ਵਾਪਸ ਆਉਣ ਤੋਂ ਬਾਅਦ ਉਨ੍ਹਾਂ ਦੇ ਪਰਿਵਾਰ ਦੀਆਂ ਵਪਾਰਕ ਗਤੀਵਿਧੀਆਂ ਵਿੱਚ ਵਾਧਾ ਹੋਇਆ ਹੈ।

ਵੀਅਤਨਾਮ ਅਤੇ ਇੰਡੋਨੇਸ਼ੀਆ ਵਰਗੇ ਏਸ਼ੀਆਈ ਦੇਸ਼ ਹੁਣ ਟਰੰਪ ਪਰਿਵਾਰ ਨੂੰ ਅਰਬਾਂ ਡਾਲਰ ਦੇ ਪ੍ਰੋਜੈਕਟ ਦੇ ਕੇ ਅਮਰੀਕਾ ਨਾਲ ਆਪਣੇ ਸਬੰਧਾਂ ਨੂੰ ਬਿਹਤਰ ਬਣਾਉਣ ਲਈ ਮੁਕਾਬਲਾ ਕਰ ਰਹੇ ਹਨ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਇਨ੍ਹਾਂ ਸੌਦਿਆਂ ਵਿੱਚ ਬਹੁਤ ਸਾਰੇ ਦੇਸ਼ ਕਾਨੂੰਨੀ ਪ੍ਰਕਿਰਿਆਵਾਂ ਨੂੰ ਨਜ਼ਰਅੰਦਾਜ਼ ਕਰ ਰਹੇ ਹਨ ਅਤੇ ਕਾਨੂੰਨੀ ਰਿਆਇਤਾਂ ਦੇ ਰਹੇ ਹਨ। ਵੀਅਤਨਾਮ ਦੇ ਵਿੰਹ ਫੁਕ ਸੂਬੇ ਵਿੱਚ 13,000 ਕਰੋੜ ਰੁਪਏ ਦਾ 'ਟਰੰਪ ਇੰਟਰਨੈਸ਼ਨਲ ਗੋਲਫ ਰਿਜ਼ੋਰਟ' ਪ੍ਰੋਜੈਕਟ ਇੱਕ ਅਜਿਹਾ ਹੀ ਮਾਮਲਾ ਹੈ। ਵੀਅਤਨਾਮੀ ਸਰਕਾਰ ਨੇ ਇਸਨੂੰ ਰਾਸ਼ਟਰੀ ਤਰਜੀਹ ਦੱਸਦੇ ਹੋਏ ਮਨਜ਼ੂਰੀ ਦੇ ਦਿੱਤੀ। ਇਸ ਵਿੱਚ ਜ਼ਮੀਨ ਪ੍ਰਾਪਤੀ ਅਤੇ ਵਿੱਤੀ ਜਾਂਚ ਵਰਗੀਆਂ ਪ੍ਰਕਿਰਿਆਵਾਂ ਨੂੰ ਬਾਈਪਾਸ ਕੀਤਾ ਗਿਆ ਹੈ। ਸੂਤਰਾਂ ਅਨੁਸਾਰ ਇਹ ਪ੍ਰੋਜੈਕਟ ਟਰੰਪ ਦੇ ਪਰਿਵਾਰ ਨਾਲ ਜੁੜਿਆ ਹੋਇਆ ਹੈ, ਇਸ ਲਈ ਇਸਨੂੰ ਕਾਨੂੰਨੀ ਪ੍ਰਕਿਰਿਆ ਦੀ ਪਾਲਣਾ ਕੀਤੇ ਬਿਨਾਂ ਹੀ ਮਨਜ਼ੂਰੀ ਦੇ ਦਿੱਤੀ ਗਈ। ਇਸ ਦੇ ਨਾਲ ਹੀ ਇੰਡੋਨੇਸ਼ੀਆ ਦੇ ਬਾਲੀ ਅਤੇ ਪੱਛਮੀ ਜਾਵਾ ਵਿੱਚ ਟਰੰਪ ਪਰਿਵਾਰ ਨੂੰ ਹੋਟਲ ਅਤੇ ਗੋਲਫ ਕੋਰਸ ਵਰਗੇ ਪ੍ਰੋਜੈਕਟ ਵੀ ਪੇਸ਼ ਕੀਤੇ ਗਏ ਹਨ। ਇਨ੍ਹਾਂ ਵਿੱਚ ਵੀ ਕਾਨੂੰਨੀ ਪ੍ਰਕਿਰਿਆਵਾਂ ਨੂੰ ਨਜ਼ਰਅੰਦਾਜ਼ ਕੀਤਾ ਗਿਆ ਹੈ।

ਵੀਅਤਨਾਮ ਅਤੇ ਇੰਡੋਨੇਸ਼ੀਆ ਤੋਂ ਇਲਾਵਾ ਤੁਰਕੀ ਅਤੇ ਅਜ਼ਰਬਾਈਜਾਨ ਵਰਗੇ ਦੇਸ਼ ਵੀ ਟਰੰਪ ਪਰਿਵਾਰ ਨੂੰ ਲੁਭਾਉਣ ਦੀ ਕੋਸ਼ਿਸ਼ ਕਰ ਰਹੇ ਹਨ। ਤੁਰਕੀ ਦੇ ਇਸਤਾਂਬੁਲ ਵਿੱਚ ਟਰੰਪ ਟਾਵਰਜ਼ ਰਿਹਾਇਸ਼ੀ ਅਤੇ ਦਫ਼ਤਰ ਕੰਪਲੈਕਸ ਵਰਗੇ ਪ੍ਰੋਜੈਕਟ ਟਰੰਪ ਦੇ ਪਰਿਵਾਰ ਨੂੰ ਪੇਸ਼ ਕੀਤੇ ਗਏ ਹਨ। ਅਜ਼ਰਬਾਈਜਾਨ ਵਿੱਚ ਵੀ ਟਰੰਪ ਇੰਟਰਨੈਸ਼ਨਲ ਹੋਟਲ ਬਣਾਇਆ ਜਾ ਰਿਹਾ ਹੈ। ਪਾਕਿਸਤਾਨ ਦੀ ਸ਼ਾਹਬਾਜ਼ ਸਰਕਾਰ ਨੇ ਟਰੰਪ ਏਆਈ ਪ੍ਰੋਜੈਕਟ ਨੂੰ 2 ਹਜ਼ਾਰ ਮੈਗਾਵਾਟ ਬਿਜਲੀ ਦਿੱਤੀ ਹੈ।

# ਬਿਨਾਂ ਸਕੂਲ ਨੂੰ ਦੱਸੇ ਕੋਰਸ ਛੱਡਣ 'ਤੇ ਵੀਜ਼ਾ ਰੱਦ ਹੋਵੇਗਾ: ਅਮਰੀਕਾ

## ਅਮਰੀਕਾ ਵੱਲੋਂ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਨਵੀਂ ਚਿਤਾਵਨੀ

ਵਾਸ਼ਿੰਗਟਨ : ਟਰੰਪ ਵਲੋਂ ਅਮਰੀਕਾ ਦੇ ਰਾਸ਼ਟਰਪਤੀ ਵਜੋਂ ਸਹੁੰ ਚੁੱਕਣ ਤੋਂ ਬਾਅਦ ਅਮਰੀਕਾ ਵੀਜ਼ਾ ਨਿਯਮਾਂ ਨੂੰ ਲੈ ਕੇ ਖਾਸਾ ਸਖ਼ਤ ਹੋ ਗਿਆ ਹੈ ਅਤੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜੇ ਜਾਣ ਦਾ ਖ਼ਤਰਾ ਦਰਪੇਸ਼ ਹੈ ਜਿਨ੍ਹਾਂ ਵਿਚ ਭਾਰਤ ਤੋਂ ਅਮਰੀਕਾ ਜਾਣ ਵਾਲੇ ਵਿਦਿਆਰਥੀ ਵੀ ਸ਼ਾਮਲ ਹਨ।

ਸੰਯੁਕਤ ਰਾਜ ਨੇ ਅੱਜ ਭਾਰਤ ਸਣੇ ਅੰਤਰਰਾਸ਼ਟਰੀ ਵਿਦਿਆਰਥੀਆਂ ਨੂੰ ਇੱਕ ਹੋਰ ਚਿਤਾਵਨੀ ਜਾਰੀ ਕੀਤੀ। ਅਮਰੀਕੀ ਦੂਤਾਵਾਸ ਨੇ ਸੋਸ਼ਲ ਮੀਡੀਆ 'ਤੇ ਲਿਖਿਆ, 'ਜੇਕਰ ਤੁਸੀਂ ਸਕੂਲ ਛੱਡ ਦਿੰਦੇ ਹੋ, ਕਲਾਸਾਂ ਵਿਚ ਨਹੀਂ ਜਾਂਦੇ ਜਾਂ ਆਪਣੇ ਸਕੂਲ ਨੂੰ ਦੱਸੇ ਬਿਨਾਂ ਆਪਣਾ ਕੋਰਸ ਛੱਡ ਦਿੰਦੇ ਹੋ, ਤਾਂ ਤੁਹਾਡਾ ਵਿਦਿਆਰਥੀ ਵੀਜ਼ਾ ਰੱਦ ਹੋ ਸਕਦਾ ਹੈ ਅਤੇ ਭਵਿੱਖ ਵਿੱਚ ਤੁਹਾਨੂੰ ਅਮਰੀਕਾ ਲਈ ਵੀਜ਼ਾ ਰੱਦ ਕੀਤਾ ਜਾ ਸਕਦਾ ਹੈ। ਇਸ ਕਰ ਕੇ ਆਪਣੇ ਵੀਜ਼ੇ ਦੀਆਂ ਸ਼ਰਤਾਂ ਦੀ ਪਾਲਣਾ ਕਰੋ ਅਤੇ ਕਿਸੇ ਵੀ ਮੁੱਦੇ ਤੋਂ ਬਚਣ ਲਈ ਆਪਣੀ ਵਿਦਿਆਰਥੀ ਸਥਿਤੀ ਨੂੰ ਪਹਿਲਾਂ ਵਾਂਗ ਬਣਾਈ ਰੱਖੋ।' ਜ਼ਿਕਰਯੋਗ ਹੈ ਟਰੰਪ ਪ੍ਰਸ਼ਾਸਨ ਅਮਰੀਕਾ ਵੀਜ਼ਾ ਨਿਯਮਾਂ ਨੂੰ ਲੈ ਕੇ ਸਖਤ ਹੋ ਗਿਆ ਹੈ ਤੇ ਵੀਜ਼ਾ ਸ਼ਰਤਾਂ ਲਈ ਨਿਤ ਨਵੇਂ ਨਿਰਦੇਸ਼ ਜਾਰੀ ਹੋ ਰਹੇ ਹਨ ਜਿਸ ਕਾਰਨ ਅਮਰੀਕਾ ਵਿਚ ਪੜ੍ਹਨ ਆਉਣ ਵਾਲੇ ਬਹੁਤ ਸਾਰੇ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਦੇਸ਼ ਵਾਪਸ ਭੇਜੇ ਜਾਣ ਦਾ ਖ਼ਤਰਾ ਪੈਦਾ ਹੋ ਗਿਆ ਹੈ। ਇਸ ਤੋਂ ਕੁਝ ਦਿਨ ਪਹਿਲਾਂ ਟਰੰਪ ਪ੍ਰਸ਼ਾਸਨ ਨੇ ਇਕ ਯੂਨੀਵਰਸਿਟੀ ਨੂੰ ਆਪਣੇ ਅੰਤਰਾਸ਼ਟਰੀ ਸਟੂਡੈਂਟ ਪ੍ਰੋਗਰਾਮ ਨੂੰ ਰੱਦ ਕਰਨ ਲਈ ਕਿਹਾ ਸੀ।

# ਯੂਰਪ 'ਚ ਟੇਸਲਾ ਦੀ ਵਿਕਾਸ ਦਰ ਘਟੀ, ਵਿਕਰੀ 'ਚ 49% ਦੀ ਗਿਰਾਵਟ



ਵਾਸ਼ਿੰਗਟਨ : ਦੁਨੀਆ ਭਰ ਵਿੱਚ ਇਲੈਕਟ੍ਰਿਕ ਕਾਰਾਂ ਦਾ ਪ੍ਰਤੀਕ ਬਣ ਚੁੱਕੀ ਟੇਸਲਾ ਨੂੰ ਇਸ ਵਾਰ ਯੂਰਪ ਵਿੱਚ ਵੱਡਾ ਝਟਕਾ ਲੱਗਾ ਹੈ। ਯੂਰਪੀਅਨ ਆਟੋਮੋਬਾਈਲ ਮੈਨੂਫੈਕਚਰਰਜ਼ ਐਸੋਸੀਏਸ਼ਨ (1351) ਦੇ ਤਾਜ਼ਾ ਅੰਕੜਿਆਂ ਅਨੁਸਾਰ ਟੇਸਲਾ ਨੇ ਅਪ੍ਰੈਲ 2025 ਵਿੱਚ ਯੂਰਪ ਵਿੱਚ ਸਿਰਫ਼ 7,261 ਕਾਰਾਂ ਵੇਚੀਆਂ, ਜੋ ਪਿਛਲੇ ਸਾਲ ਦੇ ਮੁਕਾਬਲੇ 49% ਘੱਟ ਹਨ। ਇਹ ਗਿਰਾਵਟ ਉਸ ਸਮੇਂ ਆਈ ਹੈ ਜਦੋਂ ਪੂਰੇ ਯੂਰਪ ਵਿੱਚ ਬੈਟਰੀ ਨਾਲ ਚੱਲਣ ਵਾਲੀਆਂ ਕਾਰਾਂ ਦੀ ਵਿਕਰੀ 34.1% ਵਧੀ ਹੈ।

ਕਈ ਕਾਰਕ ਸਾਹਮਣੇ ਆਏ ਹਨ ਜੋ ਟੇਸਲਾ ਦੇ ਬ੍ਰਾਂਡ ਅਕਸ ਨੂੰ ਨੁਕਸਾਨ ਪਹੁੰਚਾ ਰਹੇ ਹਨ। ਸਭ ਤੋਂ ਮਹੱਤਵਪੂਰਨ ਗੱਲ ਇਹ ਹੈ ਕਿ ਕੰਪਨੀ ਦੇ ਸੀ.ਈ.ਓ ਐਲੋਨ ਮਸਕ ਦਾ ਸਾਬਕਾ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਵਧਦਾ ਰਾਜਨੀਤਿਕ ਸਬੰਧ। ਇਸ ਸਬੰਧ ਕਾਰਨ ਯੂਰਪ ਵਿੱਚ ਮਸਕ ਦੀ ਛਵੀ ਵਿਵਾਦਪੂਰਨ ਬਣ ਰਹੀ ਹੈ। ਮਾਰਚ 2025 ਵਿੱਚ ਪੂਰੇ ਯੂਰਪ ਵਿੱਚ ਟੇਸਲਾ ਸ਼ੋਅਰੂਮਾਂ ਦੇ ਬਾਹਰ ਵੀ ਵਿਰੋਧ ਪ੍ਰਦਰਸ਼ਨ ਹੋਏ। ਇਸ ਨਾਲ ਗਾਹਕ ਨਾਰਾਜ਼ ਹੋਏ ਅਤੇ ਟੇਸਲਾ ਦੀ ਵਿਕਰੀ 'ਤੇ ਸਿੱਧਾ ਅਸਰ ਪਿਆ।

ਸਿਰਫ਼ ਅਪ੍ਰੈਲ ਵਿੱਚ ਹੀ ਨਹੀਂ ਪੂਰੇ ਸਾਲ ਦੀ ਸ਼ੁਰੂਆਤ ਤੋਂ ਹੀ ਟੇਸਲਾ ਦੀ ਵਿਕਰੀ ਲਗਾਤਾਰ ਘਟਦੀ ਜਾ ਰਹੀ ਹੈ। ਜਨਵਰੀ ਤੋਂ ਅਪ੍ਰੈਲ 2025 ਤੱਕ ਦੀ ਮਿਆਦ ਵਿੱਚ ਟੇਸਲਾ ਦੀ ਵਿਕਰੀ ਵਿੱਚ 40% ਦੀ ਗਿਰਾਵਟ ਆਈ ਹੈ, ਜੋ ਕਿ ਕੰਪਨੀ ਲਈ ਬਹੁਤ ਚਿੰਤਾ ਦਾ ਵਿਸ਼ਾ ਹੈ। ਟੇਸਲਾ ਨੇ ਹਾਲ ਹੀ ਵਿੱਚ ਆਪਣੀ ਪ੍ਰਸਿੱਧ ਮਾਡਲ Y SUV ਦਾ ਇੱਕ ਨਵਾਂ ਸੰਸਕਰਣ ਲਾਂਚ ਕੀਤਾ ਹੈ, ਪਰ ਇਸ ਤੋਂ ਇਲਾਵਾ ਕੰਪਨੀ ਕੋਲ ਕੋਈ ਨਵਾਂ ਮਾਸ ਮਾਰਕੀਟ ਮਾਡਲ ਨਹੀਂ ਹੈ। ਗਾਹਕ ਹੁਣ ਨਵੀਂ ਤਕਨਾਲੋਜੀ ਅਤੇ ਤਾਜ਼ੇ ਡਿਜ਼ਾਈਨ ਚਾਹੁੰਦੇ ਹਨ, ਜਦੋਂ ਕਿ ਟੇਸਲਾ ਦੀ ਮੌਜੂਦਾ ਲਾਈਨ-ਅੱਪ ਕਈ ਸਾਲ ਪੁਰਾਣੀ ਹੈ। ਇਹੀ ਕਾਰਨ ਹੈ ਕਿ ਗਾਹਕ ਦੂਜੀਆਂ ਕੰਪਨੀਆਂ ਵੱਲ ਮੁੜ ਰਹੇ ਹਨ। ਟੇਸਲਾ ਹੁਣ ਨਾ ਸਿਰਫ਼ ਅਮਰੀਕੀ ਜਾਂ ਯੂਰਪੀ ਕੰਪਨੀਆਂ ਤੋਂ ਸਗੋਂ ਤੇਜ਼ੀ ਨਾਲ ਵਧ ਰਹੀਆਂ ਚੀਨੀ ਕੰਪਨੀਆਂ ਤੋਂ ਵੀ ਸਖ਼ਤ ਮੁਕਾਬਲੇ ਦਾ ਸਾਹਮਣਾ ਕਰ ਰਹੀ ਹੈ। ਹਾਲੀਆ ਅੰਕੜਿਆਂ ਅਨੁਸਾਰ ਚੀਨ ਦੀ BYD ਕੰਪਨੀ ਨੇ ਪਹਿਲੀ ਵਾਰ ਯੂਰਪ ਵਿੱਚ ਟੇਸਲਾ ਨਾਲੋਂ ਵੱਧ ਸ਼ੁੱਧ ਇਲੈਕਟ੍ਰਿਕ ਕਾਰਾਂ ਵੇਚੀਆਂ। ਇਹ ਬਦਲਾਅ ਦਰਸਾਉਂਦਾ ਹੈ ਕਿ ਟੇਸਲਾ ਦੀ ਪਕੜ ਹੁਣ ਢਿੱਲੀ ਹੋ ਰਹੀ ਹੈ।

ਟੇਸਲਾ ਪੂਰੀ ਤਰ੍ਹਾਂ ਬੈਟਰੀ ਵਾਲੀਆਂ ਕਾਰਾਂ ਬਣਾਉਂਦਾ ਹੈ, ਪਰ ਯੂਰਪੀਅਨ ਗਾਹਕ ਹੁਣ ਹਾਈਬ੍ਰਿਡ ਕਾਰਾਂ ਨੂੰ ਤਰਜੀਹ ਦੇ ਰਹੇ ਹਨ। ਇਹ ਕਾਰਾਂ ਬੈਟਰੀਆਂ ਅਤੇ ਰਵਾਇਤੀ ਬਾਲਣ ਦੋਵਾਂ 'ਤੇ ਚੱਲਦੀਆਂ ਹਨ। 1351 ਅਨੁਸਾਰ ਹਾਈਬ੍ਰਿਡ ਕਾਰਾਂ ਹੁਣ ਯੂਰਪ ਵਿੱਚ ਕੁੱਲ ਕਾਰ ਬਾਜ਼ਾਰ ਦਾ 35% ਤੋਂ ਵੱਧ ਹਿੱਸਾ ਬਣਾਉਂਦੀਆਂ ਹਨ। ਪਰ ਟੇਸਲਾ ਕੋਲ ਇੱਕ ਵੀ ਹਾਈਬ੍ਰਿਡ ਮਾਡਲ ਨਹੀਂ ਹੈ, ਜਿਸ ਕਾਰਨ ਇਸਦੇ ਗਾਹਕ ਅਧਾਰ ਵਿੱਚ ਗਿਰਾਵਟ ਆ ਰਹੀ ਹੈ। ਨਿਵੇਸ਼ਕ ਐਲੋਨ ਮਸਕ ਦੀ ਵਧਦੀ ਰਾਜਨੀਤਿਕ ਭੂਮਿਕਾ ਬਾਰੇ ਵੀ ਚਿੰਤਤ ਹਨ। ਮਸਕ ਹੁਣ ਅਮਰੀਕਾ ਵਿੱਚ ਇੱਕ ਸਰਕਾਰੀ ਕੁਸ਼ਲਤਾ ਵਿਭਾਗ ਨਾਲ ਜੁੜੇ ਹੋਏ ਹਨ ਅਤੇ ਸਾਬਕਾ ਰਾਸ਼ਟਰਪਤੀ ਟਰੰਪ ਨੂੰ ਵੀ ਸਲਾਹ ਦੇ ਰਹੇ ਹਨ। ਇਸ ਨਾਲ ਇਹ ਸਵਾਲ ਉੱਠਦਾ ਹੈ ਕਿ ਕੀ ਮਸਕ ਹੁਣ ਟੈਸਲਾ ਨੂੰ ਓਨਾ ਸਮਾਂ ਦੇਣ ਦੇ ਯੋਗ ਹੈ ਜਿੰਨਾ ਉਸਨੂੰ ਦੇਣਾ ਚਾਹੀਦਾ ਹੈ?

# ਪ੍ਰਮਾਣੂ ਹਥਿਆਰਾਂ ਦਾ ਆਧੁਨਿਕੀਕਰਨ ਕਰ ਰਿਹਾ ਪਾਕਿਸਤਾਨ, ਰਿਪੋਰਟ 'ਚ ਦਾਅਵਾ



ਭਾਰਤ ਦੇ ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਪਾਕਿਸਤਾਨ ਅਜੇ ਵੀ ਖ਼ੌਫ ਵਿਚ ਹੈ। ਉਹ ਆਪਣੀ ਸਥਿਤੀ ਤੋਂ ਜਾਣੂ ਹੈ, ਇਸੇ ਲਈ ਉਹ ਚੀਨ ਦੀ ਮਦਦ ਨਾਲ ਆਪਣੇ ਪ੍ਰਮਾਣੂ ਹਥਿਆਰਾਂ ਦਾ ਵਿਕਾਸ ਕਰ ਰਿਹਾ ਹੈ। ਅਮਰੀਕਾ ਨੇ ਆਪਣੀ ਇੱਕ ਰਿਪੋਰਟ ਵਿੱਚ ਅਜਿਹਾ ਦਾਅਵਾ ਕੀਤਾ ਹੈ। ਅਮਰੀਕੀ ਰੱਖਿਆ ਖੁਫੀਆ ਏਜੰਸੀ ਨੇ ਜਾਰੀ ਕੀਤੀ ਗਈ 'ਗਲੋਬਲ ਥਰੇਟ ਅਸੈਸਮੈਂਟ ਰਿਪੋਰਟ 2025' ਵਿੱਚ ਪਾਕਿਸਤਾਨ ਬਾਰੇ ਕਈ ਦਾਅਵੇ ਕੀਤੇ ਹਨ। ਇਸ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਚੀਨ ਦੀ ਫੌਜੀ ਅਤੇ ਆਰਥਿਕ ਸਹਾਇਤਾ ਨਾਲ ਆਪਣੇ ਪ੍ਰਮਾਣੂ ਹਥਿਆਰਾਂ ਦਾ ਆਧੁਨਿਕੀਕਰਨ ਕਰ ਰਿਹਾ ਹੈ। ਇੰਨਾ ਹੀ ਨਹੀਂ, ਇਹ ਵੀ ਕਿਹਾ ਕਿ ਉਹ ਭਾਰਤ ਨੂੰ ਆਪਣੀ ਹੋਂਦ ਲਈ ਖ਼ਤਰਾ ਮੰਨਦਾ ਹੈ।

ਤੁਹਾਨੂੰ ਦੱਸ ਦੇਈਏ ਕਿ ਅਮਰੀਕੀ ਖੁਫੀਆ ਏਜੰਸੀ ਵੱਲੋਂ ਜਾਰੀ ਕੀਤੀ ਗਈ ਇਹ ਰਿਪੋਰਟ ਅਮਰੀਕੀ ਪ੍ਰਤੀਨਿਧੀ ਸਭਾ ਦੀ ਆਰਮਡ ਸਰਵਿਸਿਜ਼ ਸਬ ਕਮੇਟੀ ਲਈ ਤਿਆਰ ਕੀਤੀ ਗਈ ਹੈ। 'ਗਲੋਬਲ ਥਰੇਟ ਅਸੈਸਮੈਂਟ ਰਿਪੋਰਟ 2025' ਪਾਕਿਸਤਾਨ ਦੀ ਫੌਜ, ਉਸ ਦੀਆਂ ਫੌਜੀ ਕਾਰਵਾਈਆਂ ਅਤੇ ਪ੍ਰਮਾਣੂ ਹਥਿਆਰਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦੀ ਹੈ। ਇਸ ਵਿੱਚ ਦਾਅਵਾ ਕੀਤਾ ਗਿਆ ਹੈ ਕਿ ਆਉਣ ਵਾਲੇ ਸਾਲ ਵਿੱਚ ਪਾਕਿਸਤਾਨ ਦੀਆਂ ਪ੍ਰਮੁੱਖ ਤਰਜੀਹਾਂ ਆਪਣੇ ਫੌਜੀ ਬੁਨਿਆਦੀ ਢਾਂਚੇ ਨੂੰ ਵਿਕਸਤ ਕਰਨਾ ਅਤੇ ਮਜ਼ਬੂਤ ਕਰਨਾ, ਖੇਤਰੀ ਗੁਆਂਢੀਆਂ ਨਾਲ ਸਰਹੱਦ ਪਾਰ ਝੜਪਾਂ ਨਾਲ ਨਜਿੱਠਣਾ ਅਤੇ ਆਪਣੇ ਪ੍ਰਮਾਣੂ ਹਥਿਆਰਾਂ ਦਾ ਨਿਰੰਤਰ ਆਧੁਨਿਕੀਕਰਨ ਕਰਨਾ ਹੋਵੇਗਾ। ਅਮਰੀਕੀ ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਭਾਰਤ ਨੂੰ ਆਪਣੇ ਵਜੂਦ ਲਈ ਸਭ ਤੋਂ ਵੱਡਾ ਖ਼ਤਰਾ ਮੰਨਦਾ ਹੈ। ਅਜਿਹੀ ਸਥਿਤੀ ਵਿੱਚ ਉਹ ਭਾਰਤ ਦੀ ਫੌਜੀ ਸ਼ਕਤੀ ਦਾ ਮੁਕਾਬਲਾ ਕਰਨ ਲਈ ਆਪਣੇ ਆਪ ਨੂੰ ਅਤੇ ਆਪਣੀ ਫੌਜ ਨੂੰ ਵਿਕਸਤ ਕਰ ਰਿਹਾ ਹੈ। ਇਸ ਦੇ ਨਾਲ ਹੀ ਉਹ ਆਪਣੇ ਪ੍ਰਮਾਣੂ ਹਥਿਆਰਾਂ ਅਤੇ ਉਨ੍ਹਾਂ ਦੇ ਸੁਰੱਖਿਆ ਅਤੇ ਕਮਾਂਡ ਪ੍ਰਣਾਲੀਆਂ ਨੂੰ ਵੀ ਵਿਕਸਤ ਕਰ ਰਿਹਾ ਹੈ ਅਤੇ ਉਨ੍ਹਾਂ ਨੂੰ ਆਧੁਨਿਕ ਤਕਨਾਲੋਜੀ ਨਾਲ ਲੈਸ ਕਰ ਰਿਹਾ ਹੈ। ਇਸ ਲਈ ਇਹ ਵਿਦੇਸ਼ੀ ਸਪਲਾਇਰਾਂ ਅਤੇ ਵਿਚੋਲਿਆਂ ਤੋਂ ਸਮੂਹਿਕ ਵਿਨਾਸ਼ ਦੇ ਹਥਿਆਰਾਂ (WMD) ਨਾਲ ਸਬੰਧਤ ਚੀਜ਼ਾਂ ਖਰੀਦ ਰਿਹਾ ਹੈ। ਚੀਨ ਇਸ ਵਿੱਚ ਉਸਦਾ ਸਭ ਤੋਂ ਵੱਡਾ ਸਹਾਇਕ ਹੈ।

ਰਿਪੋਰਟਾਂ ਅਨੁਸਾਰ ਪਾਕਿਸਤਾਨ ਸਮੂਹਿਕ ਵਿਨਾਸ਼ ਦੇ ਹਥਿਆਰ (WMD) ਵਿਕਸਤ ਕਰਨ ਲਈ ਚੀਨ ਤੋਂ ਸਮੱਗਰੀ ਅਤੇ ਤਕਨਾਲੋਜੀ ਪ੍ਰਾਪਤ ਕਰ ਰਿਹਾ ਹੈ। ਇਸ ਸਮੱਗਰੀ ਦਾ ਜ਼ਿਆਦਾਤਰ ਹਿੱਸਾ ਹਾਂਗ ਕਾਂਗ, ਸਿੰਗਾਪੁਰ, ਤੁਰਕੀ ਅਤੇ ਸੰਯੁਕਤ ਅਰਬ ਅਮੀਰਾਤ ਵਰਗੇ ਦੇਸ਼ਾਂ ਰਾਹੀਂ ਤਿਆਰ ਕੀਤਾ ਜਾ ਰਿਹਾ ਹੈ। ਇਹ ਨੈੱਟਵਰਕ ਬਹੁਤ ਹੀ ਗੁਪਤਤਾ ਨਾਲ ਅਤੇ ਅੰਤਰਰਾਸ਼ਟਰੀ ਨਿਯਮਾਂ ਦੀ ਉਲੰਘਣਾ ਕਰਕੇ ਚਲਾਇਆ ਜਾ ਰਿਹਾ ਹੈ। ਇਸ ਵਿੱਚ ਕਿਹਾ ਗਿਆ ਹੈ ਕਿ ਰਵਾਇਤੀ ਹਥਿਆਰਾਂ ਤੋਂ ਇਲਾਵਾ, ਪਾਕਿਸਤਾਨ ਸੀਮਤ ਵਰਤੋਂ ਲਈ 'ਜੰਗੀ ਖੇਤਰ ਦੇ ਪ੍ਰਮਾਣੂ ਹਥਿਆਰ' ਵੀ ਵਿਕਸਤ ਕਰ ਰਿਹਾ ਹੈ। ਇਹ ਕਿਸੇ ਵੀ ਸਰਹੱਦੀ ਟਕਰਾਅ ਵਿੱਚ ਵਿਨਾਸ਼ਕਾਰੀ ਸਾਬਤ ਹੋ ਸਕਦੇ ਹਨ। ਰਿਪੋਰਟ ਵਿੱਚ ਕਿਹਾ ਗਿਆ ਹੈ ਕਿ ਪਾਕਿਸਤਾਨ ਚੀਨ ਦੀ ਆਰਥਿਕ ਅਤੇ ਫੌਜੀ ਸਹਾਇਤਾ ਦਾ ਸਭ ਤੋਂ ਵੱਡਾ ਲਾਭਪਾਤਰੀ ਹੈ। ਪਾਕਿਸਤਾਨ ਦੀਆਂ ਹਥਿਆਰਬੰਦ ਫੌਜਾਂ ਨੂੰ ਤਕਨਾਲੋਜੀ ਅਤੇ ਵਿਦੇਸ਼ੀ ਸਮੱਗਰੀ ਮੁੱਖ ਤੌਰ 'ਤੇ ਚੀਨ ਤੋਂ ਸਪਲਾਈ ਕੀਤੀ ਜਾਂਦੀ ਹੈ। ਇਸ ਤੋਂ ਇਲਾਵਾ ਪਾਕਿਸਤਾਨੀ ਫੌਜ ਹਰ ਸਾਲ ਚੀਨ ਦੇ ਪੀਐਲਏ ਨਾਲ ਕਈ ਸਾਂਝੇ ਫੌਜੀ ਅਭਿਆਸ ਕਰਦੀ ਹੈ। ਇਸ ਵਿੱਚ ਨਵੰਬਰ 2024 ਵਿੱਚ ਪੂਰਾ ਹੋਣ ਵਾਲਾ ਇੱਕ ਨਵਾਂ ਹਵਾਈ ਅਭਿਆਸ ਵੀ ਸ਼ਾਮਲ ਹੈ। ਚੀਨ ਹਿੰਦ ਮਹਾਸਾਗਰ ਵਿਚ ਆਪਣਾ ਪ੍ਰਭਾਵ ਵਧਾਉਣਾ ਚਾਹੁੰਦਾ ਹੈ।

# ਕੈਨੇਡਾ: ਵਿਦੇਸ਼ੀ ਵਿਦਿਆਰਥੀਆਂ ਵੱਲੋਂ ਵਰਕ ਪਰਮਿਟ ਵਧਾਉਣ ਦੀ ਅਪੀਲ

ਵਿਨੀਪੈੱਗ : ਬੀਤੇ ਦਿਨੀਂ ਸਸਕੈਚਵਨ ਵਿੱਚ ਕੰਮ ਕਰ ਰਹੇ ਪੰਜਾਬੀਆਂ ਇੰਟਰਨੈਸ਼ਨਲ ਸਟੂਡੈਂਟਸ, ਜਿਨ੍ਹਾਂ ਦੇ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਕਿਨਾਰੇ ਹੈ, ਨੇ ਲੈਜਿਸਲੇਟਰ ਪਹੁੰਚ ਕੇ ਪ੍ਰਦਰਸ਼ਨ ਕਰਦਿਆਂ ਪ੍ਰੋਵਿੰਸ਼ੀਅਲ ਸਰਕਾਰ ਤੋਂ ਵਰਕ ਪਰਮਿਟ ਦੀ ਮਿਆਦ ਵਧਾਉਣ ਦੀ ਅਪੀਲ ਕੀਤੀ। ਇਸ ਦੌਰਾਨ ਵਿਦਿਆਰਥੀਆਂ ਨੇ ਸੂਬੇ (ਪ੍ਰੋਵਿੰਸ) ਦੇ ਐੱਮਐੱਲਏਜ਼ ਨੂੰ ਇਸ ਮਸਲੇ ਤੋਂ ਜਾਣੂ ਕਰਾਇਆ ਗਿਆ।

ਜ਼ਿਕਰਯੋਗ ਹੈ ਕੈਨੇਡਾ ਵਿੱਚ ਵਰਕ ਪਰਮਿਟ ਹੋਲਡਰਜ਼ ਦੇ ਸਟੇਟਸ ਨੂੰ ਧਿਆਨ ਵਿੱਚ ਰੱਖਦਿਆਂ ਫੈਡਰਲ ਸਰਕਾਰ ਵੱਲੋਂ ਇਕ ਪਾਲਿਸੀ ਲਿਆਂਦੀ ਗਈ ਸੀ , ਜਿਸ ਵਿੱਚ ਸੂਬਿਆਂ(ਪ੍ਰੋਵਿੰਸ) ਵੱਲੋਂ ਸਿਫ਼ਾਰਿਸ਼ ਕੀਤੇ ਜਾਣ 'ਤੇ ਪੀਆਰ ਦੀ ਅਰਜ਼ੀ 'ਤੇ ਕੋਈ ਫ਼ੈਸਲਾ ਆਉਣ ਤੱਕ ਬਿਨੈਕਾਰਾਂ ਨੂੰ ਵਰਕ ਪਰਮਿਟ ਮਿਲ ਸਕਦਾ ਹੈ।

ਇਸ ਪਾਲਿਸੀ ਤਹਿਤ ਵੱਖ ਵੱਖ ਸੂਬਿਆਂ(ਪ੍ਰੋਵਿੰਸਜ਼) ਨੇ ਇਸ ਵਿੱਚ ਭਾਗ ਲੈਣਾ ਸੀ, ਪਰ ਇਮੀਗ੍ਰੇਸ਼ਨ ਵਿਭਾਗ ਦੀ ਵੈੱਬਸਾਈਟ ਅਨੁਸਾਰ ਹੁਣ ਤੱਕ ਸਿਰਫ਼ ਮੈਨੀਟੋਬਾ ਅਤੇ ਯੂਕੋਨ ਹੀ ਇਸ ਵਿੱਚ ਭਾਗ ਲੈ ਰਹੇ ਹਨ। ਇਸ ਕਾਰਨ ਹੋਰਨਾਂ ਸੂਬਿਆਂ ਦੇ ਬਿਨੈਕਾਰ ਇਸ ਪਾਲਿਸੀ ਦਾ ਲਾਭ ਤੋਂ ਵਾਂਝੇ ਹਨ।

ਇਨ੍ਹਾਂ ਬਿਨੈਕਾਰਾਂ ਦਾ ਕਹਿਣਾ ਹੈ ਕਿ ਪੀਆਰ ਨਾ ਹੋਣ ਅਤੇ ਵਰਕ ਪਰਮਿਟ ਮੁੱਕਣ ਦੀ ਮਿਆਦ ਨੇੜੇ ਆਉਣ ਦੇ ਕਾਰਨ ਉਹ ਭਵਿੱਖ ਚਿੰਤਤ ਹਨ। ਉਨ੍ਹਾਂ ਮੁਤਾਬਿਕ



ਪ੍ਰੋਵਿੰਸ਼ੀਅਲ ਸਰਕਾਰ ਇਸ ਮਾਮਲੇ ਵਿੱਚ ਕੋਈ ਫ਼ੈਸਲਾ ਲੈ ਕੇ ਵਰਕ ਪਰਮਿਟ ਦੇ ਵਾਧੇ ਦਾ ਮਸਲਾ ਹੱਲ ਕਰ ਸਕਦੀ ਹੈ, ਜਿਸ ਨਾਲ ਉਹ ਸੂਬੇ ਦੀ ਆਰਥਿਕ ਤਰੱਕੀ ਵਿੱਚ ਯੋਗਦਾਨ ਪਾ ਸਕਦੇ ਹਨ।

ਇਸ ਦੌਰਾਨ ਐੱਨਡੀਪੀਡੀ ਆਗੂ ਤੇਜਿੰਦਰ ਸਿੰਘ ਗਰੇਵਾਲ ਨੇ ਕਿਹਾ ਐੱਸਆਈਐੱਨਪੀ ਪ੍ਰੋਗਰਾਮ ਵਿੱਚ ਤਾਜ਼ਾ ਤਬਦੀਲੀਆਂ ਨੇ ਬਹੁਤ ਸਾਰੇ ਛੋਟੇ ਅਤੇ ਦਰਮਿਆਨੇ ਕਾਰੋਬਾਰਾਂ ਨੂੰ ਬਹੁਤ ਮੁਸ਼ਕਲ ਸਥਿਤੀ ਵਿੱਚ ਪਾ ਦਿੱਤਾ ਹੈ। ਸਥਾਈ ਨਿਵਾਸ ਲਈ ਅਰਜ਼ੀਆਂ ਬਿਨਾਂ ਕਿਸੇ ਨੋਟਿਸ ਦੇ ਰੱਦ ਕਰ ਦਿੱਤੀਆਂ ਗਈਆਂ ਸਨ। ਅਸਥਾਈ ਵਿਦੇਸ਼ੀ ਕਾਮੇ ਆਪਣੇ ਵਰਕ ਪਰਮਿਟ ਨੂੰ ਲੈ ਕੇ ਚਿੰਤਤ ਹਨ। ਉਨ੍ਹਾਂ ਵਿਚੋਂ ਕਈਆਂ ਲਈ ਵਰਕ ਪਰਮਿਟ ਕੁਝ ਦਿਨਾਂ ਜਾਂ ਹਫ਼ਤਿਆਂ ਵਿਚ ਖ਼ਤਮ ਹੋ ਰਹੇ ਹਨ। ਉਨ੍ਹਾਂ ਸੂਬਾ ਸਰਕਾਰ ਨੂੰ ਸੰਘੀ ਸਰਕਾਰ ਨਾਲ ਮਿਲ ਕੇ ਇਸ ਮਾਮਲੇ ਨੂੰ ਹੱਲ ਕਰਨ ਦੀ ਅਪੀਲ ਕੀਤੀ

# ਨਹੀਂ ਰਹੇ ਭਾਈ ਖਾਲੜਾ ਅਗਵਾ ਕਾਂਡ ਦੇ ਚਸ਼ਮਦੀਦ ਸ੍ਰ. ਕ੍ਰਿਪਾਲ ਸਿੰਘ ਰੰਧਾਵਾ

ਅੰਮ੍ਰਿਤਸਰ : ਪੰਥਕ ਹਲਕਿਆਂ ਵਿਚ ਇਹ ਖ਼ਬਰ ਬੜੇ ਹੀ ਦੁੱਖ ਨਾਲ ਪੜ੍ਹੀ ਜਾਵੇਗੀ ਕਿ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਆਗੂ ਸ੍ਰ. ਕ੍ਰਿਪਾਲ ਸਿੰਘ ਰੰਧਾਵਾ ਅਕਾਲ ਚਲਾਣਾ ਕਰ ਗਏ। ਉਹ ਕਰੀਬ 72 ਸਾਲ ਦੇ ਸਨ। ਉਹ 25 ਹਜ਼ਾਰ ਲਾਸ਼ਾਂ ਦਾ ਮਾਮਲਾ ਜਨਤਕ ਕਰਨ ਵਾਲੇ ਮਨੁੱਖੀ ਅਧਿਕਾਰਾਂ ਦੇ ਚੈਂਪੀਅਨ ਭਾਈ ਜਸਵੰਤ ਸਿੰਘ ਖਾਲੜਾ ਦਾ ਪੁਲਿਸ ਵਲੋਂ 6 ਸਤੰਬਰ 1995 ਨੂੰ ਕੀਤੇ ਅਗਵਾ ਕਾਂਡ ਦੇ ਚਸ਼ਮਦੀਦ ਗਵਾਹ ਸਨ। ਸ੍ਰ. ਰੰਧਾਵਾ ਨੇ ਪੂਰੀ ਦ੍ਰਿੜਤਾ ਨਾਲ ਭਾਈ ਖਾਲੜਾ ਨੂੰ ਪੁਲਿਸ ਵਲੋਂ ਅਗਵਾ ਕੀਤੇ ਜਾਣ ਦਾ ਮਾਮਲਾ ਜਨਤਕ ਕੀਤਾ। ਸ੍ਰ. ਰੰਧਾਵਾ ਭਾਈ ਖਾਲੜਾ ਅਗਵਾ ਕਾਂਡ ਦੇ ਮੁੱਖ ਗਵਾਹ ਹੋਣ ਕਰਕੇ ਕੇਪੀਐਸ ਦੇ ਜਲਾਦਾਂ ਨੂੰ ਬੜਾ ਚੁੱਭਦੇ ਸਨ। ਇਨ੍ਹਾਂ ਜਲਾਦਾਂ ਨੇ ਸ੍ਰ. ਰੰਧਾਵਾ ਨੂੰ ਆਪਣੇ ਜਾਲ ਵਿਚ ਫਸਾ ਲਿਆ ਤੇ ਇਕ ਝੂਠਾ ਪਰਚਾ ਵੀ ਦਰਜ ਕਰ ਦਿੱਤਾ। ਪਰ ਮਗਰੋਂ ਉਹ ਸਾਰੇ ਪੁਲਿਸ ਦੇ ਅਧਿਕਾਰੀ ਤੇ ਕਰਮਚਾਰੀ ਇਸ ਝੂਠੇ ਮਾਮਲੇ ਵਿਚ ਉਲਝ ਗਏ ਤੇ ਅਦਾਲਤ ਨੇ ਸ੍ਰ. ਰੰਧਾਵਾ ਨੂੰ 49 ਲੱਖ ਹਰਜਾਨਾ ਦਿੱਤਾ। ਉਹ ਲੰਮੇ ਸਮੇਂ ਤੋਂ ਪੰਜਾਬ ਮਨੁੱਖੀ ਅਧਿਕਾਰ ਸੰਗਠਨ ਦੇ ਨਾਲ ਦਿਨ ਰਾਤ ਇਕ ਕਰਕੇ ਕੰਮ ਕਰਦੇ ਆ ਰਹੇ ਸਨ। ਸ੍ਰ. ਰੰਧਾਵਾ ਦਾ ਅੰਤਿਮ ਸਸਕਾਰ ਸਥਾਨਕ ਸ਼ਮਸ਼ਾਨਘਾਟ ਚਾਟੀਵਿੰਗ ਗੇਟ ਵਿਖੇ ਕਰ ਦਿੱਤਾ ਗਿਆ। ਸ੍ਰ. ਰੰਧਾਵਾ ਦੇ ਅਕਾਲ ਚਲਾਣਾ ਕਰ ਜਾਣ 'ਤੇ ਪੰਜਾਬ ਮਨੁੱਖੀ ਅਧਿਕਾਰ ਸੰਗਠਨ



ਦੇ ਸਰਬਜੀਤ ਸਿੰਘ ਵੇਰਵਾ, ਸਿੱਖ ਚਿੰਤਕ ਸਰਬਜੀਤ ਸਿੰਘ ਘੁਮਾਣ, ਖਾਲੜਾ ਮਿਸ਼ਨ ਆਰਗੇਨਾਈਜ਼ ਦੇ ਬੀਬੀ ਪਰਮਜੀਤ ਕੌਰ ਖਾਲੜਾ, ਹਰਮਨਜੀਤ ਸਿੰਘ ਸਰਹਾਲੀ, ਐਡਵੋਕੇਟ ਜਗਦੀਪ ਸਿੰਘ, ਖਾਲੜਾ ਮਿਸ਼ਨ ਦੇ ਬਲਵਿੰਦਰ ਸਿੰਘ ਝੂਬਾਲ, ਸਰਬਤ ਖਾਲਸਾ 2015 ਦੇ ਸੰਯੋਜਕ ਜਰਨੈਲ ਸਿੰਘ ਸਖੀਰਾ, ਸਿੱਖ ਯੂਥ ਫੈਡਰੇਸ਼ਨ ਭਿੰਡਰਾਂਵਾਲਾ ਦੇ ਭਾਈ ਰਣਜੀਤ ਸਿੰਘ ਦਮਦਮੀ ਟਕਸਾਲ, ਭਾਈ ਸੁਖਦੇਵ ਸਿੰਘ ਨਾਗੋਕੇ ਆਦਿ ਨੇ ਦਿਲੀ ਦੁੱਖ ਦਾ ਪ੍ਰਗਟਾਵਾ ਕੀਤਾ।

# ਵਿਨੀਪੈਗ ਏਅਰਪੋਰਟ ਤੇ ਪੁਲਿਸ ਨੇ 14.5 ਕਿੱਲੋ ਡੋਡੇ ਕੀਤੇ ਜ਼ਬਤ

## ਨਸ਼ਾ ਤਸਕਰੀ ਦੇ ਮਾਮਲੇ ਵਿਚ ਇਕ ਵਿਅਕਤੀ ਗ੍ਰਿਫ਼ਤਾਰ



ਵਿਨੀਪੈਗ : ਕੈਨੇਡਾ ਵਿਚ ਵਿਨੀਪੈਗ ਇੰਟਰਨੈਸ਼ਨਲ ਏਅਰਪੋਰਟ 'ਤੇ 14 ਕਿੱਲੋ 500 ਗ੍ਰਾਮ ਡੋਡੇ ਫੜੇ ਗਏ। ਹਵਾਈ ਅੱਡੇ 'ਤੇ ਕੈਨੇਡਾ ਬਾਰਡਰ ਸਕਿਉਰਿਟੀ ਏਜੰਸੀ ਦੇ ਅਧਿਕਾਰੀਆਂ ਨੇ ਅਮਰੀਕਾ ਤੋਂ ਆ ਰਹੇ ਦੋ ਵੱਖ-ਵੱਖ ਖੇਪਾਂ ਵਿਚ 14.5 ਕਿੱਲੋ ਸ਼ੱਕੀ ਡੋਡੇ ਅਤੇ ਅਫ਼ੀਮ ਬਰਾਮਦ ਕੀਤੀ। ਇਹ ਗੈਰ-ਕਾਨੂੰਨੀ ਸਾਮਾਨ ਐਡਮਿੰਟਨ, ਐਲਬਰਟਾ ਲਈ ਸ਼ਿਪ ਕੀਤਾ ਗਿਆ ਸੀ ਅਤੇ ਇਸ ਦੀ ਕੀਮਤ 29,000 ਡਾਲਰ ਤੋਂ ਵੱਧ ਦੱਸੀ ਜਾ ਰਹੀ ਹੈ ਅਤੇ ਫ਼ਿਲਹਾਲ ਇਸ ਮਾਮਲੇ ਵਿਚ ਕੋਈ ਗ੍ਰਿਫ਼ਤਾਰੀ ਕੀਤੇ ਜਾਣ ਦੀ ਰਿਪੋਰਟ ਨਹੀਂ।

ਦੂਜੇ ਪਾਸੇ ਕੈਨੇਡਾ ਬਾਰਡਰ ਸਰਵਿਸਿਜ਼ ਏਜੰਸੀ ਵੱਲੋਂ ਓਟਵਾ ਦੇ ਹਰਵਿੰਦਰ ਸਿੰਘ ਮੱਲ੍ਹੀ ਨੂੰ ਨਸ਼ਾ ਤਸਕਰੀ ਦੇ ਮਾਮਲੇ ਵਿਚ ਗ੍ਰਿਫ਼ਤਾਰ ਕੀਤਾ ਗਿਆ ਹੈ। ਉਂਟਾਰੀਓ ਪ੍ਰੋਵਿੰਸੀਅਲ ਪੁਲੀਸ ਦੀ ਮਦਦ ਨਾਲ ਕੀਤੀ ਗਈ ਕਾਰਵਾਈ ਬਾਰੇ ਪੁਲਿਸ ਨੇ ਦੱਸਿਆ ਕਿ ਏਅਰਪੋਰਟ 'ਤੇ ਪੁੱਜੇ ਇਕ ਪੈਕੇਜ ਦੀ ਪੜਤਾਲ ਕਰਦਿਆਂ ਹਰਵਿੰਦਰ ਸਿੰਘ ਮੱਲ੍ਹੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ, ਜਿਸ ਵਿਰੁੱਧ ਕੰਟਰੋਲ ਡਰੱਗ ਐਂਡ ਸਬਸਟੈਂਸ ਐਕਟ ਅਧੀਨ ਦੋਸ਼ ਆਇਦ ਕੀਤੇ ਗਏ ਹਨ।

ਲੈਬਾਰਟਰੀ ਟੈਸਟ ਦੌਰਾਨ ਪੈਕੇਜ ਵਿਚ ਹੀਰੋਇਨ ਹੋਣ ਦੀ ਤਸਦੀਕ ਹੋਈ ਹੈ। ਹਾਲਾਂਕਿ ਸ਼ੱਕੀ ਨੂੰ ਬਾਅਦ ਵਿਚ ਜ਼ਮਾਨਤ 'ਤੇ ਰਿਹਾਅ ਕਰ ਦਿੱਤਾ ਗਿਆ ਅਤੇ ਉਸ ਦੀ ਓਟਵਾ ਦੀ ਉਂਟਾਰੀਓ ਕੋਰਟ ਆਫ਼ ਜਸਟਿਸ ਵਿਚ ਅਗਲੀ ਪੇਸ਼ੀ 24 ਜੂਨ ਨੂੰ ਹੋਵੇਗੀ।

ਜ਼ਿਕਰਯੋਗ ਹੈ ਕਿ ਚਵਨਪ੍ਰਾਸ਼ ਦੇ ਡੱਬਿਆਂ ਵਿਚ ਭਰ ਕੇ ਕੈਨੇਡਾ ਭੇਜੀ 2 ਕਿੱਲੋ ਤੋਂ ਵੱਧ ਅਫ਼ੀਮ ਸੀਬੀਐੱਸਏ ਨੇ ਕੁਝ ਮਹੀਨੇ ਪਹਿਲਾਂ ਜ਼ਬਤ ਕੀਤੀ ਸੀ ਜਦਕਿ ਆਚਾਰ ਵਾਲੇ ਡੱਬਿਆਂ ਵਿਚੋਂ ਵੀ ਅਫ਼ੀਮ ਬਰਾਮਦ ਕੀਤੀ ਗਈ। ਗਰੇਟਰ ਟੋਰਾਂਟੋ ਏਰੀਆ ਵਾਸਤੇ ਆਈ ਕਮਰਸ਼ੀਅਲ ਸ਼ਿਪਮੈਂਟ ਵਿਚੋਂ ਅਫ਼ੀਮ ਦੇ ਇਹ ਡੱਬੇ ਬਰਾਮਦ ਹੋਏ।

## ਬਦਲਾਅ ਵਾਲੀ ਸਰਕਾਰ ਕਿਸਾਨਾਂ ਦੀਆਂ ਪੱਗਾਂ ਲੱਗੀ ਰੋਲਣ

# ਪੁਲਿਸ ਨੇ ਕਿਸਾਨਾਂ 'ਤੇ ਕੀਤਾ ਲਾਠੀਚਾਰਜ

## ਕਈ ਕਿਸਾਨਾਂ ਦੀਆਂ ਪੱਗਾਂ ਲੱਥੀਆਂ; 32 ਕਿਸਾਨ ਹਿਰਾਸਤ 'ਚ ਲਏ

ਗੁਰਦਾਸਪੁਰ/ਕਾਦੀਆਂ : ਭਾਰਤ ਮਾਲਾ ਪ੍ਰਾਜੈਕਟ ਤਹਿਤ ਜ਼ਿਲ੍ਹਾ ਗੁਰਦਾਸਪੁਰ ਦੇ ਕਿਸਾਨਾਂ ਦੀ ਜ਼ਮੀਨ ਐਕੁਆਇਰ ਕਰਨ ਦੀ ਕਾਰਵਾਈ ਦੌਰਾਨ ਅੱਜ ਕਾਹਨੂੰਵਾਨ ਬਲਾਕ ਦੇ ਪਿੰਡ ਭਿੱਟੇ ਵੱਢ ਵਿੱਚ ਕਿਸਾਨਾਂ ਅਤੇ ਪੁਲੀਸ ਵਿਚਾਲੇ ਝੜਪ ਹੋ ਗਈ। ਕਿਸਾਨਾਂ ਨੂੰ ਖੇਤਾਂ 'ਚੋਂ ਧੂਹ-ਧੂਹ ਕੇ ਬੱਸਾਂ ਤੱਕ ਲਿਜਾਇਆ ਗਿਆ ਤੇ ਪੁਲੀਸ ਨੇ 32 ਦੇ ਕਰੀਬ ਕਿਸਾਨਾਂ ਸਣੇ ਇੱਕ ਮਹਿਲਾ ਆਗੂ ਨੂੰ ਜਬਰੀ ਲਿਜਾ ਕੇ ਤਿੱਬੜ ਥਾਣੇ ਵਿੱਚ ਬੰਦ ਕਰ ਦਿੱਤਾ। ਪਿੰਡ ਭਿੱਟੇ ਵੱਢ ਵਿੱਚ ਜ਼ਮੀਨ ਐਕੁਆਇਰ ਕਰਨ ਲਈ ਅੱਜ ਐੱਸਪੀ, ਡੀਐੱਸਪੀ ਅਤੇ ਤਹਿਸੀਲਦਾਰ ਦੀ ਅਗਵਾਈ ਵਿੱਚ ਵੱਡੀ ਗਿਣਤੀ ਪੁਲੀਸ ਮੁਲਾਜ਼ਮ ਪਹੁੰਚੇ ਹੋਏ ਸਨ। ਸਵੇਰ ਤੋਂ ਹੀ ਵੱਡੀ ਗਿਣਤੀ ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਅਤੇ ਕਿਸਾਨ ਵੀ ਮੌਕੇ 'ਤੇ ਇਕੱਤਰ ਹੋ ਗਏ ਸਨ। ਜਿਉਂ ਹੀ



ਜ਼ਿਲ੍ਹਾ ਪ੍ਰਸ਼ਾਸਨ ਦੇ ਇਸ਼ਾਰੇ 'ਤੇ ਕਿਸਾਨਾਂ ਦੀਆਂ ਜ਼ਮੀਨਾਂ ਵਿੱਚ ਮਸ਼ੀਨਾਂ ਚਲਾਉਣੀਆਂ ਸ਼ੁਰੂ ਕੀਤੀਆਂ ਗਈਆਂ ਤਾਂ ਕਿਸਾਨਾਂ ਨੇ ਇਸ ਦਾ ਵਿਰੋਧ ਕਰਨਾ ਸ਼ੁਰੂ ਕਰ ਦਿੱਤਾ। ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੀ ਅਗਵਾਈ ਕਰਦਿਆਂ ਰਸ਼ਪਾਲ ਸਿੰਘ ਭਰਥ ਅਤੇ ਗੁਰਮੁਖ ਸਿੰਘ ਖ਼ਾਨ ਮਲੱਕ ਨੇ ਕਿਹਾ ਕਿ ਜਿਹੜੇ ਕਿਸਾਨਾਂ ਨੂੰ ਹਾਲੇ ਅਦਾਇਗੀਆਂ ਨਹੀਂ ਕੀਤੀਆਂ ਗਈਆਂ, ਉਨ੍ਹਾਂ ਦੀਆਂ ਜ਼ਮੀਨਾਂ 'ਚ ਕਬਜ਼ਾ ਨਹੀਂ ਕਰਨ ਦਿੱਤਾ ਜਾਵੇਗਾ। ਇਸ ਮੌਕੇ ਲੰਮਾ ਸਮਾਂ ਕਿਸਾਨਾਂ ਅਤੇ ਪੁਲੀਸ ਅਧਿਕਾਰੀਆਂ ਵਿਚਾਲੇ ਬਹਿਸ ਹੁੰਦੀ ਰਹੀ। ਅਖੀਰ ਐੱਸਪੀ ਰਾਜਿੰਦਰ ਸ਼ਰਮਾ ਅਤੇ ਡੀਐੱਸਪੀ ਕੁਲਵੰਤ ਸਿੰਘ ਮਾਨ ਦੀ ਅਗਵਾਈ ਵਿੱਚ ਪੁਲੀਸ ਨੇ ਕਾਰਵਾਈ ਕਰਦੇ ਹੋਏ ਕਿਸਾਨਾਂ ਨੂੰ ਪ੍ਰਸ਼ਾਸਨ ਦੇ ਕੰਮ ਵਿੱਚ ਰੁਕਾਵਟ ਪਾਉਣ ਦੌਰਾਨ ਮੌਕੇ ਤੋਂ ਖਦੇੜ ਦਿੱਤਾ। ਇਸ ਦੌਰਾਨ ਕਿਸਾਨਾਂ ਨੂੰ ਖੇਤਾਂ 'ਚੋਂ ਧੂਹ-ਧੂਹ ਕੇ ਬੱਸਾਂ ਤੱਕ ਲਿਜਾਇਆ ਗਿਆ।

# ਪੰਜਾਬ ਨਾਲ ਮਤਰੇਆ ਸਲੂਕ ਬੰਦ ਹੋਵੇ: ਭਗਵੰਤ ਮਾਨ

ਨਵੀਂ ਦਿੱਲੀ : ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਸ਼ਨਿੱਚਰਵਾਰ ਨੂੰ ਕਿਹਾ ਕਿ ਸੂਬੇ ਨਾਲ ਕੇਂਦਰ ਸਰਕਾਰ ਵੱਲੋਂ ਮਤਰੇਈ ਮਾਂ ਵਾਲਾ ਵਿਹਾਰ ਕੀਤਾ ਜਾ ਰਿਹਾ ਹੈ, ਅਤੇ ਇਸ ਤਰ੍ਹਾਂ ਦਾ ਪੱਖਪਾਤੀ ਅਤੇ ਵਿਤਕਰੇਪੂਰਨ ਸਲੂਕ ਗੈਰ-ਵਾਜਬ ਅਤੇ ਗ਼ਲਤ ਹੈ।

ਇੱਥੇ ਨੀਤੀ ਆਯੋਗ ਦੀ 10ਵੀਂ ਗਵਰਨਿੰਗ ਕੌਂਸਲ ਦੀ ਮੀਟਿੰਗ ਵਿੱਚ ਹਿੱਸਾ ਲੈਂਦਿਆਂ ਮੁੱਖ ਮੰਤਰੀ ਨੇ ਮੰਚ 'ਤੇ ਸੂਬੇ ਨਾਲ ਸਬੰਧਤ ਮਹੱਤਵਪੂਰਨ ਮੁੱਦੇ ਉਠਾਏ ਅਤੇ ਦੁਹਰਾਇਆ ਕਿ ਪੰਜਾਬ ਕੋਲ ਕਿਸੇ ਵੀ ਸੂਬੇ ਨੂੰ ਦੇਣ ਲਈ ਵਾਧੂ ਪਾਣੀ ਨਹੀਂ ਹੈ। ਸੂਬੇ ਵਿੱਚ ਪਾਣੀ ਦੀ ਗੰਭੀਰ ਸਥਿਤੀ ਦੇ ਮੱਦੇਨਜ਼ਰ ਸਤਲੁਜ-ਯਮੁਨਾ ਲਿੰਕ ਨਹਿਰ ਦੀ ਬਜਾਏ ਯਮੁਨਾ-ਸਤਲੁਜ-ਲਿੰਕ (ਵਾਈਐੱਸਐੈਲ) ਨਹਿਰ ਦੇ ਨਿਰਮਾਣ 'ਤੇ



ਵਿਚਾਰ ਕਰਨ 'ਤੇ ਜ਼ੋਰ ਦਿੰਦਿਆਂ ਭਗਵੰਤ ਮਾਨ ਨੇ ਕਿਹਾ ਕਿ ਰਾਵੀ, ਬਿਆਸ ਅਤੇ ਸਤਲੁਜ ਦਰਿਆ ਪਹਿਲਾਂ ਹੀ ਪਾਣੀ ਪੱਖੋਂ ਘਾਟੇ ਵਿੱਚ ਹਨ ਅਤੇ ਵਾਧੂ ਪਾਣੀ ਨੂੰ ਘਾਟੇ ਵਾਲੇ ਬੇਸਿਨਾਂ ਵਿੱਚ ਮੋੜਿਆ ਜਾਣਾ ਚਾਹੀਦਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਨੇ ਵਾਰ-ਵਾਰ ਯਮੁਨਾ ਦੇ ਪਾਣੀਆਂ ਦੀ ਵੰਡ ਲਈ ਗੱਲਬਾਤ ਵਿੱਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਹੈ ਕਿਉਂਕਿ ਯਮੁਨਾ-ਸਤਲੁਜ-ਲਿੰਕ ਪ੍ਰੋਜੈਕਟ ਲਈ ਇੱਕ ਸਮਝੌਤਾ 12 ਮਾਰਚ, 1954 ਨੂੰ ਤਤਕਾਲੀ ਅਣਵੰਡੇ ਪੰਜਾਬ ਅਤੇ ਉੱਤਰ ਪ੍ਰਦੇਸ਼ ਵਿਚਕਾਰ ਹੋਇਆ ਸੀ, ਜਿਸ ਵਿੱਚ ਸਾਬਕਾ ਅਣਵੰਡੇ ਪੰਜਾਬ ਨੂੰ ਯਮੁਨਾ ਦੇ ਪਾਣੀਆਂ ਦੇ ਦੋ-ਤਿਹਾਈ ਹਿੱਸੇ ਦਾ ਹੱਕਦਾਰ ਬਣਾਇਆ ਗਿਆ ਸੀ।

# ਅੰਮ੍ਰਿਤਸਰ 'ਚ ਮਜੀਠਾ ਰੋਡ 'ਤੇ ਧਮਾਕਾ ਵਿਸਫੋਟਕ ਲੈਣ ਆਏ ਨੌਜਵਾਨ ਦੀ ਮੌਤ

- ਸੜਕ ਕਿਨਾਰੇ ਦੱਬੀ ਵਿਸਫੋਟਕ ਸਮੱਗਰੀ ਲੈਣ ਆਇਆ ਸੀ, ਧਮਾਕੇ ਨਾਲ ਦੋਵੇਂ ਹੱਥ ਤੇ ਇਕ ਲੱਤ ਦੇ ਉੱਡੇ ਚੀਥੜੇ
- ਮ੍ਰਿਤਕ ਦੇ ਅੱਤਵਾਦੀ ਜਥੇਬੰਦੀ ਨਾਲ ਸੰਬੰਧ ਆਏ ਸਾਹਮਣੇ






ਅੰਮ੍ਰਿਤਸਰ : ਅੰਮ੍ਰਿਤਸਰ ਵਿਚ ਬੀਤੇ ਕੁਝ ਮਹੀਨਿਆਂ ਤੋਂ ਹੋ ਰਹੇ ਗ੍ਰਨੇਡ ਹਮਲਿਆਂ ਦੇ ਚਲਦਿਆਂ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਅਧੀਨ ਆਉਂਦੇ ਮਜੀਠਾ ਰੋਡ 'ਤੇ ਪੈਂਦੇ ਪਿੰਡ ਨੌਸ਼ਹਿਰਾ ਦੇ ਸੜਕ ਕਿਨਾਰੇ ਵਿਸਫੋਟਕ ਸਮੱਗਰੀ 'ਚ ਧਮਾਕਾ ਹੋਣ ਨਾਲ ਇਕ ਨੌਜਵਾਨ ਦੀ ਮੌਤ ਹੋ ਗਈ, ਜੋ ਕਿ ਇੱਥੇ ਜ਼ਮੀਨ ਵਿਚ ਦੱਬੀ ਇਸ ਵਿਸਫੋਟਕ ਸਮੱਗਰੀ ਨੂੰ ਲੈਣ ਆਇਆ ਸੀ ਤੇ ਇਸ ਨੂੰ ਕੱਢਦੇ ਸਮੇਂ ਹੱਥ ਵਿਚ ਹੀ ਧਮਾਕਾ ਹੋ ਜਾਣ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਿਆ, ਜਿਸ ਦੀ ਬਾਅਦ ਵਿਚ ਹਸਪਤਾਲ ਵਿਖੇ ਇਲਾਜ ਦੌਰਾਨ ਮੌਤ ਹੋ ਗਈ। ਧਮਾਕੇ ਦੀ ਆਵਾਜ਼ ਦੂਰ-ਦੂਰ ਤੱਕ ਸੁਣਾਈ ਦਿੱਤੀ, ਜਿਸ ਨਾਲ ਲੋਕਾਂ ਅੰਦਰ ਸਹਿਮ ਪੈਦਾ ਹੋ ਗਿਆ। ਘਟਨਾ ਦੀ ਜਾਣਕਾਰੀ ਮਿਲਣ 'ਤੇ ਮੌਕੇ 'ਤੇ ਪਹੁੰਚੇ ਥਾਣਾ ਕੰਬੋ ਦੀ ਪੁਲਿਸ ਚੌਕੀ ਬੱਲ ਕਲਾਂ ਦੇ ਇੰਚਾਰਜ ਨੇ ਧਮਾਕਾ ਹੋਣ ਤੋਂ ਸਾਫ ਇਨਕਾਰ ਕਰ ਦਿੱਤਾ, ਜਦਕਿ ਮੌਕੇ 'ਤੇ ਪਹੁੰਚੇ ਡੀ. ਆਈ. ਜੀ. ਬਾਰਡਰ ਰੇਂਜ ਸਤਿੰਦਰ ਸਿੰਘ ਤੇ ਜ਼ਿਲ੍ਹਾ ਅੰਮ੍ਰਿਤਸਰ ਦਿਹਾਤੀ ਦੇ ਪੁਲਿਸ ਮੁਖੀ ਮਨਿੰਦਰ ਸਿੰਘ ਨੇ ਮਾਰੇ ਗਏ ਨੌਜਵਾਨ ਬਾਰੇ ਖੁਲਾਸਾ ਕੀਤਾ ਕਿ ਇਹ ਨੌਜਵਾਨ ਅੱਤਵਾਦੀ ਜਥੇਬੰਦੀ ਦਾ ਮੈਂਬਰ ਹੋਣ ਦੇ ਨਾਲ-ਨਾਲ ਅਪਰਾਧਿਕ ਪਿਛੋਕੜ ਵਾਲਾ ਹੈ, ਜਿਸ ਦੇ ਸਬੂਤ ਇਸ ਦੀ ਤਲਾਸ਼ੀ ਲੈਣ ਦੌਰਾਨ ਇਸ ਦੀ ਜੇਬ 'ਚੋਂ ਪ੍ਰਾਪਤ ਹੋਏ ਦਸਤਾਵੇਜ਼ ਤੋਂ ਮਿਲੇ ਹਨ। ਮ੍ਰਿਤਕ ਦੀ ਸ਼ਨਾਖ਼ਤ ਕਰਨ ਲਈ ਯਤਨ ਕੀਤੇ ਜਾ ਰਹੇ ਹਨ, ਇਹ ਵੀ ਪਤਾ ਲਗਾਉਣ ਦੀ ਕੋਸ਼ਿਸ਼ ਫੋਰੈਂਸਿਕ ਵਿਭਾਗ ਦੀ ਟੀਮ ਦੁਆਰਾ ਕੀਤੀ ਜਾ ਰਹੀ ਹੈ ਕਿ ਇਹ ਧਮਾਕਾ ਬੰਬ, ਆਈ.ਈ.ਡੀ. ਜਾਂ ਕਿਸੇ ਹੋਰ ਧਮਾਕਾਖੇਜ਼ ਸਮੱਗਰੀ ਨਾਲ ਹੋਇਆ ਹੈ। ਡੀ. ਆਈ. ਜੀ. ਨੇ ਦੱਸਿਆ ਕਿ ਧਮਾਕਿਆਂ ਦੇ ਮਾਮਲਿਆਂ ਦੀ ਜਾਂਚ ਦੌਰਾਨ ਇਹ ਸਾਹਮਣੇ ਆਇਆ ਸੀ ਕਿ ਅੱਤਵਾਦ ਸੰਗਠਨਾਂ ਵਲੋਂ ਅਜਿਹੀ ਵਿਸਫੋਟਕ ਸਮੱਗਰੀ ਨੂੰ ਖਾਲੀ ਥਾਵਾਂ 'ਤੇ ਦੱਬ ਕੇ ਫੋਟੋਆਂ ਖਿੱਚ ਕੇ ਇਕ ਦੂਸਰੇ ਨੂੰ ਭੇਜ ਦਿੱਤੀਆਂ ਜਾਂਦੀਆਂ ਹਨ, ਜਿਥੋਂ ਅਜਿਹੇ ਅੱਤਵਾਦੀ ਜਥੇਬੰਦੀ ਨਾਲ ਜੁੜੇ ਮੈਂਬਰ ਮੌਕਾ ਵੇਖ ਕੇ ਲੈ ਜਾਂਦੇ ਸਨ, ਕਿਉਂਕਿ ਅਜਿਹੀ ਅੱਤਵਾਦੀ ਕਾਰਵਾਈ ਦੌਰਾਨ ਧਮਾਕਾਖੇਜ਼ ਸਮੱਗਰੀ ਰੱਖਦਾ ਕੋਈ ਹੋਰ ਹੈ ਤੇ ਲੈਣ ਕੋਈ ਹੋਰ ਆਉਂਦਾ ਹੈ, ਉਪਰੰਤ ਇਸ ਸਮੱਗਰੀ ਨਾਲ ਕਿਸੇ ਨਾ ਕਿਸੇ ਕਾਰਵਾਈ ਨੂੰ ਅੰਜਾਮ ਦੇ ਦਿੱਤਾ ਜਾਂਦਾ ਹੈ ਤੇ ਇਹ ਵੀ ਉਸੇ ਕੜੀ ਦਾ ਹਿੱਸਾ ਹੈ ਜਿਥੇ ਦੀ ਮਿਲੀ ਜਾਣਕਾਰੀ ਉਪਰੰਤ ਇਹ ਨੌਜਵਾਨ ਉਕਤ ਵਿਸਫੋਟਕ ਸਮੱਗਰੀ ਲੈਣ ਆਇਆ ਸੀ, ਪਰ ਪੂਰੀ ਜਾਣਕਾਰੀ ਨਾ ਹੋਣ ਕਾਰਨ ਜ਼ਮੀਨ 'ਚੋਂ ਕੱਢਦੇ ਸਮੇਂ ਵਿਸਫੋਟਕ ਸਮੱਗਰੀ ਹੱਥ ਵਿਚ ਹੀ ਫਟ ਗਈ, ਜਿਸ ਕਾਰਨ ਉਸ ਦੇ ਦੋਵੇਂ ਹੱਥ ਤੇ ਇਕ ਲੱਤ ਸਰੀਰ ਨਾਲੋਂ ਵੱਖ ਹੋ ਗਏ ਅਤੇ ਹਸਪਤਾਲ ਵਿਚ ਇਲਾਜ ਦੌਰਾਨ ਜ਼ਖ਼ਮਾਂ ਦੀ ਤਾਬ ਨਾ ਸਹਾਰਦਿਆਂ ਉਸ ਦੀ ਮੌਤ ਹੋ ਗਈ। ਉਨ੍ਹਾਂ ਲੋਕਾਂ ਨੂੰ ਅਪੀਲ ਕੀਤੀ ਕਿ ਘਬਰਾਉਣ ਦੀ ਕੋਈ ਲੋੜ ਨਹੀਂ, ਇਸ ਮਾਮਲੇ ਦੀ ਤਹਿ ਤੱਕ ਜਾਣ ਲਈ ਜਾਂਚ ਟੀਮਾਂ ਦਾ ਗਠਨ ਕਰ ਦਿੱਤਾ ਗਿਆ ਹੈ ਤੇ ਜਲਦ ਹੀ ਇਸ ਦੀ ਅਤੇ ਇਸ ਦੇ ਸਾਥੀਆਂ ਦੀ ਸ਼ਨਾਖ਼ਤ ਕਰਕੇ ਕਾਰਵਾਈ ਅਮਲ ਵਿਚ ਲਿਆਂਦੀ ਜਾਵੇਗੀ ਤੇ ਸਾਰਾ ਮਾਮਲਾ ਹੱਲ ਕੀਤਾ ਜਾਵੇਗਾ ਕਿ ਇਸ ਵਿਸਫੋਟਕ ਸਮੱਗਰੀ ਨੂੰ ਕਿਸ ਨੇ ਤੇ ਕਦੋਂ ਇਥੇ ਦੱਬਿਆ ਸੀ ਤੇ ਅੱਜ ਇਸ ਨੂੰ ਇਥੋਂ ਲੈ ਜਾਣ ਉਪਰੰਤ ਕਿਥੇ ਵਰਤਿਆ ਜਾਣਾ ਸੀ।



ਸਰਦਾਰ ਮੱਲ ਸਿੰਘ ਜੀ ਸਿੱਖ ਪੰਥ ਵਿੱਚ ਇੱਕ ਜਾਣਿਆ ਪਹਿਚਾਣਿਆ ਨਾਮ ਹੈ। ਜਿਨ੍ਹਾਂ ਨੇ ਬਚਪਨ ਤੋਂ ਲੈਕੇ ਅੱਜ ਤੱਕ ਜਿਥੇ ਘਰਾਂ ਦੀ ਗਰੀਬੀ ਨਾਲ ਮੁਕਾਬਲਾ ਕੀਤਾ, ਉਥੇ ਸ਼ੁਰੂ ਤੋਂ ਹੀ ਸਿੱਖੀ ਜੀਵਨ ਅਤੇ ਸਿੱਖੀ ਕਦਰਾਂ ਕੀਮਤਾਂ ਲਈ ਲੜਾਈ ਜਾਰੀ ਰੱਖੀ। ਕਈ ਵਾਰ ਰਸਤੇ 'ਚ ਆਰਥਿਕ ਅਤੇ ਹੋਰ ਅੜਚਨਾਂ ਰੁਕਾਵਟਾਂ ਆਈਆਂ ਪਰ ਗੁਰੂ ਦੇ ਨਿਮਾਣੇ ਸਿੱਖ ਵਾਂਗ ਹੱਸਕੇ ਮੁਕਾਬਲਾ ਕੀਤਾ। ਭਾਵੇਂ ਬਚਪਨ 'ਚ ਅਤਿ ਗਰੀਬੀ ਕਾਰਨ ਸਤਵੀਂ ਦੀ ਪੜ੍ਹਾਈ ਵਿੱਚੇ ਛੱਡਕੇ ਕਾਰਖਾਨਿਆਂ 'ਚ ਮਜ਼ਦੂਰੀ ਕਰਨੀ ਪਈ ਪਰ ਹੌਸਲਾ ਨਾ ਛੱਡਿਆ। ਕਾਰਖਾਨੇ 'ਚ ਕੰਮ ਕਰਕੇ ਮੁੜ ਸਕੂਲ 'ਚ ਦਾਖਲਾ ਲੈ ਲਿਆ ਅਤੇ ਕੰਮਕਾਰ ਦੇ ਨਾਲ-ਨਾਲ ਪੜ੍ਹਾਈ ਜਾਰੀ ਰੱਖੀ ਅਤੇ ਸਿੱਖ ਇਤਿਹਾਸ ਦੀਆਂ ਕਿਤਾਬਾਂ ਪੜ੍ਹ ਪੜ੍ਹ ਕੇ ਸਿੱਖ ਇਤਿਹਾਸ ਤੋਂ ਹੋਰ ਜਾਣੂ ਅਤੇ ਸ਼ਰਧਾਲੂ ਹੁੰਦੇ ਗਏ। ਪਿਤਾ ਸ਼੍ਰੀ ਕਿਸ਼ਨ ਚੰਦ ਅਤੇ ਮਾਤਾ ਨਾਮ ਕੌਰ ਜੀ ਦੀ ਸਿੱਖੀ ਨਾਲ ਅਤਿ ਲਗਾਉ ਅਤੇ ਧਾਰਮਿਕ ਦ੍ਰਿੜਤਾ ਨੇ ਸਰਦਾਰ ਮੱਲ ਸਿੰਘ ਉਪਰ ਗਹਿਰਾ ਪ੍ਰਭਾਵ ਛੱਡਿਆ। ਡੀ.ਏ.ਵੀ. ਕਾਲਜ ਜਲੰਧਰ ਪ੍ਰੀ-ਯੂਨੀਵਰਸਿਟੀ ਪਾਸ ਕਰਨ ਉਪਰੰਤ 1970 ਵਿਚ Indian Posts And Telegraph Department ਜਲੰਧਰ ਉਨਾ ਨੂੰ ਸਰਕਾਰੀ ਨੌਕਰੀ ਮਿਲ ਗਈ ਅਤੇ 40 ਸਾਲ ਨੌਕਰੀ ਕਰਨ ਬਾਅਦ ਸ੍ਰ. ਮੱਲ ਸਿੰਘ ਜੀ 2010 'ਚ ਰਿਟਾਇਰ ਹੋ ਗਏ ਅਤੇ ਉਨ੍ਹਾਂ ਨੇ ਸਿੱਖੀ ਅਤੇ ਸਿੱਖ ਇਤਿਹਾਸ ਲਈ ਪੂਰਾ ਸਮਾਂ ਕੰਮ ਕਰਨਾ ਸ਼ੁਰੂ ਕਰ ਦਿੱਤਾ। ਸਰਦਾਰ ਸਾਹਿਬ ਵੱਖ-ਵੱਖ ਧਾਰਮਿਕ ਅਤੇ ਸਿਆਸੀ ਸੰਸਥਾਵਾਂ ਦੇ ਮੁੱਖ ਸੇਵਾਦਾਰਾਂ ਵਜੋਂ ਕੰਮ ਕਰਦੇ ਰਹੇ ਉਨ੍ਹਾਂ ਦੀ ਸ਼ਾਦੀ 1974 ਵਿੱਚ ਹੋਈ। ਹੁਣ ਤਿੰਨ ਪੁੱਤਰਾਂ ਦੇ ਬਾਪ ਹਨ ਉਨ੍ਹਾਂ ਨੇ ਸਿੱਖ ਇਤਿਹਾਸ ਉਪਰ ਡੂੰਘਾ ਅਧਿਐਨ ਕੀਤਾ ਅਤੇ ਉਨ੍ਹਾਂ ਨੇ ਇਤਿਹਾਸਕ ਕਿਤਾਬਾਂ ਲਿਖੀਆਂ। ਸਾਲ 2015-16 ਤੋਂ ਲੈ ਕੇ ਹੁਣ ਤੱਕ ਉਨ੍ਹਾ ਦੀਆਂ ਚਾਰ ਪੁਸਤਕਾਂ ਛਪ ਚੁੱਕੀਆਂ ਹਨ। ਜਿਨ੍ਹਾਂ ਵਿੱਚ 1. ਗੁਰੂ ਗੋਬਿੰਦ ਸਿੰਘ ਜੀ ਦਾ ਨਾਦੀ ਪੁੱਤਰ ਬਾਬਾ ਬੰਦਾ ਸਿੰਘ ਬਹਾਦਰ - ਪੰਨੇ 200, 2. 'ਮਨ ਕੀ ਕਟੀਐ ਮੈਲ' ਪੰਨੇ 80, 3. ਡਾ. ਭੀਮ ਰਾਓ ਅੰਬੇਡਕਰ ਸਿੱਖ ਕਿਉਂ ਨਾ ਬਣ ਸਕੇ (ਦੋਸ਼ੀ ਕੌਣ) ਪੰਨੇ 558, 4. ਸਿੱਖ ਮਿਸ਼ਨ ਤੇ ਡਾ. ਭੀਮ ਰਾਓ ਅੰਬੇਡਕਰ - ਪੰਨੇ 392, 5. ਇਸ ਤੋਂ ਇਲਾਵਾ ਪੰਜਵੀਂ ਪੁਸਤਕ 'ਪੰਥ ਪ੍ਰਕਾਸ਼' ਭਾਈ ਰਤਨ ਸਿੰਘ ਭੰਗੂ ਕਵਿਤਾ ਤੋਂ ਵਾਰਤਕ ਵਿਚ ਹੱਥ ਲਿਖਤ ਪਈ ਹੋਈ ਹੈ। ਉਪਰੋਕਤ ਪੁਸਤਕ ਜੋ ਲੜੀ ਨੰ. 3 ਅਤੇ 4 'ਤੇ ਹੈ, ਇਨ੍ਹਾਂ ਦੋਹਾਂ ਪੁਸਤਕਾਂ ਦਾ ਅੰਗਰੇਜ਼ੀ ਅਨੁਵਾਦ ਇਕੱਠੇ ਹੀ ਤਿਆਰ ਹੋ ਚੁੱਕਾ ਹੈ। ਉਨ੍ਹਾਂ ਨੇ ਇਹ ਸਿੱਧ ਕਰਕੇ ਕੀ ਸਿੱਖਾਂ ਨੇ ਡਾਕਟਰ ਅੰਬੇਦਕਰ ਨੂੰ ਸਿੱਖ ਨਹੀਂ ਬਣਨ ਦਿੱਤਾ। ਝੂਠ ਸਿੱਧ ਕਰਕੇ ਸਿੱਖਾਂ ਦੇ ਮੱਥੇ ਤੋਂ ਕਲੰਕ ਧੋਇਆ ਹੈ। ਉਨ੍ਹਾਂ ਨੇ ਸਬੂਤਾਂ ਸਾਹਿਤ ਦੱਸਿਆ ਕਿ ਕਿਵੇਂ ਗਾਂਧੀ ਨਹਿਰੂ ਅਤੇ ਉਸ ਸਮੇਂ ਦੇ ਹੋਰ ਹਿੰਦੂ ਲੀਡਰ ਨਹੀਂ ਸੀ ਚਹੁੰਦੇ ਕਿ ਡਾਕਟਰ ਅੰਬੇਕਰ ਸਿੱਖ ਅਤੇ ਉਸ ਨਾਲ ਉਸਦੇ ਪੈਰੋਕਾਰ ਸਿੱਖ ਬਣਨ ਤੇ ਸਿੱਖਾਂ ਦੀ ਗਿਣਤੀ ਵਧ ਜਾਵੇ ਜਿਸਨੂੰ ਉਸ ਸਮੇਂ ਦੇ ਹਾਕਮਾਂ ਨੇ ਬਹੁਤ ਚਤੁਰਾਈ ਨਾਲ ਖੇਡਿਆ। ਕਿਉਂਕਿ ਡਾਕਟਰ ਅੰਬੇਦਕਰ ਨੇ ਕਿਹਾ ਸੀ ਕਿ ਮੈਂ ਹਿੰਦੂ ਪੈਦਾ ਹੋਇਆ ਪਰ ਹਿੰਦੂ ਮਰਾਂਗਾ ਨਹੀਂ। ਇਸ ਲਈ ਡਾਕਟਰ ਅੰਬੇਦਕਰ ਨੇ ਕਈ ਕਾਰਨਾਂ ਕਰਕੇ ਬੁੱਧ ਧਰਮ ਗ੍ਰਹਿਣ ਕਰ ਲਿਆ ਪਰ ਸਰਦਾਰ ਮੱਲ ਸਿੰਘ ਨੇ ਸਿੱਖਾਂ ਖਿਲਾਫ ਸਾਜਿਸ਼ ਤਹਿਤ ਸਿਰਜੀ ਮਿੱਥ ਤੋੜਕੇ ਇਤਿਹਾਸ ਦੇ ਸੁਨਹਿਰੀ ਪੰਨਿਆਂ 'ਚ ਆਪਣਾ ਨਾਲ ਜੋੜ ਦਿੱਤਾ। ਇਹ ਇਤਿਹਾਸਕ ਦਸਤਾਵੇਜ਼ ਅਸੀਂ 'ਸਾਡੇ ਲੋਕ' ਦੇ ਪਾਠਕਾਂ ਲਈ ਸ਼ੁਰੂ ਕਰ ਰਹੇ ਹਾਂ। ਜਿਥੇ ਅਸੀਂ ਸਿੱਖ ਸਕਾਲਰ ਸ. ਮੱਲ ਸਿੰਘ ਜੀ ਦਾ ਤਹਿ ਦਿਲ ਤੋਂ ਧੰਨਵਾਦ ਕਰਦੇ ਹਾਂ ਉਥੇ ਸਾਨੂੰ ਆਸ ਹੈ ਕਿ ਪਾਠਕ ਪੜ੍ਹਕੇ ਜ਼ਰੂਰ ਲਾਭ ਲੈਣਗੇ -ਧੰਨਵਾਦ ਸਾਹਿਤ ਸਤਨਾਮ ਸਿੰਘ ਖਾਲਸਾ

# ਸਿੱਖ ਮਿਸ਼ਨ ਅਤੇ ਤੇ ਡਾ. ਭੀਮ ਰਾਓ ਅੰਬੇਡਕਰ

(**ਪਿਛਲੇ ਅੰਕ ਦੀ ਬਾਕੀ**)

ਇਨ੍ਹਾਂ ਵਿਚੋਂ ਬਹੁਤ ਸਾਰੀਆਂ ਬੀਬੀਆਂ ਭੀ ਹਨ। ਸ਼ਰਟਲੇ ਵਿਖੇ ਭੀ ਅੰਮ੍ਰਿਤ ਪ੍ਰਚਾਰ ਦਾ ਪ੍ਰਵਾਹ ਜਾਰੀ ਹੈ।

ਜੜਾਂਵਾਲਾ : ਇਤਲਾਹ ਪੁੱਜੀ ਹੈ ਕਿ ਚੱਕ ਨੰ. 75 ਲੌਹਕੇ ਵਰਿਆਮ ਸਿੰਘ ਵਾਲੇ, ਚੱਕ ਨੰ. 70 ਰੱਖ ਬਰਾਂਚ, ਚੱਕ ਨੰ. 102 ਬੁਡੇਦਾ ਅਤੇ ਚੱਕ ਨੰ. 73 ਵਿਚ 12 ਨਵੰਬਰ ਨੂੰ ਅੰਮ੍ਰਿਤ ਪ੍ਰਚਾਰ ਹੋਇਆ। 206 ਅਖੌਤੀ ਅਛੂਤਾਂ ਨੇ ਅੰਮ੍ਰਿਤ ਪਾਨ ਕੀਤਾ। ਇਸ ਤੋਂ ਪਹਿਲਾਂ ਚੱਕ ਨੰ. 240, ਚੱਕ ਨੰ. 237, ਚੱਕ ਨੰ. 651, ਚੱਕ ਨੰ. 34 ਫ਼ਰੀਦਾਬਾਦ ਤੇ ਖ਼ਾਸ ਜੜਾਂ ਵਾਲੇ ਅੰਮ੍ਰਿਤ ਪ੍ਰਚਾਰ ਹੋਇਆ ਸੀ। 106 ਪ੍ਰਾਣੀਆਂ ਨੇ ਅੰਮ੍ਰਿਤ ਛਕਿਆ।

ਖ਼ਾਲਸਾ ਸਮਾਚਾਰ 13 ਅਗਸਤ 1936, ਜਿਲਦ 37, ਅੰਕ 49, ਪੰਨਾ-1

ੴ ਵਾਹਿਗੁਰੂ ਜੀ ਕੀ ਫ਼ਤਿਹ॥

ਪੰਥ ਅੱਗੇ ਅਪੀਲ

ਅਕਾਲੀ ਪੱਤ੍ਰਿਕਾ ਤੇ ਹੋਰਨਾਂ ਅਖ਼ਬਾਰਾਂ ਵਿਚ ਇਕ ਚਿੱਠੀ ਛਪੀ ਹੈ। ਇਹ ਇਕ ਉਸ ਸੱਜਣ ਦੀ ਲਿਖਤ ਹੈ ਜੋ ਪਿਛਲੀ ਅਛੂਤ ਉਧਾਰ ਕਾਨਫਰੰਸ ਅੰਮ੍ਰਿਤਸਰ ਦੇ ਸਮੇਂ ਅੰਮ੍ਰਿਤ ਛਕ ਕੇ ਗਿਆ ਸੀ। ਇਹ ਚਿੱਠੀ ਬੜੀ ਨਿਰਾਸਤਾਜਨਕ ਹੈ। ਇਸ ਨੂੰ ਪੜ੍ਹ ਕੇ ਪੰਥ ਦੀ ਉਸ ਜਥੇਬੰਦੀ ਵਲ ਉਦਾਸੀ ਤੇ ਉਲਾਮ੍ਹੇ ਦਾ ਧਿਆਨ ਜਾ ਸਕਦਾ ਹੈ ਜਿਸ ਨੇ ਕਿ ਅਛੂਤ ਉਧਾਰ ਦਾ ਕੰਮ ਚਲਾਇਆ ਤੇ ਕਾਨਫਰੰਸ ਕਰਕੇ ਬੀੜਾ ਚਲਾਇਆ ਸੀ। ਪਰ ਅਸੀਂ ਇਸ ਵੇਲੇ ਕਿਸੇ ਧਿਰ ਨੂੰ ਉਲਾਮ੍ਹਾ ਦੇਣ ਲਈ ਇਹ ਪੱਤ੍ਰਿਕਾ ਨਹੀਂ ਛਾਪੀ। ਪੰਥ ਵਿਚ ਇਹ ਹਾਲਤ ਕਿ ਇਕ ਦੂਜੇ ਨੂੰ ਸੱਚੇ ਚਾਹ ਅਣਹੋਏ ਉਲਾਮ੍ਹੇ ਦਿੱਤੇ ਜਾਣ, ਬਦਕਿਸਮਤੀ ਨਾਲ ਦੇਰ ਤੋਂ ਜਾਰੀ ਹੈ, ਇਸ ਦੇ ਨਾਲ ਹਠ ਵਧਦੇ ਹਨ ਪਰਸਪਰ ਬਲ ਇਕੱਠਾ ਹੋ ਕੇ ਕੰਮ ਨਹੀਂ ਸਿਰੇ ਚੜ੍ਹਦੇ। ਜੋ ਹਾਲਤ ਸ਼ੁਰੂ ਕੀਤੇ ਅਛੂਤ ਉਧਾਰ ਦੇ ਮਹਾਨ ਕੰਮ ਦੀ ਹੈ ਇਹ ਚਿੱਠੀ ਉਸ ਦੀ ਇਕ ਤਸਵੀਰ ਹੈ। ਇਹ ਕੰਮ ਪੰਥਕ ਹੈ। ਇਸ ਦੀ ਨਾਕਾਮਯਾਬੀ ਨਾਲ ਬਾਹਰ ਜਗਤ ਵਿਚ ਪੰਥ ਦੀ ਸਮੁੱਚੀ ਬਦਨਾਮੀ ਹੈ ਤੇ ਉਂਜ ਸਮੁੱਚੇ ਤੌਰ 'ਤੇ ਪੰਥਕ ਹਾਨੀ ਹੈ। ਸਿੱਖਾਂ ਨੇ ਜਿਵੇਂ ਅੱਗੇ ਪਿਛਲੇ ਦਸ ਬਾਰਾਂ ਬਰਸ ਵਿਚ ਉਕਾਈਆਂ ਕੀਤੀਆਂ, ਉਨ੍ਹਾਂ ਵਿਚ ਇਹ ਵੀ ਇਕ ਭਾਰੀ ਪੰਥਕ ਉਕਾਈ ਹੋਵੇਗੀ, ਜੇ ਇਤਨੀ ਭਾਰੀ ਜਨਤਾ ਦੇ ਗੁਰਬਾਨੀ ਦੇ ਅਸਰ ਹੇਠ ਆ ਸਕਣ ਦਾ ਅਵਸਰ ਗੁਆਚ ਜਾਵੇ ਤਾਂ।




ਇਸ ਲਈ ਪੰਥ ਦੇ ਸਾਰੇ ਜਥਿਆਂ, ਅੱਡ ਅੱਡ ਤੇ ਵਖਰੇਵੇਂ ਦੇ ਖ਼ਿਆਲ ਰੱਖਣ ਵਾਲੇ ਜਥਿਆਂ ਤੇ ਸ਼ਖ਼ਸੀਅਤਾਂ ਅਖ਼ਬਾਰਾਂ ਤੇ ਪ੍ਰਚਾਰਕਾਂ, ਸੰਤਾਂ, ਕੀਰਤਨੀਆਂ ਸਭ ਦਾ ਫਰਜ਼ ਹੈ ਕਿ ਇਸ ਨਿਰਾਸਤਾ ਵਾਲੀ ਹਾਲਤ ਨੂੰ ਸਾਂਝਾ ਪੰਥਕ ਹਾਣ ਲਾਭ ਦਾ ਕੰਮ ਸਮਝ ਕੇ ਕੋਈ ਵਿਉਂਤ ਕਰਨ ਕਿ ਜਿਸ ਨਾਲ ਪੰਥ ਨੂੰ ਇਸ ਨਾਕਾਮਯਾਬੀ ਦਾ ਮੂੰਹ ਦੇਖਣਾ ਨਾ ਪਵੇ। ਕੰਮ ਨਿਹਾਇਤ ਮੁਸ਼ਕਲ ਹੈ, ਬਹੁਤ ਧਨ, ਗੰਭੀਰਤਾ, ਦਾਨਾਈ ਤੇ ਕੁਰਬਾਨੀ ਦਾ ਲੋੜਕੂ ਹੈ। ਜਿਸ ਲਈ ਪੰਥ ਵਿਚ ਇਕ ਪੰਥਕ ਸਾਂਝੀ ਪੀੜ ਦੀ ਝਰਝਾਹਟ ਛਿੜਨੀ ਚਾਹੀਏ ਅਰ ਦਰਦ-ਏ-ਦਿਲ ਰੱਖਣ ਵਾਲੇ ਸੱਜਣਾਂ ਨੂੰ ਬੇੜੇ ਨੂੰ ਬਚਾਉਣ ਦਾ ਯਤਨ ਕਰਨਾ ਲੋੜੀਏ। ਬੀੜਾ-ਚਾਣ ਵਾਲੇ ਸੱਜਣਾਂ ਨੂੰ ਵੀ ਵਧੇਰੇ ਦਰਿਆ-ਦਿਲੀ ਤੋਂ ਕੰਮ ਲੈਣਾ ਚਾਹੀਏ ਤੇ ਬਾਕੀ ਸਾਰੇ ਪੰਥ ਵਿਚੋਂ ਕੰਮ ਦਾ ਚਾਉ ਬਹੁਤ ਵਧਣਾ ਚਾਹੀਏ ਤੇ ਕੁਰਬਾਨੀ ਵਾਲੇ ਬੰਦਿਆ ਨੂੰ ਇਸ ਪੰਥਕ ਸਾਂਝੀ ਹਾਨੀ ਤੋਂ ਪੰਥ ਨੂੰ ਬਚਾਉਣਾ ਲੋੜੀਏ। ਸਾਰੇ ਪੰਥ ਵਿਚ ਚਾਹੀਏ ਕਿ ਇਸ ਕਾਰਜ ਲਈ ਕੁਰਬਾਨੀ ਤੇ ਸੇਵਾ ਦਾ ਚਾਉ ਹੁਲਾਰਾ ਮਾਰੇ। ਚਿੱਠੀ ਪੜ੍ਹ ਕੇ ਨਿਰਾਸਤਾ ਨਹੀਂ ਛਾਣੀ ਚਾਹੀਏ, ਸਗੋਂ ਵਿਸ਼ੇਸ਼ ਉਦਮ ਜਾਗਣਾ ਧਰਮ ਹੈ। ਚਿੱਠੀ ਇਸ ਪ੍ਰਚਾਰ ਹੈ :

ਪੰਥ ਦੀ ਸੇਵਾ ਵਿਚ ਦਰਦ ਭਲੀ ਅਪੀਲ

(ਵਲੋਂ ਸ੍ਰ. ਜੈ ਸਿੰਘ ਜੀ ਪ੍ਰਧਾਨ ਸ੍ਰੀ ਗੁਰੂ ਸਿੰਘ ਸਭਾ, ਸ਼ਰਟਲੇ ਟ੍ਰਾਵਨਕੋਰ)

ਟ੍ਰਾਵਨਕੋਰ ਵਿਖੇ ਈਸਾਈਆਂ ਦਾ ਬੜਾ ਜ਼ੋਰ ਹੈ। ਉਨ੍ਹਾਂ ਦੀ ਗਿਣਤੀ 16 ਲੱਖ ਹੈ। ਦੂਜੀਆਂ ਕੌਮਾਂ ਦੇ ਮੁਕਾਬਲੇ ਵਿਚ ਉਹ ਵਿਦਿਆ ਤੇ ਸਭਿਅਤਾ ਤੇ ਸਭਿਆਚਾਰ ਦੇ ਲਿਹਾਜ਼ ਨਾਲ ਬਹੁਤ ਉਨਤ ਹਨ, ਉਨ੍ਹਾਂ ਦੀ ਆਰਥਿਕ ਅਵਸਥਾ ਦਾ ਵੀ ਇਹੋ ਹਾਲ ਹੈ। ਮੁੱਕਦੀ ਗੱਲ ਇਹ ਕਿ ਈਸਾਈਆਂ ਵਿਚ ਹਰ ਇਕ ਖ਼ੂਬੀ ਤੇ ਖਿੱਚ ਦਾ ਸਾਮਾਨ ਮੌਜੂਦ ਹੈ।

ਮੁਸਲਮਾਨਾਂ ਦੀ ਵਸੋਂ ਸਾਢੇ ਤਿੰਨ ਲੱਖ ਹੈ। ਆਰਥਿਕ ਤੌਰ 'ਤੇ ਭਾਵੇਂ ਉਹ ਤੱਕੜੇ ਹਨ, ਉਨ੍ਹਾਂ ਦਾ ਵਿਦਿਅਕ ਤੇ ਸਭਿਆਚਾਰਕ ਪਾਸਾ ਇਸ ਵੇਲੇ ਬੜਾ ਕਮਜ਼ੋਰ ਹੈ ਪਰ ਕਿਸੇ ਫਿਰਕੂ ਹਾਲਾਤ ਦੇ ਮੁਕਾਬਲੇ ਲਈ ਉਨ੍ਹਾਂ ਦਾ ਹਰ ਸਮੇਂ ਤਿਆਰ ਬਰ ਤਿਆਰ ਰਹਿਣਾ ਦੂਜੀਆਂ ਕੌਮਾਂ ਦੀ ਪ੍ਰਸੰਸਾ ਤੇ ਰੁਚੀ ਨੂੰ ਆਪਣੇ ਵੱਲ ਖਿੱਚਣ ਦਾ ਹੱਕਦਾਰ ਹੈ।

(**ਚਲਦਾ**)



ਡਾ. ਗੁਰਪ੍ਰੀਤ ਸਿੰਘ ਧੁੱਗਾ M.D., C.M.D. ਸਟਰ ਹਸਪਤਾਲ (ਫੇਅਰ ਫੀਲਡ-ਵਲੇਹੋ) ਵਿਚ ਮੈਡੀਕਲ ਡਾਇਰੈਕਟਰ ਹਨ। ਅਮੈਰੀਕਨ ਮੈਡੀਕਲ ਬੋਰਡ ਵਲੋਂ ਡਬਲ ਬੋਰਡ ਸਰਟੀਫਾਈਡ ਹਨ। ਉਨ੍ਹਾਂ ਨੂੰ ਸਾਲ 2006 ਵਿਚ 'ਸੀਨੀਅਰ ਹੈਲਥ ਹੀਰੋ' ਦਾ ਪੁਰਸਕਾਰ ਵੀ ਦਿੱਤਾ ਗਿਆ। ਡਾ. ਧੁੱਗਾ ਨੇ ਸਰਕਾਰੀ ਮੈਡੀਕਲ ਕਾਲਜ, ਪਟਿਆਲਾ ਤੋਂ ਆਪਣੀ ਮੁਢਲੀ ਮੈਡੀਕਲ ਸਿੱਖਿਆ ਪੂਰੀ ਕੀਤੀ। ਡਾ. ਧੁੱਗਾ ਕੈਲੀਫੋਰਨੀਆ ਦੇ ਫੇਅਰਫੀਲਡ ਸ਼ਹਿਰ ਵਿਚ ਬਤੌਰ ਚੇਅਰਮੈਨ, ਪਲੈਨਿੰਗ ਕਮਿਸ਼ਨ ਸੇਵਾਵਾਂ ਨਿਭਾਅ ਚੁੱਕੇ ਹਨ। ਉਹ ਪੰਜਾਬੀ ਅਮੈਰੀਕਨ ਕਲਚਰਲ ਐਸੋਸੀਏਸ਼ਨ ਦੇ ਫਾਊਂਡਰ ਮੈਂਬਰ ਹਨ, ਜੋ ਕਿ ਕੈਲੀਫੋਰਨੀਆ ਵਿਚ ਇਕ ਸਮਾਜਿਕ ਕੰਮ ਕਰਨ ਵਾਲੀ ਸੰਸਥਾ ਹੈ। ਡਾ. ਗੁਰਪ੍ਰੀਤ ਸਿੰਘ ਧੁੱਗਾ ਵਲੋਂ ਸਿਹਤ ਸਬੰਧੀ ਲਿਖੀ ਆਪਣੀ ਕਿਤਾਬ 'ਹੈਲਥ ਗਾਈਡ' ਬਿਮਾਰੀਆਂ ਦੀ ਜਾਣਕਾਰੀ ਅਤੇ ਰੋਕਥਾਮ, ਬਚਾਅ, ਘਰੇਲੂ ਇਲਾਜ ਅਤੇ ਡਾਕਟਰਾਂ ਨੂੰ ਕਦੋਂ ਵਿਖਾਈਏ ਬਾਰੇ ਵਿਸਥਾਰ ਨਾਲ ਦੱਸਦੀ ਹੈ। ਸਿਹਤ ਸਬੰਧੀ ਜ਼ਿਆਦਾਤਰ ਕਿਤਾਬਾਂ ਮੈਡੀਕਲ ਨਾਲ ਸਬੰਧਤ ਵਿਅਕਤੀਆਂ ਦੇ ਲਈ ਹੀ ਲਿਖੀਆਂ ਗਈਆਂ ਹਨ। ਜਿਸ ਕਰਕੇ ਅਜਿਹੀ ਸਿਹਤ ਸਬੰਧੀ 'ਹੈਲਥ ਗਾਈਡ' ਵਰਗੀ ਕਿਤਾਬ ਦੀ ਬੇਹੱਦ ਜ਼ਰੂਰਤ ਸੀ ਜੋ ਆਮ ਵਿਅਕਤੀ ਪੜ੍ਹ ਸਕੇ, ਸਮਝ ਸਕੇ ਅਤੇ ਆਪਣੀ ਰੋਜ਼ਮਰਾਂ ਦੀ ਜ਼ਿੰਦਗੀ 'ਚ ਵਰਤ ਸਕੇ। ਇਹ ਕਿਤਾਬ 'ਹੈਲਥ ਗਾਈਡ' ਸਭ ਜ਼ਰੂਰਤਾਂ ਨੂੰ ਪੂਰਾ ਕਰਦੀ ਹੈ। ਇਸ ਕਿਤਾਬ ਸਬੰਧੀ ਜਾਣਕਾਰੀ ਅਸੀਂ 'ਸਾਡੇ ਲੋਕ' 'ਚ ਪਾਠਕਾਂ ਦੀ ਮੰਗ 'ਤੇ ਦੁਆਰਾ ਲੜੀਵਾਰ ਛਾਪ ਕੇ ਮਾਣ ਹਾਸਲ ਕਰ ਰਹੇ ਹਾਂ। ਜੇਕਰ ਕਿਸੇ ਵਿਅਕਤੀ ਨੂੰ ਇਹ ਕਿਤਾਬ ਚਾਹੀਦੀ ਹੈ ਤਾਂ ਉਹ ਡਾ. ਧੁੱਗਾ ਨਾਲ gpdhugga@gmail.com 'ਤੇ ਸੰਪਰਕ ਕਰ ਸਕਦੇ ਹਨ।



**ਹੈਲਥ ਗਾਈਡ**

# ਸਿਹਤਮੰਦ ਜੀਵਨ ਦੇ ਨੁਕਤੇ

(ਲੜੀ ਜੋੜਨ ਲਈ ਪਿਛਲਾ ਅੰਕ ਦੇਖੋ)

ਗਿੱਲੜ ਹੋਣ ਦੇ ਨਾਲ ਗਲਾ ਬਹੁਤ ਮੋਟਾ ਦਿਖਾਈ ਦਿੰਦਾ ਹੈ। ਗਿੱਲੜ ਵਿੱਚ ਹਾਰਮੋਨ ਦਾ ਬਣਨਾ ਨੌਰਮਲ ਹੁੰਦਾ ਹੈ, ਪਰ ਇਸਦੇ ਆਕਾਰ ਦਾ ਵਧੇ ਹੋਣ ਕਾਰਨ ਗਲੇ ਦੀ ਸੁੰਦਰਤਾ 'ਤੇ ਅਸਰ ਪੈ ਸਕਦਾ ਹੈ। ਕਈ ਵਾਰ ਖਾਣਾ ਅੰਦਰ ਲੰਘਾਉਣ ਵਿੱਚ ਤਕਲੀਫ਼ ਵੀ ਹੋ ਸਕਦੀ ਹੈ।

**ਕਾਰਨ :**

ਆਈਓਡੀਨ ਦੀ ਘਾਟ ਗਿੱਲੜ ਦਾ ਮੁੱਖ ਕਾਰਨ ਹੈ। ਇਸ ਲਈ ਕਈ ਦੇਸ਼ਾਂ ਵਿਚ ਆਈਓਡੀਨ ਨਾਲ ਸੰਯੁਕਤ ਲੂਣ ਵਰਤਿਆ ਜਾਂਦਾ ਹੈ।

**ਗਿੱਲੜ ਦਾ ਇਲਾਜ :**

ਜੇਕਰ ਇਸਦੇ ਵਧੇ ਹੋਏ ਆਕਾਰ ਦੇ ਕਾਰਨ ਖਾਣਾ ਲੰਘਾਉਣ ਵਿੱਚ ਪ੍ਰੇਸ਼ਾਨੀ ਹੋਵੇ ਤਾਂ ਇਸਦਾ ਅਪ੍ਰੇਸ਼ਨ ਕਰਵਾਇਆ ਜਾ ਸਕਦਾ ਹੈ । ਅਪ੍ਰੇਸ਼ਨ ਨਾਲ ਗਿੱਲੜ ਦਾ ਆਕਾਰ ਘਟਾਇਆ ਜਾਂਦਾ ਹੈ।

**ਮਨ ਅਤੇ ਬਿਮਾਰੀਆਂ ਦਾ ਸੰਬੰਧ**

**ਦਿਮਾਗ਼ ਅਤੇ ਸਿਹਤ :**

ਵਿਗਿਆਨਕਾਂ ਨੇ ਇਹ ਪਤਾ ਲਗਾਇਆ ਹੈ ਕਿ ਦਿਮਾਗ਼ ਇੱਕ ਹਾਰਮੋਨ ਪੈਦਾ ਕਰਦਾ ਹੈ ਜਿਸਨੂੰ 'ਐਂਡੋਰਫ਼ਿਨ' ਕਿਹਾ ਜਾਂਦਾ ਹੈ, ਜਿਸ ਕਾਰਨ ਵਿਅਕਤੀ ਖ਼ੁਸ਼ ਰਹਿੰਦਾ ਹੈ। ਇਹ ਹਾਰਮੋਨ ਕੁਦਰਤੀ ਦਰਦ ਨਿਵਾਰਕ ਦੀ ਤਰ੍ਹਾਂ ਵੀ ਕੰਮ ਕਰਦਾ ਹੈ। ਦਿਮਾਗ਼ ਇੱਕ ਹੋਰ ਹਾਰਮੋਨ ਵੀ ਪੈਦਾ ਕਰਦਾ ਹੈ ਜਿਸਨੂੰ 'ਇੰਟਰਫ਼ਿਰੋਨ' ਕਿਹਾ ਜਾਂਦਾ ਹੈ ਜੋ ਇਨਫ਼ੈਕਸ਼ਨ ਨੂੰ ਕਾਬੂ ਕਰਨ ਵਿੱਚ ਮੱਦਦ ਕਰਦਾ ਹੈ। ਇਹ ਦਿਮਾਗ਼ ਦੀ ਇੱਕ ਕੁਦਰਤੀ ਪ੍ਰਣਾਲੀ ਹੈ ਜੋ ਸਾਨੂੰ ਸਿਹਤਮੰਦ ਰੱਖਦੀ ਹੈ। ਸਾਡੀ ਸੋਚ ਅਤੇ ਮਹਿਸੂਸ ਕਰਨ ਦੀ ਸ਼ਕਤੀ ਦੇ ਨਾਲ ਹੀ ਦਿਮਾਗ਼ ਇਨ੍ਹਾਂ ਹਾਰਮੋਨਾਂ ਨੂੰ ਮਨ ਦੀ ਹਾਲਤ ਦੇ ਨਿਰਭਰ ਕਰਦੀ ਹੈ।




**ਸਾਈਕੋ-ਨਿਯੁਰੋ ਇਮਿਊਨੋਲੋਜੀ :**

ਮੈਡੀਕਲ ਸਾਇੰਸ (ਵਿਗਿਆਨ) ਨੇ ਸਿੱਧ ਕੀਤਾ ਹੈ ਕਿ ਸਾਡੇ ਜਜ਼ਬਾਤ ਅਤੇ ਸੋਚ ਸਾਡੀ ਸਿਹਤ 'ਤੇ ਬਹੁਤ ਜ਼ਿਆਦਾ ਪ੍ਰਭਾਵ ਪਾਉਂਦੇ ਹਨ। ਇਸ ਸਾਇੰਸ ਨੂੰ 'ਸਾਈਕੋ-ਨਿਯੁਰੋ ਇਮਿਉਨੋਲੋਜੀ' ਕਹਿੰਦੇ ਹਨ। ਇਸ ਸਾਇੰਸ ਦੀ ਖੋਜ ਵਿੱਚ ਇਹ ਪਾਇਆ ਗਿਆ ਹੈ ਕਿ ਕਿਵੇਂ ਦਿਮਾਗ਼ ਸਾਡੇ ਸਰੀਰ ਦੇ ਹੋਰ ਹਿੱਸਿਆਂ ਨਾਲ ਸੰਪਰਕ ਕਰਨ ਦੇ ਲਈ ਹਾਰਮੋਨ ਪੈਦਾ ਕਰਦਾ ਹੈ ਅਤੇ ਇਸਨੂੰ ਖ਼ੂਨ ਰਾਹੀਂ ਸਰੀਰ ਦੇ ਵੱਖ-ਵੱਖ ਹਿੱਸਿਆਂ ਵਿੱਚ ਭੇਜਦਾ ਹੈ।

**ਆਸ਼ਾਵਾਦੀ ਸੋਚ :**

ਇਹ ਪਹਿਲੇ ਸਮੇਂ ਵਿੱਚ ਵੀ ਅਤੇ ਹੁਣ ਵੀ ਵਾਰ ਵਾਰ ਸਿੱਧ ਹੋਇਆ ਹੈ ਕਿ ਜਿਨ੍ਹਾਂ ਲੋਕਾਂ ਦੀ ਸੋਚ ਆਸ਼ਾਵਾਦੀ ਹੁੰਦੀ ਹੈ, ਉਹ ਆਪਣੀ ਬਿਮਾਰੀ ਤੋਂ ਹੋਰ ਲੋਕਾਂ ਨਾਲੋਂ ਜਲਦੀ ਠੀਕ ਹੋ ਜਾਂਦੇ ਹਨ। ਉਹ ਮੁੱਖ ਅਪ੍ਰੇਸ਼ਨਾਂ ਜਿਵੇਂ ਕਿ ਦਿਲ ਦਾ ਅਪ੍ਰੇਸ਼ਨ ਤੋਂ ਵੀ ਜਲਦੀ ਅਤੇ ਬਿਨਾਂ ਕਿਸੇ ਮੁਸ਼ਕਲ ਤੋਂ ਠੀਕ ਹੋ ਜਾਂਦੇ ਹਨ। ਰੋਜ਼ਾਨਾ ਦੀ ਜ਼ਿੰਦਗੀ ਵਿੱਚ ਵੀ, ਅਸਲ ਲੋਕਾਂ ਨੂੰ ਦੇਖਦੇ ਹਾਂ, ਕਿ ਜੋ ਲੋਕ ਆਸ਼ਾਵਾਦੀ ਸੋਚ ਵਾਲੇ ਹਨ, ਉਹ ਆਪਣੀ ਜ਼ਿੰਦਗੀ ਬਹੁਤ ਵਧੀਆ ਤਰੀਕੇ ਨਾਲ ਹੰਢਾਉਂਦੇ ਹਨ। ਸਾਡੀ ਸੋਚ ਬਹੁਤ ਸਾਰੀਆਂ ਗੱਲਾਂ 'ਤੇ ਨਿਰਭਰ ਕਰਦੀ ਹੈ, ਪਰ ਜ਼ਿਆਦਾ ਤੌਰ 'ਤੇ, ਖ਼ੁਸ਼ ਹੋਣਾ ਜਾਂ ਦੁਖੀ ਹੋਣਾ ਸਾਡਾ ਆਪਣਾ ਫ਼ੈਸਲਾ ਹੁੰਦਾ ਹੈ। ਬੁੱਧੀਜੀਵੀ ਇਹ ਮੰਨਦੇ ਹਨ ਕਿ ਸਾਡੀ ਸੋਚ ਦੋ ਗੱਲਾਂ 'ਤੇ ਨਿਰਭਰ ਕਰਦੀ ਹੈ, ਪਹਿਲਾ ਸਾਡੇ ਮਨ ਦੇ ਅੰਦਰਲੇ ਵਿਚਾਰਾਂ ਉੱਤੇ ਅਤੇ ਦੂਸਰਾ ਸਾਡੇ ਵਾਤਾਵਰਨ ਉੱਤੇ (ਅਸਲ ਕੀ ਪੜ੍ਹਦੇ ਹਾਂ, ਕੀ ਸੁਣਦੇ ਹਾਂ, ਕੀ ਦੇਖਦੇ ਹਾਂ ਅਤੇ ਅਸਲ ਕਿਸ ਸਮਾਜ ਵਿੱਚ ਵਿਚਰਦੇ ਹਾਂ)। ਸਾਨੂੰ ਆਪਣੇ ਆਲੇ-ਦੁਆਲੇ ਆਸ਼ਾਵਾਦੀ ਵਾਤਾਵਰਣ ਬਣਾਉਣਾ ਚਾਹੀਦਾ ਹੈ, ਜਿਸ ਨਾਲ ਅਸਲ ਆਸ਼ਾਵਾਦੀ ਸੋਚ ਨਾਲ ਅੱਗੇ ਵਧੀਏ ਅਤੇ ਇੱਕ ਸਿਹਤਮੰਦ ਜੀਵਨ ਬਤੀਤ ਕਰੀਏ।

**ਵਿਸ਼ਵਾਸ/ਭਰੋਸੇ ਦੀ ਤਾਕਤ :**

ਇੱਕ ਖੋਜ ਇਹ ਵੀ ਕੀਤੀ ਗਈ, ਜਿਸ ਵਿੱਚ 100 ਵਿਅਕਤੀ ਇੱਕ ਹੀ ਬਿਮਾਰੀ ਦੇ ਚੁਣੇ ਗਏ, ਇਨ੍ਹਾਂ ਵਿੱਚੋਂ ਅੱਧਿਆਂ ਨੂੰ ਇੱਕੋ ਜਿਹੀ ਦਵਾਈ ਦਿੱਤੀ ਗਈ ਅਤੇ ਦੂਜੇ ਅੱਧਿਆਂ ਨੂੰ ਬਿਨਾਂ ਦੱਸੇ ਸਿਰਫ਼ ਵਿਟਾਮਿਨ ਦੀ ਦਵਾਈ ਹੀ ਦਿੱਤੀ ਗਈ, ਤਕਰੀਬਨ 35% ਲੋਕ ਜਿਨ੍ਹਾਂ ਨੂੰ ਸਿਰਫ਼ ਵਿਟਾਮਿਨ ਹੀ ਦਿੱਤੇ ਗਏ ਸਨ, ਬਿਮਾਰੀ ਤੋਂ ਠੀਕ ਹੋ ਗਏ। ਇਸਨੂੰ ਮੈਡੀਕਲ ਭਾਸ਼ਾ ਵਿੱਚ 'ਪਲੇਸੀਬੋ ਇਫ਼ੈਕਟ' ਕਿਹਾ ਜਾਂਦਾ ਹੈ। ਵਿਗਿਆਨਕ ਤੌਰ 'ਤੇ 'ਪਲੇਸੀਬੋ ਇਫ਼ੈਕਟ' ਵਿਸ਼ਵਾਸ ਰੱਖਣ ਨਾਲ ਹੁੰਦੇ ਫ਼ਾਇਦੇ ਦਾ ਇੱਕ ਵਧੀਆ ਸਬੂਤ ਹੈ।

**ਰੱਬ ਵਿੱਚ ਵਿਸ਼ਵਾਸ ਅਤੇ ਅਧਿਆਤਮਿਕ ਹੋਣਾ :**

ਉਹ ਲੋਕ ਜੋ ਧਾਰਮਿਕ ਹੁੰਦੇ ਹਨ ਅਤੇ ਰੱਬ ਵਿੱਚ ਵਿਸ਼ਵਾਸ ਰੱਖਦੇ ਹਨ, ਉਹ ਜ਼ਿੰਦਗੀ ਵਿੱਚ ਆਉਣ ਵਾਲੀਆਂ ਮੁਸ਼ਕਲਾਂ ਦਾ ਸਾਹਮਣਾ ਕਰਨ ਵਿੱਚ ਜ਼ਿਆਦਾ ਸਮਰੱਥ ਹੁੰਦੇ ਹਨ। ਜ਼ਿੰਦਗੀ ਵਿੱਚ ਮੁਸ਼ਕਲਾਂ ਤੋਂ ਭਾਵ, ਜਿਵੇਂ ਬਿਮਾਰੀ ਜਾਂ ਕਿਸੇ ਮਿੱਤਰ ਪਿਆਰੇ ਦੀ ਮੌਤ। ਜਿਨ੍ਹਾਂ ਗੱਲਾਂ ਨੂੰ ਅਸਲ ਬਦਲ ਨਹੀਂ ਸਕਦੇ, ਉਹਨਾਂ ਦੇ ਸੰਬੰਧ ਵਿੱਚ ਪ੍ਰਾਰਥਨਾ ਸਾਡੀ ਸਮਰੱਥਾ ਤੇ ਬਹੁਤ ਸ਼ਕਤੀਸ਼ਾਲੀ ਪ੍ਰਭਾਵ ਪਾਉਂਦੀ ਹੈ।

**ਬਿਮਾਰੀ ਲਈ ਆਪਣੇ ਆਪ ਨੂੰ ਦੋਸ਼ੀ ਨਾ ਸਮਝੋ :**

ਬਿਮਾਰੀ ਲਈ ਆਪਣੇ ਆਪ ਨੂੰ ਦੋਸ਼ੀ ਮਹਿਸੂਸ ਕਰਨ ਨਾਲ ਕੋਈ ਲਾਭ ਨਹੀਂ ਹੁੰਦਾ। ਕੁਝ ਬਿਮਾਰੀਆਂ ਉਦੋਂ ਵੀ ਹੋ ਜਾਂਦੀਆਂ ਹਨ, ਜਦੋਂ ਅਸਲ ਇਨ੍ਹਾਂ ਤੋਂ ਬਚਣ ਲਈ ਸਭ ਕੁਝ ਕਰਦੇ ਹਾਂ। ਇਸ ਲਈ ਆਪਣੀਆਂ ਬਿਮਾਰੀਆਂ ਦੇ ਲਈ ਆਪਣੇ ਆਪ ਨੂੰ ਦੋਸ਼ੀ ਨਾ ਸਮਝੋ, ਪਰ ਇਸ ਗੱਲ ਵੱਲ ਆਪਣਾ ਧਿਆਨ ਦਿਓ ਕਿ ਤੁਸੀਂ ਇਸ ਨਾਲ ਨਿਪਟਣ ਲਈ ਕੀ ਕਰ ਸਕਦੇ ਹੋ।

**ਆਪਣੇ ਜਜ਼ਬਾਤਾਂ ਨੂੰ ਆਪਣੇ ਦੋਸਤਾਂ ਅਤੇ ਪਰਿਵਾਰ ਨਾਲ ਸਾਂਝਾ ਕਰੋ :**

(ਚਲਦਾ)

ਇਹ ਕਾਲਮ ਤੁਹਾਡੀ ਜਾਣਕਾਰੀ ਲਈ ਹੈ, ਜੇ ਬਿਮਾਰੀ ਉਚਿਤ ਸਮੇਂ ਵਿਚ ਠੀਕ ਨਹੀਂ ਹੁੰਦੀ ਤਾਂ ਡਾਕਟਰ ਨੂੰ ਦਿਖਾਓ।

# ਜੈਕਾਰਿਆਂ ਦੀ ਗੂੰਜ 'ਚ ਖੁੱਲ੍ਹੇ ਸ੍ਰੀ ਹੇਮਕੁੰਟ ਸਾਹਿਬ ਦੇ ਕਿਵਾੜ

## ਬਰਫ਼ ਦੀਆਂ ਚੋਟੀਆਂ ਤੋਂ ਪੈਦਲ ਯਾਤਰਾ ਕਰਦੀ ਵੱਡੀ ਗਿਣਤੀ 'ਚ ਪੁੱਜੀ ਸੰਗਤ

ਗੋਪੇਸ਼ਵਰ: ਚਮੋਲੀ, ਉਤਰਾਖੰਡ 'ਚ ਸਥਿਤ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਜੀ ਦੇ ਕਿਵਾੜ ਜੈਕਾਰਿਆਂ ਦੀ ਗੂੰਜ ਵਿਚ ਐਤਵਾਰ ਨੂੰ ਸ਼ਰਧਾਲੂਆਂ ਲਈ ਖੋਲ੍ਹ ਦਿੱਤੇ ਗਏ। ਇਹ ਸਾਲਾਨਾ ਯਾਤਰਾ 25 ਮਈ ਤੋਂ 10 ਅਕਤੂਬਰ ਤੱਕ ਚੱਲੇਗੀ। ਗੁਰਦੁਆਰਾ ਸ੍ਰੀ ਗੋਬਿੰਦ ਘਾਟ ਤੋਂ ਪੈਦਲ ਯਾਤਰਾ ਸ਼ੁਰੂ ਹੁੰਦੀ ਹੈ ਜਿਸ ਵਿਚ ਗੁਰਦੁਆਰਾ ਸ੍ਰੀ ਗੋਬਿੰਦ ਧਾਮ ਦਾ ਪੜਾਅ ਆਉਂਦਾ ਹੈ। ਬਰਫ਼ ਦੀਆਂ ਚੋਟੀਆਂ ਤੋਂ ਪੈਦਲ ਯਾਤਰਾ ਕਰਦੀਆਂ ਵੱਡੀ ਗਿਣਤੀ ਵਿਚ ਸੰਗਤਾਂ ਦਰਸ਼ਨਾਂ ਲਈ ਪਹੁੰਚੀਆਂ ਹਨ।



ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਵਿਖੇ ਪੰਜ ਪਿਆਰਿਆਂ ਦੀ ਅਗਵਾਈ ਵਿਚ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪ੍ਰਕਾਸ਼ ਕੀਤਾ ਗਿਆ ਹੈ। ਸ੍ਰੀ ਹੇਮਕੁੰਟ ਸਾਹਿਬ ਦੇ ਗ੍ਰੰਥੀ ਭਾਈ ਮਿਲਾਪ ਸਿੰਘ, ਪ੍ਰਧਾਨ ਨਰਿੰਦਰਜੀਤ ਸਿੰਘ ਬਿੰਦਰਾ, ਮੈਨੇਜਰ ਸੇਵਾ ਸਿੰਘ ਨੇ ਸਜੇ ਦੀਵਾਨ ਵਿਚ ਅਰਦਾਸ ਤੋਂ ਬਾਅਦ ਧਾਰਮਿਕ ਸ਼ਖ਼ਸੀਅਤਾਂ ਤੋਂ ਇਲਾਵਾ ਭਾਰਤੀ ਫ਼ੌਜ ਦੇ ਜਵਾਨਾਂ ਤੇ ਅਫ਼ਸਰਾਂ ਨੂੰ ਸਨਮਾਨਿਤ ਕੀਤਾ ਜਿਨ੍ਹਾਂ ਨੇ ਇਕ ਮਹੀਨਾ ਸਖ਼ਤ ਮਿਹਨਤ ਕਰਦਿਆਂ ਹਰ ਸਾਲ ਦੀ ਤਰ੍ਹਾਂ ਬਰਫ਼ ਨਾਲ ਢੱਕੇ ਰਸਤਿਆਂ ਨੂੰ ਸਾਫ਼ ਕਰਦਿਆਂ ਸੰਗਤਾਂ ਦੇ ਪਹੁੰਚਣ ਲਈ ਤਿਆਰ ਕੀਤਾ। ਬਰਫ਼ ਨਾਲ ਭਰੇ ਸਰੋਵਰ ਵਿਚ ਸੰਗਤਾਂ ਨੇ ਇਸ਼ਨਾਨ ਵੀ ਕੀਤਾ।

ਪੈਦਲ ਯਾਤਰਾ ਦੌਰਾਨ ਬਰਫ਼ ਨਾਲ ਰਸਤਿਆਂ ਵਿਚ ਤਿਲਕਣ ਹੋਣ ਕਾਰਨ ਫ਼ੌਜੀ ਜਵਾਨ ਸੰਗਤਾਂ ਦੀ ਮਦਦ ਕਰ ਰਹੇ ਹਨ। ਵਿਸ਼ੇਸ਼ ਤੌਰ 'ਤੇ ਪਹੁੰਚੀ ਬੈਂਡ ਪਾਰਟੀ ਨੇ ਵੀ ਧਾਰਮਿਕ ਧੁੰਨਾਂ ਨਾਲ ਸੰਗਤਾਂ ਦਾ ਧਿਆਨ ਆਪਣੇ ਵੱਲ ਖਿੱਚਿਆ।

ਦੱਸਣਯੋਗ ਹੈ ਕਿ 22 ਮਈ ਨੂੰ ਗੁਰਦੁਆਰਾ ਸ੍ਰੀ ਹੇਮਕੁੰਟ ਸਾਹਿਬ ਲਕਸ਼ਮਣ ਝੂਲਾ ਮਾਰਗ ਰਿਸ਼ੀਕੇਸ਼ ਤੋਂ ਜੈਕਾਰਿਆਂ ਦੀ ਗੂੰਜ ਵਿਚ ਪੰਥਕ ਰਵਾਇਤਾਂ ਅਨੁਸਾਰ ਪੰਜ ਪਿਆਰਿਆਂ ਦੀ ਅਗਵਾਈ ਵਿਚ ਯਾਤਰਾ ਦੀ ਆਰੰਭਤਾ ਕੀਤੀ ਗਈ ਸੀ। ਉਸ ਮੌਕੇ ਉਤਰਾਖੰਡ ਦੇ ਰਾਜਪਾਲ ਗੁਰਮੀਤ ਸਿੰਘ ਸਾਬਕਾ ਲੈਫਟੀਨੈਂਟ ਜਨਰਲ ਅਤੇ ਮੁੱਖ ਮੰਤਰੀ ਪੁਸ਼ਕਰ ਸਿੰਘ ਧਾਮੀ ਵਿਸ਼ੇਸ਼ ਤੌਰ 'ਤੇ ਸ਼ਾਮਲ ਹੋਏ ਸਨ। ਇਸ ਯਾਤਰਾ ਹਰਿਦੁਆਰ, ਰਿਸ਼ੀਕੇਸ਼, ਸ੍ਰੀਨਗਰ, ਦੇਵ ਪ੍ਰਯਾਗ, ਰੁਦਰਪ੍ਰਯਾਗ, ਰਤੁੜਾ, ਕਰਣਪ੍ਰਯਾਗ, ਜੋਸ਼ੀ ਮੱਠ, ਗੋਬਿੰਦਘਾਟ, ਗੋਬਿੰਦਧਾਮ ਤੋਂ ਹੁੰਦੇ ਹੋਏ ਸ੍ਰੀ ਹੇਮਕੁੰਟ ਸਾਹਿਬ ਵਿਖੇ ਪੂਰੀ ਹੁੰਦੀ ਹੈ।

# ਪੀਲੀਭੀਤ 'ਚ ਸਿੱਖਾਂ ਦਾ ਵੱਡੇ ਪੱਧਰ 'ਤੇ ਕੀਤਾ ਜਾ ਰਿਹੈ ਧਰਮ ਪਰਿਵਰਤਨ, ਜਾਂਚ ਲਈ ਪੀਲੀਭੀਤ ਜਾਵੇਗਾ SGPC ਦਾ ਦਲ

ਪੀਲੀਭੀਤ : ਪੰਜਾਬ ਦੇ ਸਰਹੱਦੀ ਜ਼ਿਲ੍ਹਿਆਂ ਵਾਂਗ ਹੁਣ ਯੂਪੀ ਵਿਚ ਨੇਪਾਲ ਦੀ ਸਰਹੱਦ ਨਾਲ ਲੱਗਦੇ ਪਿੰਡਾਂ ਵਿਚ ਵੀ ਸਿੱਖਾਂ ਦੇ ਈਸਾਈ ਧਰਮ ਵਿਚ ਪਰਿਵਰਤਨ ਦੀ ਵੱਡੀ ਸਾਜ਼ਿਸ਼ ਰਚੀ ਜਾ ਰਹੀ ਹੈ। ਸਥਾਨਕ ਸਿੱਖ ਜਥੇਬੰਦੀਆਂ ਦਾ ਦਾਅਵਾ ਹੈ ਕਿ ਨੇਪਾਲ ਤੋਂ ਆਏ ਪਾਦਰੀ ਅਤੇ ਕੁਝ ਸਥਾਨਕ ਪਾਸਟਰ ਪੈਸੇ ਦੇਣ ਅਤੇ ਮਕਾਨ ਬਣਵਾਉਣ ਦਾ ਲਾਲਚ ਦੇ ਕੇ ਅਤੇ ਚੰਗਾਈ ਸਭਾਵਾਂ ਕਰਵਾ ਕੇ ਸਿੱਖਾਂ ਨੂੰ ਈਸਾਈ ਬਣਾ ਰਹੇ ਹਨ। ਹਾਲਾਤ ਦੀ ਗੰਭੀਰਤਾ ਦਾ ਅੰਦਾਜ਼ਾ ਇਸ ਗੱਲੋਂ ਲਗਾਇਆ ਜਾ ਸਕਦਾ ਹੈ ਕਿ ਜੋ ਲੋਕ ਧਰਮ ਪਰਿਵਰਤਨ ਲਈ ਤਿਆਰ ਨਹੀਂ ਹੁੰਦੇ, ਉਨ੍ਹਾਂ ਦੇ ਖੇਤਾਂ ਨੂੰ ਨੁਕਸਾਨ ਪਹੁੰਚਾਇਆ ਜਾਂਦਾ ਹੈ ਅਤੇ ਉਨ੍ਹਾਂ 'ਤੇ ਹਮਲੇ ਕੀਤੇ ਜਾਂਦੇ ਹਨ। ਇਕ ਸਿੱਖ ਔਰਤ ਵੱਲੋਂ ਧਰਮ ਪਰਿਵਰਤਨ ਨਾ ਕਰਨ 'ਤੇ ਪਾਦਰੀ ਤੇ ਭੀੜ ਨੇ ਉਸ ਤੇ ਉਸ ਦੀ ਧੀ 'ਤੇ ਹਮਲਾ ਕਰ ਦਿੱਤਾ। ਪ੍ਰਸ਼ਾਸਨ ਨੇ ਧਰਮ ਪਰਿਵਰਤਨ ਦੇ ਦੋਸ਼ਾਂ ਦੀ ਜਾਂਚ ਲਈ ਵਿਸ਼ੇਸ਼ ਜਾਂਚ ਟੀਮ (ਐੱਸਆਈਟੀ) ਗਠਿਤ ਕਰ ਦਿੱਤੀ ਹੈ।

ਈਸਾਈ ਮਿਸ਼ਨਰੀਆਂ ਦਾ ਨੈੱਟਵਰਕ ਸਰਹੱਦੀ ਪਿੰਡਾਂ ਟਾਟਰਗੰਜ, ਬੈਲ੍ਹਾ, ਬਮਨਪੁਰ ਭਾਗੀਰਥ, ਬਾਜ਼ਾਰਘਾਟ ਅਤੇ ਸਿੰਘਾੜਾ ਤੋਂ ਲੈ ਕੇ ਪੂਰਨਪੁਰ ਕਸਬੇ ਤੱਕ ਫੈਲਿਆ ਹੋਇਆ ਹੈ। ਪੂਰਨਪੁਰ ਕਸਬੇ ਵਿਚ ਦੋ ਸਾਲਾਂ ਵਿਚ ਧਰਮ ਪਰਿਵਰਤਨ ਦੀਆਂ ਪੰਜ ਐੱਫਆਈਆਰਜ਼ ਲਿਖਾਈਆਂ ਜਾ ਚੁੱਕੀਆਂ ਹਨ। ਇਨ੍ਹਾਂ ਸਾਰੇ ਮਾਮਲਿਆਂ ਵਿਚ ਵਿਸ਼ਵ ਹਿੰਦੂ ਪ੍ਰੀਸ਼ਦ ਤੇ ਬਜਰੰਗ ਦਲ ਦੇ ਕਰਮਚਾਰੀਆਂ ਨੇ ਚੰਗਾਈ ਸਭਾਵਾਂ ਵਿਚ ਛਾਪੇ ਮਾਰੇ ਸਨ। ਉਨ੍ਹਾਂ ਦਾ ਦਾਅਵਾ ਹੈ ਕਿ ਚੰਗਾਈ ਸਭਾ ਦੀ ਆੜ ਵਿਚ ਈਸਾਈ ਮਿਸ਼ਨਰੀ ਆਰਥਿਕ ਤੌਰ 'ਤੇ ਕਮਜ਼ੋਰ ਲੋਕਾਂ ਨੂੰ ਲਾਲਚ ਦੇ ਕੇ ਧਰਮ ਪਰਿਵਰਤਨ ਕਰਵਾ ਰਹੇ ਹਨ। ਤਿੰਨ-ਚਾਰ ਮਹੀਨਿਆਂ ਤੋਂ ਕਸਬੇ ਵਿਚ ਇਸ 'ਤੇ ਰੋਕਥਾਮ ਲੱਗੀ ਤਾਂ ਸਰਹੱਦੀ ਪਿੰਡਾਂ ਦੇ ਮਾਮਲੇ ਸਾਹਮਣੇ ਆਉਣ ਲੱਗੇ। 10 ਮਈ ਨੂੰ ਔਰਤ ਮਨਜੀਤ ਕੌਰ ਨੇ ਦੱਸਿਆ ਕਿ ਈਸਾਈ ਮਿਸ਼ਨਰੀ ਦੇ ਲੋਕ ਲਾਲਚ ਦੇ ਕੇ ਉਸ ਦੇ ਪਤੀ ਦਾ ਧਰਮ ਪਰਿਵਰਤਨ ਕਰਵਾ ਚੁੱਕੇ ਹਨ। ਉਸ ਨੇ ਦਾਅਵਾ ਕੀਤਾ ਕਿ ਪਾਦਰੀ ਅਰਜੁਨ ਅਤੇ 55 ਹੋਰ ਲੋਕਾਂ ਨੇ ਉਸ ਦਾ ਅਤੇ ਉਸ ਦੀ ਧੀ ਦਾ ਜ਼ਬਰਦਸਤੀ ਧਰਮ ਪਰਿਵਰਤਨ ਕਰਨ ਦਾ ਯਤਨ ਕੀਤਾ। ਉਸ ਨੂੰ ਕੁੱਟਿਆ ਗਿਆ ਅਤੇ ਉਸ ਦੀ ਨਾਬਾਲਿਗ ਧੀ ਨਾਲ ਮਾੜਾ ਵਿਹਾਰ ਕਰਨ ਦਾ ਯਤਨ ਕੀਤਾ ਗਿਆ। ਔਰਤ ਦੀ ਸ਼ਿਕਾਇਤ 'ਤੇ ਆਠ ਲੋਕਾਂ ਨੂੰ ਨਾਮਜ਼ਦ ਕਰਦਿਆਂ 56 'ਤੇ ਐੱਫਆਈਆਰ ਦਰਜ ਕੀਤੀ ਗਈ। ਇਸ ਤੋਂ ਬਾਅਦ ਸਿੱਖ ਸੰਗਠਨ ਸਰਗਰਮ ਹੋਣ ਲੱਗੇ। 16 ਮਈ ਨੂੰ ਆਲ ਇੰਡੀਆ ਸਿੱਖ ਪੰਜਾਬੀ ਵੈੱਲਫੇਅਰ ਕੌਂਸਲ ਦੇ ਪ੍ਰਧਾਨ ਹਰਪਾਲ ਸਿੰਘ ਜੱਗੀ ਨੇ ਪ੍ਰੈੱਸ ਕਾਨਫਰੰਸ ਕਰਕੇ ਕਿਹਾ ਕਿ ਤਿੰਨ ਹਜ਼ਾਰ ਸਿੱਖ ਪਰਿਵਾਰਾਂ ਦਾ ਧਰਮ ਪਰਿਵਰਤਨ ਕਰਵਾਇਆ ਜਾ ਚੁੱਕਾ ਹੈ। ਇਨ੍ਹਾਂ ਵਿੱਚੋਂ 150 ਪਰਿਵਾਰਾਂ ਦੇ ਨਾਂ-ਪਤੇ ਸੂਚੀਬੱਧ ਕਰਕੇ ਡੀਐੱਮ ਨੂੰ ਸੌਂਪੇ ਜਾ ਚੁੱਕੇ ਹਨ। ਉਨ੍ਹਾਂ ਦੀ ਜਾਣਕਾਰੀ ਦੇ ਆਧਾਰ 'ਤੇ ਪ੍ਰਸ਼ਾਸਨ ਨੇ ਹਰ ਪਰਿਵਾਰ ਬਾਰੇ ਜਾਣਕਾਰੀ ਇਕੱਠੀ ਕਰਨੀ ਸ਼ੁਰੂ ਕਰ ਦਿੱਤੀ ਹੈ ਜਿਸ ਦੀ ਰਿਪੋਰਟ ਆਉਣੀ ਬਾਕੀ ਹੈ।

ਨੇਪਾਲ ਦੇ ਸਰਹੱਦੀ ਸਿੱਖ ਵਸੋਂ ਵਾਲੇ ਪਿੰਡਾਂ ਵਿਚ ਧਰਮ ਪਰਿਵਰਤਨ ਕਰਨ ਵਾਲੇ ਸਾਜ਼ਿਸ਼ਕਾਰੀ ਪਾਦਰੀਆਂ ਖ਼ ?ਲਾਫ਼ ਅੰਦੋਲਨ ਦਾ ਐਲਾਨ ਕਰ ਦਿੱਤਾ ਗਿਆ ਹੈ। ਸਿੱਖ ਜਥੇਬੰਦੀਆਂ ਦੇ ਨਾਲ ਬੈਠਕ ਵਿਚ ਵਿਸ਼ਵ ਹਿੰਦੂ ਪਰਿਵਾਰ ਦੇ ਅਹੁਦੇਦਾਰਾਂ ਨੇ ਕਿਹਾ ਕਿ ਅਜਿਹੇ ਪਾਦਰੀਆਂ ਨੂੰ ਪਿੰਡਾਂ ਤੋਂ ਭਜਾਉਣਗੇ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਸਿੱਖ ਜਥੇਬੰਦੀਆਂ ਦੇ ਨਾਲ ਮਿਲ ਕੇ ਧਰਮ ਬਦਲ ਚੁੱਕੇ ਲੋਕਾਂ ਦੀ ਘਰ ਵਾਪਸੀ ਦੇ ਯਤਨ ਸ਼ੁਰੂ ਕਰ ਦਿੱਤੇ ਹਨ। ਸ਼ੁੱਕਰਵਾਰ ਨੂੰ ਵਿਸ਼ਵ ਹਿੰਦੂ ਪ੍ਰੀਸ਼ਦ ਨੇ ਟਾਟਰਗੰਜ ਗੁਰਦੁਆਰੇ ਵਿਚ ਸਿੱਖ ਜਥੇਬੰਦੀਆਂ ਦੇ ਨਾਲ ਬੈਠਕ ਕੀਤੀ। ਇਸ ਵਿਚ ਸ਼ਾਮਲ ਗੁਰਦੁਆਰਾ ਪ੍ਰਬੰਧਕ ਕਮੇਟੀ ਅਤੇ ਬਜਰੰਗ ਦਲ ਦੇ ਅਹੁਦੇਦਾਰ, ਵਿਸ਼ਵ ਹਿੰਦੂ ਪ੍ਰੀਸ਼ਦ ਦੇ ਧਰਮ ਪ੍ਰਸਾਰ ਮੁਖੀ ਮੁਕੰਦ ਦਾਸ, ਖੇਤਰ ਸੰਗਠਨ ਮੰਤਰੀ ਸੋਹਨ ਸੋਲੰਕੀ, ਸੂਬਾ ਸੰਗਠਨ ਮੰਤਰੀ ਰਾਜੇਸ਼ ਆਦਿ ਨੇ ਵਧ ਰਹੇ ਧਰਮ ਪਰਿਵਰਤਨ 'ਤੇ ਚਿੰਤਾ ਜ਼ਾਹਰ ਕੀਤੀ। ਮੀਟਿੰਗ ਤੋਂ ਬਾਅਦ ਚਰਚਾ ਚੱਲ ਰਹੀ ਸੀ ਕਿ ਧਰਮ ਬਦਲ ਚੁੱਕੇ ਪਰਿਵਾਰਾਂ ਨੂੰ ਬੁਲਾ ਕੇ ਉਨ੍ਹਾਂ ਦੀ ਘਰ ਵਾਪਸੀ ਦੀ ਤਿਆਰੀ ਕੀਤੀ ਜਾਵੇਗੀ। ਧਰਮ ਬਦਲ ਚੁੱਕੇ ਪਰਿਵਾਰਾਂ ਦੇ ਮੈਂਬਰ ਮੀਟਿੰਗ ਵਿਚ ਨਹੀਂ ਪਹੁੰਚੇ। ਵਿਸ਼ਵ ਹਿੰਦੂ ਪ੍ਰੀਸ਼ਦ ਦੇ ਨੇਤਾਵਾਂ ਨੇ ਕਿਹਾ ਕਿ ਪ੍ਰਸ਼ਾਸਨ ਜੇ ਇਸ ਦੀ ਤਹਿ ਤੱਕ ਜਾਵੇ ਤਾਂ ਧਰਮ ਪਰਿਵਰਤਨ ਦਾ ਵੱਡਾ ਰੈਕੇਟ ਸਾਹਮਣੇ ਆਵੇਗਾ।

ਜ਼ਿਕਰਯੋਗ ਹੈ ਕਿ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਪੀਲੀਭੀਤ ਵਿਚ ਸਿੱਖ ਭਾਈਚਾਰੇ ਦੇ ਲੋਕਾਂ ਦੇ ਧਰਮ ਪਰਿਵਰਤਨ 'ਤੇ ਡੂੰਘੀ ਚਿੰਤਾ ਪ੍ਰਗਟ ਕੀਤੀ ਹੈ। ਉਨ੍ਹਾਂ ਕਿਹਾ ਕਿ ਕਿਸੇ ਵੀ ਵਿਅਕਤੀ ਨੂੰ ਧਰਮ ਪਰਿਵਰਤਨ ਲਈ ਮਜਬੂਰ ਕਰਨਾ ਕਿਸੇ ਵੀ ਤਰੀਕੇ ਨਾਲ ਜਾਇਜ਼ ਨਹੀਂ ਹੈ। ਉਨ੍ਹਾਂ ਨੇ ਕਿਹਾ ਕਿ ਕਈ ਪਰਿਵਾਰਾਂ ਨੇ ਧਰਮ ਪਰਿਵਰਤਨ ਕਰਨ ਤੋਂ ਇਨਕਾਰ ਕੀਤਾ ਹੈ ਪਰ ਮਾਮਲੇ ਦੀ ਗੰਭੀਰਤਾ ਨੂੰ ਦੇਖਦੇ ਹੋਏ ਸ਼੍ਰੋਣੀ ਕਮੇਟੀ 'ਸਿੱਖ ਮਿਸ਼ਨ ਪ੍ਰਚਾਰਕ ਸਿੰਘਾਂ' ਦੀ ਟੀਮ ਯੂਪੀ ਦੇ ਇੰਚਾਰਜ ਦੀ ਅਗਵਾਈ ਵਿਚ ਪੀਲੀਭੀਤ ਭੇਜ ਰਹੀ ਹੈ ਜੋ ਮਾਮਲੇ ਦੀ ਜਾਂਚ ਕਰਕੇ ਪੂਰੀ ਰਿਪੋਰਟ ਸ਼੍ਰੋਮਣੀ ਕਮੇਟੀ ਨੂੰ ਸੌਂਪੇਗੀ। ਉਨ੍ਹਾਂ ਨੇ ਯੂਪੀ ਸਰਕਾਰ ਤੋਂ ਉਨ੍ਹਾਂ ਲੋਕਾਂ ਦੇ ਖ਼ ?ਲਾਫ਼ ਕਾਰਵਾਈ ਕਰਨ ਦੀ ਬੇਨਤੀ ਕੀਤੀ ਜੋ ਲਾਲਚ ਦੇ ਕੇ ਧਰਮ ਪਰਿਵਰਤਨ ਕਰਵਾ ਰਹੇ ਹਨ।

# ਗੜਗੱਜ ਦੀ ਗੂੰਜ ਪਿੱਛੇ ਖਦਸ਼ੇ, ਅੰਦੇਸੇ ਅਤੇ ਭਰੋਸੇ !

ਸਿਆਸਤ,ਜੋ ਕਿ ਸਾਡੇ ਧਰਮ ਅਸਥਾਨਾਂ ਖਾਸ ਕਰਕੇ ਪੰਥਕ ਕੇਂਦਰ ਉੱਤੇ ਪੀਲੀ ਵੇਲ ਵਾਂਗ ਛਾਈ ਹੋਈ ਹੈ,ਬਾਰੇ ਦੁਸ਼ਿਅੰਤ ਕੁਮਾਰ ਦਾ ਇਕ ਸ਼ਿਅਰ ਹੈ-

'ਮਸਹਲਤ ਆਮੇਜ਼ ਹੂਆ ਕਰਤੇ ਹੈਂ ਸਿਯਾਸਤ ਕੇ ਕਦਮ
ਤੂ ਕਯਾ ਸਮਝੇ ਗਾ ਸਿਯਾਸਤ ਤੂ ਤੋ ਇਨਸਾਨ ਹੈ !'

'ਭਰਦਾਨ' ਜੁੰਡਲੀ ਦੀਆਂ ਸਿਆਸੀ ਮਸਹਲਤਾਂ ਨੂੰ ਮੁੱਖ ਰੱਖ ਕੇ ਅੱਧੀ ਰਾਤ ਨੂੰ ਥਾਪੇ (ਜਾਂ ਥੋਪੇ) ਹੋਏ ਜਥੇਦਾਰ ਸ੍ਰੀ ਅਕਾਲ ਤਖਤ ਸਾਹਿਬ ਭਾਈ ਗੜਗੱਜ ਨੇ ਬੀਤੇ ਦਿਨੀਂ, ਪਹਿਲੋਂ ਹੀ ਪੰਥ ਵਿਚ ਮਾਣ ਸਨਮਾਨ ਰੱਖਣ ਵਾਲੇ ਭਾਈ ਸਾਹਿਬ ਨੂੰ ਸਨਮਾਨਿਤ,ਕਿਸੇ ਨੂੰ ਦੋਸ਼-ਮੁਕਤ ਅਤੇ ਕਿਸੇ ਨੂੰ ਪੇਸ਼ ਹੋਣ ਦੇ ਜੋ ਆਦੇਸ਼ ਦਿੱਤੇ ਹਨ ਉਨ੍ਹਾਂ ਬਾਰੇ ਇਕ ਬਜ਼ੁਰਗ ਅਕਾਲੀ ਦਾ ਕਹਿਣਾ ਹੈ ਕਿ ਇਹ ਸਾਰਾ ਕੁੱਝ-


ਤਰਲੋਚਨ ਸਿੰਘ ਦੁਪਾਲ ਪੁਰ
tsdupalpuri@yahoo.com
78146-92724

'ਗਾਨੀ ਵਾਲੇ ਤੋਤੇ ਉਹ ਦੁਹਰਾਈ ਜਾਵਣ,
ਜੋ ਕੁੱਝ ਬੋਲਣ ਰਾਜ ਭਵਨ ਦੇ ਸੀਲ ਕਬੂਤਰ।'

ਵਾਲੇ ਸ਼ਿਅਰ ਵਾਂਗ ਉੱਤੋਂ ਹੀ ਜਾਰੀ ਗਿਣੇ-ਮਿੱਥੇ ਏਜੰਡੇ ਅਨੁਸਾਰ ਹੋਇਆ ਹੈ!

ਬਜ਼ੁਰਗ ਕਹਿੰਦੇ ਅਸਲ ਵਿਚ ਇਹ 'ਸਹੇ ਦੀ ਨਹੀਂ ਮੈਨੂੰ ਪਹੇ ਦੀ ਚਿੰਤਾ' ਵਾਲੀ ਕਹਾਣੀ ਦੀ ਨਿਆਈਂ, ਭਾਈ ਗੜਗੱਜ ਪਾਸੋਂ ਪੰਥਕ ਪਿੜ ਵਿੱਚ 'ਸਹਿਆ' ਭਜਾਇਆ ਗਿਆ ਹੈ, ਇਹ ਸੋਚ ਕੇ ਕਿ 'ਗੜਗੱਜ ਦੀ ਗੂੰਜ' ਵਿਚ ਅਵੇਸਲਾ ਹੋਇਆ ਪੰਥ, ਭੱਜੇ ਹੋਏ ਸਹੇ ਦੀ ਪੈੜ ਨੂੰ ਅਣਗੌਲਿਆ ਕਰ ਦੇਵੇਗਾ! ਫਿਰ ਮਗਰੋਂ ਬਣੇ ਹੋਏ 'ਪਹੇ' ਉੱਤੋਂ ਮਾਲਕ ਵਲੋਂ ਮਨਮਰਜੀ ਦੇ 'ਆਦੇਸ਼ਾਂ ਅਤੇ ਸੰਦੇਸ਼ਾਂ' ਦਾ ਰਾਹ ਖੁੱਲ੍ਹ ਜਾਵੇਗਾ! ਬਸ ਫਿਰ ਮੌਕਾ ਤਾੜ ਕੇ ਹੁਣ ਸਾਰੇ ਪੰਜਾਬ ਵਿਚ ਭਰਪੂਰ ਹਮਾਇਤ ਪ੍ਰਾਪਤ ਕਰ ਰਹੀ ਪੰਜ ਮੈਂਬਰੀ ਭਰਤੀ ਕਮੇਟੀ ਦੇ ਜੋਸ਼ੋ-ਖਰੋਸ਼ ਉੱਤੇ ਪਾਣੀ ਫੇਰਨ ਲਈ ਹੁਕਮਨਾਮਾ ਜਾਰੀ ਕਰਵਾਇਆ ਜਾਵੇਗਾ! ਕਿ ਤਖਤ ਸਾਹਿਬ ਤੋਂ ਇਸ ਭਰਤੀ ਨੂੰ ਕੋਈ ਮਾਨਤਾ ਨਹੀਂ!!

ਅਖੇ ਡੁੱਬਦੇ ਨੂੰ ਤਿਨਕੇ ਦਾ ਸਹਾਰਾ ! ਗੜਗੱਜ ਜੀ ਨੇ ਇਕ ਤਾਂ ਦੋ ਦਸੰਬਰ ਦੇ ਹੁਕਮਨਾਮਿਆਂ ਵਿਰੁੱਧ ਬੋਲ ਕੇ ਭਰਦਾਨ ਜੀ ਦੀਆਂ 'ਖੁਸ਼ੀਆਂ' ਪ੍ਰਾਪਤ ਕਰਨ ਵਾਲੇ 'ਗੌਹਰ' ਦਾ ਮੁੱਲ ਮੋੜਦਿਆਂ ਉਹਨੂੰ ਜਥੇਦਾਰੀ ਦੇ ਰਾਹੇ ਪਾ ਦਿਤਾ। ਭਾਵੇਂ ਇਸਦੀ ਵਜਾਹ ਇਤਹਾਸ ਵਿਚ ਪਹਿਲੀ ਵਾਰ ਦੋ ਤਖਤਾਂ ਵਿਚ ਟਕਰਾ ਦੀ ਸਥਿਤੀ ਬਣ ਗਈ ਹੈ। ਦੂਜਾ ਬਾਬੇ ਧੁੰਮੇ ਦੀ ਜਗਾਹ ਪ੍ਰਚਾਰ ਤੇਜ ਕਰਨ ਦੇ ਨਾਂ 'ਤੇ ਇਕ 'ਹੋਰ ਬਾਬਾ' ਪਤਿਆ ਲਿਆ ਐ!!

ਗੜਗੱਜ ਜੀ ਤੋਂ ਪਹਿਲੇ ਜਥੇਦਾਰ ਤਾਂ ਸੌਦੇ ਸਾਧ ਦੇ ਮਾਫੀ-ਕਾਂਡ ਵਾਲੇ ਭਾਈ ਗੁਰਮੁਖ ਸਿੰਘ ਤੇ ਗੁਰਬਚਨ ਸਿੰਘ ਵਲੋਂ ਆਏ ਸਪਸ਼ਟੀਕਰਨਾਂ ਤੋਂ ਸੰਤੁਸ਼ਟ ਨਹੀਂ ਸਨ ਅਤੇ ਉਨ੍ਹਾਂ ਨੇ ਦੋਹਾਂ ਨੂੰ ਕੌਮ ਦੇ ਗੁਨਾਹਗਾਰ ਮੰਨਿਆਂ ਸੀ। ਪਰ ਸਮੁੱਚੇ ਪੰਥ ਵਲੋਂ ਹਾਲੇ ਅਪ੍ਰਵਾਣਿਤ ਜਥੇਦਾਰ ਗੜਗੱਜ ਨੇ ਗਿਆਨੀ ਗੁਰਮੁਖ ਸਿੰਘ ਨੂੰ 'ਤਨਖਾਹ ਦੀ ਸੇਵਾ' ਲਾ ਕੇ 'ਗੁਰਬਚਨ ਸਿੰਘ' ਲਈ ਵੀ ਦੋਸ਼-ਮੁਕਤ ਹੋਣ ਦਾ ਰਾਹ ਖੋਲ੍ਹ ਦਿੱਤਾ ਸਮਝੋ!

ਇੱਥੇ ਟੌਹੜਾ ਸਾਹਿਬ ਦੀ ਇਕ ਗੱਲ ਚੇਤੇ ਕਰਨੀ ਵੀ ਕੁਥਾਂਹ ਨਹੀਂ ਹੋਵੇ ਗੀ। ਪੱਤਰਕਾਰ ਹਮੀਰ ਸਿੰਘ ਕਹਿੰਦੇ ਇਕ ਵਾਰ ਟੌਹੜਾ ਸਾਹਬ 'ਤੇ ਕਿਸੇ ਪੱਤਰਕਾਰ ਨੇ ਗਿਲਾ ਕਰਦਿਆਂ ਕਿਹਾ ਕਿ ਤੁਸੀਂ ਸ੍ਰੀ ਅਕਾਲ ਤਖਤ ਸਾਹਿਬ ਦਾ 'ਕਮਜ਼ੋਰ' ਜਥੇਦਾਰ ਕਿਉਂ ਲਾ ਦਿੰਦੇ ਹੋ? ਟੌਹੜਾ ਸਾਹਬ ਗੰਭੀਰ ਸੁਰ ਵਿਚ ਬੋਲੇ-'ਤਖਤ ਸਾਹਿਬ ਦੇ ਜਥੇਦਾਰ ਦੀ ਪਦ-ਪਦਵੀ ਦਾ ਅਉਰਾ ਏਡਾ ਭਾਰਾ-ਗੌਰਾ ਹੈ ਕਿ ਦੇਖਣ ਨੂੰ 'ਕਮਜ਼ੋਰ ਜਾਪਦਾ' ਕੋਈ ਜਥੇਦਾਰ ਜਦ ਇਸ ਅਸਥਾਨ ਦੀ ਇਤਹਾਸਿਕ ਪ੍ਰੱਭਤਾ ਨਾਲ? ਅੰਦਰੋਂ ਜੁੜ ਜਾਵੇ ਤਾਂ ਉਹ 'ਵੱਡਿਆਂ ਜਾਂ ਤਕੜਿਆਂ' ਦੇ ਵੀ ਵਲ-ਵਿੰਗ ਕੱਢਕੇ ਤੱਕਲੇ ਵਾਂਗ ਸਿੱਧੇ ਕਰ ਦਿੰਦਾ ਹੈ!

ਕਹਿਣ ਦਾ ਮਤਲਬ ਫਿਲਹਾਲ ਤਾਂ ਗਿਆਨੀ ਕੁਲਦੀਪ ਸਿੰਘ ਜੀ ਦੀ 'ਗੜਗੱਜ' ਭਰਦਾਨ ਵਲੋਂ 'ਤਜਵੀਜ਼-ਸ਼ੁਦਾ ਖੇਤਰ' ਤੱਕ ਗੂੰਜੀ ਜਾਂਦੀ ਹੈ ਪਰ ਜਿਸ ਦਿਨ ਇਸ ਜਥੇਦਾਰ ਉੱਤੇ ਮੀਰੀ ਪੀਰੀ ਦੇ ਮਾਲਕ ਗੁਰੂ ਹਰਿਗੋਬਿੰਦ ਸਾਹਿਬ ਨੇ ਬਖਸ਼ਿਸ਼ ਕਰ ਦਿੱਤੀ ਤਾਂ ਇਹ ਵੀ ਗਿਆਨੀ ਰਘਬੀਰ ਸਿੰਘ ਜਾਂ ਗਿਆਨੀ ਹਰਪ੍ਰੀਤ ਸਿੰਘ ਵਾਂਗ ਤਖਤ ਸਾਹਿਬ ਦੀ ਫਸੀਲ 'ਤੇ ਗਰਜ ਪੈਣਗੇ !ਗੁਰੂ ਪਾਤਸ਼ਾਹ ਦੇ ਨਜ਼ਰੇ-ਕਰਮ ਉੱਤੇ ਭਰੋਸਾ ਰੱਖੀਏ ਅਤੇ ਮਹਾਰਾਜ ਅੱਗੇ ਅਰਦਾਸ ਵੀ ਕਰੀਏ !!

**ਸਾਬਕਾ ਮੈਂਬਰ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ**

# ਪੁਲਿਸ ਵੱਲੋਂ ਬਰਖਾਸਤ ਕਾਂਸਟੇਬਲ ਅਮਨਦੀਪ ਕੌਰ ਮੁੜ ਗ੍ਰਿਫ਼ਤਾਰ

## ਆਮਦਨ ਨਾਲੋਂ ਵੱਧ ਜਾਇਦਾਦ ਮਾਮਲੇ 'ਚ ਕੀਤਾ ਗ੍ਰਿਫ਼ਤਾਰ; ਕੌਰ ਦੇ ਨਾਂ ਰਜਿਸਟਰਡ ਵਾਹਨਾਂ ਸਮੇਤ ਹੋਰ ਜਾਇਦਾਦਾਂ ਜ਼ਬਤ



ਮੁਕਤਸਰ/ਬਠਿੰਡਾ : ਵਿਜੀਲੈਂਸ ਬਿਊਰੋ ਨੇ ਸੋਸ਼ਲ ਮੀਡੀਆ 'ਤੇ 'ਇੰਸਟਾ ਕੁਈਨ' ਵਜੋਂ ਮਕਬੂਲ ਤੇ ਪੰਜਾਬ ਪੁਲਿਸ 'ਚ ਸਾਬਕਾ ਕਾਂਸਟੇਬਲ ਅਮਨਦੀਪ ਕੌਰ ਨੂੰ ਆਮਦਨ ਦੇ ਸਰੋਤਾਂ ਤੋਂ ਵੱਧ ਜਾਇਦਾਦ ਮਾਮਲੇ ਵਿਚ ਅੱਜ ਗ੍ਰਿਫਤਾਰ ਕਰ ਲਿਆ ਹੈ। ਪੁਲਿਸ ਨੇ ਕੌਰ ਨੂੰ ਗਾਇਕਾ ਅਫ਼ਸਾਨਾ ਖ਼ਾਨ ਦੇ ਵੱਡੀ ਭੈਣ ਰਫ਼ਤਾਰ ਖ਼ਾਨ ਦੇ ਮੁਕਤਸਰ ਜ਼ਿਲ੍ਹੇ ਦੇ ਬਾਦਲ ਪਿੰਡ ਵਿਚਲੇ ਘਰ ਤੋਂ ਹਿਰਾਸਤ ਵਿਚ ਲਿਆ ਹੈ। ਵਿਜੀਲੈਂਸ ਬਿਊਰੋ ਵਿਚਲੇ ਸੂਤਰਾਂ ਨੇ ਕਿਹਾ ਕਿ ਜਾਂਚ ਦੌਰਾਨ ਸਾਹਮਣੇ ਆਇਆ ਕਿ ਅਮਨਦੀਪ ਕੌਰ ਨੇ 2018 ਤੇ 2025 ਦਰਮਿਆਨ ਆਪਣੀ ਆਮਦਨ ਦੇ ਸਰੋਤਾਂ ਨਾਲੋਂ 31 ਲੱਖ ਰੁਪਏ ਤੋਂ ਵੱਧ ਦੀ ਜਾਇਦਾਦ ਬਣਾਈ। ਪੁਲਿਸ ਨੇ ਬਰਖਾਸਤ ਕਾਂਸਟੇਬਲ ਅਮਨਦੀਪ ਕੌਰ ਦੇ ਨਾਂ 'ਤੇ ਰਜਿਸਟਰਡ ਵਾਹਨਾਂ ਸਮੇਤ ਹੋਰ ਜਾਇਦਾਦਾਂ ਜ਼ਬਤ ਕਰ ਲਈਆਂ ਹਨ। ਕੌਰ ਨੂੰ ਬਠਿੰਡਾ ਵਿਚ ਥਾਰ ਜੀਪ 'ਚ ਡਰੱਗਜ਼ ਨਾਲ ਗ੍ਰਿਫ਼ਤਾਰ ਕੀਤਾ ਗਿਆ ਸੀ। ਪੁਲਿਸ ਵੱਲੋਂ ਜ਼ਬਤ ਕੀਤੀਆਂ ਸੰਪਤੀਆਂ ਵਿਚ 2025 ਮਾਡਲ ਮਹਿੰਦਰਾ ਥਾਰ, ਜਿਸ ਦੀ ਕੀਮਤ 14 ਲੱਖ ਹੈ ਅਤੇ 2023 ਮਾਡਲ ਰੌਇਲ ਐਨਫੀਲਡ ਮੋਟਰਸਾਈਕਲ ਜਿਸ ਦੀ ਕੀਮਤ 1.70 ਲੱਖ ਹੈ, ਸ਼ਾਮਲ ਹਨ। ਇਨ੍ਹਾਂ ਦੀ ਮਾਲਕੀ ਨੂੰ ਨਾ ਅੱਗੇ ਤਬਦੀਲ ਕੀਤਾ ਜਾ ਸਕਦਾ ਹੈ ਤੇ ਨਾ ਹੀ ਵੇਚਿਆ ਜਾ ਸਕਦਾ ਹੈ। ਬਾਕੀ ਸੰਪਤੀਆਂ ਵਿਚ ਵਿਰਾਟ ਗ੍ਰੀਨਜ਼ ਕਲੋਨੀ ਵਿਚਲੀ ਰਿਹਾਇਸ਼ੀ ਇਮਾਰਤ (99 ਲੱਖ), ਡਰੀਮ ਸਿਟੀ ਕਲੋਨੀ ਵਿਚ 18.12 ਲੱਖ ਮੁੱਲ ਦਾ ਪਲਾਟ, ਆਈਫੋਨ 13 ਪ੍ਰੋ ਮੈਕਸ, ਆਈਫੋਨ ਐੱਸਈ, ਇਕ ਲੱਖ ਰੁਪਏ ਮੁੱਲ ਦੀ ਰੋਲੈਕਸ ਘੜੀ ਤੇ ਐੱਸਬੀਆਈ ਖਾਤੇ ਵਿਚ 1.01 ਲੱਖ ਰੁਪਏ ਦੀ ਨਕਦੀ ਸ਼ਾਮਲ ਹਨ।

ਹੁਕਮ ਵਿੱਚ ਕਿਹਾ ਗਿਆ ਹੈ ਕਿ ਵਿੱਤੀ ਜਾਂਚ ਦੌਰਾਨ ਸਾਹਮਣੇ ਆਇਆ ਹੈ ਕਿ ਮੁਲਜ਼ਮ ਨੇ ਨਸ਼ੀਲੇ ਪਦਾਰਥਾਂ ਦੀ ਤਸਕਰੀ ਰਾਹੀਂ ਕੀਤੀ ਗੈਰਕਾਨੂੰਨੀ ਕਮਾਈ ਤੋਂ ਉਪਰੋਕਤ ਜਾਇਦਾਦਾਂ ਆਪਣੇ ਨਾਮ 'ਤੇ ਹਾਸਲ ਕੀਤੀਆਂ ਹਨ। ਹੁਕਮਾਂ ਵਿੱਚ 2021 ਮਾਡਲ ਥਾਰ, ਜਿਸ ਦੀ ਕੀਮਤ 12.50 ਲੱਖ ਰੁਪਏ ਹੈ, ਨੂੰ ਫਰੀਜ਼ ਨਹੀਂ ਕੀਤਾ ਗਿਆ ਹੈ ਕਿਉਂਕਿ ਇਹ ਅਜੇ ਵੀ ਅਮਨਦੀਪ ਕੌਰ ਦੇ ਨਾਮ 'ਤੇ ਹੈ, ਪਰ ਉਸ ਨੇ ਕੇਸ ਦਰਜ ਹੋਣ ਤੋਂ ਕੁਝ ਮਹੀਨੇ ਪਹਿਲਾਂ ਗਗਨਪ੍ਰੀਤ ਸਿੰਘ ਮਾਨ ਨਾਂ ਦੇ ਸ਼ਖ਼ਸ ਨੂੰ ਇਹ ਗੱਡੀ ਵੇਚ ਦਿੱਤੀ ਸੀ ਅਤੇ ਆਰਸੀ ਦਾ ਤਬਾਦਲਾ ਪ੍ਰਕਿਰਿਆ ਅਧੀਨ ਹੈ। ਅਮਨਦੀਪ ਜ਼ਮਾਨਤ 'ਤੇ ਬਾਹਰ ਸੀ, ਪਰ ਵਿਜੀਲੈਂਸ ਬਠਿੰਡਾ ਰੇਂਜ ਨੇ ਆਮਦਨ ਦੇ ਜਾਣੇ-ਪਛਾਣੇ ਸਰੋਤਾਂ ਤੋਂ ਵੱਧ ਜਾਇਦਾਦ ਇਕੱਠੀ ਕਰਨ ਦੇ ਮਾਮਲੇ ਵਿੱਚ ਉਸ ਨੂੰ ਅੱਜ ਮੁੜ ਗ੍ਰਿਫਤਾਰ ਕੀਤਾ ਹੈ।

# ਬਰਖਾਸਤ ਮਹਿਲਾ ਸਿਪਾਹੀ ਦੀ ਕੋਠੀ ਤੇ ਥਾਰ ਸਮੇਤ 1 ਕਰੋੜ 35 ਲੱਖ ਰੁਪਏ ਦੀ ਜਾਇਦਾਦ 'ਫਰੀਜ਼'



**ਬਠਿੰਡਾ ਵਿਖੇ ਬਰਖਾਸਤ ਮਹਿਲਾ ਸਿਪਾਹੀ ਅਮਨਦੀਪ ਕੌਰ ਦੀ ਕੋਠੀ ਨੂੰ ਫਰੀਜ਼ ਕਰਨ ਦਾ ਫਲੈਕਸ ਬੋਰਡ ਲਗਾਉਂਦੇ ਹੋਏ ਡੀ.ਐਸ.ਪੀ. ਹਰਬੰਸ ਸਿੰਘ ਧਾਲੀਵਾਲ ਤੇ ਮੁੱਖ ਅਧਿਕਾਰੀ ਹਰਜੀਵਨ ਸਿੰਘ**

ਬਠਿੰਡਾ : 'ਚਿੱਟੇ' (ਹੈਰੋਇਨ) ਦੇ ਮਾਮਲੇ 'ਚ ਪੰਜਾਬ ਪਲਿਸ ਦੀ ਨੌਕਰੀ ਤੋਂ ਬਰਖਾਸਤ ਕੀਤੀ ਗਈ ਅਤੇ ਹੁਣ ਸਰੋਤਾਂ ਤੋਂ ਵੱਧ ਜਾਇਦਾਦ ਬਣਾਉਣ ਦੇ ਮਾਮਲੇ 'ਚ ਵਿਜੀਲੈਂਸ ਜਾਂਚ ਦਾ ਸਾਹਮਣਾ ਕਰ ਰਹੀ ਬਠਿੰਡਾ ਦੀ ਸੀਨੀਅਰ ਸਿਪਾਹੀ ਅਮਨਦੀਪ ਕੌਰ ਖਿਲਾਫ਼ ਬਠਿੰਡਾ ਪੁਲਿਸ ਨੇ ਵੱਡੀ ਕਾਰਵਾਈ ਕਰਦਿਆਂ ਉਸ ਦੀ ਮਹਿੰਗੇ ਭਾਅ ਦੀ ਕੋਠੀ ਤੇ ਥਾਰ ਗੱਡੀ ਸਮੇਤ 1 ਕਰੋੜ 35 ਲੱਖ ਰੁਪਏ ਦੀ ਚੱਲ-ਅਚੱਲ ਜਾਇਦਾਦ ਨੂੰ ਫਰੀਜ਼ (ਵੇਚਣ 'ਤੇ ਪਾਬੰਦੀ) ਕੀਤਾ ਹੈ, ਜਿਸ ਸੰਬੰਧੀ ਉਸ ਦੀ ਸੰਬੰਧਿਤ ਜਾਇਦਾਦ ਉਪਰ ਪੁਲਿਸ ਵਲੋਂ ਨੋਟਿਸ ਚਿਪਕਾਏ ਗਏ ਹਨ। ਕੇਸ ਦਾ ਨਿਪਟਾਰਾ ਹੋਣ ਤੱਕ ਇਸ ਜਾਇਦਾਦ ਦੀ ਵੇਚ-ਵੱਟਤ ਨਹੀਂ ਕੀਤੀ ਜਾ ਸਕਦੀ। ਇਸ ਕਾਰਵਾਈ ਦੀ ਅਗਵਾਈ ਕਰ ਰਹੇ ਡੀ.ਐਸ.ਪੀ. ਹਰਬੰਸ ਸਿੰਘ ਧਾਲੀਵਾਲ ਅਤੇ ਥਾਣਾ ਕੈਨਾਲ ਕਲੋਨੀ ਦੇ ਮੁੱਖ ਅਧਿਕਾਰੀ ਹਰਜੀਵਨ ਸਿੰਘ ਨੇ ਦੱਸਿਆ ਕਿ ਬੀਤੀ 2 ਅਪ੍ਰੈਲ ਨੂੰ ਪੰਜਾਬ ਪੁਲਿਸ ਦੀ ਸੀਨੀਅਰ ਸਿਪਾਹੀ ਅਮਨਦੀਪ ਕੌਰ ਕੋਲੋਂ 17.71 ਗ੍ਰਾਮ ਚਿੱਟਾ (ਹੈਰੋਇਨ) ਬਰਾਮਦ ਹੋਣ ਕਾਰਨ ਉਸ ਦੇ ਖਿਲਾਫ਼ ਥਾਣਾ ਕੈਨਾਲ ਕਲੋਨੀ 'ਚ ਨਸ਼ਾ ਰੋਕੂ ਕਾਨੂੰਨ ਤਹਿਤ ਮੁਕੱਦਮਾ ਦਰਜ ਕੀਤਾ ਗਿਆ ਸੀ, ਜਿਸ ਬਾਅਦ ਉਸ ਨੂੰ ਬੇਸ਼ੱਕ ਪੰਜਾਬ ਪੁਲਿਸ ਵਲੋਂ ਨੌਕਰੀ ਤੋਂ ਬਰਖਾਸਤ ਕਰ ਦਿੱਤਾ ਗਿਆ ਸੀ ਪਰ ਉਸ ਸਮੇਂ ਤੋਂ ਉਸ ਦੀ ਜਾਇਦਾਦ ਦੇ ਵੇਰਵੇ ਇਕੱਤਰ ਕਰਕੇ ਉਸ ਜਾਇਦਾਦ ਨੂੰ ਮੁਕੱਦਮੇ ਨਾਲ ਅਟੈਚ ਕਰਨ ਦੀ ਕਾਰਵਾਈ ਚੱਲ ਰਹੀ ਸੀ ਤੇ ਇਸ ਸੰਬੰਧੀ ਦਿੱਲੀ ਵਿਖੇ ਭਾਰਤੀ ਵਿੱਤ ਮੰਤਰਾਲੇ ਦੀ ਕੰਪੀਟੈਂਟ ਅਥਾਰਟੀ ਨੂੰ ਕੇਸ ਬਣਾ ਕੇ ਭੇਜਿਆ ਗਿਆ ਸੀ, ਜਿਸ ਵਲੋਂ ਅਮਨਦੀਪ ਕੌਰ ਦੀ ਸੰਬੰਧਿਤ ਜਾਇਦਾਦ ਫਰੀਜ਼ ਕਰਨ ਦੇ ਹੁਕਮ ਜਾਰੀ ਕੀਤੇ ਗਏ ਹਨ। ਉਨ੍ਹਾਂ ਦੱਸਿਆ ਕਿ ਕੰਪੀਟੈਂਟ ਅਥਾਰਟੀ ਦੇ ਹੁਕਮਾਂ ਅਨੁਸਾਰ ਅਤੇ ਧਾਰਾ 68 ਐਫ (2) ਐਨ.ਡੀ.ਪੀ.ਐਸ. ਐਕਟ 1985 ਤਹਿਤ ਅੱਜ ਅਮਨਦੀਪ ਕੌਰ ਦੀ ਬਠਿੰਡਾ ਦੀ ਵਿਰਾਟ ਗਰੀਨ ਕਲੋਨੀ 'ਚ ਸਥਿਤ 99 ਲੱਖ ਰੁਪਏ ਦੀ ਕੀਮਤ ਦੀ 168 ਨੰਬਰ ਰਿਹਾਇਸ਼ੀ ਕੋਠੀ, ਡਰੀਮ ਸਿਟੀ ਕਲੋਨੀ 'ਚ ਸਥਿਤ 18 ਲੱਖ 12 ਹਜ਼ਾਰ ਦੀ ਕੀਮਤ ਦਾ ਇਕ ਪਲਾਟ, ਚਿੱਟੇ ਦੇ ਮੁਕੱਦਮੇ 'ਚ ਸ਼ਾਮਲ 14 ਲੱਖ ਰੁਪਏ ਦੀ ਕੀਮਤ ਦੀ ਥਾਰ ਗੱਡੀ, 1 ਲੱਖ ਰੁਪਏ ਦੀ ਕੀਮਤ ਦੀ ਰੋਲੈਕਸ ਘੜੀ, 45 ਹਜ਼ਾਰ ਰੁਪਏ ਦੀ ਕੀਮਤ ਦਾ 13 ਪ੍ਰੋਮੈਕਸ ਆਈਫੋਨ, 9 ਹਜ਼ਾਰ ਰੁਪਏ ਦੀ ਕੀਮਤ ਦਾ ਸੀ-ਸਿਲਵਰ ਆਈਫੋਨ ਅਤੇ 2 ਹਜ਼ਾਰ ਰੁਪਏ ਦੀ ਕੀਮਤ ਦਾ ਵੀਵੋ ਫੋਨ ਫਰੀਜ਼ ਕੀਤਾ ਗਿਆ ਤੇ ਇੰਨ੍ਹਾਂ ਸਾਰੀਆਂ ਜਾਇਦਾਦਾਂ ਉਪਰ ਬਕਾਇਦਾ ਤੌਰ 'ਤੇ ਫਰੀਜ਼ ਕਰਨ ਸੰਬੰਧੀ ਨੋਟਿਸ ਚਿਪਕਾਏ ਗਏ ਹਨ। ਡੀ.ਐਸ.ਪੀ. ਨੇ ਦੱਸਿਆ ਕਿ ਫਰੀਜ਼ ਕੀਤੀ ਗਈ ਚੱਲ-ਅਚੱਲ ਜਾਇਦਾਦ ਦੀ ਕੁੱਲ ਕੀਮਤ 1 ਕਰੋੜ 35 ਲੱਖ 39 ਹਜ਼ਾਰ 583 ਰੁਪਏ ਬਣਦੀ ਹੈ। ਉਨ੍ਹਾਂ ਸਪੱਸ਼ਟ ਕੀਤਾ ਕਿ ਜਦੋਂ ਤੱਕ ਅਮਨਦੀਪ ਕੌਰ ਵਿਰੁੱਧ ਦਰਜ ਮੁਕੱਦਮੇ ਦਾ ਨਿਪਟਾਰਾ ਨਹੀਂ ਹੁੰਦਾ, ਉੱਦੋਂ ਤੱਕ ਉਹ ਇਸ ਜਾਇਦਾਦ ਨੂੰ ਅੱਗੇ ਕਿਸੇ ਕੋਲ ਵੀ ਵੇਚ ਨਹੀਂ ਸਕਦੇ।

# ਪੰਜਾਬੀ 'ਚ ਵੱਧ ਅੰਕ ਲੈਣ ਵਾਲੇ ਵਿਦਿਆਰਥੀਆਂ ਦਾ ਸਨਮਾਨ

## 350 ਵਿਦਿਆਰਥੀਆਂ ਨੂੰ ਤ.ਗਮੇ ਤੇ ਤੋਹ.ਫੇ ਦਿੱਤੇ

ਨਵੀਂ ਦਿੱਲੀ : ਦਵਿੰਦਰ ਕੌਰ ਫਾਊਂਡੇਸ਼ਨ ਵੱਲੋਂ ਚਾਂਦਨੀ ਚੌਕ ਵਿੱਚ 'ਕੌਮ ਦੇ ਵਾਰਿਸ' ਬੈਨਰ ਹੇਠ ਸਨਮਾਨ ਸਮਾਰੋਹ ਕਰਵਾਇਆ ਗਿਆ। ਸਮਾਗਮ ਵਿੱਚ ਅਕਾਦਮਿਕ ਸੈਸ਼ਨ 2024-25 ਦੀਆਂ ਦਸਵੀਂ ਤੇ ਬਾਰ੍ਹਵੀਂ ਜਮਾਤਾਂ ਦੀ ਬੋਰਡ ਪ੍ਰੀਖਿਆ



ਵਿੱਚ ਪੰਜਾਬੀ ਵਿਸ਼ੇ ਅੰਦਰ 90 ਫ਼ੀਸਦ ਜਾਂ ਇਸ ਤੋਂ ਵੱਧ ਅੰਕ ਪ੍ਰਾਪਤ ਕਰਨ ਵਾਲੇ ਵਿਦਿਆਰਥੀਆਂ ਨੂੰ ਸਨਮਾਨਿਆ ਗਿਆ। ਇਸ ਮੌਕੇ ਦਿੱਲੀ ਦੇ ਵੱਖ-ਵੱਖ ਸਕੂਲਾਂ ਤੋਂ ਪਹੁੰਚੇ 350 ਤੋਂ ਵੱਧ ਵਿਦਿਆਰਥੀਆਂ ਮੈਡਲ, ਸਰਟੀਫਿਕੇਟ ਅਤੇ ਤੋਹਫੇ ਦੇ ਕੇ ਉਨ੍ਹਾਂ ਦੀ ਅਕਾਦਮਿਕ ਉਪਲਬਧੀ ਅਤੇ ਮਾਂ-ਬੋਲੀ ਪ੍ਰਤੀ ਪਿਆਰ ਨੂੰ ਸਨਮਾਨਿਤ ਕੀਤਾ ਗਿਆ। ਇਹ ਸਿਰਫ਼ ਅਕਾਦਮਿਕ ਕਾਮਯਾਬੀ ਦਾ ਸਨਮਾਨ ਨਹੀਂ ਸੀ, ਸਗੋਂ ਪੰਜਾਬੀ ਭਾਸ਼ਾ ਅਤੇ ਸੱਭਿਆਚਾਰਕ ਪਛਾਣ ਨਾਲ ਜੁੜੇ ਜਜ਼ਬੇ ਦੀ ਕਦਰ ਵੀ ਸੀ। ਫਾਊਂਡੇਸ਼ਨ ਦੀ ਮੁਖੀ ਡਾ. ਅਵਨੀਤ ਕੌਰ ਭਾਟੀਆ ਨੇ ਕਿਹਾ ਇਹ ਸਮਾਰੋਹ ਸਿਰਫ਼ ਇਨਾਮਾਂ ਦੀ ਵੰਡ ਨਹੀਂ ਬਲਕਿ ਮਾਂ-ਬੋਲੀ ਪੰਜਾਬੀ ਲਈ ਇੱਕ ਅਹਿਸਾਸ, ਇੱਕ ਜ਼ਿੰਮੇਵਾਰੀ ਹੈ। ਪੰਜਾਬੀ ਸਿਰਫ਼ ਇੱਕ ਭਾਸ਼ਾ ਨਹੀਂ, ਸਗੋਂ ਸਾਡੀ ਪਹਿਚਾਣ ਵੀ ਹੈ। ਜਦ ਤੱਕ ਅਸੀਂ ਆਪਣੇ ਬੱਚਿਆਂ ਨੂੰ ਆਪਣੀ ਮਾਤ ਭਾਸ਼ਾ ਨਾਲ ਜੋੜੀ ਰਖਾਂਗੇ, ਸਾਡੀ ਸਭਿਆਚਾਰਕ ਵਿਰਾਸਤ ਮਜ਼ਬੂਤ ਰਹੇਗੀ। ਉਨ੍ਹਾਂ ਅੱਗੇ ਕਿਹਾ ਕਿ ਪੰਜਾਬੀ ਲਈ ਜੋਸ਼ ਅਤੇ ਰੁਝਾਨ ਦੇਖ ਕੇ ਉਨ੍ਹਾਂ ਨੂੰ ਉਮੀਦ ਹੈ ਕਿ ਭਵਿੱਖ ਵਿੱਚ ਪੰਜਾਬੀ ਨਵੀਆਂ ਉੱਚਾਈਆਂ ਤੱਕ ਪਹੁੰਚੇਗੀ। ਦੱਸਣਯੋਗ ਹੈ ਕਿ ਇਸ ਪ੍ਰੋਗਰਾਮ ਕਾਮਯਾਬੀ ਲਈ ਰੋਜ਼ਾ ਹਰਬਲ ਕੇਅਰ ਅਤੇ ਕੋਰਨੀਟੋਸ ਦੇ ਪ੍ਰਬੰਧਕਾਂ ਨੇ ਵਿਸ਼ੇਸ਼ ਸਹਿਯੋਗ ਦਿੱਤਾ।

# ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰਾਂ ਦਾ ਸਨਮਾਨ



ਰਤੀਆ : ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਭਾਈ ਇਕਬਾਲ ਸਿੰਘ ਖੋਖਰ, ਪ੍ਰਧਾਨ ਭਾਈ ਕਾਕਾ ਸਿੰਘ ਲੱਧੂਵਾਸ ਅਤੇ ਨਵੇਂ ਚੁਣੇ ਗਏ ਐਸੋਸੀਏਟ ਮੈਂਬਰ ਭਾਈ ਗੁਰਮੇਲ ਸਿੰਘ ਸਹਿਨਾਲ ਪੁਰਾਣਾ ਬਾਜ਼ਾਰ ਸਥਿਤ ਗੁਰਦੁਆਰਾ ਸ੍ਰੀ ਗੁਰੂ ਗ੍ਰੰਥ ਸਾਹਿਬ ਰਤੀਆ ਵਿਖੇ ਨਤਮਸਤਕ ਹੋਏ ਅਤੇ ਤਿੰਨਾਂ ਮੈਂਬਰਾਂ ਨੇ ਗੁਰੂ ਘਰ ਵਿੱਚ ਚੱਲ ਰਹੇ ਸੇਵਾ ਕਾਰਜਾਂ ਦਾ ਨਿਰੀਖਣ ਵੀ ਕੀਤਾ। ਗੁਰੂ ਘਰ ਦੇ ਸਟਾਫ ਨੇ ਮੈਂਬਰਾਂ ਨੂੰ ਗੁਰੂ ਘਰ ਦੀ ਬਖਸ਼ਿਸ਼ ਸਿਰੋਪਾਓ ਅਤੇ ਯਾਦਗਾਰੀ ਚਿੰਨ੍ਹ ਦੇ ਕੇ ਸਨਮਾਨਿਤ ਕੀਤਾ। ਇਸ ਮੌਕੇ ਰਾਜਿੰਦਰ ਸਿੰਘ ਚਹਿਲ, ਜਗਸੀਰ ਸਿੰਘ, ਬਲਦੇਵ ਸਿੰਘ, ਪ੍ਰਗਟ ਸਿੰਘ ਬੋਲਾ, ਕੰਵਲਜੀਤ ਸਿੰਘ ਮਾਨ ਆਦਿ ਹਾਜ਼ਰ ਸਨ।





# FREEDOM MARCH & SOVEREGNTY RALLY



# ਨਗਰ ਕੀਰਤਨ

88 Second St, San Francisco

**ਸਥਾਨ : ਸੈਨ ਫਰਾਂਸਿਸਕੋ ਡਾਊਨ ਟਾਊਨ ਵਿਖੇ**

**ਸ਼ਨੀਵਾਰ 7 ਜੂਨ 2025 ਸਵੇਰੇ 10.30 ਵਜੇ ਤੋਂ ਅਰੰਭ ਹੋਵੇਗਾ।**

ਨਗਰ ਕੀਰਤਨ ਸੈਕੰਡ ਸਟਰੀਟ ਅਤੇ ਮਾਰਕੀਟ ਸਟਰੀਟ ਤੋਂ ਸ਼ੁਰੂ ਹੋਵੇਗਾ ਤੇ ਸਿਵਿਕ ਸੈਂਟਰ-ਸਿਟੀ ਹਾਲ ਜਾ ਕੇ ਸੰਪੂਰਨ ਹੋਵੇਗਾ।

ਸ਼ਹੀਦਾਂ ਦੇ ਸਿਰਤਾਜ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਜੀ ਦੀ ਸ਼ਹਾਦਤ ਅਤੇ ਉਨ੍ਹਾਂ ਵਲੋਂ ਪਾਏ ਪੂਰਨਿਆਂ 'ਤੇ ਚੱਲਦੇ ਹੋਏ ਜੂਨ 1984 ਅਤੇ ਬਾਅਦ ਵਿਚ ਸ਼ਹੀਦ ਹੋਰ ਸਿੰਘ ਸਿੰਘਣੀਆਂ, ਭੁਝੰਗੀ ਭੁਝੰਗਣਾ ਦੀ ਯਾਦ ਵਿਚ 7 ਜੂਨ ਨੂੰ ਸੈਨ ਫਰਾਂਸਿਸਕੋ ਸ਼ਹਿਰ ਵਿਚ ਹਰ ਸਾਲ ਦੀ ਤਰ੍ਹਾਂ ਮਹਾਨ ਨਗਰ ਕੀਰਤਨ ਕੱਢਿਆ ਜਾ ਰਿਹਾ ਹੈ।

BART ਨਗਰ ਕੀਰਤਨ 'ਤੇ ਜਾਣ ਵਾਲੀਆਂ ਸੰਗਤਾਂ Montgomery ਸਟੇਸ਼ਨ 'ਤੇ ਉਤਰਨ

For More Info : **1-844-REM-1984. www.REMEMBER84.COM**

ਜਾਰੀ ਕਰਤਾ : ਸਮੂਹ ਗੁਰਦੁਆਰਾ ਸਾਹਿਬ ਕਮੇਟੀਆਂ ਅਤੇ ਪੰਥਕ ਜਥੇਬੰਦੀਆਂ, ਕੈਲੀਫੋਰਨੀਆ

# ਸ਼੍ਰੋਮਣੀ ਅਕਾਲੀ ਦਲ ਲਿਮਟਿਡ ਕੰਪਨੀ ਬਣਿਆ: ਵਡਾਲਾ

## ਸੁਖਬੀਰ ਬਾਦਲ 'ਤੇ ਆਪਣੇ ਹਿੱਤ ਅੱਗੇ ਰੱਖਣ ਦੇ ਦੋਸ਼



ਕਰਤਾਰਪੁਰ : ਵਿਧਾਨ ਸਭਾ ਹਲਕਾ ਕਰਤਾਰਪੁਰ ਵਿੱਚ ਅਕਾਲ ਤਖ਼ਤ ਦੇ ਹੁਕਮਾਂ ਅਨੁਸਾਰ ਪੰਜ ਮੈਂਬਰੀ ਕਮੇਟੀ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਭਰਤੀ ਮੁਹਿੰਮ ਦੀ ਸ਼ੁਰੂਆਤ ਕੀਤੀ ਗਈ। ਇਸ ਦੌਰਾਨ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਲਿਮਟਿਡ ਕੰਪਨੀ ਬਣ ਕੇ ਰਹਿ ਗਿਆ ਹੈ ਅਤੇ ਪੰਥਕ ਹਿੱਤਾਂ ਨੂੰ ਦਰ ਕਿਨਾਰਾ ਕਰਦਿਆਂ ਸੁਖਬੀਰ ਸਿੰਘ ਬਾਦਲ ਪਾਰਟੀ ਦੇ ਪ੍ਰਧਾਨ ਬਣ ਗਏ। ਉਨ੍ਹਾਂ ਕਿਹਾ ਕਿ ਅਕਾਲ ਤਖ਼ਤ ਦੇ ਹੁਕਮਾਂ ਦੀ ਉਲੰਘਣਾ ਕਰਕੇ ਸੁਖਬੀਰ ਬਾਦਲ ਪੰਥਕ ਹਿੱਤਾਂ ਨੂੰ ਢਾਹ ਲਗਾ ਕੇ ਨਿੱਜੀ ਹਿੱਤਾਂ ਨੂੰ ਅੱਗੇ ਰੱਖ ਰਹੇ ਹਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸਾਬਕਾ ਪ੍ਰਧਾਨ ਬੀਬੀ ਜਗੀਰ ਕੌਰ ਨੇ ਕਿਹਾ ਕਿ ਬਾਦਲ ਨੇ ਪੰਥ ਵਿਰੋਧੀ ਤਾਕਤਾਂ ਦੇ ਇਸ਼ਾਰੇ 'ਤੇ ਸੀਨੀਅਰ ਅਤੇ ਟਕਸਾਲੀ ਆਗੂਆਂ ਨੂੰ ਅਣਦੇਖਾ ਕਰਕੇ ਪਾਰਟੀ ਨੂੰ ਆਪਣੀ ਨਿੱਜੀ ਜਗੀਰ ਸਮਝ ਕੇ ਕੰਮ ਕਰ ਰਹੇ ਹਨ। ਸਾਬਕਾ ਮੰਤਰੀ ਸਰਵਣ ਸਿੰਘ ਫਿਲੌਰ ਨੇ ਕਿਹਾ ਕਿ ਸ਼੍ਰੋਮਣੀ ਅਕਾਲੀ ਦਲ ਦੇ ਜੁਝਾਰੂ ਆਗੂ ਅਤੇ ਵਰਕਰ ਪਾਰਟੀ ਦੀ ਰੀੜ੍ਹ ਦੀ ਹੱਡੀ ਹਨ।

ਉਨ੍ਹਾਂ ਨੂੰ ਇਕੱਠੇ ਹੋ ਕੇ ਅਕਾਲ ਤਖ਼ਤ ਦੇ ਹੁਕਮਾਂ ਤਹਿਤ ਭਰਤੀ ਕਰਨ ਵਿੱਚ ਵੱਧ ਚੜ੍ਹ ਕੇ ਹਿੱਸਾ ਲੈਣਾ ਚਾਹੀਦਾ ਹੈ। ਜਥੇਦਾਰ ਭਗਵੰਤ ਸਿੰਘ ਫਤਿਹ ਜਲਾਲ ਨੇ ਕਿਹਾ ਕਿ ਅਕਾਲ ਤਖ਼ਤ ਦੇ ਸਾਬਕਾ ਜਥੇਦਾਰਾਂ ਦਾ ਨਿਰਾਦਰ ਕਰਨਾ ਪੰਥਕ ਹਿੱਤਾਂ ਵਿੱਚ ਨਹੀਂ ਹੈ। ਗਿਆਨੀ ਹਰਪ੍ਰੀਤ ਸਿੰਘ ਨੇ ਸਿੱਖ ਕੌਮ ਦੀ ਰਹਿਨੁਮਾਈ ਕਰਦਿਆਂ ਨੌਜਵਾਨਾਂ ਨੂੰ ਸੇਧ ਦਿੰਦਿਆਂ ਹੋਇਆ ਬੰਦੀ ਸਿੰਘਾਂ ਦੀ ਰਿਹਾਈ ਲਈ ਸਮੇਂ-ਸਮੇਂ ਦੀਆਂ ਸਰਕਾਰਾਂ ਕੋਲ ਮਾਮਲਾ ਚੁੱਕਿਆ ਸੀ।

# ਸ਼੍ਰੋਮਣੀ ਕਮੇਟੀ ਵੱਲੋਂ ਡਾ. ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਾਉਣ ਦਾ ਫ਼ੈਸਲਾ ਮੁਲਤਵੀ



ਅੰਮ੍ਰਿਤਸਰ : ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਦੇਸ਼ ਦੇ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦੇ ਫੈਸਲੇ ਨੂੰ ਹਾਲ ਦੀ ਘੜੀ ਮੁਲਤਵੀ ਕਰ ਦਿੱਤਾ ਹੈ। ਇਸ ਮਾਮਲੇ 'ਤੇ ਹੁਣ ਸ਼੍ਰੋਮਣੀ ਕਮੇਟੀ ਵੱਲੋਂ ਮੁੜ ਵਿਚਾਰ ਕੀਤਾ ਜਾਵੇਗਾ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਸ਼੍ਰੋਮਣੀ ਕਮੇਟੀ ਦੇ ਸਕੱਤਰ ਪ੍ਰਤਾਪ ਸਿੰਘ ਨੇ ਦੱਸਿਆ ਕਿ ਬੀਤੇ ਦਿਨੀਂ ਹੋਈ ਸ਼੍ਰੋਮਣੀ ਕਮੇਟੀ ਦੀ ਅੰਤ੍ਰਿੰਗ ਕਮੇਟੀ ਦੀ ਮੀਟਿੰਗ ਵਿਚ ਡਾ. ਮਨਮੋਹਨ ਸਿੰਘ ਦੀ ਤਸਵੀਰ ਕੇਂਦਰੀ ਸਿੱਖ ਅਜਾਇਬ ਘਰ ਵਿਚ ਲਗਾਉਣ ਦਾ ਫੈਸਲਾ ਕੀਤਾ ਗਿਆ ਸੀ, ਜਿਸ 'ਤੇ ਵੱਖ-ਵੱਖ ਧਿਰਾਂ ਵੱਲੋਂ ਇਤਰਾਜ਼ ਆਉਣ 'ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਇਸ ਮਾਮਲੇ ਨੂੰ ਫਿਲਹਾਲ ਮੁਲਤਵੀ ਰੱਖਣ ਦਾ ਆਦੇਸ਼ ਕੀਤਾ ਹੈ।

ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਸਿੱਖ ਕੌਮ ਦੀਆਂ ਭਾਵਨਾਵਾਂ ਦਾ ਸਤਿਕਾਰ ਕਰਦੀ ਹੈ ਅਤੇ ਇਸ ਮਾਮਲੇ ਸਬੰਧੀ ਸਿੱਖਾਂ ਅੰਦਰ ਆਮਰਾਇ ਬਣਨੀ ਜ਼ਰੂਰੀ ਹੈ। ਸ਼੍ਰੋਮਣੀ ਕਮੇਟੀ ਸਕੱਤਰ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਵੱਲੋਂ ਤਸਵੀਰ ਲਗਾਉਣ ਦੇ ਇਸ ਫੈਸਲੇ ਬਾਰੇ ਅੰਤ੍ਰਿੰਗ ਕਮੇਟੀ ਵਿਚ ਮੁੜ ਵਿਚਾਰ ਕੀਤਾ ਜਾਵੇਗਾ।

ਗ਼ੌਰਤਲਬ ਹੈ ਕਿ ਸ਼੍ਰੋਮਣੀ ਕਮੇਟੀ ਵੱਲੋਂ ਕੀਤੇ ਗਏ ਇਸ ਫੈਸਲੇ ਦਾ ਬਲਵੰਤ ਸਿੰਘ ਰਾਜੋਆਣਾ ਅਤੇ ਦਲ ਖਾਲਸਾ ਸਮੇਤ ਕੁਝ ਹੋਰ ਸਿੱਖ ਜਥੇਬੰਦੀਆਂ ਵੱਲੋਂ ਵਿਰੋਧ ਕੀਤਾ ਗਿਆ ਹੈ। ਰਾਜੋਆਣਾ ਵੱਲੋਂ ਇਸ ਮਾਮਲੇ ਵਿੱਚ ਸ਼੍ਰੋਮਣੀ ਕਮੇਟੀ ਨੂੰ ਪੱਤਰ ਲਿਖ ਕੇ ਇਸ ਫੈਸਲੇ 'ਤੇ ਇਤਰਾਜ਼ ਪ੍ਰਗਟ ਕੀਤਾ ਗਿਆ ਅਤੇ ਉਸ ਨੇ ਆਖਿਆ ਡਾ. ਮਨਮੋਹਨ ਸਿੰਘ ਨੇ ਉਸ ਸਿਆਸੀ ਪਾਰਟੀ ਦੀ ਨੁਮਾਇੰਦਗੀ ਕੀਤੀ ਜੋ ਸਿੱਖਾਂ 'ਤੇ ਹੋਏ ਅੱਤਿਆਚਾਰਾਂ ਲਈ ਜ਼ਿੰਮੇਵਾਰ ਹੈ, ਉਹ ਉਸੇ ਪਾਰਟੀ ਦੇ ਪ੍ਰਤੀਨਿਧ ਵਜੋਂ ਪ੍ਰਧਾਨ ਮੰਤਰੀ ਬਣੇ ਜੋ 1984 ਵਿੱਚ ਸਿੱਖ ਕਤਲੇਆਮ ਅਤੇ ਸਾਕਾ ਨੀਲਾ ਤਾਰਾ ਲਈ ਦੋਸ਼ੀ ਹੈ।

ਇਸੇ ਤਰ੍ਹਾਂ ਦਲ ਖਾਲਸਾ ਦੇ ਕਾਰਜਕਾਰੀ ਪ੍ਰਧਾਨ ਪਰਮਜੀਤ ਸਿੰਘ ਮੰਡ ਨੇ ਵੀ ਸ਼੍ਰੋਮਣੀ ਕਮੇਟੀ ਦੇ ਇਸ ਫੈਸਲੇ 'ਤੇ ਇਤਰਾਜ਼ ਕੀਤਾ ਸੀ। ਉਹਨਾਂ ਕਿਹਾ ਕਿ ਡਾਕਟਰ ਮਨਮੋਹਨ ਸਿੰਘ ਇੱਕ ਸਿੱਖ ਸ਼ਖਸੀਅਤ ਜ਼ਰੂਰ ਸਨ, ਪਰ ਉਹਨਾਂ ਨੇ ਪ੍ਰਧਾਨ ਮੰਤਰੀ ਹੁੰਦਿਆਂ ਆਪਣੇ ਕਾਰਜ ਕਾਲ ਦੌਰਾਨ ਸਿੱਖ ਪੰਥ ਵਾਸਤੇ ਕੋਈ ਅਜਿਹਾ ਕਾਰਜ ਨਹੀਂ ਕੀਤਾ, ਜਿਸ ਲਈ ਉਹਨਾਂ ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਸਥਾਪਿਤ ਕੀਤੀ ਜਾਵੇ।

ਇਸ ਫੈਸਲੇ ਦੇ ਹੋ ਰਹੇ ਵਿਰੋਧ ਨੂੰ ਦੇਖਦਿਆਂ ਹੁਣ ਸ਼੍ਰੋਮਣੀ ਕਮੇਟੀ ਨੇ ਡਾਕਟਰ ਮਨਮੋਹਨ ਸਿੰਘ ਦੀ ਤਸਵੀਰ ਸਿੱਖ ਅਜਾਇਬ ਘਰ ਵਿੱਚ ਸਥਾਪਿਤ ਕਰਨ ਦੇ ਫੈਸਲੇ ਨੂੰ ਫਿਲਹਾਲ ਮੁਲਤਵੀ ਕਰ ਦਿੱਤਾ ਹੈ।

# ਅੰਮ੍ਰਿਤਪਾਲ ਸਿੰਘ 'ਤੇ ਤੀਜੀ ਵਾਰ ਐੱਨਐੱਸਏ ਲਗਾਉਣ ਦੇ ਵਿਰੋਧ ਵਿੱਚ ਮੁਜ਼ਾਹਰਾ

## ਡਿਪਟੀ ਕਮਿਸ਼ਨਰ ਰਾਹੀਂ ਰਾਜਪਾਲ ਨੂੰ ਮੰਗ ਪੱਤਰ ਭੇਜਿਆ




ਗੁਰਦਾਸਪੁਰ : ਅਕਾਲੀ ਦਲ ਵਾਰਿਸ ਪੰਜਾਬ ਦੇ ਨੇਤਾ ਅਤੇ ਸੰਸਦੀ ਹਲਕਾ ਖਡੂਰ ਸਾਹਿਬ ਤੋਂ ਮੈਂਬਰ ਪਾਰਲੀਮੈਂਟ ਅੰਮ੍ਰਿਤਪਾਲ ਸਿੰਘ ਉੱਪਰ ਤੀਸਰੀ ਵਾਰ ਲਗਾਏ ਗਏ ਐੱਨ.ਐੱਸ.ਏ ਨੂੰ ਤੁਰੰਤ ਰੱਦ ਕਰਨ ਅਤੇ ਹਿਰਾਸਤ ਵਿੱਚ ਲਏ ਗਏ ਸਾਰੇ ਸਿੱਖ ਨੌਜਵਾਨਾਂ ਅਤੇ ਸਜ਼ਾ ਪੂਰੀ ਕਰ ਚੁੱਕੇ ਬੰਦੀ ਸਿੰਘਾਂ ਦੀ ਰਿਹਾਈ ਸਬੰਧੀ ਜ਼ਿਲ੍ਹਾ ਗੁਰਦਾਸਪੁਰ ਦੇ ਆਬਜ਼ਰਵਰ ਐਡਵੋਕੇਟ ਅਜੈਪਾਲ ਸਿੰਘ ਢਿੱਲੋਂ ਦੀ ਅਗਵਾਈ ਵਿੱਚ ਡਿਪਟੀ ਕਮਿਸ਼ਨਰ ਗੁਰਦਾਸਪੁਰ ਨੂੰ ਗਵਰਨਰ ਪੰਜਾਬ ਗੁਲਾਬ ਚੰਦ ਕਟਾਰੀਆ ਨੂੰ ਮੰਗ ਪੱਤਰ ਭੇਜਿਆ ਗਿਆ। ਡਿਪਟੀ ਕਮਿਸ਼ਨਰ ਨੂੰ ਮੰਗ ਦੇਣ ਤੋਂ ਪਹਿਲਾਂ ਅਕਾਲੀ ਦਲ ਵਾਰਿਸ ਪੰਜਾਬ ਦੇ ਮੈਂਬਰਾਂ ਵੱਲੋਂ ਸ਼ਹਿਰ ਵਿੱਚ ਰੋਸ ਮੁਜ਼ਾਹਰਾ ਕੀਤਾ ਗਿਆ।

ਇਸ ਮੌਕੇ ਸੰਬੋਧਨ ਕਰਦੇ ਹੋਏ ਅਕਾਲੀ ਦਲ ਵਾਰਿਸ ਪੰਜਾਬ ਜ਼ਿਲ੍ਹਾ ਗੁਰਦਾਸਪੁਰ ਦੀ ਪੰਜ ਮੈਂਬਰੀ ਕਮੇਟੀ ਦੇ ਅਹੁਦੇਦਾਰ ਆਬਜ਼ਰਵਰ ਐਡਵੋਕੇਟ ਅਜੇਪਾਲ ਸਿੰਘ ਢਿੱਲੋਂ, ਗੁਰਪ੍ਰੀਤ ਸਿੰਘ ਬਟਾਲਾ, ਜੁਗਰਾਜ ਸਿੰਘ ਲਾਲਾ ਨੰਗਲ, ਜਤਿੰਦਰ ਸਿੰਘ ਸੋਹਲ, ਪ੍ਰਭਜੋਤ ਸਿੰਘ ਸਮੇਤ ਹੋਰ ਬੁਲਾਰਿਆਂ ਨੇ ਕਿਹਾ ਕਿ ਅਕਾਲੀ ਦਲ ਵਾਰਿਸ ਪੰਜਾਬ ਦੇ ਮੁੱਖ ਸੇਵਾਦਾਰ ਸੰਸਦੀ ਹਲਕਾ ਖਡੂਰ ਸਾਹਿਬ ਤੋਂ ਭਾਰੀ ਬਹੁਮਤ ਨਾਲ ਚੁਣੇ ਗਏ ਸੰਸਦ ਮੈਂਬਰ ਭਾਈ ਅੰਮ੍ਰਿਤਪਾਲ ਸਿੰਘ ਉੱਪਰ ਪੰਜਾਬ ਸਰਕਾਰ ਵੱਲੋਂ ਨਜਾਇਜ਼ ਤੌਰ 'ਤੇ ਤੀਸਰੀ ਵਾਰ ਰਾਸ਼ਟਰੀ ਸੁਰੱਖਿਆ ਐਕਟ ਲਗਾਇਆ ਗਿਆ ਹੈ। ਇਹ ਨਾ ਸਿਰਫ਼ ਉਨ੍ਹਾਂ ਦੇ ਨਿੱਜੀ ਅਧਿਕਾਰਾਂ ਅਤੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਹੈ, ਸਗੋਂ ਖਡੂਰ ਸਾਹਿਬ ਹਲਕੇ ਦੇ ਲੱਖਾਂ ਵੋਟਰਾਂ ਦੀ ਸੰਸਦੀ ਨੁਮਾਇੰਦਗੀ ਨੂੰ ਖ਼ਾਮੋਸ਼ ਕਰਨ ਦੀ ਕੋਸ਼ਿਸ਼ ਹੈ। ਭਾਈ ਅੰਮ੍ਰਿਤਪਾਲ ਸਿੰਘ ਨੇ ਨੌਜਵਾਨ ਪੀੜ੍ਹੀ ਨੂੰ ਨਸ਼ਿਆਂ ਤੋਂ ਹਟਾ ਕੇ ਗੁਰਬਾਣੀ, ਸਿੱਖੀ ਅਤੇ ਚੰਗੇ ਆਚਰਨ ਵੱਲ ਲੈ ਕੇ ਜਾਣ ਵਾਲਾ ਅਭਿਆਨ ਚਲਾਇਆ। ਉਨ੍ਹਾਂ ਦੇ ਜਨਸੇਵਾ ਆਧਾਰਿਤ ਕਦਮਾਂ ਨੇ ਸਮਾਜਿਕ ਸੁਧਾਰ ਲਈ ਇੱਕ ਨਵੀਂ ਲਹਿਰ ਚਲਾਈ, ਜਿਸ ਨੂੰ ਸਮਾਜ ਭਲਾਈ ਦੇ ਵਧੀਆ ਉਪਰਾਲਿਆਂ ਵਜੋਂ ਵੇਖਿਆ ਜਾਂਦਾ ਹੈ, ਨਾ ਕਿ ਕਿਸੇ ਰਾਸ਼ਟਰੀ ਖ਼ਤਰੇ ਵਜੋਂ।

# ਸ਼੍ਰੋਮਣੀ ਕਮੇਟੀ ਦੇ ਵਿਦਿਅਕ ਅਦਾਰੇ ਬੁਲੰਦੀ ਵੱਲ, ਧਾਮੀ ਦੀ ਅਗਵਾਈ 'ਚ ਅਦਾਰਿਆਂ ਦਾ ਬਜਟ 201 ਕਰੋੜ ਤੋਂ 295 ਕਰੋੜ ਪੁੱਜਾ

ਅੰਮ੍ਰਿਤਸਰ: ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਯੂਨੀਅਰ ਮੀਤ ਪ੍ਰਧਾਨ ਜਥੇਦਾਰ ਬਲਦੇਵ ਸਿੰਘ ਕਲਿਆਣ ਨੇ ਕਿਹਾ ਕਿ ਕਮੇਟੀ ਪ੍ਰਧਾਨ ਹਰਜਿੰਦਰ ਸਿੰਘ ਧਾਮੀ ਦੀ ਯੋਗ ਅਗਵਾਈ 'ਚ ਕਮੇਟੀ ਅਧੀਨ ਚੱਲ ਰਹੇ ਵਿਦਿਅਕ ਅਦਾਰਿਆਂ ਨੇ ਲੰਮੀਆਂ ਪੁਲਾਂਘਾਂ ਪੁੱਟੀਆਂ ਹਨ। ਉਨ੍ਹਾਂ ਕਿਹਾ ਕਿ ਮੁੱਖ ਸਕੱਤਰ ਹੁੰਦਿਆ ਹੀ ਐਡਵੋਕੇਟ ਧਾਮੀ ਨੇ ਵਿਦਿਅਕ ਅਦਾਰਿਆਂ ਦਾ ਪੱਧਰ ਉੱਚਾ ਚੁੱਕਣ ਲਈ ਵਿਸ਼ੇਸ਼ ਧਿਆਨ ਦੇਣਾ ਸ਼ੁਰੂ ਕੀਤਾ ਸੀ। ਲਗਾਤਾਰ ਧਾਮੀ ਦੇ ਕਾਰਜਕਾਲ ਦੇ 5ਵੇਂ ਸਾਲ 'ਚ ਵਿਦਿਅਕ ਅਦਾਰੇ ਤਰੱਕੀ ਦੀ ਰਾਹ 'ਤੇ ਹਨ।

ਜਥੇਦਾਰ ਕਲਿਆਣ ਨੇ ਦੱਸਿਆ ਕਿ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਅਧੀਨ ਇਕ ਮੈਡੀਕਲ ਕਾਲਜ, ਇਕ ਡੈਂਟਲ ਕਾਲਜ, ਇਕ ਨਰਸਿੰਗ ਕਾਲਜ, 2 ਇੰਜੀਨੀਅਰਿੰਗ ਕਾਲਜ, 2 ਪੋਲੀਟੈਕਨੀਕਲ ਕਾਲਜ, ਇਕ ਐਜੂਕੇਸ਼ਨ ਕਾਲਜ, 30 ਡਿਗਰੀ ਕਾਲਜ, 27 ਸਕੂਲ ਪੀਐਸਈਬੀ, 20 ਸਕੂਲ ਸੀਬੀਐੱਸਈ, ਇਕ ਸਕੂਲ ਆਈਸੀਐੱਸਈ ਅਤੇ 27 ਕਾਲਜੀਏਟ ਸਕੂਲ ਸ਼ਾਮਲ ਹਨ। ਉਨ੍ਹਾਂ ਕਿਹਾ ਕਿ ਕਾਲਜਾਂ 'ਚ 1375 ਟੀਚਿੰਗ ਸਟਾਫ, 771 ਨਾਨ-ਟੀਚਿੰਗ ਸਟਾਫ ਅਤੇ 40251 ਵਿਦਿਆਰਥੀ ਵਿਦਿਆ ਹਾਸਲ ਕਰ ਰਹੇ ਹਨ। ਇਸੇ ਤਰ੍ਹਾਂ ਸਕੂਲਾਂ 'ਚ 1122 ਟੀਚਿੰਗ ਸਟਾਫ, 637 ਨਾਨ ਟੀਚਿੰਗ ਸਟਾਫ ਤੇ 24655 ਵਿਦਿਆਰਥੀ ਪੜ੍ਹ ਰਹੇ ਹਨ। ਸਾਲ 2019-20 'ਚ ਕਾਲਜਾਂ ਅੰਦਰ 28243 ਵਿਦਿਆਰਥੀ ਸਨ ਜਦਕਿ ਸਾਲ 2024-25 ਵਿਚ ਵਿਦਿਆਰਥੀਆਂ ਦੀ ਗਿਣਤੀ 40251 ਪਹੁੰਚ ਗਈ ਹੈ। ਇਸੇ ਤਰਾਂ ਸਾਲ 2019-20 ਦੌਰਾਨ ਸਕੂਲਾਂ ਵਿਚ ਵਿਦਿਆਰਥੀਆਂ ਦੀ ਗਿਣਤੀ 17500 ਸੀ, ਜੋਂਕਿ ਸਾਲ 2024-25 ਵਿਚ 24655 ਪਹੁੰਚ ਗਈ ਹੈ।



ਉਨ੍ਹਾਂ ਕਿਹਾ ਕਿ ਵਿਦਿਆਰਥੀਆਂ ਦੇ ਵਾਧੇ ਨਾਲ ਬਜਟ 'ਚ ਵੀ ਵਾਧਾ ਹੋਇਆ ਹੈ। ਜਥੇਦਾਰ ਕਲਿਆਣ ਨੇ ਕਿਹਾ ਕਿ ਸਾਲ 2020-21 'ਚ ਜਿੱਥੇ ਬਜਟ 201 ਕਰੋੜ ਰੁਪਏ ਸੀ, ਉੱਥੇ ਹੀ ਸਾਲ 2021-22 'ਚ 239 ਕਰੋੜ ਰੁਪਏ, 2022-23 'ਚ 248 ਕਰੋੜ ਰੁਪਏ, ਸਾਲ 2023-24 'ਚ 242 ਕਰੋੜ ਰੁਪਏ, ਸਾਲ 2024-25 ਵਿੱਚ 251 ਕਰੋੜ ਰੁਪਏ ਅਤੇ ਚਾਲੂ ਸਾਲ 2025-26 ਵਿਚ 295 ਕਰੋੜ ਰੁਪਏ ਦੇ ਕਰੀਬ ਬਜਟ ਰੱਖਿਆ ਗਿਆ ਹੈ। ਇਹ ਲਗਾਤਾਰ ਬਜਟ ਵਿਚ ਵਾਧਾ ਸ਼ ?ਰੋਮਣੀ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਦੀ ਯੋਗ ਅਗਵਾਈ ਕਾਰਨ ਹੀ ਸਫਲ ਹੋ ਸਕਿਆ ਹੈ।

**ਨਿਸਚੈ ਪ੍ਰਸਾਸ਼ਕੀ ਸੇਵਾਵਾਂ ਸਿਖਲਾਈ ਕੇਂਦਰ ਦੀ ਸਥਾਪਨਾ :** ਜਥੇਦਾਰ ਕਲਿਆਣ ਨੇ ਕਿਹਾ ਕਿ ਸਿੱਖ ਉਮੀਦਵਾਰਾਂ ਨੂੰ ਆਈਏਐੱਸ, ਆਈਪੀਐੱਸ ਤੇ ਹੋਰ ਪ੍ਰਤੀਯੋਗੀ ਪ੍ਰੀਖਿਆਵਾਂ ਲਈ ਮੁਫ਼ਤ ਕੋਚਿੰਗ ਪ੍ਰਦਾਨ ਕਰਨ ਦਾ ਮੁੱਖ ਉਦੇਸ਼ ਸਿੱਖ ਨੌਜਵਾਨਾਂ ਨੂੰ ਰਾਸ਼ਟਰੀ ਅਤੇ ਰਾਜ ਪੱਧਰ 'ਤੇ ਪ੍ਰਸ਼ਾਸਨਿਕ ਸੇਵਾਵਾਂ 'ਚ ਪ੍ਰਤੀਨਿਧਤਾ ਦੇਣਾ ਹੈ। ਸਿੱਖ ਕੌਮ ਨੇ ਇਤਿਹਾਸ 'ਚ ਹਮੇਸ਼ਾ ਬਹਾਦਰੀ, ਨਿਆਂਪ੍ਰਿਅਤਾ ਅਤੇ ਸੇਵਾ ਭਾਵਨਾ ਨਾਲ ਆਪਣਾ ਨਾਮ ਰੋਸ਼ਨ ਕੀਤਾ ਹੈ। ਮੌਜੂਦਾ ਸਮੇਂ ਵਿਚ ਸਿਵਲ ਸੇਵਾਵਾਂ ਅਤੇ ਹੋਰ ਉੱਚ ਅਹੁਦਿਆਂ 'ਤੇ ਸਿੱਖ ਨੌਜਵਾਨਾਂ ਦੀ ਗਿਣਤੀ ਘੱਟ ਹੋ ਰਹੀ ਹੈ। ਇਸ ਕਮੀ ਨੂੰ ਪੂਰਾ ਕਰਨ ਅਤੇ ਸਿੱਖ ਨੌਜਵਾਨਾਂ ਨੂੰ ਇਨ੍ਹਾਂ ਪ੍ਰੀਖਿਆਵਾਂ ਲਈ ਤਿਆਰ ਕਰਨ ਲਈ ਮੁਫਤ ਕੋਚਿੰਗ ਦੀ ਪਹਿਲਕਦਮੀ ਸ਼ੁਰੂ ਕੀਤੀ ਹੈ। ਸਿੱਖ ਕੌਮ ਦੀ ਵਧ ਰਹੀ ਮੰਗ, ਉਜਵਲ ਭਵਿੱਖ ਨੂੰ ਧਿਆਨ ਵਿਚ ਰੱਖਦੇ ਸ਼੍ਰੋਮਣੀ ਕਮੇਟੀ ਨੇ ਧਾਮੀ ਦੀ ਅਗਵਾਈ ਵਿਚ 'ਨਿਸ਼ਚੈ ਸਿਵਲ ਸਰਵਿਸਿਜ਼ ਕੋਚਿੰਗ ਅਕੈਡਮੀ' ਦੀ ਸਥਾਪਨਾ 21 ਅਕਤੂਬਰ 2023 ਨੂੰ ਕੀਤੀ ਹੈ। ਇਸ ਕੋਚਿੰਗ ਕੇਂਦਰ ਵਿਚ ਲਗਭਗ 50 ਸਿੱਖ ਵਿਦਿਆਰਥੀਆਂ ਨੂੰ ਆਈਏਐੱਸ, ਆਈਪੀਐੱਸ ਅਤੇ ਹੋਰ ਪ੍ਰਤੀਯੋਗੀ ਪ੍ਰੀਖਿਆਵਾਂ ਦੀ ਮੁਫਤ ਕੋਚਿੰਗ ਦਿੱਤੀ ਜਾਂਦੀ ਹੈ। ਵਿਦਿਆਰਥੀਆਂ ਨੂੰ ਮੁਫ਼ਤ ਰਹਿਣ ਤੇ ਖਾਣ ਦੀ ਸਹੂਲਤ ਵੀ ਪ੍ਰਦਾਨ ਕੀਤੀ ਜਾਂਦੀ ਹੈ ਤਾਂ ਜੋ ਉਹ ਬਿਨਾਂ ਕਿਸੇ ਆਰਥਿਕ ਚਿੰਤਾ ਦੇ ਆਪਣੀ ਪੜ੍ਹਾਈ 'ਤੇ ਪੂਰਾ ਧਿਆਨ ਕੇਂਦਰਿਤ ਕਰ ਸਕਣ।

# ਸਿੱਖ ਕੌਮ ਦੀਆਂ ਸਰਵਉੱਚ ਸੰਸਥਾਵਾਂ 'ਚ ਆਪਸੀ ਮਤਭੇਦ ਕੌਮ ਦੇ ਹਿੱਤ 'ਚ ਨਹੀਂ : ਐਡਵੋਕੇਟ ਧਾਮੀ

ਅੰਮ੍ਰਿਤਸਰ : ਸਿੱਖ ਪੰਥ ਅੰਦਰ ਤਖ਼ਤ ਸਾਹਿਬਾਨ ਦੀ ਇਤਿਹਾਸਕ ਤੇ ਸਿਧਾਂਤਕ ਮਹਾਨਤਾ ਬਹੁਤ ਵੱਡੀ ਹੈ, ਜਿਸ ਦੇ ਮੱਦੇਨਜ਼ਰ ਇਨ੍ਹਾਂ ਦੇ ਸਤਿਕਾਰ ਨੂੰ ਬਰਕਰਾਰ ਰੱਖਣਾ ਕੌਮ ਦੀ ਵੱਡੀ ਜ਼ੁੰਮੇਵਾਰੀ ਹੈ। ਇਹ ਵਿਚਾਰ ਪ੍ਰਗਟ ਕਰਦਿਆਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਆਖਿਆ ਕਿ ਲੰਘੇ ਕੱਲ੍ਹ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਪੰਜ ਸਿੰਘ ਸਾਹਿਬਾਨ ਦੁਆਰਾ ਕੀਤੇ ਗਏ ਫ਼ੈਸਲਿਆਂ ਬਾਅਦ ਤਖ਼ਤ ਸ੍ਰੀ ਹਰਿਮੰਦਰ ਜੀ ਪਟਨਾ ਸਾਹਿਬ ਦੇ ਪੰਜ ਪਿਆਰਿਆਂ ਵੱਲੋਂ ਜਾਰੀ ਕੀਤੇ ਆਦੇਸ਼ ਨਾਲ ਕੌਮ ਅੰਦਰ ਚੰਗਾ ਸੁਨੇਹਾ ਨਹੀਂ ਗਿਆ। ਐਡਵੋਕੇਟ ਧਾਮੀ ਨੇ ਕਿਹਾ ਕਿ ਪੰਥਕ ਸੰਸਥਾਵਾਂ ਅਤੇ ਪੰਥਕ ਮਸਲਿਆਂ ਨੂੰ ਸੰਜੀਦਗੀ ਨਾਲ ਹੀ ਹੱਲ ਕਰਨਾ ਚਾਹੀਦਾ ਹੈ ਅਤੇ ਇਸ ਲਈ ਆਪਸੀ ਵਿਚਾਰ-ਵਟਾਂਦਰੇ ਦਾ ਰਾਹ ਹੀ ਬਿਹਤਰ ਰਸਤਾ ਹੈ। ਉਨ੍ਹਾਂ ਆਖਿਆ ਕਿ ਕੌਮ ਦੀਆਂ ਸੰਸਥਾਵਾਂ ਅਤੇ ਤਖ਼ਤ ਸਾਹਿਬਾਨ ਤੋਂ ਪੂਰਾ ਸਿੱਖ ਜਗਤ ਪ੍ਰੇਰਣਾ ਲੈਂਦਾ ਹੈ ਪਰ ਅਜਿਹੇ ਆਪਸੀ ਟਕਰਾਅ ਵਾਲੇ ਮਾਹੌਲ ਨਾਲ ਕੌਮ ਅੰਦਰ ਦੁਬਿਧਾ ਬਣੀ ਹੈ। ਸ਼੍ਰੋਮਣੀ ਕਮੇਟੀ ਪ੍ਰਧਾਨ ਨੇ ਕਿਹਾ ਕਿ ਮੌਜੂਦਾ ਸਮਾਂ ਕੌਮ ਲਈ ਬੇਹੱਦ ਸੰਜੀਦਾ ਅਤੇ ਚੁਣੌਤੀਆਂ ਭਰਪੂਰ ਹੈ, ਜਿਸ ਨੂੰ ਵੇਖਦਿਆਂ ਸਿੱਖ ਸੰਸਥਾਵਾਂ ਨੂੰ ਇਕਜੁਟਤਾ ਨਾਲ ਅੱਗੇ ਵਧਣਾ ਪਵੇਗਾ। ਉਨ੍ਹਾਂ ਆਖਿਆ ਕਿ ਮੌਜੂਦਾ ਮਾਮਲੇ ਪ੍ਰਤੀ ਸਿੱਖ ਪ੍ਰੰਪਰਾਵਾਂ, ਸਿਧਾਂਤਾਂ ਅਤੇ ਸਰਬਉੱਚ ਸੰਸਥਾਵਾਂ ਦੇ ਵਕਾਰ ਨੂੰ ਬਰਕਰਾਰ ਰੱਖਣ ਦੇ ਯਤਨ ਵੱਲ ਵਧਣਾ ਚਾਹੀਦਾ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਉਹ ਸਿੱਖ ਸੰਸਥਾ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਹੋਣ ਦੇ ਨਾਤੇ ਸੰਸਥਾਗਤ ਤੌਰ 'ਤੇ ਅਤੇ ਸਿੱਖ ਪੰਥ ਦਾ ਅੰਗ ਹੋਣ ਕਰਕੇ ਨਿੱਜੀ ਤੌਰ 'ਤੇ ਯਤਨ ਕਰਨਗੇ ਕਿ ਇਹ ਮਸਲਾ ਜਲਦ ਹੱਲ ਹੋਵੇ।

# ਗੁਰੂ ਨਾਨਕ ਜਹਾਜ਼ ਦੀ 111ਵੀਂ ਯਾਦਗਾਰੀ ਵਰ੍ਹੇਗੰਢ ’ਤੇ ਵੈਨਕੂਵਰ ’ਚ ਸਮਾਗਮ

## ‘ਗੁਰੂ ਨਾਨਕ ਜਹਾਜ਼’ ਨਾਂ ਦੀ ਬਹਾਲੀ ਅਤੇ ਸ਼ਹੀਦ ਭਾਈ ਮੇਵਾ ਸਿੰਘ ਲੋਪੋਕੇ ਦਾ ਇਤਿਹਾਸ ਦਰੁਸਤ ਕਰਨ ਸਬੰਧੀ ਮਤੇ ਸਰਬ-ਸੰਮਤੀ ਨਾਲ ਪਾਸ








ਵੈਨਕੂਵਰ : 111 ਸਾਲ ਪਹਿਲਾਂ ਕੈਨੇਡਾ ਦੇ ਬਸਤੀਵਾਦ ਅਤੇ ਨਸਲਵਾਦ ਦਾ, ਚੜ੍ਹਦੀ ਕਲਾ ਅਤੇ ਭਾਈਚਾਰਕ ਸਾਂਝ ਨਾਲ ਮੁਕਾਬਲਾ ਕਰਨ ਵਾਲੇ ‘ਗੁਰੂ ਨਾਨਕ ਜਹਾਜ਼ ਦੇ ਮੁਸਾਫਿਰਾਂ’ ਦੀ ਨਿੱਡਰ ਅਤੇ ਸੁਤੰਤਰ ਹਸਤੀ ਬਾਰੇ, ਵੈਨਕੂਵਰ ਸਮੁੰਦਰੀ ਤੱਟ ’ਤੇ ਇੱਕ ਸ਼ਾਨਦਾਰ ਸਮਾਗਮ ਉਲੀਕਿਆ ਗਿਆ। ਇਸ ਵਿੱਚ ਕੈਨੇਡਾ ਵਸਦੇ ਪੰਜਾਬੀ ਭਾਈਚਾਰੇ ਨਾਲ ਸਬੰਧਤ ਸਿਆਸੀ ਹਸਤੀਆਂ ਤੋਂ ਇਲਾਵਾ, ਵੱਖ-ਵੱਖ ਸੰਸਥਾਵਾਂ, ਉਘੀਆਂ ਸ਼ਖਸ਼ੀਅਤਾਂ ਅਤੇ ਨੌਜਵਾਨ, ਬੱਚੇ ਅਤੇ ਬਜ਼ੁਰਗ ਵੱਡੀ ਗਿਣਤੀ ਵਿੱਚ ਸ਼ਾਮਿਲ ਹੋਏ।

111 ਸਾਲਾ ਸਮਾਗਮ ਵਿੱਚ ਬੀਸੀ ਖਾਲਸਾ ਦਰਬਾਰ ਵਲੋਂ ਹਰਿੰਦਰ ਸਿੰਘ ਸੋਹੀ ਤੇ ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਬੀਬੀ ਬਲਜੀਤ ਕੌਰ ਨੇ ਸਭ ਦਾ ਸਵਾਗਤ ਕੀਤਾ, ਜਦ ਕਿ ਅਕਾਲੀ ਸਿੰਘ ਸਿੱਖ ਸੁਸਾਇਟੀ ਵੱਲੋਂ ਭਾਈ ਜਸਵੀਰ ਸਿੰਘ ਨੇ ਅਰਦਾਸ ਕੀਤੀ। ਨਿਵਾਸੀ ਭਾਈਚਾਰੇ ਦੀ ਸਿਸੀਲੀਆ ਪੁਆਇੰਟ ਦਾ ਸੰਦੇਸ਼ ਸਾਂਝਾ ਕੀਤਾ ਗਿਆ, ਜਦਕਿ ਖਾਲਸਾ ਸਕੂਲ ਸਰੀ ਅਤੇ ਐਲਡਰਗਰੋਵ ਅਤੇ ਸਿੱਖ ਅਕੈਡਮੀ ਸਰੀ ਦੇ ਬੱਚਿਆਂ ਨੇ ‘ਓ ਕੈਨੇਡਾ’ ਗਾਇਨ ਕੀਤਾ।

ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਡਾ. ਗੁਰਵਿੰਦਰ ਸਿੰਘ ਨੇ ਕਿਹਾ ਕਿ ਬਾਬਾ ਗੁਰਦਿੱਤ ਸਿੰਘ ਵੱਲੋਂ ਕਿਰਾਏ ’ਤੇ ਲਏ ਗਏ ਸਮੁੰਦਰੀ ਬੇੜੇ ਦਾ ਨਾਂ ਗੁਰੂ ਨਾਨਕ ਜਹਾਜ਼ ਰੱਖਿਆ ਗਿਆ ਸੀ ਅਤੇ ਅੱਗੇ ਤੋਂ ਇਤਿਹਾਸਕਾਰਾਂ, ਮੀਡੀਆਕਾਰਾਂ ਅਤੇ ਸਿਆਸਤਦਾਨਾਂ ਨੂੰ ‘ਗੁਰੂ ਨਾਨਕ ਜਹਾਜ਼’ ਸ਼ਬਦ ਹੀ ਵਰਤਣਾ ਚਾਹੀਦਾ ਹੈ। ਗੁਰੂ ਨਾਨਕ ਜਹਾਜ਼ ਹੈਰੀਟੇਜ਼ ਸੁਸਾਇਟੀ ਦੇ ਰਾਜ ਸਿੰਘ ਭੰਡਾਲ ਨੇ ਗੁਰੂ ਨਾਨਕ ਜਹਾਜ਼ ਨਾਂ ਦੀ ਵਰਤੋਂ ਬਾਰੇ ਵਿਚਾਰ ਸਾਂਝੇ ਕੀਤੇ ਅਤੇ ਵੈਨਕੂਵਰ ਸਿਟੀ ਕੌਂਸਲ ਵੱਲੋਂ ਮੁੱਖ ਨਾਮ ਗੁਰੂ ਨਾਨਕ ਜਹਾਜ਼ ਯਾਦਗਾਰੀ ਦਿਹਾੜੇ ਦਾ ਐਲਾਨਨਾਮਾ ਕਰਨ ’ਤੇ ਧੰਨਵਾਦ ਕੀਤਾ।

ਸਮਾਗਮ ਦੇ ਮੁੱਖ ਮਨੋਰਥ ਵਜੋਂ ਗੁਰੂ ਨਾਨਕ ਜਹਾਜ਼ ਦੀ ਮੌਜੂਦਗੀ ਸਬੰਧੀ ਅਹਿਮ ਮਤੇ ਪਾਸ ਕੀਤੇ, ਜਿਨਾਂ ਵਿੱਚ ਕੈਨੇਡਾ ਸਰਕਾਰ ਵੱਲੋਂ ਮੰਗੀ ਗਈ ਮੁਆਫ਼ੀ ਦੀ ਸ਼ਬਦਾਵਲੀ ਸੋਧਣ ਅਤੇ ਉਸ ਵਿੱਚ ਮੁੱਖ ਨਾਂ ‘ਗੁਰੂ ਨਾਨਕ ਜਹਾਜ’ ਸ਼ਾਮਿਲ ਕਰਨ ਤੋਂ ਇਲਾਵਾ ਸ਼ਹੀਦ ਭਾਈ ਮੇਵਾ ਸਿੰਘ ਜੀ ਲੋਪੋਕੇ ਸਬੰਧੀ ਕੈਨੇਡਾ ਦਾ ਇਤਿਹਾਸ ਨੂੰ ਦਰੁਸਤ ਕਰਨ ਅਤੇ ਉਹਨਾਂ ਦੀ ਢੁਕਵੀਂ ਯਾਦ ਸਥਾਪਿਤ ਕਰਨ ਬਾਰੇ ਮੰਗਾਂ ਸ਼ਾਮਿਲ ਕੀਤੀਆਂ ਗਈਆਂ। ਇਹ ਮਤੇ ਅੰਗਰੇਜ਼ੀ ਵਿੱਚ ਤਜਿੰਦਰਪਾਲ ਸਿੰਘ, ਫਰੈਂਚ ਵਿੱਚ ਸਾਹਿਬ ਕੌਰ ਧਾਲੀਵਾਲ ਅਤੇ ਪੰਜਾਬੀ ਵਿੱਚ ਰਣਦੀਪ ਸਿੰਘ ਸੰਧੂ ਵੱਲੋਂ ਪੜ੍ਹੇ ਗਏ ਅਤੇ ਸਾਰਿਆਂ ਦੀ ਪ੍ਰਵਾਨਗੀ ਲਈ ਗਈ।

ਬੀਸੀ ਦੀਆਂ ਵਿਧਾਇਕਾਂ ਜੈਸੀ ਸੁੰਨੜ ਅਤੇ ਸੁਨੀਤਾ ਧੀਰ ਅਤੇ ਵੈਨਕੂਵਰ ਦੇ ਪਾਰਕ ਬੋਰਡ ਕਮਿਸ਼ਨਰ ਜਸਪ੍ਰੀਤ ਸਿੰਘ ਵਿਰਦੀ ਨੇ ਬੋਲਦਿਆਂ ਗੁਰੂ ਨਾਨਕ ਜਹਾਜ਼ ਨਾਂ ਬਹਾਲ ਕਰਨ ’ਤੇ ਸਹਿਮਤੀ ਪ੍ਰਗਟਾਈ। ਵੈਨਕੂਵਰ ਦੀ ਸਕੂਲ ਟਰਸਟੀ ਪ੍ਰੀਤੀ ਫਰੀਦਕੋਟ ਦੀ ਬੱਚੀ ਖੁਸ਼ੀ ਕੌਰ ਨੇ ਗੁਰੂ ਨਾਨਕ ਜਹਾਜ ਤੇ ਨਜ਼ਮ ਸੁਣਾਈ। ‘ਗੁਰੂ ਨਾਨਕ ਜਹਾਜ਼’ ਫਿਲਮ ਦੇ ਕਲਾਕਾਰ ਭਵਖੰਡਨ ਸਿੰਘ ਰੱਖੜਾ ਅਤੇ ਅਸ਼ਵਨ ਸਿੰਘ ਨੇ ਫਿਲਮ ਦਾ ਦ੍ਰਿਸ਼ ਪੇਸ਼ ਕਰਕੇ ਲੋਕਾਂ ਦਾ ਮਨ ਮੋਹ ਲਿਆ।

ਗੁਰਦੁਆਰਾ ਬੀਸੀ ਖਾਲਸਾ ਦਰਬਾਰ ਵੈਨਕੂਵਰ ਅਤੇ ਅਕਾਲੀ ਸਿੰਘ ਸਿੱਖ ਸੁਸਾਇਟੀ ਤੋਂ ਇਲਾਵਾ ਗੁਰਦੁਆਰਾ ਦੂਖ ਨਿਵਾਰਨ ਸਰੀ, ਗੁਰੂ ਨਾਨਕ ਗੁਰਦੁਆਰਾ ਸਾਹਿਬ ਸਰੀ ਡੈਲਟਾ, ਖਾਲਸਾ ਦੀਵਾਨ ਸੁਸਾਇਟੀ ਸੁਖ ਸਾਗਰ ਨਿਊ ਵੈਸਟਮਿਨਿਸਟਰ, ਗੁਰੂ ਨਾਨਕ ਨਿਵਾਸ ਗੁਰਦੁਆਰਾ ਰਿਚਮੰਡ, ਗੁਰਦੁਆਰਾ ਦਸ਼ਮੇਸ਼ ਦਰਬਾਰ ਸਰੀ, ਗੁਰਦੁਆਰਾ ਬਾਬਾ ਬੰਦਾ ਸਿੰਘ ਬਹਾਦਰ ਐਬਸਫੋਰਡ, ਗੁਰਦੁਆਰਾ ਸਾਹਿਬ ਬੁਕਸਾਈਡ ਸਰੀ, ਨਾਨਕਸਰ ਵਿੱਚ ਰਿਚਮੰਡ ਅਤੇ ਗੁਰਦੁਆਰਾ ਸ੍ਰੀ ਗੁਰੂ ਸਿੰਘ ਸਭਾ ਸਰੀ ਨੇ ਗੁਰੂ ਨਾਨਕ ਜਹਾਜ਼ ਸ਼ਬਦ ਵਰਤਣ ਦਾ ਅਹਿਦ ਲਿਆ।

ਗੁਰਦੁਆਰਾ ਸੰਸਥਾਵਾਂ ਤੋਂ ਇਲਾਵਾ ਪਾਕਿਸਤਾਨ ਦੀ ਰਾਜਸੀ ਸ਼ਖਸ਼ੀਅਤ ਅਤੇ ਸਾਬਕਾ ਪਾਰਲੀਮੈਂਟ ਸਕੱਤਰ ਰਾਏ ਅਜ਼ੀਜ਼ ਉੱਲਾ ਖਾਨ, ਮਨੁੱਖੀ ਅਧਿਕਾਰਾਂ ਦੇ ਕਾਰਕੁੰਨ ਸੁਨੀਲ ਕੁਮਾਰ ਸ਼ਰਮਾ, ਇਮਤਿਆਜ਼ ਪੋਪਟ ਤੇ ਨੌਜਵਾਨ ਵਕੀਲ ਬਲਪ੍ਰੀਤ ਸਿੰਘ ਖਟੜਾ ਸਮੇਤ ਕਈ ਬੁਲਾਰਿਆਂ ਨੇ ਗੁਰੂ ਨਾਨਕ ਜਹਾਜ਼ ਦੀ ਮਹੱਤਤਾ ਬਾਰੇ ਵਿਚਾਰ ਦਿੱਤੇ। ਖਾਲਸਾ ਸਕੂਲ ਦੇ ਸਿੰਘ-ਸਿੰਘਣੀਆਂ ਨੇ ਗੱਤਕੇ ਦੇ ਜੌਹਰ ਦਿਖਾਏ ਅਤੇ ਯੋਧਿਆਂ ਦੀਆਂ ਢਾਡੀ ਵਾਰਾਂ ਸਰਵਣ ਕਰਾਈਆਂ। ਸਿੱਖ ਅਕੈਡਮੀ ਸਰੀ ਦੇ ਬੱਚਿਆਂ ਨੇ ਗੁਰੂ ਨਾਨਕ ਜਹਾਜ਼ ਤੇ ਇਕਾਂਗੀ ਪੇਸ਼ ਕੀਤੀ।

ਇਸ ਮੌਕੇ ’ਤੇ ਹਾਜ਼ਰ ਸ਼ਖਸੀਅਤਾਂ ਵਿੱਚ ਸਿੱਖ ਸੰਸਥਾ ਸਿੱਖ ਹੈਰੀਟੇਜ ਵੈਨਕੂਵਰ ਦੇ ਸੇਵਾਦਾਰ ਤਾਜ ਸਿੰਘ, ਕਾਮਾਗਾਟਾਮਾਰੂ ਹੈਰੀਟੇਜ਼ ਫਾਊਂਡੇਸ਼ਨ ਦੇ ਹਰਭਜਨ ਸਿੰਘ ਗਿੱਲ, ਜਗਰੂਪ ਸਿੰਘ ਖੇੜਾ, ਲਾਟ ਭਿੰਡਰ ਐਡਮਿੰਟਨ, ਗੁਰਮੁਖ ਸਿੰਘ ਦਿਓਲ, ਮਨਪ੍ਰੀਤ ਸਿੰਘ ਡਰੋਲੀ, ਕੁਲਬੀਰ ਸਿੰਘ ਬਹਿਨੀਵਾਲ, ਅਵਤਾਰ ਸਿੰਘ ਗਿੱਲ, ਮਨਜੀਤ ਸਿੰਘ ਸੋਹੀ, ਬਲਵੀਰ ਸਿੰਘ ਸੰਘਾ, ਕੇਸਰ ਸਿੰਘ ਕੂਨਰ, ਜਗਤਾਰ ਸਿੰਘ ਸੰਧੂ, ਅਰਸ਼ਬੀਰ ਸਿੰਘ ਮਾਨ, ਅਨੂਪ ਸਿੰਘ ਲੁੱਡੂ, ਕੁਲਵੰਤ ਸਿੰਘ ਜੌਹਲ ਡਾਕਟਰ ਅਵਲੀਨ ਕੌਰ ਤੇ ਅਨੇਕਾਂ ਹੋਰ ਸ਼ਾਮਿਲ ਸਨ, ਜਦ ਕਿ ਸਿੱਖ ਮੋਟਰ ਸਾਈਕਲ ਸਵਾਰਾਂ ਦੇ ਕਲੱਬਾਂ ਦੇ ਮੋਢੀ ਅਵਤਾਰ ਸਿੰਘ ਢਿੱਲੋਂ ਨੇ ਸਮਾਗਮ ਵਿੱਚ ਵਿਸ਼ੇਸ਼ ਹਾਜ਼ਰੀ ਲਵਾਈ। ਪ੍ਰੋਗਰਾਮ ਦੀ ਸਫਲਤਾ ਲਈ ਪੰਜਾਬੀ ਮੀਡੀਆ ਦੇ ਅਖਬਾਰਾਂ, ਰੇਡੀਓ ਅਤੇ ਟੈਲੀਵਿਜ਼ਨਾਂ ਦਾ ਭਰਪੂਰ ਸਹਿਯੋਗ ਰਿਹਾ।

ਗੁਰੂ ਨਾਨਕ ਜਹਾਜ਼ ਹੈਰੀਟੇਜ ਸੁਸਾਇਟੀ ਵੱਲੋਂ ਉਲੀਕੇ ਇਸ ਪ੍ਰੋਗਰਾਮ ਵਿਚ ਬੀਸੀ ਖਾਲਸਾ ਦਰਬਾਰ ਵੈਨਕੂਵਰ ਅਤੇ ਵਣਜਾਰਾ ਨੋਮੈਡ ਕਲੈਕਸ਼ਨਜ਼ ਨੇ ਅਹਿਮ ਭੂਮਿਕਾ ਨਿਭਾਈ। ਸਮੂਹ ਸੰਗਤਾਂ, ਸਹਿਯੋਗੀਆਂ ਅਤੇ ਵਿਸ਼ੇਸ਼ਕਰ ਮੀਡੀਏ ਦਾ ਧੰਨਵਾਦ ਡਾਕਟਰ ਮਾਨ ਵੱਲੋਂ ਕੀਤਾ ਗਿਆ। ਕਰੀਬ ਤਿੰਨ ਘੰਟੇ ਚੱਲਿਆ ਇਹ ਪ੍ਰੋਗਰਾਮ ਯਾਦਗਾਰੀ ਹੋ ਨਿਬੜਿਆ ਅਤੇ ਪੰਜਾਬੀਆਂ ਤੋਂ ਇਲਾਵਾ, ਵੱਖ-ਵੱਖ ਕੌਮਾਂ ਦੇ ਲੋਕਾਂ ਨੇ ਇਸ ਦਾ ਆਨੰਦ ਮਾਣਿਆ।ਸਮਾਗਮ ਦਾ ਸੰਚਾਲਨ ਸਾਹਿਬ ਕੌਰ ਧਾਲੀਵਾਲ ਨੇ ਭਾਵਪੂਰਤ ਢੰਗ ਨਾਲ ਕੀਤਾ।










ੴ ਸਤਿਗੁਰ ਪ੍ਰਸਾਦਿ

ਸੰਤ ਕਾ ਮਾਰਗ ਧਰਮ ਕੀ ਪਉੜੀ ਕੋ ਵਡਭਾਗੀ ਪਾਏ ॥

ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਵਲੋਂ ਸਮੂਹ ਸਾਧ ਸੰਗਤ ਦੇ ਸਹਿਯੋਗ ਨਾਲ
ਰਾਜ ਯੋਗੀ, ਵਿਦਿਆ ਦਾਨੀ, ਸਮਾਜ ਸੁਧਾਰਕ, ਬ੍ਰਹਮਗਿਆਨੀ,
ਸੇਵਾ ਦੇ ਪੁੰਜ, ਸੱਚਖੰਡ ਵਾਸੀ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ
ਦੀ ਨਿੱਘੀ ਯਾਦ 'ਚ 75ਵੀਂ ਬਰਸੀ ਮੌਕੇ

# ਮਹਾਨ ਗੁਰਮਤਿ ਸਮਾਗਮ

## ਗੁਰਦੁਆਰਾ ਸਾਹਿਬ ਸਿਲੀਕਾਨ ਵੈਲੀ

**2356, Walsh Ave, Santa Clara, CA - 95051**

**ਵਿਖੇ ਮਨਾਇਆ ਜਾ ਰਿਹਾ ਹੈ।**



ਸਿੱਖ ਪੰਥ ਵਿਚ ਸੰਤ ਪ੍ਰੇਮ ਸਿੰਘ ਜੀ ਮੁਰਾਲੇਵਾਲੇ ਇਕ ਅਜਿਹੀ ਸ਼ਖਸੀਅਤ ਹੋਏ ਹਨ ਜੋ ਦੈਵੀ ਗੁਣਾਂ ਦਾ ਭੰਡਾਰ ਅਤੇ ਪਰਉਪਕਾਰ ਦੀ ਮੂਰਤ ਸਨ। ਗੁਰਮਤਿ ਅਤੇ ਗੁਰਬਾਣੀ ਨੂੰ ਹੀ ਆਪ ਜੀ ਨੇ ਆਪਣਾ ਜੀਵਨ ਬਣਾਇਆ ਹੋਇਆ ਸੀ। ਅੰਮ੍ਰਿਤ ਸੰਚਾਰ ਦੀ ਲਹਿਰ ਚਲਾ ਕੇ ਉਨ੍ਹਾਂ ਨੇ ਸਿੱਖੀ ਦੀ ਫੁਲਵਾੜੀ ਨੂੰ ਅੱਗੇ ਵਧਾਇਆ।

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ। ਵਾਹਿਗੁਰੂ ਜੀ ਕੀ ਫਤਹਿ॥
ਆਪ ਜੀ ਦੀ ਸੇਵਾ ਵਿਚ ਬੇਨਤੀ ਹੈ ਕਿ ਪੰਥ ਦੇ ਮਹਾਨ ਤਪੱਸਵੀ, ਗੁਰਮਤਿ ਪ੍ਰਚਾਰਕ, ਸਮਾਜ ਸੇਵਕ, ਵਿੱਦਿਆ-ਦਾਨੀ ਅਤੇ ਪੰਜਾਬ ਵਿਧਾਨ ਸਭਾ ਦੇ ਮੈਂਬਰ ਰਹੇ ਸੰਤ ਬਾਬਾ ਪ੍ਰੇਮ ਸਿੰਘ ਜੀ ਮੁਰਾਲੇਵਾਲਿਆਂ (ਬੇਗੋਵਾਲ, ਜ਼ਿਲ੍ਹਾ ਕਪੂਰਥਲਾ) ਦੀ ਸਲਾਨਾ ਬਰਸੀ ਗੁਰਦੁਆਰਾ ਸਾਹਿਬ, ਸਿਲੀਕੋਨ ਵੈਲੀ ਕੈਲੀਫੋਰਨੀਆ ਵਿਖੇ ਬੜੇ ਪਿਆਰ ਸਤਿਕਾਰ ਅਤੇ ਸ਼ਰਧਾ ਭਾਵਨਾ ਨਾਲ ਮਨਾਈ ਜਾ ਰਹੀ ਹੈ।

**ਇਸ ਸਬੰਧ ਵਿਚ ਪ੍ਰੋਗਰਾਮ ਹੇਠ ਲਿਖੇ ਅਨੁਸਾਰ ਹਨ**

13 ਜੂਨ, 2025, ਸ਼ੁੱਕਰਵਾਰ ਅਰੰਭ ਸ੍ਰੀ ਅਖੰਡ ਪਾਠ : ਸਵੇਰੇ 11.00 ਵਜੇ
15 ਜੂਨ, 2025, ਐਤਵਾਰ ਭੋਗ ਸ੍ਰੀ ਅਖੰਡ ਪਾਠ : ਸਵੇਰੇ 10.00 ਵਜੇ

ਉਪਰੰਤ ਪੰਥ ਦੇ ਮਹਾਨ ਕੀਰਤਨੀ ਜਥੇ ਗੁਰਬਾਣੀ ਦਾ ਰਸਭਿੰਨਾ ਕੀਰਤਨ ਸਰਵਣ ਕਰਾਉਣਗੇ ਜਿਨ੍ਹਾਂ ਵਿਚ



ਭਾਈ ਕੁਲਵਿੰਦਰ ਸਿੰਘ ਜੀ
ਅਰਦਾਸੀਆ ਸ੍ਰੀ ਦਰਬਾਰ ਸਾਹਿਬ



ਭਾਈ ਜੀਵਨਜੋਤ ਸਿੰਘ, ਭਾਈ ਦੇਵਿੰਦਰ ਸਿੰਘ
ਭਾਈ ਗੁਰਜੀਤ ਸਿੰਘ

ਲੰਗਰਾਂ ਦੀ ਸੇਵਾ : ਸੁਰਿੰਦਰ ਸਿੰਘ ਬੌਬੀ ਦੇ ਪਰਿਵਾਰ ਵਲੋਂ

ਸਨੈਕਸ ਮਿਠਾਈ ਦੀ ਸੇਵਾ : ਸਰਨਦੀਪ ਸਿੰਘ ਘੋਤੜਾ ਵਲੋਂ

ਜ਼ਰੂਰੀ ਬੇਨਤੀ
SVG ਦੀ ਨਵੀਂ ਇਮਾਰਤ (building) ਦੀ ਚੱਲ ਰਹੀ ਕਾਰ ਸੇਵਾ ਲਈ ਮਾਇਆ ਦੀ ਅਤਿਅੰਤ ਲੋੜ ਹੈ, ਸੇਵਾ ਲਈ ਗੁਰਦਵਾਰਾ ਪ੍ਰਬੰਧਕ ਕਮੇਟੀ ਨਾਲ ਸੰਪਰਕ ਕਰੋ ਜੀ।

ਤਿੰਨ ਦਿਨ ਗੁਰੂ ਕੇ ਲੰਗਰ ਅਤੁੱਟ ਵਰਤਣਗੇ।

**ਸਮੂਹ ਸੰਗਤ ਨੂੰ ਸਮੇਤ ਪਰਿਵਾਰ ਹਾਜ਼ਰੀਆਂ ਭਰਨ ਦੀ ਨਿਮਰਤਾ ਸਾਹਿਤ ਬੇਨਤੀ ਹੈ ਜੀ**

**ਬੇਨਤੀ ਕਰਤਾ : ਸੰਤ ਬਾਬਾ ਪ੍ਰੇਮ ਸਿੰਘ ਕਲਚਰਲ ਸੁਸਾਇਟੀ ਕੈਲੀਫੋਰਨੀਆ ਅਤੇ ਸਮੂਹ ਸਹਿਯੋਗੀ ਸੱਜਣ**

**ਹੋਰ ਜਾਣਕਾਰੀ ਲਈ ਸੰਪਰਕ ਕਰੋ ਜੀ**

ਸ੍ਰ. ਅਮਰਜੀਤ ਸਿੰਘ ਮੁਲਤਾਨੀ - (408)-497-2888, ਸ੍ਰ. ਗੁਰਦਿਆਲ ਸਿੰਘ ਘੋਤੜਾ - (408)-849-1593, ਸ੍ਰ. ਹਰਜਿੰਦਰ ਸਿੰਘ (408)-498-2860,
ਸ੍ਰ. ਸ਼ਰਨਦੀਪ ਸਿੰਘ ਘੋਤੜਾ (408)-469-1787, ਸ੍ਰ. ਅਮਨਪ੍ਰੀਤ ਸਿੰਘ ਬਬਲੂ (408)-469-6494, ਸ੍ਰ. ਲਵਪ੍ਰੀਤ ਸਿੰਘ ਸ਼ਾਹ (669)-260-6251,
ਸ੍ਰ. ਬਲਕਾਰ ਸਿੰਘ ਬੌਬੀ (408)-595-6281, ਸ੍ਰ. ਮਨਜੀਤ ਸਿੰਘ ਮਿਆਣੀ (510)-328-5580, ਸ੍ਰ. ਹਰਜੀਤ ਸਿੰਘ (707)-334-7514,
ਸ੍ਰ. ਸੁਰਿੰਦਰ ਸਿੰਘ ਬੌਬੀ ਡਰਾਇਵਿੰਗ ਸਕੂਲ ਵਾਲੇ (510)-472-3571, ਸ੍ਰ. ਮਨਪ੍ਰੀਤ ਸਿੰਘ ਗਾੜ੍ਹਾ Law Firm (510)-841-4582
ਸ੍ਰ. ਜਤਿੰਦਰ ਸਿੰਘ (916) 260-7938, ਸ੍ਰ. ਸੁਰਮਿੰਦਰਜੀਤ ਸਿੰਘ (408) 210-5394

# ਦੇਸ਼ ਵਿਚ ਕੋਰੋਨਾ ਨਾਲ 12 ਲੋਕਾਂ ਦੀ ਹੋਈ ਮੌਤ, 1081 ਹੋਈ ਸਰਗਰਮ ਮਾਮਲਿਆਂ ਦੀ ਗਿਣਤੀ

## ਕੇਰਲ ਵਿਚ ਸਭ ਤੋਂ ਜ਼ਿਆਦਾ ਮਾਮਲੇ 430 ਮਰੀਜ਼



ਨਵੀਂ ਦਿੱਲੀ : ਦੇਸ਼ ਭਰ ਵਿੱਚ ਕੋਰੋਨਾ ਵਾਇਰਸ ਦੇ ਸਰਗਰਮ ਮਾਮਲਿਆਂ ਦੀ ਗਿਣਤੀ 1081 ਤੱਕ ਪਹੁੰਚ ਗਈ ਹੈ। ਮੰਗਲਵਾਰ ਨੂੰ ਕਰਨਾਟਕ ਵਿੱਚ 36, ਗੁਜਰਾਤ ਵਿੱਚ 17, ਬਿਹਾਰ ਵਿੱਚ 6 ਅਤੇ ਹਰਿਆਣਾ ਵਿੱਚ 3 ਨਵੇਂ ਮਾਮਲੇ ਸਾਹਮਣੇ ਆਏ। ਗੁਜਰਾਤ ਵਿੱਚ 13 ਮਰੀਜ਼ ਠੀਕ ਹੋ ਗਏ ਹਨ। ਕੇਰਲ ਵਿੱਚ ਸਭ ਤੋਂ ਵੱਧ ਕੋਰੋਨਾ ਮਰੀਜ਼ 430 ਹਨ।

ਉੱਤਰ ਪ੍ਰਦੇਸ਼ ਦੇ ਫਿਰੋਜ਼ਾਬਾਦ ਵਿੱਚ ਇੱਕ 78 ਸਾਲਾ ਕੋਰੋਨਾ ਪਾਜ਼ੀਟਿਵ ਬਜ਼ੁਰਗ ਵਿਅਕਤੀ ਦੀ ਇਲਾਜ ਦੌਰਾਨ ਮੌਤ ਹੋ ਗਈ। ਇਹ ਸੂਬੇ ਵਿੱਚ ਕੋਵਿਡ ਕਾਰਨ ਪਹਿਲੀ ਮੌਤ ਹੈ। ਇਸ ਤੋਂ ਇਲਾਵਾ ਮਹਾਰਾਸ਼ਟਰ, ਰਾਜਸਥਾਨ, ਪੱਛਮੀ ਬੰਗਾਲ, ਕਰਨਾਟਕ ਅਤੇ ਮੱਧ ਪ੍ਰਦੇਸ਼ ਵਿੱਚ ਕੁੱਲ 11 ਮਰੀਜ਼ਾਂ ਦੀ ਮੌਤ ਹੋ ਚੁੱਕੀ ਹੈ। ਕੁੱਲ ਮੌਤਾਂ ਦੀ ਗਿਣਤੀ 12 ਤੱਕ ਪਹੁੰਚ ਗਈ ਹੈ। ਇੰਡੀਅਨ ਕੌਂਸਲ ਆਫ਼ ਮੈਡੀਕਲ ਰਿਸਰਚ (ICMR) ਦੇ ਡਾਇਰੈਕਟਰ ਡਾ. ਰਾਜੀਵ ਬਹਿਲ ਨੇ ਕਿਹਾ ਕਿ ਹੁਣ ਤੱਕ ਦੇਸ਼ ਵਿੱਚ 4 ਰੂਪ ਪਾਏ ਗਏ ਹਨ। ਇਹਨਾਂ ਵਿੱਚ LF.7, XFG, JN.1 ਅਤੇ NB.1.8.1 ਰੂਪ ਸ਼ਾਮਲ ਹਨ।

# ਮੀਂਹ ਨਾਲ ਜਲਮਗਨ ਹੋਇਆ ਪਾਕਿਸਤਾਨ, ਸੜਕਾਂ 'ਤੇ ਭਰਿਆ ਪਾਣੀ ਤੇ ਬਿਜਲੀ ਸਪਲਾਈ ਠੱਪ ਹੋਈ; ਤੂਫਾਨ ਨਾਲ 20 ਲੋਕਾਂ ਦੀ ਮੌਤ

ਲਾਹੌਰ : ਪਾਕਿਸਤਾਨ ਦੇ ਪੰਜਾਬ ਸੂਬੇ ਵਿੱਚ ਆਏ ਤੇਜ਼ ਤੂਫ਼ਾਨ ਅਤੇ ਭਾਰੀ ਮੀਂਹ ਕਾਰਨ 20 ਲੋਕਾਂ ਦੀ ਮੌਤ ਹੋ ਗਈ। ਇਸ ਵਿੱਚ ਲਗਪਗ 150 ਲੋਕ ਜ਼ਖ਼ਮੀ ਵੀ ਹੋਏ ਹਨ। ਤੂਫਾਨ ਦੀ ਤੀਬਰਤਾ ਦਾ ਅੰਦਾਜ਼ਾ ਇਸ ਗੱਲ ਤੋਂ ਲਗਾਇਆ ਜਾ ਸਕਦਾ ਹੈ ਕਿ ਸੜਕੀ ਅਤੇ ਹਵਾਈ ਆਵਾਜਾਈ ਪੂਰੀ ਤਰ੍ਹਾਂ ਠੱਪ ਹੋ ਗਈ।



ਤੂਫਾਨ ਨੇ ਨਾ ਸਿਰਫ਼ ਬੁਨਿਆਦੀ ਢਾਂਚੇ ਨੂੰ ਨੁਕਸਾਨ ਪਹੁੰਚਾਇਆ ਸਗੋਂ ਕਈ ਇਲਾਕਿਆਂ ਵਿੱਚ ਬਿਜਲੀ ਵੀ ਠੱਪ ਹੋ ਗਈ। ਅਧਿਕਾਰੀਆਂ ਨੇ ਦੱਸਿਆ ਕਿ ਜ਼ਿਆਦਾਤਰ ਮੌਤਾਂ ਟੁੱਟੇ-ਭੱਜੇ ਘਰਾਂ ਦੇ ਢਹਿਣ ਜਾਂ ਡਿੱਗੇ ਹੋਏ ਬਿਲਬੋਰਡਾਂ ਹੇਠ ਦੱਬੇ ਜਾਣ ਕਾਰਨ ਹੋਈਆਂ ਹਨ। ਮਰਨ ਵਾਲਿਆਂ ਵਿੱਚ ਬੱਚੇ ਵੀ ਸ਼ਾਮਲ ਹਨ। ਪਾਕਿਸਤਾਨ ਦੀ ਰਾਜਧਾਨੀ ਇਸਲਾਮਾਬਾਦ ਅਤੇ ਖ਼ੈਬਰ ਪਖ਼ਤੂਨਖ਼ਵਾ ਵਿੱਚ ਵੀ ਤੇਜ਼ ਹਵਾਵਾਂ ਅਤੇ ਗੜਿਆਂ ਦਾ ਪ੍ਰਭਾਵ ਦੇਖਣ ਨੂੰ ਮਿਲਿਆ। ਫਸਲਾਂ ਅਤੇ ਬਿਜਲੀ ਦੀਆਂ ਲਾਈਨਾਂ ਨੂੰ ਕਾਫ਼ੀ ਨੁਕਸਾਨ ਹੋਇਆ। ਹਾਲਾਂਕਿ, ਇੱਥੋਂ ਕਿਸੇ ਦੀ ਮੌਤ ਦੀ ਕੋਈ ਖ਼ਬਰ ਨਹੀਂ ਹੈ। ਭਾਰੀ ਮੀਂਹ ਦੇ ਨਾਲ ਆਏ ਇਸ ਤੂਫਾਨ ਕਾਰਨ ਕਈ ਨੀਵੇਂ ਇਲਾਕਿਆਂ ਵਿੱਚ ਪਾਣੀ ਭਰ ਗਿਆ ਅਤੇ ਕਈ ਥਾਵਾਂ 'ਤੇ ਦਰੱਖਤ ਉੱਖੜ ਗਏ। ਕਰਾਚੀ ਤੋਂ ਲਾਹੌਰ ਜਾ ਰਹੀ ਇੱਕ ਨਿੱਜੀ ਏਅਰਲਾਈਨ ਦੀ ਉਡਾਣ FL-842 ਨੂੰ ਭਾਰੀ ਮੁਸ਼ਕਲ ਦਾ ਸਾਹਮਣਾ ਕਰਨਾ ਪਿਆ। ਇਸ ਦੀਆਂ ਕਈ ਵੀਡੀਓਜ਼ ਸੋਸ਼ਲ ਮੀਡੀਆ 'ਤੇ ਵਾਇਰਲ ਹੋ ਰਹੀਆਂ ਹਨ। ਪੰਜਾਬ ਆਫ਼ਤ ਪ੍ਰਬੰਧਨ ਅਥਾਰਟੀ ਦੇ ਅਨੁਸਾਰ, ਲਾਹੌਰ ਅਤੇ ਜੇਹਲਮ ਵਿੱਚ 3-3 ਲੋਕਾਂ ਦੀ ਮੌਤ ਹੋਈ ਹੈ। ਇਸ ਤੋਂ ਇਲਾਵਾ ਸਿਆਲਕੋਟ ਵਿੱਚ 2 ਅਤੇ ਮੁਜ਼ੱਫਰਗੜ੍ਹ ਵਿੱਚ 2 ਲੋਕਾਂ ਦੀ ਮੌਤ ਹੋਈ। ਸ਼ੇਖਪੁਰਾ, ਨਨਕਾਣਾ ਸਾਹਿਬ, ਅਟਕ, ਮੁਲਤਾਨ, ਰਾਜਨਪੁਰ, ਹਾਫਿਜ਼ਾਬਾਦ, ਮੀਆਂਵਾਲੀ, ਝੰਗ ਗੁਜਰਾਂਵਾਲਾ ਅਤੇ ਲਯਾਹ ਵਿੱਚ ਇੱਕ-ਇੱਕ ਮੌਤ ਹੋਈ ਹੈ।

# ਵਿਧਾਇਕ ਅਰੋੜਾ ਮੁੱਖ ਮੰਤਰੀ ਦੇ ਪਰਿਵਾਰਕ ਮੈਂਬਰ ਵਜੋਂ ਜਾਣੇ ਜਾਂਦੇ ਸਨ : ਕੁੰਵਰ ਵਿਜੈ ਪ੍ਰਤਾਪ ਸਿੰਘ

ਅੰਮ੍ਰਿਤਸਰ : ਬੀਤੇ ਦਿਨ ਜਲੰਧਰ ਤੋਂ ਆਪ ਪਾਰਟੀ ਦੇ ਵਿਧਾਇਕ ਰਮਨ ਅਰੋੜਾ ਨੂੰ ਵਿਜੀਲੈਂਸ ਵਲੋਂ ਭ੍ਰਿਸ਼ਟਾਚਾਰ ਦੇ ਮਾਮਲੇ 'ਚ ਗ੍ਰਿਫ਼ਤਾਰ ਕੀਤੇ ਜਾਣ ਦੇ ਮਾਮਲੇ 'ਤੇ ਪ੍ਰਤੀਕਰਮ ਪ੍ਰਗਟ ਕਰਦਿਆਂ 'ਆਪ' ਦੇ ਅੰਮ੍ਰਿਤਸਰ ਉੱਤਰੀ ਹਲਕੇ ਤੋਂ ਵਿਧਾ ਇਕ ਤੇ ਸਾਬਕਾ ਪੁਲਿਸ ਅਧਿਕਾਰੀ ਕੁੰਵਰ ਵਿਜੈ ਪ੍ਰਤਾਪ ਸਿੰਘ ਨੇ ਕਿਹਾ ਹੈ ਕਿ 'ਜਲੰਧਰ ਦੇ ਵਿਧਾਇਕ ਰਮਨ ਅਰੋੜਾ ਦੀ ਗ੍ਰਿਫ਼ਤਾਰੀ ਅਤੇ ਉਨ੍ਹਾਂ ਵਿਰੁੱਧ ਦਰਜ ਐੱਫ. ਆਈ. ਆਰ. ਬਾਰੇ ਸੁਣ ਕੇ ਬਹੁਤ ਹੈਰਾਨੀ ਹੋਈ, ਕਿਉਂਕਿ ਉਹ ਮੁੱਖ ਮੰਤਰੀ ਦੇ ਪਰਿਵਾਰਕ ਮੈਂਬਰ ਵਜੋਂ ਜਾਣੇ ਜਾਂਦੇ ਸਨ ਤੇ ਵਿਧਾਇਕ ਸਾਹਿਬ ਨੂੰ ਅਕਸਰ ਮੁੱਖ ਮੰਤਰੀ ਦੇ ਪਰਿਵਾਰ ਦੇ ਨਜ਼ਦੀਕੀ ਮੈਂਬਰਾਂ ਦੀ ਮੇਜ਼ਬਾਨੀ ਕਰਦੇ ਦੇਖਿਆ ਜਾਂਦਾ ਸੀ। ਸੋਸ਼ਲ ਮੀਡੀਆ ਪਲੇਟਫਾਰਮ 'ਫੇਸਬੁੱਕ' 'ਤੇ ਪਾਈ ਪੋਸਟ ਵਿਚ ਕੁੰਵਰ ਵਿਜੈ ਪ੍ਰਤਾਪ ਨੇ ਕਿਹਾ ਕਿ ਇਸੇ ਤਰ੍ਹਾਂ ਸੰਗਰੂਰ ਉਪ ਚੋਣ ਤੋਂ ਪਹਿਲਾਂ ਵਿਧਾਇਕ ਅਤੇ ਸਿਹਤ ਮੰਤਰੀ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ ਪਰ ਉਨ੍ਹਾਂ ਖ਼ਿਲਾਫ਼ ਕੁਝ ਵੀ ਨਹੀਂ ਮਿਲਿਆ ਅਤੇ ਮਾਮਲਾ ਅਦਾਲਤ ਵਿਚ ਨਹੀਂ ਜਾ ਸਕਿਆ। ਉਨ੍ਹਾਂ ਲਿਖਿਆ ਕਿ ਸੱਚ ਕੀ ਹੈ, ਇਹ ਸਾਡੀ ਸਮਝ ਤੋਂ ਪਰੇ ਹੈ। ਅਜਿਹੀ ਸਥਿਤੀ ਵਿਚ ਪਾਰਟੀ ਅਤੇ ਸਰਕਾਰ ਦੀ ਭਰੋਸੇਯੋਗਤਾ ਨੂੰ ਬਹੁਤ ਨੁਕਸਾਨ ਪਹੁੰਚਦਾ ਹੈ।



# ਰਮਨ ਅਰੋੜਾ ਦੀਆਂ 13 ਜਾਇਦਾਦਾਂ ਦੀ ਜਾਂਚ ਕਰ ਰਹੀ ਵਿਜੀਲੈਂਸ

## ਝੂਠੇ ਨੋਟਿਸ ਭੇਜ ਕੇ ਪਹਿਲਾਂ ਡਰਾਇਆ ਫਿਰ ਖ਼ੁਦ ਖ਼ਰੀਦ ਲਈਆਂ ਇਮਾਰਤਾਂ

ਜਲੰਧਰ : ਭ੍ਰਿਸ਼ਟਾਚਾਰ ਦੇ ਦੋਸ਼ਾਂ 'ਚ ਗ੍ਰਿਫ਼ਤਾਰ ਜਲੰਧਰ ਵਿਧਾਨ ਸਭਾ ਹਲਕੇ ਸੈਂਟਰਲ ਦੇ ਵਿਧਾਇਕ ਰਮਨ ਅਰੋੜਾ ਦੀਆਂ ਮੁਸ਼ਕਲਾਂ ਵਧਦੀਆਂ ਜਾ ਰਹੀਆਂ ਹਨ। ਵਿਜੀਲੈਂਸ ਨੇ ਜਦੋਂ ਵਿਧਾਇਕ ਦੇ ਘਰੋਂ ਛੇ ਲੱਖ ਰੁਪਏ ਦੀ ਨਕਦੀ, ਇਕ ਕਿੱਲੋ ਤੋਂ ਵੱਧ ਸੋਨਾ ਤੇ ਅੱਧਾ ਕਿੱਲੋ ਚਾਂਦੀ ਬਰਾਮਦ ਕੀਤੀ ਸੀ, ਤਾਂ ਉਸ ਸਮੇਂ ਵਿਧਾਇਕ ਦੇ ਘਰੋਂ ਲਗਪਗ 13 ਦਸਤਾਵੇਜ਼ ਮਿਲੇ ਸਨ, ਜੋ ਵੱਖ-ਵੱਖ ਪ੍ਰਾਪਰਟੀ ਦੇ ਦੱਸੇ ਗਏ ਹਨ। ਇਸ ਸੰਦਰਭ 'ਚ ਵਿਜੀਲੈਂਸ ਹੁਣ ਉਨ੍ਹਾਂ ਦੀਆਂ 13 ਜਾਇਦਾਦਾਂ ਦੀ ਜਾਂਚ 'ਚ ਲੱਗੀ ਹੋਈ ਹੈ, ਜੋ ਵਿਧਾਇਕ ਬਣਨ ਤੋਂ ਬਾਅਦ ਬਣਾਈਆਂ ਗਈਆਂ ਹਨ।



ਇਨ੍ਹਾਂ 'ਚ ਕਈ ਅਜਿਹੀਆਂ ਇਮਾਰਤਾਂ ਸ਼ਾਮਲ ਹਨ, ਜਿਨ੍ਹਾਂ ਨੂੰ ਪਹਿਲਾਂ ਝੂਠੇ ਨੋਟਿਸ ਭੇਜ ਕੇ ਦਬਾਅ 'ਚ ਲਿਆ ਗਿਆ ਅਤੇ ਬਾਅਦ 'ਚ ਰਮਨ ਅਰੋੜਾ ਜਾਂ ਉਨ੍ਹਾਂ ਦੇ ਸਹਿਯੋਗੀਆਂ ਨੇ ਖ਼ਰੀਦ ਲਈਆਂ ਵਿਧਾਇਕ ਅਰੋੜਾ ਨੇ ਜਲੰਧਰ ਦੇ ਭੀੜ ਵਾਲੇ ਖੇਤਰਾਂ ਜਿਵੇਂ ਨਾਜ਼ ਸਿਨੇਮਾ ਨੇੜੇ ਕੁਝ ਰਿਹਾਇਸ਼ੀ ਇਮਾਰਤਾਂ ਨੂੰ ਉਨ੍ਹਾਂ ਦੇ ਮਾਲਕਾਂ ਨੂੰ ਡਰਾ-ਧਮਕਾ ਕੇ ਖ਼ਰੀਦਿਆ ਅਤੇ ਬਿਨਾਂ ਨਕਸ਼ਾ ਪਾਸ ਕਰਵਾਏ ਵਪਾਰਕ ਬਣਾਇਆ ਤੇ ਉੱਥੋਂ ਇਕ ਰਸਤਾ ਪਿੱਛੇ ਵੱਲ ਗ਼ੈਰ ਕਾਨੂੰਨੀ ਤਰੀਕੇ ਨਾਲ ਕੱਢਿਆ। ਲੋਕਲ ਬਾਡੀ ਨੇ ਵੀ ਨੋਟਿਸ ਜਾਰੀ ਕੀਤਾ ਹੈ। ਇਸ ਦੇ ਨਾਲ ਹੀ ਰਮਨ ਦੇ ਜਾਣਕਾਰਾਂ ਨੇ ਦੱਸਿਆ ਕਿ ਫੁੱਟਬਾਲ ਚੌਕ ਨੇੜੇ ਸਥਿਤ ਰਾਜਾ ਹਸਪਤਾਲ ਦੀ ਜ਼ਮੀਨ ਵੀ ਨੋਟਿਸ ਆਦਿ ਭੇਜ ਕੇ ਡਰਾ ਕੇ ਖ਼ਰੀਦੀ ਗਈ ਅਤੇ ਉੱਥੇ ਖੰਡ ਵਪਾਰੀ ਚਾਚਾ ਦੇ ਨਾਮ ਤੇ ਸ਼ੋਅਰੂਮ ਬਣਾਇਆ ਗਿਆ। ਇਸ ਤੋਂ ਇਲਾਵਾ, ਮਲਟੀ ਸਟਾਰ ਬਿਲਡਿੰਗ ਬਣਾਈ ਗਈ, ਜਿੱਥੇ ਹੋਟਲ ਬਣਾਉਣਾ ਹੈ। ਡੇਰਾ ਸੱਤ ਕਰਤਾਰ ਨਹਿਰੀ ਵਿਭਾਗ ਦੀ ਜ਼ਮੀਨ ਕਿਸੇ ਰਿਸ਼ਤੇਦਾਰ ਦੇ ਨਾਮ ਤੇ ਅਲਾਟਮੈਂਟ ਕਰਵਾਈ ਗਈ ਅਤੇ ਮਾਡਲ ਟਾਊਨ 'ਚ ਅਗਰਵਾਲ ਢਾਬੇ ਨੇੜੇ ਇਕ ਜਾਇਦਾਦ ਬਣਾਈ, ਜੋ ਕਿ ਗ਼ੈਰ ਕਾਨੂੰਨੀ ਢੰਗ ਨਾਲ ਬਣੀ ਸੀ, ਜਿਸ ਦੇ ਨਾਮ ਤੇ ਇਹ ਜਾਇਦਾਦ ਕੀਤੀ ਗਈ ਸੀ, ਉਹ ਵੀ ਮਰ ਗਿਆ ਹੈ। ਇਸ ਦੇ ਨਾਲ ਹੀ ਸ਼ੇਖਾਂ ਬਾਜ਼ਾਰ 'ਚ ਵੀ ਇਕ ਵੱਡਾ ਸ਼ੋਅਰੂਮ ਖਰੀਦਣ ਦੀ ਗੱਲ ਚੱਲ ਰਹੀ ਹੈ। ਇਸ ਤੋਂ ਇਲਾਵਾ ਵੀ ਉਸ ਨੇ ਕਈ ਹੋਰ ਜਾਇਦਾਦਾਂ ਖ਼ਰੀਦੀਆਂ ਹਨ, ਜੋ ਵੱਖ-ਵੱਖ ਰਿਸ਼ਤੇਦਾਰਾਂ ਤੇ ਜਾਣਕਾਰਾਂ ਦੇ ਨਾਮ ਤੇ ਹਨ। ਇਨ੍ਹਾਂ ਵਿਚੋਂ ਕੁਝ ਜਾਇਦਾਦਾਂ ਨਹਿਰੀ ਵਿਭਾਗ ਦੀ ਜ਼ਮੀਨ ਤੇ ਬਣੀਆਂ ਹਨ। ਵਿਜੀਲੈਂਸ ਨੂੰ ਸ਼ੱਕ ਹੈ ਕਿ ਇਨ੍ਹਾਂ ਜਾਇਦਾਦਾਂ ਦੀ ਖ਼ਰੀਦ 'ਚ ਕਈ ਗ਼ੈਰ ਕਾਨੂੰਨੀ ਤਰੀਕੇ ਅਪਣਾਏ ਗਏ, ਜਿਵੇਂ ਕਿ ਜਾਇਦਾਦ ਦੇ ਮਾਲਕਾਂ ਨੂੰ ਏਟੀਪੀ (ਅਸਿਸਟੈਂਟ ਟਾਊਨ ਪਲਾਨਰ) ਦੇ ਜ਼ਰੀਏ ਝੂਠੇ ਸਰਕਾਰੀ ਨੋਟਿਸ ਭੇਜ ਕੇ ਡਰਾਉਣਾ ਤੇ ਬਾਅਦ 'ਚ ਉਨ੍ਹਾਂ ਨੂੰ ਸਸਤੇ ਭਾਅ ਤੇ ਖ਼ਰੀਦ ਲੈਣਾ। ਹਾਲਾਂਕਿ, ਵਿਜੀਲੈਂਸ ਵੱਲੋਂ ਹੁਣ ਤੱਕ ਇਨ੍ਹਾਂ ਗੱਲਾਂ ਦੀ ਆਧਿਕਾਰਿਕ ਪੁਸ਼ਟੀ ਨਹੀਂ ਕੀਤੀ ਗਈ ਹੈ, ਪਰ ਜਾਂਚ ਜਾਰੀ ਹੈ।ਘਰੋਂ ਮਿਲੇ ਦਸਤਾਵੇਜ਼ਾਂ ਨੇ ਖੋਲ੍ਹੇ ਰਾਜ਼ਵਿਜੀਲੈਂਸ ਨੇ ਜਦੋਂ ਰਮਨ ਅਰੋੜਾ ਦੀ ਰਿਹਾਇਸ਼ ਤੇ ਛਾਪਾ ਮਾਰਿਆ, ਤਾਂ ਨਕਦ ਰਕਮ ਦੇ ਇਲਾਵਾ ਕਈ ਮਹੱਤਵਪੂਰਨ ਦਸਤਾਵੇਜ਼ ਵੀ ਬਰਾਮਦ ਕੀਤੇ ਗਏ ਸਨ। ਇਨ੍ਹਾਂ ਦਸਤਾਵੇਜ਼ਾਂ 'ਚ ਕੁਝ ਜਾਇਦਾਦਾਂ ਨਾਲ ਜੁੜੇ ਰਿਕਾਰਡ ਹੋਣ ਦੀ ਸੰਭਾਵਨਾ ਜਤਾਈ ਜਾ ਰਹੀ ਹੈ। ਮੰਨਿਆ ਜਾ ਰਿਹਾ ਹੈ ਕਿ ਇਹ ਦਸਤਾਵੇਜ਼ ਬੇਨਾਮੀ ਜਾਇਦਾਦਾਂ ਨਾਲ ਸੰਬੰਧਤ ਹੋ ਸਕਦੇ ਹਨ। ਇਨ੍ਹਾਂ ਦੀ ਕੀਮਤ ਵੀ ਕਰੋੜਾਂ 'ਚ ਮਾਪੀ ਜਾ ਰਹੀ ਹੈ।ਜਲਦੀ ਹੋ ਸਕਦੀਆਂ ਨੇ ਹੋਰ ਗ੍ਰਿਫ਼ਤਾਰੀਆਂਜਾਂਚ 'ਚ ਸਾਹਮਣੇ ਆਇਆ ਹੈ ਕਿ ਰਮਨ ਅਰੋੜਾ ਇਕੱਲੇ ਨਹੀਂ, ਬਲਕਿ ਇਕ ਪੂਰੇ ਨੈੱਟਵਰਕ ਜ਼ਰੀਏ ਇਹ ਕੰਮ ਕਰ ਰਹੇ ਸਨ। ਵਿਜੀਲੈਂਸ ਨੂੰ ਸ਼ੱਕ ਹੈ ਕਿ ਇਸ ਰੈਕੇਟ 'ਚ ਕਈ ਹੋਰ ਸਰਕਾਰੀ ਮੁਲਾਜ਼ਮ ਤੇ ਨਿੱਜੀ ਵਿਅਕਤੀ ਵੀ ਸ਼ਾਮਲ ਹੋ ਸਕਦੇ ਹਨ। ਇਸ ਸੰਦਰਭ 'ਚ ਜਲਦੀ ਹੋਰ ਗ੍ਰਿਫਤਾਰੀਆਂ ਹੋਣ ਦੀ ਸੰਭਾਵਨਾ ਹੈ। ਹੁਣ ਇਹ ਦੇਖਣਾ ਹੈ ਕਿ ਵਿਜੀਲੈਂਸ ਦੀ ਜਾਂਚ ਨਾਲ ਹੋਰ ਕਿਹੜੇ-ਕਿਹੜੇ ਚਿਹਰੇ ਬੇਨਕਾਬ ਹੁੰਦੇ ਹਨ।

# ਵਿਧਾਇਕ ਅਰੋੜਾ ਦੀ ਗ੍ਰਿਫ਼ਤਾਰੀ 'ਆਪ' ਸਰਕਾਰ ਦੀਆਂ ਅਸਫਲਤਾਵਾਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਦੀ ਕੋਸ਼ਿਸ਼ : ਸੁਖਬੀਰ ਬਾਦਲ

ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸਰਦਾਰ ਸੁਖਬੀਰ ਸਿੰਘ ਬਾਦਲ ਨੇ ਅੱਜ ਕਿਹਾ ਕਿ ਆਮ ਆਦਮੀ ਪਾਰਟੀ (ਆਪ) ਦੇ ਜਲੰਧਰ ਕੇਂਦਰੀ ਤੋਂ ਵਿਧਾਇਕ ਰਮਨ ਅਰੋੜਾ ਦੀ ਗ੍ਰਿਫ਼ਤਾਰੀ 'ਆਪ' ਸਰਕਾਰ ਦੀਆਂ ਅਸਫਲਤਾਵਾਂ ਤੋਂ ਲੋਕਾਂ ਦਾ ਧਿਆਨ ਪਾਸੇ ਕਰਨ ਲਈ ਡਰਾਮਾ ਹੈ ਤੇ ਉਨ੍ਹਾਂ ਨੇ ਕਿਹਾ ਕਿ ਅਜਿਹੀਆਂ ਸਿਆਸੀ ਡਰਾਮੇ ਬਾਜ਼ੀਆਂ ਨਾਲ ਵਾਰ-ਵਾਰ ਲੋਕਾਂ ਨੂੰ ਮੂਰਖ ਨਹੀਂ ਬਣਾਇਆ ਜਾ ਸਕੇਗਾ। ਅਕਾਲੀ ਦਲ ਦੇ ਪ੍ਰਧਾਨ, ਜਿਨ੍ਹਾਂ ਨੇ ਇੱਥੇ ਪਾਰਟੀ ਵਰਕਰਾਂ ਨਾਲ ਮੀਟਿੰਗ ਕੀਤੀ, ਨੇ ਕਿਹਾ ਕਿ ਮੁੱਖ ਮੰਤਰੀ ਭਗਵੰਤ ਮਾਨ ਨੂੰ ਅਜਿਹੀ ਡਰਾਮੇਬਾਜ਼ੀ ਕਰਨ ਦਾ ਚਾਅ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ 'ਆਪ' ਦੇ ਮੰਤਰੀਆਂ ਤੇ ਵਿਧਾਇਕਾਂ ਦੇ ਖ਼ਿਲਾਫ਼ ਕੇਸ ਦਰਜ ਕੀਤੇ ਗਏ ਹਨ ਪਰ ਹਾਲੇ ਤੱਕ ਕੋਈ ਵੀ ਨਤੀਜਾ ਨਹੀਂ ਨਿਕਲਿਆ। ਉਨ੍ਹਾਂ ਕਿਹਾ ਕਿ ਹੁਣ ਵੀ ਮੁੱਖ ਮੰਤਰੀ, ਜੋ ਲੁਧਿਆਣਾ ਵਿਚ 24000 ਏਕੜ ਜ਼ਮੀਨ ਧੱਕੇ ਨਾਲ ਐਕਵਾਇਰ ਕਰਨ ਵਾਸਤੇ ਬਹੁਤ ਜ਼ਿਆਦਾ ਦਬਾਅ ਹੇਠ ਹਨ, ਨੇ ਲੋਕਾਂ ਦਾ ਧਿਆਨ ਪਾਸੇ ਕਰਨ ਦੇ ਯਤਨ ਕੀਤੇ ਹਨ।



# ਪੰਜਾਬ ਵਿਚ ਜਨਮੇ ਦੂਜੇ ਵਿਸ਼ਵ ਯੁੱਧ ਦੇ ਸਾਬਕਾ ਸੈਨਿਕ ਦਾ 103 ਸਾਲ ਦੀ ਉਮਰ ਵਿਚ ਯੂ. ਕੇ. ਵਿਚ ਦਿਹਾਂਤ

ਜਲੰਧਰ : ਦੂਜੇ ਵਿਸ਼ਵ ਯੁੱਧ ਦੇ ਹਵਲਦਾਰ-ਮੇਜਰ ਰਾਜਿੰਦਰ ਸਿੰਘ ਢੱਟ ਦਾ ਬੁੱਧਵਾਰ ਨੂੰ ਯੂ.ਕੇ. ਵਿਚ ਦਿਹਾਂਤ ਹੋ ਗਿਆ। ਉਹ 103 ਸਾਲਾਂ ਦੇ ਸਨ। ਢੱਟ ਨੂੰ ਯੂ.ਕੇ. ਵਿਚ ਦੱਖਣੀ ਏਸ਼ੀਆਈ ਭਾਈਚਾਰੇ ਲਈ ਉਨ੍ਹਾਂ ਦੀਆਂ ਸੇਵਾਵਾਂ ਦੇ ਸਨਮਾਨ ਵਿਚ ਦਸੰਬਰ 2024 ਵਿਚ ਕਿੰਗ ਚਾਰਲਸ ਦੁਆਰਾ ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ ਦੇ ਮੈਂਬਰ ਵਜੋਂ ਸਨਮਾਨਿਤ ਕੀਤਾ ਗਿਆ। ਢੱਟ ਦੇ ਦਿਹਾਂਤ ਦਾ ਐਲਾਨ ਕਰਦੇ ਹੋਏ, ਬ੍ਰਿਟੇਨ ਵਿਚ ਸਿੱਖ ਪਾਇਨੀਅਰਜ਼ ਤੇ ਸਿੱਖ ਲਾਈਟ ਇਨਫੈਂਟਰੀ ਐਸੋਸੀਏਸ਼ਨ ਨਾਲ ਜੁੜੇ ਇੱਕ ਬ੍ਰਿਟਿਸ਼ ਨਾਗਰਿਕ ਤੇਜ ਪਾਲ ਸਿੰਘ ਰਲਮਿਲ ਨੇ ਕਿਹਾ ਕਿ ਉਨ੍ਹਾਂ ਦੀਆਂ ਸੇਵਾਵਾਂ ਨੂੰ ਕਦੇ ਨਹੀਂ ਭੁਲਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਯੁੱਧ ਸਮੇਂ ਦੀ ਪੀੜ੍ਹੀ ਵਿਚੋਂ ਆਖਰੀ ਜਿਸਦਾ ਮਨੁੱਖਤਾ ਲਈ ਅਥਾਹ ਯੋਗਦਾਨ ਕਦੇ ਨਹੀਂ ਭੁਲਾਇਆ ਜਾਵੇਗਾ। ਉਨ੍ਹਾਂ ਕਿਹਾ ਕਿ ਢੱਟ ਅਣਵੰਡੇ ਭਾਰਤੀ ਸਾਬਕਾ ਸੈਨਿਕ ਸੰਘ ਦੇ ਸੰਸਥਾਪਕ ਮੈਂਬਰ ਸਨ। 'ਉਨ੍ਹਾਂ ਨੂੰ ਦੂਜੇ ਵਿਸ਼ਵ ਯੁੱਧ ਦੌਰਾਨ 2.5 ਮਿਲੀਅਨ ਦੀ ਅਣਵੰਡੀ ਭਾਰਤੀ ਫੌਜ ਦੇ ਯੋਗਦਾਨ ਤੇ ਕੁਰਬਾਨੀਆਂ ਬਾਰੇ ਜਾਗਰੂਕਤਾ ਪੈਦਾ ਕਰਨ ਲਈ ਯਾਦ ਕੀਤਾ ਜਾਵੇਗਾ। ਯੂ.ਕੇ. ਦੇ ਨੈਸ਼ਨਲ ਆਰਮੀ ਮਿਊਜ਼ੀਅਮ ਵਿਚ ਉਪਲਬਧ ਜਾਣਕਾਰੀ ਅਨੁਸਾਰ, ਰਾਜਿੰਦਰ ਸਿੰਘ ਢੱਟ ਦਾ ਜਨਮ 21 ਅਕਤੂਬਰ, 1921 ਨੂੰ ਪੰਜਾਬ ਵਿਚ ਹੋਇਆ ਸੀ। ਉਹ ਫਰਵਰੀ 1941 ਵਿਚ ਭਾਰਤੀ ਫੌਜ ਵਿਚ ਸਿਪਾਹੀ (ਪ੍ਰਾਈਵੇਟ) ਵਜੋਂ ਸ਼ਾਮਿਲ ਹੋਏ। ਉਸਨੇ 1949 ਦੇ ਅਖੀਰ ਵਿਚ ਸਾਰਜੈਂਟ-ਮੇਜਰ ਦੇ ਅਹੁਦੇ ਨਾਲ ਨਵੇਂ ਆਜ਼ਾਦ ਦੇਸ਼ ਦੀ ਫੌਜ ਛੱਡ ਦਿੱਤੀ। ਢੱਟ ਨੇ 1942 ਤੋਂ 1943 ਤੱਕ ਸਰੀਰਕ ਸਿਖਲਾਈ ਇੰਸਟ੍ਰਕਟਰ ਅਤੇ 1843 ਤੋਂ 1949 ਤੱਕ ਫੌਜ ਦੇ ਸਟੋਰਕੀਪਰ ਵਜੋਂ ਸੇਵਾ ਨਿਭਾਈ। ਉਸਨੂੰ ਦੂਰ ਪੂਰਬ ਮੁਹਿੰਮ ਵਿਚ ਤਾਇਨਾਤ ਕੀਤਾ ਗਿਆ ਸੀ, ਜਿੱਥੇ ਉਸਨੇ ਉੱਤਰ-ਪੂਰਬੀ ਭਾਰਤ ਦੇ ਕੋਹਿਮਾ ਵਿਚ ਲੜਾਈ ਲੜੀ, 1944 ਵਿਚ ਜਾਪਾਨੀ ਰੱਖਿਆ ਨੂੰ ਤੋੜਨ ਵਿਚ ਸਹਿਯੋਗੀ ਫੌਜਾਂ ਦਾ ਸਮਰਥਨ ਕੀਤਾ। ਯੁੱਧ ਤੋਂ ਬਾਅਦ, ਢੱਟ 1963 ਵਿਚ ਆਪਣੇ ਪਰਿਵਾਰ ਨਾਲ ਹੌਂਸਲੋ ਜਾਣ ਤੋਂ ਪਹਿਲਾਂ ਭਾਰਤ ਵਾਪਸ ਆ ਗਿਆ। ਉੱਥੇ, ਉਸਨੇ ਬ੍ਰਿਟਿਸ਼-ਭਾਰਤੀ ਸਾਬਕਾ ਸੈਨਿਕਾਂ ਨੂੰ ਇੱਕਜੁੱਟ ਕਰਨ ਵਿਚ ਮਦਦ ਕਰਨ ਲਈ ਅਣਵੰਡੇ ਭਾਰਤ ਸਾਬਕਾ ਸੈਨਿਕ ਐਸੋਸੀਏਸ਼ਨ ਦੀ ਸਹਿ-ਸਥਾਪਨਾ ਕੀਤੀ।



# ਸੁਖਬੀਰ ਬਾਦਲ ਨਾਲ ਸਮਝੌਤਾ ਕਰਨਾ 'ਖੁਦਕੁਸ਼ੀ' ਵਰਗਾ ਹੋਵੇਗਾ : ਗਿਆਨੀ ਹਰਪ੍ਰੀਤ ਸਿੰਘ

## ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਨਾਲ ਸਮਝੌਤਾ ਕਰਨਾ 'ਖੁਦਕੁਸ਼ੀ' ਵਰਗਾ ਹੋਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਪੰਜਾਬ ਦੇ ਲੋਕਾਂ ਨੇ ਘਰ ਬਿਠਾਇਆ, ਉਨ੍ਹਾਂ ਨੂੰ ਅਸੀਂ ਮੁੜ ਲੋਕਾਂ ਦੇ ਸਿਰਾਂ 'ਤੇ ਨਹੀਂ ਬੈਠਣ ਦਿਆਂਗੇ।



ਫਤਹਿਗੜ੍ਹ ਸਾਹਿਬ : ਅਕਾਲ ਤਖ਼ਤ ਸਾਹਿਬ ਵੱਲੋਂ ਸ਼੍ਰੋਮਣੀ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਬਣਾਈ ਗਈ ਭਰਤੀ ਕਮੇਟੀ ਮੈਂਬਰਾਂ ਨੇ ਅੱਜ ਫਤਹਿਗੜ੍ਹ ਸਾਹਿਬ ਵਿਖੇ ਇੱਕ ਵਿਸ਼ਾਲ ਇਕੱਠ ਦਾ ਆਯੋਜਨ ਕੀਤਾ। ਮਨਪ੍ਰੀਤ ਸਿੰਘ ਇਯਾਲੀ, ਜੱਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ, ਜੱਥੇਦਾਰ ਇਕਬਾਲ ਸਿੰਘ ਝੂੰਦਾਂ, ਜੱਥੇਦਾਰ ਸੰਤਾ ਸਿੰਘ ਉਮੈਦਪੁਰੀ ਅਤੇ ਬੀਬੀ ਸਤਵੰਤ ਕੌਰ ਦੀ ਅਗਵਾਈ ਹੇਠ ਹੋਈ ਇਸ ਰੈਲੀ ਵਿੱਚ ਸੁਖਬੀਰ ਸਿੰਘ ਬਾਦਲ ਦੀ ਅਗਵਾਈ ਵਾਲੇ ਧੜੇ 'ਤੇ ਸਖ਼ਤ ਟਿੱਪਣੀਆਂ ਕੀਤੀਆਂ ਅਤੇ ਪੰਜਾਬ ਦੇ ਹਿੱਤਾਂ ਲਈ ਇੱਕ ਸਾਂਝੀ ਅਤੇ ਮਜ਼ਬੂਤ ਸਿਆਸੀ ਜਥੇਬੰਦੀ ਦੀ ਲੋੜ 'ਤੇ ਜ਼ੋਰ ਦਿੱਤਾ।

ਅਕਾਲ ਤਖਤ ਸਾਹਿਬ ਦੇ ਸਾਬਕਾ ਜਥੇਦਾਰ ਗਿਆਨੀ ਹਰਪ੍ਰੀਤ ਸਿੰਘ, ਸਾਬਕਾ ਮੈਂਬਰ ਪਾਰਲੀਮੈਂਟ ਪ੍ਰੋ: ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਸਾਬਕਾ ਐਮਪੀ ਸਤਵਿੰਦਰ ਕੌਰ ਧਾਲੀਵਾਲ, ਸਾਬਕਾ ਐਮਪੀ ਪਰਮਜੀਤ ਕੌਰ ਗੁਲਸ਼ਨ, ਸਾਬਕਾ ਵਿਧਾਇਕ ਜਸਟਿਸ ਨਿਰਮਲ ਸਿੰਘ, ਸੀਨੀਅਰ ਅਕਾਲੀ ਆਗੂ ਅਮਰਿੰਦਰ ਸਿੰਘ ਲਿਬੜਾ, ਗੁਰਜੀਤ ਤਲਵੰਡੀ, ਸਾਬਕਾ ਵੀਸੀ ਡਾ ਗੁਰਮੋਹਨ ਸਿੰਘ ਵਾਲੀਆ ਨੇ ਰੈਲੀ ਵਿਚ ਵਿਸ਼ੇਸ਼ ਤੌਰ ਤੇ ਸ਼ਿਰਕਤ ਕੀਤੀ।

ਇਸ ਮੌਕੇ ਗਿਆਨੀ ਹਰਪ੍ਰੀਤ ਸਿੰਘ ਨੇ ਕਿਹਾ ਕਿ ਸੁਖਬੀਰ ਬਾਦਲ ਨਾਲ ਸਮਝੌਤਾ ਕਰਨਾ 'ਖੁਦਕੁਸ਼ੀ' ਵਰਗਾ ਹੋਵੇਗਾ। ਉਨ੍ਹਾਂ ਕਿਹਾ ਕਿ ਜਿਨ੍ਹਾਂ ਲੋਕਾਂ ਨੂੰ ਪੰਜਾਬ ਦੇ ਲੋਕਾਂ ਨੇ ਘਰ ਬਿਠਾਇਆ, ਉਨ੍ਹਾਂ ਨੂੰ ਅਸੀਂ ਮੁੜ ਲੋਕਾਂ ਦੇ ਸਿਰਾਂ 'ਤੇ ਨਹੀਂ ਬੈਠਣ ਦਿਆਂਗੇ। ਉਨ੍ਹਾਂ ਕਿਹਾ ਕਿ ਮੌਜਦੂ ਪੰਥਕ ਸੰਕਟ ਪੰਥ ਦੀ ਨੁਮਾਇੰਦਾ ਸਿਆਸੀ ਜਮਾਤ ਦੇ ਕਮਜ਼ੋਰ ਪੈਣ ਕਰਕੇ ਉੱਭਰਿਆ।

ਪੰਥ ਦੀ ਨੁਮਾਇੰਦਾ ਜਮਾਤ ਦੇ ਕਮਜ਼ੋਰ ਹੋਣ ਪਿੱਛੇ ਨਿੱਜ ਪ੍ਰਸਤ ਅਤੇ ਮੌਕਾ ਪ੍ਰਸਤ ਲੀਡਰਸ਼ਿਪ ਪੂਰੀ ਤਰ੍ਹਾਂ ਜ਼ਿੰਮੇਵਾਰ ਹਨ। ਕਾਲੇ ਦੌਰ ਵਿੱਚ ਸਿੱਖ ਨੌਜਵਾਨਾਂ ਨਾਲ ਹੋਏ ਤਸ਼ੱਦਦ ਲਈ ਇਨਸਾਫ਼ ਦਿਵਾਉਣ ਦੀ ਵਚਨਬੱਧਤਾ ਨੂੰ 1997 ਦੀ ਪੰਥਕ ਸਰਕਾਰ ਵੇਲੇ ਤੋੜਿਆ ਗਿਆ। ਪੰਥ ਅਤੇ ਕੌਮ ਦੇ ਦਿਲ ਵਿੱਚੋ ਪੰਥਕ ਪਾਰਟੀ ਦੀ ਲੀਡਰਸ਼ਿਪ ਨੇ ਸਮੇਂ ਸਮੇਂ ਤੇ ਆਪਣਾ ਵਿਸ਼ਵਾਸ ਗੁਆਇਆ ਜਿਸ ਦਾ ਨਤੀਜਾ ਅੱਜ ਪੰਜਾਬ ਅਤੇ ਕੌਮ ਭੁਗਤ ਰਹੀ ਹੈ।

ਗਿਆਨੀ ਹਰਪ੍ਰੀਤ ਸਿੰਘ ਨੇ ਤਖ਼ਤ ਸ੍ਰੀ ਹਰਿਮੰਦਰ ਪਟਨਾ ਸਾਹਿਬ ਦੇ ਫੈਸਲਿਆਂ ਦੇ ਵਿਰੋਧ 'ਤੇ ਵੀ ਟਿੱਪਣੀ ਕਰਦਿਆਂ ਕਿਹਾ ਕਿ 'ਇੱਕ ਵਿਅਕਤੀ ਦੀ ਸਿਆਸਤ' ਨੂੰ ਬਚਾਉਣ ਲਈ ਅਕਾਲ ਤਖ਼ਤ ਸਾਹਿਬ ਅਤੇ ਪਟਨਾ ਸਾਹਿਬ ਵਿਚਕਾਰ ਟਕਰਾਅ ਪੈਦਾ ਕੀਤਾ ਜਾ ਰਿਹਾ ਹੈ, ਜੋ ਕਿ 'ਗੁਨਾਹ ਅਤੇ ਪਾਪ' ਹੈ। ਉਨ੍ਹਾਂ ਨੇ ਬੰਦੀ ਸਿੰਘਾਂ ਦੀ ਰਿਹਾਈ ਲਈ ਅਕਾਲੀ ਦਲ ਦੀ ਅਸਫਲਤਾ 'ਤੇ ਵੀ ਸਵਾਲ ਚੁੱਕੇ। ਉਨ੍ਹਾਂ ਨੇ ਪੰਜਾਬ ਦੀ ਬਦਲਦੀ ਜਨਸੰਖਿਆ 'ਤੇ ਚਿੰਤਾ ਪ੍ਰਗਟਾਉਂਦਿਆਂ ਕਿਹਾ ਕਿ 'ਇੱਕ ਬੱਚਾ' ਨੀਤੀ ਅਤੇ ਦੂਜੇ ਸੂਬਿਆਂ ਤੋਂ ਪਰਵਾਸ ਕਰਕੇ ਆਉਣ ਵਾਲੇ ਲੋਕਾਂ ਦੀ ਵਧਦੀ ਆਬਾਦੀ ਨੇ ਪੰਜਾਬ ਦੇ ਮੂਲ ਸਰੂਪ ਨੂੰ ਬਦਲ ਦਿੱਤਾ ਹੈ। ਉਨ੍ਹਾਂ ਨੇ ਵੱਡੇ ਕਾਰੋਬਾਰੀਆਂ ਤੋਂ ਫਿਰੌਤੀਆਂ ਵਸੂਲਣ ਦੇ ਮਸਲੇ 'ਤੇ ਸਰਕਾਰ ਦੀ ਚੁੱਪੀ 'ਤੇ ਸਵਾਲ ਚੁੱਕੇ ਅਤੇ ਕਿਹਾ ਕਿ ਇਸ ਨਾਲ ਪੰਜਾਬ ਦੀ ਉਦਯੋਗਿਕਤਾ 'ਤੇ ਵੀ ਖਤਰਾ ਮੰਡਰਾ ਰਿਹਾ ਹੈ। ਉਨ੍ਹਾਂ ਕਿਹਾ ਕਿ ਪੰਜਾਬ ਦੇ ਸ੍ਰੋਤਾਂ ਦੀ ਹੋ ਰਹੀ ਲੁੱਟ ਖਿਲਾਫ਼ ਕੋਈ ਵੀ ਰਾਸ਼ਟਰੀ ਪਾਰਟੀ ਆਵਾਜ਼ ਨਹੀਂ ਉਠਾ ਸਕਦੀ। ਇਹ ਕੰਮ ਸਿਰਫ਼ ਖੇਤਰੀ ਪਾਰਟੀ ਹੀ ਕਰ ਸਕਦੀ ਹੈ।

ਮਨਪ੍ਰੀਤ ਸਿੰਘ ਇਯਾਲੀ ਨੇ ਆਪਣੇ ਸੰਬੋਧਨ ਵਿੱਚ ਨੌਜਵਾਨਾਂ ਨੂੰ ਆਪਣੀ ਖੇਤਰੀ ਅਤੇ ਪੰਥਕ ਜਮਾਤ ਨੂੰ ਮਜ਼ਬੂਤ ਕਰਨ ਲਈ ਅੱਗੇ ਆਉਣ ਦੀ ਅਪੀਲ ਕੀਤੀ। ਇਯਾਲੀ ਨੇ ਕਿਹਾ ਕਿ ਸਿੱਖਾਂ ਦੀ ਰਾਜਸੀ ਸ਼ਕਤੀ ਕਮਜ਼ੋਰ ਹੋਣ ਦੇ ਬਹੁਤ ਸਾਰੇ ਕਾਰਨ ਹੋ ਸਕਦੇ ਹਨ, ਪਰ ਸਭ ਤੋਂ ਵੱਡਾ ਕਾਰਨ ਪੰਥਕ ਪਾਰਟੀ ਦੀ ਅਗਵਾਈ ਕਰਨ ਵਾਲੀ ਲੀਡਰਸ਼ਿਪ ਦਾ ਗੁਆਚ ਚੁੱਕਾ ਵਿਸ਼ਵਾਸ ਹੈ। ਉਨ੍ਹਾਂ ਨੇ ਡੇਰਾ ਸਿਰਸਾ ਮੁਆਫੀ ਮਸਲੇ, ਸੁਮੇਧ ਸੈਣੀ ਨੂੰ ਡੀਜੀਪੀ ਨਿਯੁਕਤ ਕਰਨ ਅਤੇ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ ਦੇ ਦੋਸ਼ੀਆਂ ਨੂੰ ਸਜ਼ਾ ਨਾ ਦੇਣ ਵਰਗੇ ਮੁੱਦਿਆਂ 'ਤੇ ਸੁਖਬੀਰ ਦੀ ਅਗਵਾਈ ਨੂੰ ਜ਼ਿੰਮੇਵਾਰ ਠਹਿਰਾਇਆ। ਉਨ੍ਹਾ ਕਿਹਾ ਕਿ ਇਸ ਵਿਸ਼ਵਾਸ ਦੀ ਮੁੜ ਬਹਾਲੀ ਕਰਕੇ ਹੀ ਸ੍ਰੋਮਣੀ ਅਕਾਲੀ ਦਲ ਨੂੰ ਪੁਨਰ ਸੁਰਜੀਤ ਕੀਤਾ ਜਾ ਸਕਦਾ ਹੈ। ਉਨ੍ਹਾਂ ਕਿਹਾ ਕਿ ਨਿੱਜ ਪ੍ਰਸਤ ਅਤੇ ਲਾਲਚ ਪ੍ਰਸਤ ਤੋਂ ਉਪਰ ਉਠ ਕੇ ਯੋਗ ਅਤੇ ਸਮਰੱਥਾ ਵਾਲੀ ਲੀਡਰਸ਼ਿਪ ਦੀ ਭਾਲ ਅਤੇ ਲੋੜ ਸਮੇਂ ਦੀ ਸਭ ਤੋਂ ਵੱਡੀ ਜਰੂਰਤ ਹੈ। ਇਸ ਲੋੜ ਅਤੇ ਭਾਲ ਨੂੰ ਭਰਤੀ ਕਮੇਟੀ ਜਲਦ ਪੂਰਾ ਕਰੇਗੀ।

ਜਥੇਦਾਰ ਗੁਰਪ੍ਰਤਾਪ ਸਿੰਘ ਵਡਾਲਾ ਨੇ ਕਿਹਾ ਕਿ ਅੱਜ ਦੁਨੀਆਂ ਭਰ ਵਿੱਚ ਵਸਦੇ ਸਿੱਖਾਂ ਦੀ ਨਜ਼ਰ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਥਾਪੜੇ ਤੇ ਬਣੀ ਭਰਤੀ ਕਮੇਟੀ ਤੇ ਲੱਗੀ ਹੋਈ ਹੈ। ਪੰਜਾਬ ਦੀ ਤਰਾਂ ਦੁਨੀਆਂ ਭਰ ਦੇ ਸਿੱਖ ਚਾਹੁੰਦੇ ਹਨ ਕਿ ਉਨ੍ਹਾਂ ਦੀ ਆਪਣੀ ਸਿਆਸੀ ਧਿਰ ਮਜ਼ਬੂਤ ਹੋਏ। ਵਡਾਲਾ ਨੇ ਕਿਹਾ ਕਿ 1920 ਵਿੱਚ ਪੰਥ ਦੀ ਵਾੜ ਲਈ ਤਿਆਰ ਹੋਈ ਜਮਾਤ ਨੂੰ ਪੁਨਰ ਸੁਰਜੀਤ ਕਰਨ ਲਈ ਅੱਜ ਪੰਥ ਅਤੇ ਪੰਜਾਬ ਲਹਿਰ ਦੇ ਰੂਪ ਵਿੱਚ ਉੱਠ ਚੁੱਕਾ ਹੈ, ਆਉਣ ਵਾਲੇ ਸਮੇਂ ਅੰਦਰ ਪੰਥ, ਕੌਮ ਅਤੇ ਪੰਜਾਬੀਆਂ ਦੇ ਸੁਪਨੇ ਵਾਲੀ ਲੀਡਰਸ਼ਿਪ ਜਰੂਰ ਮਿਲੇਗੀ।

ਜਥੇਦਾਰ ਇਕਬਾਲ ਸਿੰਘ ਝੂੰਦਾਂ ਨੇ ਕਿਹਾ ਕਿ ਵਿਧਾਨ ਸਭਾ ਚੋਣਾਂ ਹੋਈ ਸ਼ਰਮਨਾਕ ਹਾਰ ਤੋਂ ਜੇਕਰ ਸਬਕ ਲਿਆ ਹੁੰਦਾ ਤਾਂ ਅੱਜ ਪਾਰਟੀ ਸਿਆਸੀ ਹਸ਼ਰ ਤੋਂ ਬਚ ਸਕਦੀ ਸੀ। ਝੂੰਦਾਂ ਕਮੇਟੀ ਦੀਆਂ ਸਿਫਾਰਸ਼ਾਂ ਵਾਲੀ ਰਿਪੋਰਟ ਨੂੰ ਮੰਨਣ ਤੋਂ ਇਨਕਾਰੀ ਲੀਡਰਸ਼ਿਪ ਦੇ ਰਵਈਏ ਦਾ ਨੁਕਸਾਨ ਅੱਜ ਸਿਆਸੀ ਤੌਰ ਤੇ ਪੰਜਾਬ ਭੁਗਤਣ ਲਈ ਮਜਬੂਰ ਹੋ ਚੁੱਕਾ ਹੈ।

ਜਥੇਦਾਰ ਸੰਤਾ ਸਿੰਘ ਉਮੈਦਪੁਰ ਨੇ ਸਿੱਖ ਕੌਮ ਦੇ ਤਾਜਾ ਹਲਾਤਾਂ ਤੇ ਚਿੰਤਾ ਜ਼ਾਹਿਰ ਕੀਤੀ। ਜੱਥੇਦਾਰ ਉਮੈਦਪੁਰੀ ਨੇ ਕਿਹਾ ਕਿ ਇਤਿਹਾਸ ਵਿੱਚ ਪਹਿਲੀ ਵਾਰ ਤਖਤਾਂ ਦਾ ਆਪਸੀ ਟਕਰਾਅ ਨੇ ਪੰਥ ਅਤੇ ਕੌਮ ਸਾਹਮਣੇ ਦੁਬਿਧਾ ਵਾਲੀ ਸਥਿਤੀ ਬਣਾ ਦਿੱਤੀ ਹੈ। ਜੱਥੇਦਾਰ ਸਾਹਿਬਾਨ ਦਾ ਨਿਰਾਦਰ ਕਰਕੇ ਉਨ੍ਹਾਂ ਨੂੰ ਹਟਾਇਆ ਜਾ ਰਿਹਾ ਹੈ। ਕੁਝ ਲੋਕਾਂ ਦੀ ਅਧੀਨਤਾ ਹੇਠ ਵੱਡੇ ਪੰਥਕ ਫੈਸਲੇ ਕੀਤੇ ਜਾ ਰਹੇ ਨੇ ਜਿਹੜੇ ਇੱਕ ਧਿਰ ਨੂੰ ਖੁਸ਼ ਕਰਨ ਲਈ ਪੂਰੀ ਕੌਮ ਅਤੇ ਪੰਥ ਦਾ ਨੁਕਸਾਨ ਕਰ ਰਹੇ ਹਨ।

ਬੀਬੀ ਸਤਵੰਤ ਕੌਰ ਨੇ ਨੇ ਸਿੱਖ ਸੰਗਤ ਨੂੰ ਅਪੀਲ ਕੀਤੀ ਕਿ ਅੱਜ ਲੋੜ ਹੈ ਸੱਚ ਦੇ ਦਿਖਾਏ ਰਸਤੇ 'ਤੇ ਚਲਿਆ ਜਾਵੇ। ਆਪਣੀ ਸਿਆਸੀ ਧਿਰ ਨੂੰ ਮਜ਼ਬੂਤ ਕਰਨ ਦਾ ਹੰਭਲਾ ਮਾਰਿਆ ਜਾਵੇ। ਇੱਕ ਅਜਿਹੀ ਲੀਡਰਸ਼ਿਪ ਦੀ ਭਾਲ ਨੂੰ ਪੂਰਾ ਕੀਤਾ ਜਾ ਸਕੇ ਜਿਹੜੀ ਪੂਰਨ ਰੂਪ ਵਿੱਚ ਪੰਥ ਅਤੇ ਪੰਜਾਬ ਨੂੰ ਜਵਾਬਦੇਹ ਅਤੇ ਸਮਰਪਿਤ ਹੋਵੇ।

ਇਸ ਮੌਕੇ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਹਾਜ਼ਰ ਸੰਗਤ ਦਾ ਧੰਨਵਾਦ ਕਰਦਿਆਂ ਪੰਜ ਮੈਂਬਰੀ ਭਰਤੀ ਕਮੇਟੀ ਵਲੋਂ ਜਾਰੀ ਭਰਤੀ ਮੁਹਿੰਮ ਨਾਲ ਜੁੜਨ ਦਾ ਨੌਜਵਾਨਾਂ ਨੂੰ ਖਾਸ ਅਪੀਲ ਕੀਤੀ ਗਈ। ਇਸ ਮੌਕੇ ਰਨਬੀਰ ਸਿੰਘ ਪੂਨੀਆ, ਹਰਵੇਲ ਸਿੰਘ ਮਾਧੋਪੁਰ, ਲਖਵੀਰ ਸਿੰਘ ਥਾਬਲਾ, ਫੈਡਰੇਸ਼ਨ ਆਗੂ ਕਰਨੈਲ ਸਿੰਘ ਪੀਰ ਮੁਹੰਮਦ, ਜੱਸਾ ਸਿੰਘ ਆਹਲੂਵਾਲੀਆ, ਅਮਰਜੀਤ ਸਿੰਘ ਸਾਬਕਾ ਮੈਨੇਜਰ, ਲਵਪ੍ਰੀਤ ਸਿੰਘ ਪੰਜੋਲੀ ਆਦਿ ਵੀ ਮੌਜੂਦ ਸਨ।

# ਮੈਂਬਰੀ ਭਰਤੀ ਕਮੇਟੀ ਦੀ ਹੋਈ ਅਹਿਮ ਮੀਟਿੰਗ, 16 ਜੂਨ ਤੱਕ ਮੁਕੰਮਲ ਹੋਵੇਗੀ ਭਰਤੀ



ਭਾਦਸੋਂ : ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਬਣੀ ਪੰਜ ਮੈਂਬਰੀ ਭਰਤੀ ਕਮੇਟੀ ਦੀ ਅਹਿਮ ਮੀਟਿੰਗ ਗੁਰਦੁਆਰਾ ਸਾਹਿਬ ਪਿੰਡ ਮੱਲੇਵਾਲ ਵਿਖੇ ਕੀਤੀ ਗਈ। ਇਸ ਦੌਰਾਨ ਜਥੇਦਾਰ ਭਾਈ ਅਮਰੀਕ ਸਿੰਘ ਦੀ ਪੁੱਤਰੀ ਬੀਬੀ ਸਤਵੰਤ ਕੌਰ, ਜਥੇਦਾਰ ਇਕਬਾਲ ਸਿੰਘ ਝੂੰਦਾ ਮੈਂਬਰਾਨ ਪੰਜ ਮੈਂਬਰੀ ਭਰਤੀ ਕਮੇਟੀ ਨੇ ਖ਼ਾਸ ਤੌਰ 'ਤੇ ਸ਼ਿਰਕਤ ਕੀਤੀ। ਇਸ ਦੌਰਾਨ ਉਨ੍ਹਾਂ ਸੰਬੋਧਨ ਕਰਦੇ ਹੋਏ ਉਨ੍ਹਾਂ ਕਿਹਾ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਅਕਾਲੀ ਦਲ ਦੀ ਪੁਨਰ ਸੁਰਜੀਤੀ ਲਈ ਹੁਕਮਨਾਮਾ ਜਾਰੀ ਹੋਇਆ ਸੀ, ਉਸੇ ਉਦੇਸ਼ ਤਹਿਤ ਇਹ ਪ੍ਰੋਗਰਾਮ ਉਲੀਕੇ ਗਏ ਹਨ। ਉਨ੍ਹਾਂ ਕਿਹਾ ਕਿ ਪਿਛਲੇ ਸਮੇਂ ਤੋਂ ਸ਼੍ਰੋਮਣੀ ਅਕਾਲੀ ਦਲ ਆਪਣੇ ਅਸਲ ਮਕਸਦ ਤੋਂ ਭਟਕਿਆ ਨਜ਼ਰ ਆ ਰਿਹਾ ਸੀ, ਜਿਸ ਕਰ ਕੇ ਗੁਰਮਤਿ ਵਿਚਾਰਧਾਰਾ ਉੱਤੇ ਖਰੇ ਉਤਰਣ ਲਈ ਇਹ ਪ੍ਰੋਗਰਾਮ ਉਲੀਕਿਆ ਗਿਆ ਹੈ, ਜਿਹੜੇ ਲੋਕ ਸਾਡੇ ਨਾਲ ਤੁਰੇ ਹਨ ਉਹ ਸ੍ਰੀ ਅਕਾਲ ਤਖਤ ਸਾਹਿਬ ਦੀ ਸਰਬਉੱਚਤਾ ਨੂੰ ਮੁੱਖ ਰੱਖਦੇ ਹਨ ਨਾ-ਕਿ 'ਕਿਸੇ ਵਿਅਕਤੀ' ਦੀ ਗੱਲ ਨੂੰ ਮੁੱਖ ਰੱਖਦੇ ਹਨ। ਇਸ ਭਰਤੀ ਸਬੰਧੀ ਕਰੀਬ 27 ਲੱਖ ਕਾਪੀਆਂ ਵੰਡੀਆਂ ਜਾ ਚੁੱਕੀਆਂ ਹਨ, 16 ਜੂਨ ਤੱਕ ਭਰਤੀ ਮੁਕੰਮਲ ਕਰ ਲਈ ਜਾਵੇਗੀ। ਇਸ ਮੌਕੇ ਸਾਬਕਾ ਲੋਕ ਸਭਾ ਮੈਂਬਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ, ਸਾਬਕਾ ਮੰਤਰੀ ਸੁਰਜੀਤ ਸਿੰਘ ਰੱਖੜਾ, ਹਰੀ ਸਿੰਘ ਐੱਮਡੀ ਪ੍ਰੀਤ ਐਗਰੋ, ਸਿੱਖ ਵਿਦਵਾਨ ਬਾਬਾ ਦਰਸ਼ਨ ਸਿੰਘ ਮੱਲੇਵਾਲ ਆਦਿ ਹਾਜ਼ਰ ਸਨ।

# ਜਲੰਧਰ 'ਚ ਦਿਨ-ਦਿਹਾੜੇ ਫੈਡਰੇਸ਼ਨ ਪ੍ਰਧਾਨ ਐਡਵੋਕੇਟ ਢੀਂਗਰਾ ਦੀ ਗੋਲੀ ਮਾਰ ਕੇ ਹੱਤਿਆ

## ਗੁਆਂਢ ਰਹਿੰਦੇ ਔਰਤ ਸਮੇਤ 3 ਵਿਅਕਤੀ ਹਿਰਾਸਤ 'ਚ



ਜਲੰਧਰ : ਸ਼ਹਿਰ 'ਚ ਅੱਜ ਉਸ ਸਮੇਂ ਦਹਿਸ਼ਤ ਦਾ ਮਾਹੌਲ ਬਣ ਗਿਆ, ਜਦੋਂ ਦਿਨ-ਦਿਹਾੜੇ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ (ਪੀਰ ਮੁਹੰਮਦ) ਦੇ ਪ੍ਰਧਾਨ ਤੇ ਸੀਨੀਅਰ ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ ਦੀ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਹ ਘਟਨਾ ਸਥਾਨਕ ਨਿਊ ਦਿਲਬਾਗ ਨਗਰ ਐਕਸਟੈਂਸ਼ਨ ਨੇੜੇ ਗਰੋਵਰ ਕਾਲੋਨੀ 'ਚ ਸਥਿਤ ਉਨ੍ਹਾਂ ਦੇ ਰਿਹਾਇਸ਼ ਦੇ ਸਾਹਮਣੇ ਹੀ ਰਹਿੰਦੇ ਗੁਆਂਢੀਆਂ ਦੇ ਘਰ 'ਚ ਵਾਪਰੀ। ਹਾਲਾਂਕਿ ਘਟਨਾ ਦੇ ਕਾਰਨਾਂ ਦਾ ਫੌਰੀ ਪਤਾ ਨਹੀਂ ਲੱਗ ਸਕਿਆ, ਪਰ ਜਿਸ ਤਰ੍ਹਾਂ ਸ. ਢੀਂਗਰਾ ਦੀ ਲਾਸ਼ ਉਨ੍ਹਾਂ ਦੇ ਗੁਆਂਢੀਆਂ ਦੇ ਘਰ ਵਿਚੋਂ ਬਰਾਮਦ ਹੋਈ ਹੈ, ਉਸ ਤੋਂ ਸ਼ੱਕ ਜ਼ਾਹਿਰ ਕੀਤਾ ਜਾ ਰਿਹਾ ਹੈ ਕਿ ਇਸ ਘਟਨਾ ਨੂੰ ਗੁਆਂਢੀਆਂ ਵਲੋਂ ਅੰਜਾਮ ਦਿੱਤਾ ਗਿਆ ਹੋ ਸਕਦਾ ਹੈ। ਫਿਲਹਾਲ ਪੁਲਿਸ ਨੇ ਲਾਸ਼ ਨੂੰ ਕਬਜ਼ੇ 'ਚ ਲੈ ਕੇ ਪੋਸਟਮਾਰਟਮ ਲਈ ਸਿਵਲ ਹਸਪਤਾਲ ਭੇਜ ਦਿੱਤਾ ਹੈ ਤੇ ਮੌਕੇ 'ਤੇ ਪੁੱਜੇ ਪੁਲਿਸ ਅਧਿਕਾਰੀਆਂ ਨੇ ਘਟਨਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਇਸ ਦੌਰਾਨ ਦੱਸਿਆ ਜਾ ਰਿਹਾ ਹੈ ਕਿ ਜਿਸ ਘਰ 'ਚ ਉਕਤ ਘਟਨਾ ਵਾਪਰੀ ਹੈ, ਉਸ 'ਚ ਰਹਿਣ ਵਾਲੇ ਪਿਓ-ਪੁੱਤ ਤੇ ਇਕ ਔਰਤ ਨੂੰ ਪੁਲਿਸ ਵਲੋਂ ਹਿਰਾਸਤ 'ਚ ਲੈ ਲਿਆ ਗਿਆ ਹੈ। ਓਧਰ ਘਟਨਾ ਦਾ ਪਤਾ ਲੱਗਦੇ ਹੀ ਵੱਡੀ ਗਿਣਤੀ 'ਚ ਉਨ੍ਹਾਂ ਦੇ ਵਕੀਲ ਸਾਥੀ ਤੇ ਫੈਡਰੇਸ਼ਨ ਦੇ ਮੈਂਬਰ ਉਨ੍ਹਾਂ ਦੀ ਰਿਹਾਇਸ਼ 'ਤੇ ਪੁੱਜੇ, ਜਿੱਥੇ ਉਨ੍ਹਾਂ ਸ. ਢੀਂਗਰਾ ਦੀ ਹੱਤਿਆ 'ਤੇ ਅਫਸੋਸ ਦਾ ਪ੍ਰਗਟਾਵਾ ਕਰਦਿਆਂ ਮਾਮਲੇ ਦੀ ਉੱਚ ਪੱਧਰੀ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ। ਦੱਸਣਯੋਗ ਹੈ ਕਿ ਮਹਿਜ਼ 42 ਸਾਲਾਂ ਦੇ ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ ਸ਼ਹਿਰ ਦੇ ਨਾਮਵਰ ਵਕੀਲ ਸਨ ਤੇ ਫੈਡਰੇਸ਼ਨ 'ਚ ਸਰਗਰਮੀ ਨਾਲ ਵਿਚਰਦੇ ਆ ਰਹੇ ਸਨ। ਪੰਥ ਤੇ ਪੰਜਾਬ ਪ੍ਰਤੀ ਸੇਵਾਵਾਂ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦਾ ਪ੍ਰਧਾਨ ਬਣਾਇਆ ਗਿਆ ਸੀ ਤੇ ਉਹ ਧਾਰਮਿਕ ਤੇ ਸਮਾਜਿਕ ਖੇਤਰ 'ਚ ਵੀ ਵਧ-ਚੜ੍ਹ ਕੇ ਕੰਮ ਕਰਦੇ ਆ ਰਹੇ ਹਨ। ਉਨ੍ਹਾਂ ਦੇ ਪਰਿਵਾਰ 'ਚ ਬਜ਼ੁਰਗ ਮਾਤਾ-ਪਿਤਾ ਤੋਂ ਇਲਾਵਾ ਪਤਨੀ, ਦੋ ਬੇਟੀਆਂ ਤੇ ਇਕ ਛੋਟਾ ਬੇਟਾ ਹੈ। ਜਾਣਕਾਰਾਂ ਮੁਤਾਬਿਕ ਸ. ਢੀਂਗਰਾ ਦਾ ਨਾਂਅ ਕਦੇ ਵੀ ਕਿਸੇ ਵਾਦ-ਵਿਵਾਦ ਨਾਲ ਨਹੀਂ ਜੁੜਿਆ ਤੇ ਉਹ ਵਕਾਲਤ ਕਰਦੇ ਹੋਏ ਫੈਡਰੇਸ਼ਨ ਦੇ ਨਾਲ-ਨਾਲ ਸਮਾਜ ਸੇਵਾ ਦੇ ਕੰਮਾਂ 'ਚ ਰੁੱਝੇ ਰਹਿੰਦੇ ਸਨ। ਅਜੇ ਦੋ ਦਿਨ ਪਹਿਲਾਂ ਐਤਵਾਰ ਨੂੰ ਹੀ ਢੀਂਗਰਾ ਆਪਣਾ ਜਨਮ ਦਿਨ ਮਨਾ ਕੇ ਹਟੇ ਸਨ।

### ਢੀਂਗਰਾ ਦੀ ਹੱਤਿਆ ਦੀ ਜਾਂਚ ਐਸ.ਆਈ.ਟੀ. ਕੋਲੋਂ ਕਰਵਾਈ ਜਾਵੇ : ਪੀਰ ਮੁਹੰਮਦ

ਆਲ ਇੰਡੀਆ ਸਿੱਖ ਸਟੂਡੈਂਟਸ ਫੈਡਰੇਸ਼ਨ ਦੇ ਸਰਪ੍ਰਸਤ ਕਰਨੈਲ ਸਿੰਘ ਪੀਰ ਮੁਹੰਮਦ ਨੇ ਫੈਡਰੇਸ਼ਨ ਪ੍ਰਧਾਨ ਐਡਵੋਕੇਟ ਪਰਮਿੰਦਰ ਸਿੰਘ ਢੀਂਗਰਾ ਦੀ ਹੱਤਿਆ ਦੀ ਸਖ਼ਤ ਸ਼ਬਦਾਂ 'ਚ ਨਿਖੇਧੀ ਕਰਦੇ ਹੋਏ ਮਾਮਲੇ ਦੀ ਜਾਂਚ ਐਸ.ਆਈ.ਟੀ. ਕੋਲੋਂ ਕਰਵਾਏ ਜਾਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਐਡਵੋਕੇਟ ਢੀਂਗਰਾ ਮਾਪਿਆਂ ਦਾ ਇਕਲੌਤਾ ਬੇਟਾ ਸੀ ਤੇ ਉਸ ਦੀ ਹੱਤਿਆ ਇਕ ਗਹਿਰੀ ਸਾਜਿਸ਼ ਦਾ ਸਿੱਟਾ ਹੈ, ਜਿਸ ਦੀ ਉੱਚ ਪੱਧਰੀ ਜਾਂਚ ਹੋਣੀ ਬੇਹੱਦ ਜ਼ਰੂਰੀ ਹੈ। ਉਨ੍ਹਾਂ ਡੀ. ਜੀ. ਪੀ. ਗੌਰਵ ਯਾਦਵ ਕੋਲੋਂ ਮੰਗ ਕੀਤੀ ਹੈ ਕਿ ਉਹ ਇਸ ਦੁਖਦਾਈ ਘਟਨਾ ਦੀ ਜਾਂਚ ਲਈ ਜਲਦ ਐਸ.ਆਈ.ਟੀ. ਦਾ ਗਠਨ ਕਰਨ ਤੇ ਪਰਿਵਾਰ ਨੂੰ ਇਨਸਾਫ ਦਿਵਾਉਣ। ਪੀਰ ਮੁਹੰਮਦ ਨੇ ਕਿਹਾ ਕਿ ਢੀਂਗਰਾ ਦੀ ਹੱਤਿਆ ਨਾਲ ਫੈਡਰੇਸ਼ਨ ਨੂੰ ਕਦੇ ਨਾ ਪੂਰਾ ਹੋਣ ਵਾਲਾ ਘਾਟਾ ਪਿਆ ਹੈ।

# ਟਕਸਾਲੀ ਅਕਾਲੀ ਆਗੂ ਸੁਖਦੇਵ ਸਿੰਘ ਢੀਂਡਸਾ ਨਹੀਂ ਰਹੇ

## ਮੁਹਾਲੀ ਦੇ ਫੋਰਟਿਸ ਹਸਪਤਾਲ ਵਿਚ ਆਖਰੀ ਸਾਹ ਲਏ



ਚੰਡੀਗੜ੍ਹ : ਸ਼੍ਰੋਮਣੀ ਅਕਾਲੀ ਦਲ ਦੇ ਸੀਨੀਅਰ ਆਗੂ ਸੁਖਦੇਵ ਸਿੰਘ ਢੀਂਡਸਾ (89) ਦਾ ਦੇਹਾਂਤ ਹੋ ਗਿਆ ਹੈ। ਉਹ ਫੇਫੜਿਆਂ ਦੀ ਇਨਫੈਕਸ਼ਨ ਤੋਂ ਪੀੜਤ ਸਨ ਅਤੇ ਮੁਹਾਲੀ ਦੇ ਫੋਰਟਿਸ ਹਸਪਤਾਲ ਵਿੱਚ ਦਾਖ਼ਲ ਸਨ। ਅਕਾਲੀ ਆਗੂ ਦੇ ਅਕਾਲ ਚਲਾਣੇ ਸਬੰਧੀ ਖ਼ਬਰ ਉਨ੍ਹਾਂ ਦੇ ਪੁੱਤਰ ਪਰਮਿੰਦਰ ਸਿੰਘ ਢੀਂਡਸਾ ਨੇ ਮਾਨਸਾ ਦੇ ਸਾਬਕਾ ਵਿਧਾਇਕ ਸੁਖਵਿੰਦਰ ਸਿੰਘ ਔਲਖ ਨਾਲ ਸਾਂਝੀ ਕੀਤੀ ਹੈ। ਸਾਲ 2019 ਵਿੱਚ ਉਨ੍ਹਾਂ ਪਦਮ ਸ੍ਰੀ ਪੁਰਸਕਾਰ ਨਾਲ ਸਨਮਾਨਿਤ ਕੀਤਾ ਗਿਆ ਸੀ। ਉਹ ਸ੍ਰੋਮਣੀ ਅਕਾਲੀ ਦਲ ਦੇ ਸਰਪ੍ਰਸਤ ਵੀ ਰਹਿ ਚੁੱਕੇ ਸਨ। ਸ੍ਰੀ ਢੀਂਡਸਾ ਪਿਛਲੇ ਕੁਝ ਸਮੇਂ ਤੋਂ ਬਿਮਾਰ ਚੱਲੇ ਆ ਰਹੇ ਸਨ। ਢੀਂਡਸਾ, ਸ਼੍ਰੋਮਣੀ ਅਕਾਲੀ ਦਲ ਦੇ ਕੱਦਾਵਰ ਨੇਤਾਵਾਂ 'ਚੋਂ ਇੱਕ ਸਨ ਜਿਨ੍ਹਾਂ ਦੀ ਮਰਹੂਮ ਪ੍ਰਕਾਸ਼ ਸਿੰਘ ਬਾਦਲ ਨਾਲ ਲੰਮੀ ਸਿਆਸੀ ਯਾਤਰਾ ਰਹੀ ਹੈ।

ਢੀਂਡਸਾ ਵਾਜਪਾਈ ਸਰਕਾਰ ਵਿੱਚ 2000 ਤੋਂ ਸਾਲ 2004 ਤੱਕ ਕੇਂਦਰੀ ਮੰਤਰੀ ਰਹੇ। ਉਨ੍ਹਾਂ ਦਾ ਪੰਜਾਬ ਵਿਧਾਨ ਸਭਾ 'ਚ ਲੰਮਾ ਤਜਰਬਾ ਰਿਹਾ। ਸੰਗਰੂਰ ਜ਼ਿਲ੍ਹੇ ਦੇ ਪਿੰਡ ਉਭਾਵਾਲ ਵਿੱਚ ਜਨਮੇ ਢੀਂਡਸਾ ਸਰਕਾਰੀ ਰਣਬੀਰ ਕਾਲਜ ਸੰਗਰੂਰ ਦੀ ਸਟੂਡੈਂਟ ਕੌਂਸਲ ਦੇ ਸਕੱਤਰ ਵੀ ਚੁਣੇ ਗਏ ਸਨ। ਤਤਕਾਲੀ ਰਾਸ਼ਟਰਪਤੀ ਰਾਮ ਨਾਥ ਕੋਵਿੰਦ ਨੇ ਢੀਂਡਸਾ ਨੂੰ 11 ਮਾਰਚ 2019 ਨੂੰ ਰਾਸ਼ਟਰਪਤੀ ਭਵਨ ਵਿੱਚ ਪਦਮ ਭੂਸ਼ਨ ਨਾਲ ਸਨਮਾਨਿਆ ਸੀ।

ਢੀਂਡਸਾ ਨੇ 1972 ਵਿੱਚ ਆਜ਼ਾਦ ਉਮੀਦਵਾਰ ਵਜੋਂ ਚੋਣ ਜਿੱਤ ਕੇ ਪੰਜਾਬ ਵਿਧਾਨ ਸਭਾ ਵਿੱਚ ਪੈਰ ਪਾਇਆ ਸੀ। ਉਸ ਮਗਰੋਂ ਉਨ੍ਹਾਂ ਨੇ ਹਰਚੰਦ ਸਿੰਘ ਲੌਂਗੋਵਾਲ ਦੀ ਅਗਵਾਈ ਵਿਚ ਸ਼੍ਰੋਮਣੀ ਅਕਾਲੀ ਦਲ ਵਿੱਚ ਸ਼ਮੂਲੀਅਤ ਕੀਤੀ ਸੀ। ਫਿਰ ਉਨ੍ਹਾਂ ਨੇ ਅਕਾਲੀ ਉਮੀਦਵਾਰ ਵਜੋਂ ਸੁਨਾਮ ਹਲਕੇ ਤੋਂ ਜਿੱਤ ਹਾਸਲ ਕੀਤੀ ਅਤੇ ਰਾਜ ਮੰਤਰੀ ਬਣੇ ਸਨ। 1980 ਵਿੱਚ ਉਹ ਸੰਗਰੂਰ ਹਲਕੇ ਤੋਂ ਚੋਣ ਜਿੱਤੇ ਅਤੇ 1985 ਵਿੱਚ ਸੁਨਾਮ ਹਲਕੇ ਤੋਂ ਮੁੜ ਚੋਣ ਜਿੱਤੇ ਸਨ। ਉਨ੍ਹਾਂ ਨੇ ਸੰਗਰੂਰ ਲੋਕ ਸਭਾ ਹਲਕੇ ਤੋਂ ਵੀ ਜਿੱਤ ਹਾਸਲ ਕਰਕੇ 14ਵੀਂ ਲੋਕ ਸਭਾ ਵਿੱਚ ਨੁਮਾਇੰਦਗੀ ਕੀਤੀ। ਉਹ ਸਾਲ 1998 ਤੋਂ 2004 ਤੱਕ ਰਾਜ ਸਭਾ ਮੈਂਬਰ ਵੀ ਰਹੇ। ਪਿਛਲੇ ਸਮੇਂ ਦੌਰਾਨ ਉਹ ਸ਼੍ਰੋਮਣੀ ਅਕਾਲੀ ਦਲ ਤੋਂ ਵੱਖ ਹੋ ਗਏ ਸਨ ਅਤੇ ਸ਼੍ਰੋਮਣੀ ਅਕਾਲੀ ਦਲ (ਸੰਯੁਕਤ) ਵੀ ਬਣਾਇਆ।



ਸ੍ਰੀ ਮੁਕਤਸਰ ਸਾਹਿਬ ਦੇ ਗੁਰਦੁਆਰਾ ਟੁੱਟੀ ਗੰਢੀ ਸਾਹਿਬ ਵਿਖੇ ਲੰਗਰ ਛਕਦੇ ਹੋਏ ਸੁਖਦੇਵ ਸਿੰਘ ਢੀਂਡਸਾ



ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੂੰ ਮਿਲਦੇ ਹੋਏ ਸ੍ਰ. ਸੁਖਦੇਵ ਸਿੰਘ ਢੀਂਡਸਾ ਨਾਲ ਪਰਮਿੰਦਰ ਸਿੰਘ ਢੀਂਡਸਾ ਤੇ ਹੋਰ।

# ਢੀਂਡਸਾ ਦਾ ਦਿਹਾਂਤ ਸਾਡੇ ਦੇਸ਼ ਲਈ ਇਕ ਵੱਡਾ ਘਾਟਾ : ਪ੍ਰਧਾਨ ਮੰਤਰੀ



ਨਵੀਂ ਦਿੱਲੀ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਸੁਖਦੇਵ ਸਿੰਘ ਢੀਂਡਸਾ ਦੇ ਦਿਹਾਂਤ 'ਤੇ ਦੁੱਖ ਪ੍ਰਗਟ ਕਰਦਿਆਂ ਕਿਹਾ ਕਿ ਸਾਡੇ ਦੇਸ਼ ਲਈ ਇਹ ਇਕ ਵੱਡਾ ਘਾਟਾ ਹੈ। ਉਹ ਇਕ ਮਹਾਨ ਬੁੱਧੀਮਾਨ ਅਤੇ ਜਨਤਕ ਸੇਵਾ ਪ੍ਰਤੀ ਅਟੁੱਟ ਵਚਨਬੱਧਤਾ ਵਾਲੇ ਇਕ ਉੱਚੇ ਰਾਜਨੇਤਾ ਸਨ। ਉਨ੍ਹਾਂ ਦਾ ਹਮੇਸ਼ਾ ਪੰਜਾਬ, ਇਸ ਦੇ ਲੋਕਾਂ ਅਤੇ ਸੱਭਿਆਚਾਰ ਨਾਲ ਜ਼ਮੀਨੀ ਪੱਧਰ 'ਤੇ ਸੰਬੰਧ ਰਿਹਾ। ਉਨ੍ਹਾਂ ਨੇ ਪੇਂਡੂ ਵਿਕਾਸ, ਸਮਾਜਿਕ ਨਿਆਂ ਅਤੇ ਸਰਬਪੱਖੀ ਵਿਕਾਸ ਵਰਗੇ ਮੁੱਦਿਆਂ 'ਤੇ ਜ਼ੋਰ ਦਿੱਤਾ। ਉਨ੍ਹਾਂ ਹਮੇਸ਼ਾ ਸਾਡੇ ਸਮਾਜਿਕ ਤਾਣੇ-ਬਾਣੇ ਨੂੰ ਹੋਰ ਵੀ ਮਜ਼ਬੂਤ ਬਣਾਉਣ ਲਈ ਕੰਮ ਕੀਤਾ। ਮੈਨੂੰ ਕਈ ਸਾਲਾਂ ਤੋਂ ਉਨ੍ਹਾਂ ਨੂੰ ਜਾਣਨ, ਵੱਖ-ਵੱਖ ਮੁੱਦਿਆਂ 'ਤੇ ਨੇੜਿਓਂ ਗੱਲਬਾਤ ਕਰਨ ਦਾ ਸੁਭਾਗ ਪ੍ਰਾਪਤ ਹੋਇਆ। ਇਸ ਦੁੱਖ ਦੀ ਘੜੀ 'ਚ ਮੇਰੀਆਂ ਭਾਵਨਾਵਾਂ ਉਨ੍ਹਾਂ ਦੇ ਪਰਿਵਾਰ ਅਤੇ ਸਮਰਥਕਾਂ ਨਾਲ ਹਨ।



ਤਤਕਾਲੀ ਐਨ.ਡੀ.ਏ. ਦੀ ਸਰਕਾਰ ਦੌਰਾਨ ਪ੍ਰਧਾਨ ਮੰਤਰੀ ਅਟਲ ਬਿਹਾਰੀ ਵਾਜਪਾਈ, ਲਾਲ ਕ੍ਰਿਸ਼ਨ ਅਡਵਾਨੀ,ਸੁਖਦੇਵ ਸਿੰਘ ਢੀਂਡਸਾ, ਜਸਵੰਤ ਸਿੰਘ, ਰਾਜਨਾਥ ਸਿੰਘ, ਜੌਰਜ ਫਰਨਾਂਡਿਸ।



ਕੈਪਟਨ ਅਮਰਿੰਦਰ ਸਿੰਘ ਨਾਲ ਸੁਖਦੇਵ ਸਿੰਘ ਢੀਂਡਸਾ।



ਜੰਗ-ਏ-ਆਜ਼ਾਦੀ ਦੇ ਉਦਘਾਟਨੀ ਸਮਾਗਮ ਦੌਰਾਨ ਡਾ. ਬਰਜਿੰਦਰ ਸਿੰਘ ਹਮਦਰਦ, ਪ੍ਰਕਾਸ਼ ਸਿੰਘ ਬਾਦਲ, ਸੁਖਦੇਵ ਸਿੰਘ ਢੀਂਡਸਾ, ਸੁਖਬੀਰ ਸਿੰਘ ਬਾਦਲ, ਬੀਬੀ ਜਗੀਰ ਕੌਰ, ਦਲਜੀਤ ਸਿੰਘ ਚੀਮਾ, ਮਨੋਰੰਜਨ ਕਾਲੀਆ।

# ਝੰਡੇ ਦਾ ਕੀ ਇਤਿਹਾਸ ਹੈ, ਝੰਡੇ ਉੱਚੀ ਥਾਂ 'ਤੇ ਕਿਉਂ ਲਹਿਰਾਏ ਜਾਂਦੇ ਹਨ

**ਮੁਰਲੀਧਰਨ ਕਾਸ਼ੀ ਵਿਸ਼ਵਨਾਥਨ**



ਦੁਨੀਆ ਭਰ ਦੇ ਦੇਸ਼ਾਂ, ਭਾਈਚਾਰਿਆਂ ਅਤੇ ਸੰਗਠਨਾਂ ਵਲੋਂ ਝੰਡਿਆਂ ਨੂੰ ਪਛਾਣ ਦੇ ਪ੍ਰਤੀਕ ਵਜੋਂ ਵਰਤਿਆ ਜਾਂਦਾ ਰਿਹਾ ਹੈ।
ਇਨ੍ਹਾਂ ਦੀ ਵਰਤੋਂ ਅਜੇ ਵੀ ਕੀਤੀ ਜਾ ਰਹੀ ਹੈ।
ਆਖ਼ਰ ਇਹ ਝੰਡੇ ਹੋਂਦ ਵਿੱਚ ਕਿਵੇਂ ਆਏ?
ਝੰਡੇ ਕਿਵੇਂ ਹੋਂਦ ਵਿੱਚ ਆਏ, ਇਸ ਬਾਰੇ ਇਤਿਹਾਸ ਵਿੱਚ ਸਪੱਸ਼ਟ ਹਵਾਲੇ ਨਹੀਂ ਮਿਲਦੇ ਹਨ। ਇਸ ਲਈ ਇਹ ਦੇਖਣਾ ਦਿਲਚਸਪ ਹੋਵੇਗਾ ਕਿ ਸ਼ਬਦ 'ਝੰਡੇ' ਦਾ ਅਰਥ ਹੈ ਅਤੇ ਇਹ ਕਿਵੇਂ ਹੋਂਦ ਵਿੱਚ ਆਇਆ।
ਜੇਈ ਸਿਰਲੋਟ ਦੀ ਤਿਆਰ ਕੀਤੀ ਗਈ 'ਏ ਡਿਕਸ਼ਨਰੀ ਆਫ਼ ਸਿੰਬਲਜ਼' ਵਿੱਚ ਝੰਡਾ ਸ਼ਬਦ ਦੇ ਅਰਥਾਂ ਦੀ ਵਿਆਖਿਆ ਕਰਦਾ ਹੈ।
ਜੇਈ ਸਿਰਲੋਟ ਮੁਤਾਬਕ, 'ਇਤਿਹਾਸਕ ਤੌਰ 'ਤੇ, ਝੰਡਾ ਪ੍ਰਾਚੀਨ ਮਿਸਰ ਅਤੇ ਹੋਰ ਬਹੁਤ ਸਾਰੇ ਦੇਸ਼ਾਂ ਵਿੱਚ ਪਾਏ ਜਾਣ ਵਾਲੇ ਪਵਿੱਤਰ ਚਿੰਨ੍ਹਾਂ (ਟੋਟੇਮ) ਤੋਂ ਵਿਕਸਤ ਹੋਇਆ ਹੈ।'
'ਫ਼ਾਰਸ (ਈਰਾਨ ਦਾ ਪੁਰਾਤਨ ਨਾਮ) ਵਾਸੀਆਂ ਨੇ ਆਪਣੇ ਪ੍ਰਤੀਕਾਂ ਵਜੋਂ ਲੰਬੇ ਖੰਭਾਂ ਅਤੇ ਫੈਲੇ ਹੋਏ ਖੰਭਾਂ ਵਾਲੇ ਸੁਨਹਿਰੀ ਬਾਜ਼ ਰੱਖੇ ਸਨ। ਪ੍ਰਾਚੀਨ ਈਰਾਨ ਦੇ ਪ੍ਰਤੀਕਾਂ ਵਜੋਂ ਤਿੰਨ ਤਾਜ ਸਨ, ਪਾਰਥੀਅਨ (ਸ਼ੁਰੂਆਤੀ ਈਰਾਨੀ) ਉਨ੍ਹਾਂ ਦਾ ਪ੍ਰਤੀਕ 'ਤਲਵਾਰ ਦੀ ਨੋਕ' ਸੀ, ਯੂਨਾਨੀਆਂ ਅਤੇ ਰੋਮੀਆਂ ਦੇ ਵੀ ਆਪੋ-ਆਪਣੇ ਚਿੰਨ੍ਹ, ਮੋਹਰ ਅਤੇ ਬੈਨਰ ਸਨ।'

**ਝੰਡੇ ਨੂੰ ਉੱਚੀਆਂ ਥਾਵਾਂ 'ਤੇ ਲਗਾਉਣ ਦਾ ਰਿਵਾਜ :** ਸ਼ਬਦਕੋਸ਼ ਮੁਤਾਬਕ, 'ਇਹ ਅਹਿਮ ਨਹੀਂ ਹੈ ਕਿ ਕਿਹੜੀ ਮੂਰਤੀ ਜਾਂ ਚਿੱਤਰ ਵਰਤਿਆ ਗਿਆ ਸੀ, ਪਰ ਮਹੱਤਵਪੂਰਨ ਗੱਲ ਇਹ ਹੈ ਕਿ ਪ੍ਰਤੀਕ ਹਮੇਸ਼ਾ ਉੱਚਾਈ ਉੱਤੇ ਖੰਭੇ ਦੇ ਸਿਖਰ 'ਤੇ ਲਾਇਆ ਜਾਂਦਾ ਸੀ।'
'ਕਿਸੇ ਚੀਜ਼ ਨੂੰ ਇੰਨੀ ਉੱਚੀ ਥਾਂ 'ਤੇ ਰੱਖਣਾ ਅਧਿਕਾਰ ਦੀ ਭਾਵਨਾ ਦਰਸਾਉਣ ਦੇ ਨਾਲ-ਨਾਲ ਚਿੱਤਰ ਜਾਂ ਜਾਨਵਰ ਨਾਲ ਜੁੜੇ ਲੁਕਵੇਂ ਅਰਥ ਅਤੇ ਇਰਾਦਿਆਂ ਨੂੰ ਦਰਸਾਉਂਦਾ ਹੈ। ਇਸ ਤਰੀਕੇ ਨਾਲ ਝੰਡਾ ਜਿੱਤ ਅਤੇ ਆਤਮ-ਵਿਸ਼ਵਾਸ ਦੇ ਪ੍ਰਤੀਕ ਵਜੋਂ ਵਿਕਸਤ ਹੋਇਆ।'

**3,000 ਸਾਲ ਪਹਿਲਾਂ ਚੀਨ ਵਿੱਚ ਵਰਤਿਆ ਜਾਣ ਵਾਲਾ ਝੰਡਾ :** ਹਾਲਾਂਕਿ ਖੰਭੇ ਉੱਤੇ ਪ੍ਰਤੀਕਾਂ ਨੂੰ ਲੈ ਕੇ ਜਾਣ ਦਾ ਅਭਿਆਸ ਸਭ ਤੋਂ ਪਹਿਲਾਂ ਪ੍ਰਾਚੀਨ ਮਿਸਰ, ਫਾਰਸ ਅਤੇ ਈਰਾਨ ਵਰਗੇ ਦੇਸ਼ਾਂ ਵਿੱਚ ਦੇਖਿਆ ਗਿਆ ਸੀ, ਪਰ ਐਨਸਾਈਕਲੋਪੀਡੀਆ ਬ੍ਰਿਟੈਨਿਕਾ ਮੁਤਾਬਕ ਝੰਡੇ ਸਭ ਤੋਂ ਪਹਿਲਾਂ ਭਾਰਤੀ ਉਪ ਮਹਾਂਦੀਪ ਜਾਂ ਚੀਨ ਵਿੱਚ ਵਰਤੇ ਗਏ ਸਨ।
ਐਨਸਾਈਕਲੋਪੀਡੀਆ ਸੁਝਾਅ ਦਿੰਦਾ ਹੈ ਕਿ ਚੀਨ ਵਿੱਚ ਝੰਡਿਆਂ ਦੀ ਸ਼ੁਰੂਆਤ ਬੀਸੀ ਗਿਆਰ੍ਹਵੀਂ ਸਦੀ ਈਸਾ ਪੂਰਵ ਵਿੱਚ ਰਾਜਾ ਵੂ ਦੇ ਸ਼ਾਸ਼ਨ ਦੌਰਾਨ ਹੋਈ। ਉਨ੍ਹਾਂ ਨੇ ਝੌ ਰਾਜਵੰਸ਼ ਦੀ ਸਥਾਪਨਾ ਕੀਤੀ ਸੀ, ਜਿਸਨੇ ਤੀਜੀ ਸਦੀ ਤੱਕ ਸ਼ਾਸ਼ਨ ਕੀਤਾ ਸੀ।
'ਇਹ ਰਿਵਾਜ਼ ਸੀ ਕਿ ਰਾਜਾ ਵੂ ਜਦੋਂ ਬਾਹਰ ਜਾਂਦੇ ਸਨ ਤਾਂ ਆਪਣੇ ਸਾਥੀਆਂ ਦੇ ਸਾਹਮਣੇ ਇੱਕ ਚਿੱਟਾ ਝੰਡਾ ਫੜ ਕੇ ਰੱਖਦੇ ਸਨ। ਇਸ ਤੋਂ ਪ੍ਰਤੀਕ ਹੁੰਦਾ ਹੈ ਕਿ ਚੀਨ ਵਿੱਚ ਝੰਡਿਆਂ ਦੀ ਵਰਤੋਂ ਤਕਰੀਬਨ 3,100 ਸਾਲਾਂ ਤੋਂ ਕੀਤੀ ਜਾਂਦੀ ਰਹੀ ਹੈ।
ਭਾਰਤ ਵਿੱਚ ਵੀ ਝੰਡਿਆਂ ਦੀ ਵਰਤੋਂ ਦੇ ਹਵਾਲੇ ਮਿਲਦੇ ਹਨ।
ਖੋਜਕਰਤਾ ਪੀ ਵੇਲਸਾਮੀ ਕਹਿੰਦੇ ਹਨ, 'ਮਹਾਨ ਮਹਾਂਕਾਵਿ ਮਹਾਂਭਾਰਤ ਵਿੱਚ ਝੰਡਿਆਂ ਦਾ ਕਈ ਤਰੀਕਿਆਂ ਨਾਲ ਜ਼ਿਕਰ ਕੀਤਾ ਗਿਆ ਹੈ।'
'ਸਵੈ-ਪਛਾਣ ਦੇ ਸਾਧਨ ਵਜੋਂ ਝੰਡਿਆਂ ਦੀ ਵਰਤੋਂ ਉਸ ਸਮੇਂ ਤੋਂ ਹੀ ਕੀਤੀ ਜਾ ਰਹੀ ਹੈ ਅਤੇ ਆਧੁਨਿਕ ਸਮੇਂ ਤੱਕ ਕੀਤੀ ਜਾਂਦੀ ਰਹੀ ਹੈ। ਇਹ ਸਾਰੇ ਦੇਸ਼ਾਂ ਅਤੇ ਸਾਰੇ ਸੱਭਿਆਚਾਰਾਂ ਵਿੱਚ ਮੌਜੂਦ ਹੈ। ਸਵੈ-ਪਛਾਣ ਦੇ ਸਾਧਨ ਵਜੋਂ ਝੰਡਿਆਂ ਦੀ ਵਰਤੋਂ ਇੱਕ ਕਬਾਇਲੀ ਪਛਾਣ 'ਤੇ ਅਧਾਰਤ ਹੈ।'
'ਮਹਾਭਾਰਤ ਦੇ ਬਹੁਤ ਸਾਰੇ ਅਹਿਮ ਪਾਤਰਾਂ ਦੇ ਝੰਡੇ ਵਿਲੱਖਣ ਆਕਾਰਾਂ ਵਾਲੇ ਸਨ ਜੋ ਉਨ੍ਹਾਂ ਦੇ ਆਪਣੇ ਕਿਰਦਾਰ ਨਾਲ ਮੇਲ ਖਾਂਦੇ ਹਨ।'
'ਮਹਾਭਾਰਤ ਵਿੱਚ ਕਈ ਤਰ੍ਹਾਂ ਦੇ ਝੰਡਿਆਂ ਦਾ ਜ਼ਿਕਰ ਹੈ, ਜਿਨ੍ਹਾਂ ਵਿੱਚ ਸੁਨਹਿਰੀ ਅਰਧਚੰਦਰ, ਤਾੜ ਦਾ ਰੁੱਖ, ਹੰਸ, ਹਾਥੀ ਅਤੇ ਸ਼ੰਖ ਸ਼ਾਮਲ ਹਨ। ਮੰਨਿਆ ਜਾਂਦਾ ਹੈ ਕਿ ਮਹਾਭਾਰਤ ਤਕਰੀਬਨ 2,400 ਸਾਲ ਪਹਿਲਾਂ ਪੂਰਾ ਹੋਇਆ ਸੀ।'
'ਇਸੇ ਤਰ੍ਹਾਂ, ਝੰਡੇ ਦੇ ਹਵਾਲੇ 2,000 ਸਾਲ ਪਹਿਲਾਂ ਸੰਕਲਿਤ ਮਨੁਸਮ੍ਰਿਤੀ ਵਿੱਚ ਵੀ ਮਿਲਦੇ ਹਨ। ਗੀਤ ਨੰਬਰ 9.285 ਵਿੱਚ, ਇਹ ਜ਼ਿਕਰ ਕੀਤਾ ਗਿਆ ਹੈ, 'ਜੋ ਕੋਈ ਪੁਲ, ਮੰਦਰ ਜਾਂ ਮਹਿਲ ਦੇ ਝੰਡੇ ਜਾਂ ਚਿੰਨ੍ਹ ਨੂੰ ਨੁਕਸਾਨ ਪਹੁੰਚਾਉਂਦਾ ਹੈ, ਉਸਨੂੰ ਇਸਦੀ ਮੁਰੰਮਤ ਕਰਵਾਉਣੀ ਪਵੇਗੀ ਅਤੇ 500 ਆਨਾ ਭੁਗਤਾਨ ਵਜੋਂ ਦੇਣਾ ਪਵੇਗਾ।'

**ਸੰਗਮ ਸਾਹਿਤ ਵਿੱਚ ਝੰਡੇ :** ਝੰਡਿਆਂ ਦੇ ਹਵਾਲੇ ਤੋਲਕਾਪਿਅਮ ਵਿੱਚ ਮਿਲਦੇ ਹਨ, ਜੋ ਕਿ ਭਾਸ਼ਾ ਦਾ ਸਭ ਤੋਂ ਪੁਰਾਣਾ ਰੂਪ ਹੈ।
ਇਸ ਵਿੱਚ ਇੱਕ ਜ਼ਿਕਰ ਆਉਂਦਾ ਹੈ, 'ਝੰਡਾ, ਛਤਰੀ, ਰਾਜਦੰਡ, ਮਾਰਚਿੰਗ ਬੈਂਡ, ਪ੍ਰਭੂ ਦੀ ਖੁਸ਼ੀ ਵਿੱਚ ਪ੍ਰਤੀਕਾਂ ਦੀ ਵਰਤੋਂ ਕੀਤੀ ਜਾਂਦੀ ਹੈ।'
ਝੰਡਿਆਂ ਦੇ ਹਵਾਲੇ ਪੁਰਾਣਨੁਤਰ ਵਿੱਚ ਵੀ ਵਿਆਪਕ ਤੌਰ 'ਤੇ ਮਿਲਦੇ ਹਨ, ਜੋ ਕਿ ਸੰਗਮ ਭਜਨਾਂ ਦਾ ਸੰਗ੍ਰਹਿ ਹੈ। ਜਿਸ ਬਾਰੇ ਮੰਨਿਆਂ ਜਾਂਦਾ ਹੈ ਕਿ ਇਹ ਪਹਿਲੀ ਅਤੇ ਪੰਜਵੀਂ ਸਦੀ ਦੇ ਵਿਚਕਾਰ ਰਚਿਆ ਗਿਆ ਸੀ।
ਝੰਡਿਆਂ 'ਤੇ ਚਿੰਨ੍ਹਾਂ ਦੀ ਵਰਤੋਂ ਸੰਗਮ ਕਾਲ ਤੋਂ ਸ਼ੁਰੂ ਹੁੰਦੀ ਹੈ। ਸੰਗਮ ਭਜਨਾਂ ਵਿੱਚ ਜ਼ਿਕਰ ਹੈ ਕਿ ਚੇਰਾ, ਚੋਲ ਅਤੇ ਪਾਂਡਿਆ ਰਾਜਿਆਂ ਦੇ ਝੰਡਿਆਂ ਵਿੱਚ ਧਨੁਸ਼, ਬਾਘ ਅਤੇ ਮੱਛੀਆਂ ਸਨ। ਭਾਵੇਂ ਝੰਡੇ ਅਕਸਰ ਰਾਜਿਆਂ ਨਾਲ ਜੁੜੇ ਹੁੰਦੇ ਹਨ, ਪਰ ਤਾਮਿਲ ਵਿੱਚ ਦੇਵਤਿਆਂ ਲਈ ਇਸਤੇਮਾਲ ਕੀਤੇ ਗਏ ਝੰਡਿਆਂ ਦਾ ਹਵਾਲਾ ਵੀ ਮਿਲਦਾ ਹੈ।

**ਏਸ਼ੀਆ ਤੋਂ ਯੂਰਪ ਜਾਣ ਦਾ ਰਿਵਾਜ :** ਐਨਸਾਈਕਲੋਪੀਡੀਆ ਬ੍ਰਿਟੈਨਿਕਾ ਮੁਤਾਬਕ ਝੰਡਿਆਂ ਦੀ ਵਰਤੋਂ ਦਾ ਰਿਵਾਜ, ਜੋ ਕਿ ਏਸ਼ੀਆਈ ਖੇਤਰਾਂ ਵਿੱਚ ਸ਼ੁਰੂ ਹੋਇਆ ਸੀ, ਯੂਰਪ ਵਿੱਚ ਉਨ੍ਹਾਂ ਲੋਕਾਂ ਦੁਆਰਾ ਲਿਆਂਦਾ ਗਿਆ ਸੀ ਜਿਨ੍ਹਾਂ ਨੇ ਇਸਲਾਮ ਨੂੰ ਮੰਨਣਾ ਸ਼ੁਰੂ ਕੀਤਾ ਸੀ। ਇਸ ਤੋਂ ਬਾਅਦ, ਯੂਰਪ ਵਿੱਚ ਕੌਮੀ ਝੰਡੇ ਬਣਾਏ ਗਏ। ਅਕਸਰ, ਉਨ੍ਹਾਂ ਦੇਸ਼ਾਂ ਦੇ ਉਸ ਸਰਪ੍ਰਸਤ ਨੂੰ ਦਰਸਾਉਂਦੇ ਕੌਮੀ ਝੰਡੇ ਬਣਾਉਣੇ ਸ਼ੁਰੂ ਕਰ ਦਿੱਤੇ ਜਿਨ੍ਹਾਂ ਨੂੰ ਉਹ ਆਪਣਾ ਰੱਖਿਅਕ ਸਮਝਦੇ ਸਨ। 14ਵੀਂ ਅਤੇ 15ਵੀਂ ਸਦੀ ਦੇ ਆਸ-ਪਾਸ, ਝੰਡਿਆਂ ਨੂੰ ਦੁਨੀਆ ਭਰ ਦੇ ਦੇਸ਼ਾਂ, ਰਾਜਿਆਂ ਅਤੇ ਸੰਗਠਨਾਂ ਦੇ ਪ੍ਰਤੀਕ ਵਜੋਂ ਸਵੀਕਾਰ ਕੀਤਾ ਜਾਣ ਲੱਗਾ।

**ਕੀ ਸਿੰਧੂ ਘਾਟੀ ਸਭਿਅਤਾਵਾਂ ਵਿੱਚ ਝੰਡੇ ਹੁੰਦੇ ਸਨ? :** ਵਰਲਡ ਤਮਿਲ ਰਿਸਰਚ ਇੰਸਟੀਚਿਊਟ ਦੇ ਚੇਅਰਮੈਨ ਅਤੇ ਸਿੰਧੂ ਘਾਟੀ ਦੇ ਖੋਜਕਰਤਾ ਆਰ ਬਾਲਾਕ੍ਰਿਸ਼ਨਨ ਕਹਿੰਦੇ ਹਨ, 'ਸਿੰਧੂ ਘਾਟੀ ਦਾ ਦੌਰ ਇੱਕ ਅਜਿਹਾ ਦੌਰ ਸੀ ਜਦੋਂ ਰਾਜ ਨਹੀਂ ਬਣੇ ਸਨ। ਸਥਾਨਕ ਪੱਧਰ 'ਤੇ ਕਿਸੇ ਕਿਸਮ ਦਾ ਸੰਗਠਨ ਹੋ ਸਕਦਾ ਹੈ, ਪਰ ਇਹ ਅਜਿਹਾ ਰਾਜ ਨਹੀਂ ਜਾਪਦਾ ਜੋ ਸਾਰਿਆਂ ਨੂੰ ਨਿਯੰਤਰਿਤ ਕਰਦਾ ਹੋਵੇ।'
'ਇਸ ਤੋਂ ਇਲਾਵਾ, ਸਿੰਧੂ ਘਾਟੀ ਦੇ ਪ੍ਰਤੀਕਾਂ ਦੇ ਸਪੱਸ਼ਟ ਅਰਥ ਹਾਲੇ ਤੱਕ ਮੁਕੰਮਲ ਰੂਪ ਵਿੱਚ ਨਹੀਂ ਕੱਢੇ ਜਾ ਸਕੇ। ਇਸ ਲਈ, ਉਸ ਸਮੇਂ ਦੇ ਪ੍ਰਤੀਕਾਂ ਦਾ ਅਧਿਐਨ ਕਰਨਾ ਦਿਲਚਸਪ ਹੋਵੇਗਾ, ਪਰ ਇਹ ਸਮਝ ਜ਼ਰੂਰ ਹੈ ਕਿ ਉਸ ਦੌਰ ਵਿੱਚ ਝੰਡੇ ਨਹੀਂ ਸਨ।'
'ਚੇਰਾ, ਚੋਲ ਅਤੇ ਪਾਂਡਿਆ ਰਾਜਿਆਂ ਦੇ ਪ੍ਰਤੀਕ ਧਨੁਸ਼, ਬਾਘ ਅਤੇ ਮੱਛੀ ਸਨ। ਇਹ ਤਿੰਨ ਚਿੰਨ੍ਹ ਸਿੰਧੂ ਘਾਟੀ ਵਿੱਚ ਵੀ ਮੌਜੂਦ ਹਨ, ਜੋ ਕਿ ਤਾਮਿਲਨਾਡੂ ਦੀ ਧਰਤੀ ਤੋਂ ਬਹੁਤ ਦੂਰ ਸੀ।'
'ਇਸੇ ਤਰ੍ਹਾਂ, ਭਾਰਤ ਅਤੇ ਅਫ਼ਰੀਕਾ ਦੇ ਕੁਝ ਹਿੱਸਿਆਂ ਨੂੰ ਛੱਡ ਕੇ ਦੁਨੀਆ ਵਿੱਚ ਕਿਤੇ ਵੀ ਸ਼ੇਰ ਚਿੰਨ ਵਜੋਂ ਨਹੀਂ ਮਿਲਦੇ। ਇਸ ਸੰਦਰਭ ਵਿੱਚ, ਇਹ ਹੈਰਾਨੀ ਵਾਲੀ ਗੱਲ ਨਹੀਂ ਹੈ ਕਿ ਬਹੁਤ ਸਾਰੇ ਭਾਰਤੀ ਰਾਜਿਆਂ ਨੇ ਆਪਣੇ ਝੰਡਿਆਂ ਵਿੱਚ ਸ਼ੇਰ ਦੀ ਵਰਤੋਂ ਕੀਤੀ ਹੈ।'
'ਸ਼੍ਰੀਲੰਕ ਵਿੱਚ ਸ਼ੇਰ ਨਹੀਂ ਸਨ। ਹਾਲਾਂਕਿ, ਉਸ ਦੇਸ਼ ਦੇ ਝੰਡੇ ਵਿੱਚ ਇੱਕ ਸ਼ੇਰ ਹੈ। ਇਸੇ ਤਰ੍ਹਾਂ, ਸ਼ੇਰ ਨੂੰ ਬ੍ਰਿਟੇਨ ਦੀਆਂ ਕਈ ਸ਼ਾਹੀ ਮੋਹਰਾਂ ਵਿੱਚ ਦਰਸਾਇਆ ਗਿਆ ਹੈ, ਇੱਕ ਅਜਿਹੀ ਜਗ ?ਹਾ ਜਿੱਥੇ ਸ਼ੇਰ ਨਹੀਂ ਰਹਿੰਦੇ।'
ਆਰ ਬਾਲਾਕ੍ਰਿਸ਼ਨਨ ਕਹਿੰਦੇ ਹਨ, 'ਇਸੇ ਲਈ, ਇਹ ਜਾਂਚ ਕਰਨਾ ਬਹੁਤ ਦਿਲਚਸਪ ਹੈ ਕਿ ਕੋਈ ਰਾਜ ਆਪਣੇ ਝੰਡੇ ਲਈ ਪ੍ਰਤੀਕਾਂ ਦੀ ਚੋਣ ਕਿਵੇਂ ਕਰਦਾ ਸੀ ਅਤੇ ਕਿਉਂ ਕਰਦਾ ਸੀ।'

**ਬੀਬੀਸੀ 'ਚੋਂ ਧੰਨਵਾਦ ਸਹਿਤ**





# ਪਾਕਿਸਤਾਨ ਲਈ ਜਾਸੂਸੀ ਕਰਨ ਦੇ ਦੋਸ਼ ਹੇਠ ਸੀਆਰਪੀਐੱਫ ਜਵਾਨ ਗ੍ਰਿਫ਼ਤਾਰ

ਨਵੀਂ ਦਿੱਲੀ : ਕੌਮੀ ਜਾਂਚ ਏਜੰਸੀ (ਐੱਨਆਈਏ) ਨੇ ਪਾਕਿਸਤਾਨੀ ਖੁਫੀਆ ਅਧਿਕਾਰੀਆਂ ਨਾਲ ਸੰਵੇਦਨਸ਼ੀਲ ਜਾਣਕਾਰੀ ਸਾਂਝੀ ਕਰਨ ਦੇ ਦੋਸ਼ ਵਿੱਚ ਇੱਕ ਸੀਆਰਪੀਐੱਫ ਜਵਾਨ ਨੂੰ ਗ੍ਰਿਫ਼ਤਾਰ ਕੀਤਾ ਹੈ। ਮੁਢਲੀ ਜਾਣਕਾਰੀ ਅਨੁਸਾਰ ਮੋਤੀ ਰਾਮ ਜਾਟ ਜਾਸੂਸੀ ਗਤੀਵਿਧੀਆਂ ਵਿੱਚ ਸ਼ਾਮਲ ਸੀ ਅਤੇ 2023 ਤੋਂ ਪਾਕਿਸਤਾਨ ਖੁਫੀਆ ਅਧਿਕਾਰੀਆਂ (ਪੀਆਈਓ) ਨਾਲ ਕੌਮੀ ਸੁਰੱਖਿਆ ਨਾਲ ਸਬੰਧਤ ਜਾਣਕਾਰੀ ਸਾਂਝੀ ਕਰ ਰਿਹਾ ਸੀ। ਇਸ ਸਬੰਧੀ ਜਾਂਚ ਦੌਰਾਨ ਐੱਨਆਈਏ ਨੇ ਪਾਇਆ ਕਿ ਉਹ ਪੀਆਈਓ ਤੋਂ ਵੱਖ-ਵੱਖ ਸਾਧਨਾਂ ਰਾਹੀਂ ਫੰਡ ਪ੍ਰਾਪਤ ਕਰ ਰਿਹਾ ਸੀ। ਗ੍ਰਿਫਤਾਰੀ ਤੋਂ ਬਾਅਦ ਉਸ ਨੂੰ ਵਿਸ਼ੇਸ਼ ਐੱਨਆਈਏ ਅਦਾਲਤ ਪਟਿਆਲਾ ਹਾਊਸ ਅੱਗੇ ਪੇਸ਼ ਕੀਤਾ ਗਿਆ ਅਤੇ ਅਦਾਲਤ ਨੇ ਉਸਨੂੰ 6 ਜੂਨ ਤੱਕ ਏਜੰਸੀ ਦੀ ਹਿਰਾਸਤ ਵਿੱਚ ਭੇਜ ਦਿੱਤਾ ਹੈ। ਜ਼ਿਕਰਯੋਗ ਹੈ ਕਿ ਮੋਤੀ ਰਾਮ ਨੂੰ ਦਿੱਲੀ ਤੋਂ ਗ੍ਰਿਫ਼ਤਾਰ ਕੀਤਾ ਗਿਆ ਸੀ। ਐੱਨਆਈਏ ਵੱਲੋਂ ਉਸ ਤੋਂ ਪੁੱਛਗਿੱਛ ਕੀਤੀ ਜਾ ਰਹੀ ਹੈ।




# ਪੰਜਾਬ ਦੀਆਂ ਜੇਲ੍ਹਾਂ ਚ ਕੈਦੀਆਂ ਨਾਲੋਂ ਬੰਦੀ ਜ਼ਿਆਦਾ, ਰੋਜ਼ਾਨਾ ਵੱਧਦੀ ਜਾ ਰਹੀ ਭੀੜ

ਚੰਡੀਗੜ੍ਹ : ਪੰਜਾਬ ਦੀਆਂ ਜੇਲ੍ਹਾਂ 'ਚ ਦਿਨੋਂ-ਦਿਨ ਕੈਦੀਆਂ ਨਾਲੋਂ ਬੰਦੀਆਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਜਦੋਂ ਤੋਂ ਪੰਜਾਬ ਸਰਕਾਰ ਵਲੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕੀਤੀ ਗਈ ਹੈ, ਜੇਲ੍ਹਾਂ 'ਚ ਬੰਦੀਆਂ ਦੀ ਗਿਣਤੀ ਲਗਾਤਾਰ ਵੱਧਦੀ ਜਾ ਰਹੀ ਹੈ। ਹੁਣ ਹਾਲਾਤ ਇਹ ਹੋ ਗਏ ਹਨ ਕਿ ਜੇਲ੍ਹਾਂ 'ਚ ਕੈਦੀਆਂ ਨਾਲੋਂ ਬੰਦੀਆਂ ਦੀ ਗਿਣਤੀ ਜ਼ਿਆਦਾ ਹੋ ਗਈ ਹੈ। ਪੰਜਾਬ ਪੁਲਸ ਦੇ ਮੁਤਾਬਕ ਪਹਿਲੀ ਮਾਰਚ ਤੋਂ ਹੁਣ ਤੱਕ 13,866 ਤਸਕਰ ਫੜ੍ਹੇ ਗਏ ਹਨ, ਜਿਸ ਦਾ ਮਤਲਬ ਹੈ ਕਿ ਰੋਜ਼ਾਨਾ 159 ਬੰਦੀ ਜੇਲ੍ਹਾਂ 'ਚ ਪੁੱਜ ਰਹੇ ਹਨ। ਜੇਲ੍ਹਾਂ ਦੀ ਇੰਨੀ ਸਮਰੱਥਾ ਨਹੀਂ ਹੈ, ਜਿੰਨੇ ਬੰਦੀ ਜੇਲ੍ਹਾਂ 'ਚ ਪੁੱਜ ਰਹੇ ਹਨ। ਪੰਜਾਬ ਦੀਆਂ ਜੇਲ੍ਹਾਂ 'ਚ ਇਸ ਸਮੇਂ 37,516 ਦੀ ਨਫ਼ਰੀ ਹੈ, ਜਿਨ੍ਹਾਂ 'ਚ 30,709 ਵਿਚਾਰ ਅਧੀਨ ਬੰਦੀ ਹਨ। ਫਰਵਰੀ ਮਹੀਨੇ 'ਚ ਵਿਚਾਰ ਅਧੀਨ ਬੰਦੀ ਕਰੀਬ 25 ਹਜ਼ਾਰ ਸਨ, ਜੋ ਕਿ ਹੁਣ 30,709 ਹੋ ਗਏ ਹਨ। ਪੰਜਾਬ ਪੁਲਸ ਵਲੋਂ 87 ਦਿਨਾਂ ਦੌਰਾਨ ਫੜ੍ਹੇ 13,866 ਨਸ਼ਾ ਤਸਕਰਾਂ ਦੇ ਅੰਕੜਿਆਂ ਮੁਤਾਬਕ ਜੇਲ੍ਹਾਂ 'ਚ ਵਿਚਾਰ ਅਧੀਨ ਬੰਦੀਆਂ ਦਾ ਅੰਕੜਾ 38,866 ਨੂੰ ਛੂਹਣਾ ਚਾਹੀਦਾ ਸੀ ਕਿਉਂਕਿ ਮੁਹਿੰਮ ਤੋਂ ਪਹਿਲਾਂ ਫਰਵਰੀ ਮਹੀਨੇ 'ਚ ਵਿਚਾਰ ਅਧੀਨ ਬੰਦੀ ਕਰੀਬ 25 ਹਜ਼ਾਰ ਸਨ। ਪੰਜਾਬ ਦੀਆਂ ਜੇਲ੍ਹਾਂ 'ਚ ਇਸ ਸਮੇਂ 30,709 ਵਿਚਾਰ ਅਧੀਨ ਬੰਦੀ ਹਨ। ਇਸ ਬਾਰੇ ਬਠਿੰਡਾ ਦੇ ਅਪਰਾਧਿਕ ਕੇਸਾਂ ਦੇ ਮਾਹਰ ਐਡਵੋਕੇਟ ਰਾਜੇਸ਼ ਸ਼ਰਮਾ ਦਾ ਕਹਿਣਾ ਸੀ ਕਿ ਪੰਜਾਬ ਪੁਲਸ ਵਲੋਂ ਜੋ ਨਸ਼ਾ ਤਸਕਰੀ ਦੇ ਕੇਸ ਦਰਜ ਕੀਤੇ ਜਾ ਰਹੇ ਹਨ, ਉਨ੍ਹਾਂ 'ਚ ਨਸ਼ਿਆਂ ਦੀ ਰਿਕਵਰੀ ਘੱਟ ਮਾਤਰਾ 'ਚ ਹੁੰਦੀ ਹੈ। ਉਨ੍ਹਾਂ ਕਿਹਾ ਕਿ ਛੋਟੀ ਮਾਤਰਾ 'ਚ ਫੜ੍ਹੇ ਜਾਂਦੇ ਨਸ਼ੇ ਨਾਨ-ਕਮਰਸ਼ੀਲ ਸ਼੍ਰੇਣੀ 'ਚ ਆ ਜਾਂਦੇ ਹਨ, ਜਿਨ੍ਹਾਂ ਦੀ ਅਦਾਲਤਾਂ 'ਚੋਂ ਜ਼ਮਾਨਤ ਹੋ ਜਾਂਦੀ ਹੈ।




ਜੂਨ 1984 ਘੱਲੂਘਾਰੇ ਨੂੰ ਸਮਰਪਿਤ
ਮਹਾਨ ਗੁਰਮਤਿ ਸਮਾਗਮ
3 ਜੂਨ : ਗੁਰਦੁਆਰਾ ਸਾਹਿਬ ਹੇਵਰਡ,
1805 Hill Avenue Hayward Ca.
4 ਜੂਨ : ਗੁਰਦੁਆਰਾ ਸਾਹਿਬ ਟਰੇਸੀ,
11779 W Clover Tracy Ca
5 ਜੂਨ : ਗ਼ਦਰੀ ਬਾਬਿਆਂ ਦੇ ਇਤਿਹਾਸਕ ਸਥਾਨ,
ਗੁਰਦੁਆਰਾ ਸਾਹਿਬ ਸਟਾਕਟਨ
6 ਜੂਨ : ਸਿੱਖ ਗੁਰਦੁਆਰਾ ਸੈਨਹੋਜ਼ੇ
7,8,9 ਜੂਨ : ਗੁਰਦੁਆਰਾ ਸਾਹਿਬ
ਰੈਂਟੇਨ ਸਿਆਟਲ ਵਾਸ਼ਿੰਗਟਨ
ਭਾਈ ਬਲਦੇਵ ਸਿੰਘ ਵਡਾਲਾ
ਮੁੱਖ ਸੇਵਾਦਾਰ ਸ਼ੇਰ-ਏ-ਪੰਜਾਬ ਦਲ
ਭਾਈ ਸਾਹਿਬ ਜੀ ਕੀਰਤਨ ਅਤੇ ਗੁਰਮਤਿ
ਵਿਚਾਰਾਂ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।
ਵਧੇਰੇ ਜਾਣਕਾਰੀ ਲਈ + (504) 234-9143, +91 98148-98461

# ਡੋਨਾਲਡ ਟਰੰਪ ਅੱਗ ਨਾਲ ਨਾ ਖੇਡ : ਪੁਤਿਨ

## ਟਰੰਪ ਵਲੋਂ ਪੁਤਿਨ ਨੂੰ 'ਪਾਗਲ' ਕਹੇ ਜਾਣ ਦਾ ਸਖ਼ਤ ਪ੍ਰਤੀਕਰਮ

## ਤੀਜੀ ਸੰਸਾਰ ਜੰਗ ਦੀ ਦਿੱਤੀ ਧਮਕੀ



ਮਾਸਕੋ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਬੀਤੇ ਦਿਨ ਰੂਸੀ ਰਾਸ਼ਟਰਪਤੀ ਪੁਤਿਨ ਨੂੰ ਅੱਗ ਨਾਲ ਨਾ ਖੇਡਣ ਦੀ ਜੋ ਚਿਤਾਵਨੀ ਦਿੱਤੀ ਉਸ ਦੇ ਪ੍ਰਤੀਕ੍ਰਮ ਵਜੋਂ ਰੂਸ ਨੇ ਤੀਜੇ ਵਿਸ਼ਵ ਯੁੱਧ ਦੀ ਧਮਕੀ ਦਿੱਤੀ ਹੈ। ਜ਼ਿਕਰਯੋਗ ਹੈ ਕਿ ਟਰੰਪ ਨੇ ਪੁਤਿਨ ਨੂੰ ਪਾਗਲ ਵੀ ਕਿਹਾ ਸੀ।

ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕਿਸੇ ਵੀ ਕੀਮਤ 'ਤੇ ਰੂਸ ਅਤੇ ਯੂਕਰੇਨ ਵਿਚਕਾਰ ਜੰਗਬੰਦੀ ਕਰਵਾਉਣਾ ਚਾਹੁੰਦੇ ਹਨ, ਪਰ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਇਸ ਲਈ ਤਿਆਰ ਨਹੀਂ ਹਨ। ਅਜਿਹੀ ਸਥਿਤੀ ਵਿਚ, ਟਰੰਪ ਪੁਤਿਨ ਤੋਂ ਨਾਰਾਜ਼ ਹਨ। ਅਜਿਹੀ ਸਥਿਤੀ ਵਿਚ ਟਰੰਪ ਨੇ ਪੁਤਿਨ ਨੂੰ ਸਾਫ਼-ਸਾਫ਼ ਕਿਹਾ ਸੀ ਕਿ ਸਾਡੀ ਗੱਲ ਨਾ ਸੁਣ ਕੇ ਉਹ ਅੱਗ ਨਾਲ ਖੇਡ ਰਿਹਾ ਹੈ ਪਰ ਹੁਣ ਰੂਸ ਨੇ ਟਰੰਪ ਦੀ ਇਸ ਧਮਕੀ ਦਾ ਢੁਕਵਾਂ ਜਵਾਬ ਦਿੱਤਾ ਹੈ ਅਤੇ ਤੀਜੇ ਵਿਸ਼ਵ ਯੁੱਧ ਦੀ ਧਮਕੀ ਵੀ ਦੇ ਦਿੱਤੀ ਹੈ। ਰੂਸ ਦੀ ਸੁਰੱਖਿਆ ਪ੍ਰੀਸ਼ਦ ਦੇ ਡਿਪਟੀ ਚੇਅਰਮੈਨ ਦਮਿਤਰੀ ਮੇਦਵੇਦੇਵ ਨੇ ਕਿਹਾ ਕਿ ਟਰੰਪ ਨੇ ਪੁਤਿਨ ਬਾਰੇ ਕਿਹਾ ਹੈ ਕਿ ਉਹ ਅੱਗ ਨਾਲ ਖੇਡ ਰਿਹਾ ਹੈ ਅਤੇ ਉਹ ਰੂਸ ਨਾਲ ਕੁਝ ਬੁਰਾ ਕਰ ਸਕਦਾ ਹੈ। ਉਨ੍ਹਾਂ ਕਿਹਾ ਕਿ ਮੈਂ ਸਿਰਫ਼ ਇਕ ਹੀ ਬੁਰੀ ਗੱਲ ਜਾਣਦਾ ਹਾਂ ਅਤੇ ਉਹ ਹੈ ਤੀਜਾ ਵਿਸ਼ਵ ਯੁੱਧ। ਉਮੀਦ ਹੈ ਕਿ ਟਰੰਪ ਇਸ ਨੂੰ ਸਮਝਣਗੇ। ਜਿਸ ਤਰ੍ਹਾਂ ਟਰੰਪ ਨੇ ਅੱਗ ਨਾਲ ਖੇਡਣ ਦਾ ਬਿਆਨ ਦਿੱਤਾ ਅਤੇ ਫਿਰ ਰੂਸ ਵਲੋਂ ਪ੍ਰਤੀਕਿਰਿਆ ਆਈ, ਉਸ ਤੋਂ ਇਹ ਸਪਸ਼ਟ ਹੋ ਗਿਆ ਹੈ ਕਿ ਦੋਵਾਂ ਦੇਸ਼ਾਂ ਵਿਚਕਾਰ ਸਭ ਕੁਝ ਆਮ ਨਹੀਂ ਹੈ। ਟੰਪ ਨੇ ਪੁਤਿਨ ਨੂੰ ਪਾਗਲ ਦੱਸਦੇ ਹੋਏ ਕਿਹਾ ਕਿ ਉਹ ਬਿਨਾਂ ਕਿਸੇ ਕਾਰਨ ਦੇ ਬਹੁਤ ਸਾਰੇ ਲੋਕਾਂ ਨੂੰ ਮਾਰ ਰਿਹਾ ਹੈ ਅਤੇ ਮੈਂ ਸਿਰਫ਼ ਸੈਨਿਕਾਂ ਬਾਰੇ ਗੱਲ ਕਰ ਰਿਹਾ ਹਾਂ। ਯੂਕਰੇਨ ਦੇ ਸ਼ਹਿਰਾਂ ਵਿਚ ਬਿਨਾਂ ਕਿਸੇ ਕਾਰਨ ਦੇ ਮਿਜ਼ਾਇਲਾਂ ਅਤੇ ਡਰੋਨ ਦਾਗੇ ਜਾ ਰਹੇ ਹਨ। ਉਸ ਨੇ ਕਿਹਾ ਕਿ ਮੈਂ ਹਮੇਸ਼ਾ ਕਿਹਾ ਹੈ ਕਿ ਉਹ ਸਿਰਫ਼ ਯੂਕਰੇਨ ਦਾ ਇਕ ਟੁਕੜਾ ਨਹੀਂ ਸਗੋਂ ਪੂਰਾ ਯੂਕਰੇਨ ਚਾਹੁੰਦੇ ਹਨ ਅਤੇ ਹੋ ਸਕਦਾ ਹੈ ਇਹ ਸਹੀ ਸਾਬਤ ਹੋ ਰਿਹਾ ਹੈ, ਪਰ ਜੇਕਰ ਉਹ ਅਜਿਹਾ ਕਰਦੇ ਹਨ ਤਾਂ ਇਹ ਰੂਸ ਦੇ ਪਤਨ ਵੱਲ ਲੈ ਜਾਵੇਗਾ।

# ਪੁਤਿਨ ਪੂਰਾ ਪਾਗਲ ਹੋ ਗਿਆ ਹੈ : ਟਰੰਪ

ਵਾਸ਼ਿੰਗਟਨ : ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਰੂਸੀ ਰਾਸ਼ਟਰਪਤੀ ਵਲਾਦੀਮੀਰ ਪੁਤਿਨ ਨੂੰ ਪੂਰੀ ਤਰ੍ਹਾਂ ਪਾਗਲ ਦੱਸਿਆ ਹੈ। ਉਨ੍ਹਾਂ ਚਿਤਾਵਨੀ ਦਿੱਤੀ ਹੈ ਕਿ ਜੇਕਰ ਵਲਾਦੀਮੀਰ ਪੁਤਿਨ ਨੇ ਸਾਰੇ ਯੂਕ੍ਰੇਨ ਨੂੰ ਜਿੱਤਣ ਦੀ ਕੋਸ਼ਿਸ਼ ਕੀਤੀ ਤਾਂ ਇਹ ਰੂਸ ਦੇ 'ਪਤਨ' ਵੱਲ ਲੈ ਜਾਵੇਗਾ। ਉਨ੍ਹਾਂ ਨੇ ਐਤਵਾਰ ਰਾਤ ਨੂੰ ਆਪਣੇ ਸੋਸ਼ਲ ਮੀਡੀਆ ਪਲੇਟਫਾਰਮ, ਟਰੁਥ ਸੋਸ਼ਲ 'ਤੇ ਕੀਤੀ ਇੱਕ ਪੋਸਟ ਵਿੱਚ ਯੂਕ੍ਰੇਨ ਦੇ ਰਾਸ਼ਟਰਪਤੀ ਵਲਾਦੀਮੀਰ ਜ਼ੇਲੇਂਸਕੀ ਦੀ ਵੀ ਆਲੋਚਨਾ ਕੀਤੀ।

ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਲਿਖਿਆ, 'ਮੇਰੇ ਰੂਸ ਦੇ ਵਲਾਦੀਮੀਰ ਪੁਤਿਨ ਨਾਲ ਹਮੇਸ਼ਾ ਬਹੁਤ ਚੰਗੇ ਸਬੰਧ ਰਹੇ ਹਨ, ਪਰ ਉਨ੍ਹਾਂ ਨਾਲ ਕੁਝ ਅਜਿਹਾ ਹੋਇਆ ਹੈ। ਉਹ ਬਿਲਕੁਲ ਪਾਗਲ ਹੋ ਗਿਆ ਹੈ! ... ਉਹ ਬਿਨਾਂ ਕਿਸੇ ਕਾਰਨ ਬਹੁਤ ਸਾਰੇ ਲੋਕਾਂ ਨੂੰ ਮਾਰ ਰਿਹਾ ਹੈ ਅਤੇ ਮੈਂ ਸਿਰਫ਼ ਸੈਨਿਕਾਂ ਬਾਰੇ ਗੱਲ ਨਹੀਂ ਕਰ ਰਿਹਾ ਹਾਂ।' ਆਪਣੀ ਪੋਸਟ ਵਿੱਚ ਟਰੰਪ ਨੇ ਜ਼ੇਲੇਂਸਕੀ ਦੀ ਵੀ ਆਲੋਚਨਾ ਕਰਦੇ ਹੋਏ ਕਿਹਾ ਕਿ ਯੂਕਰੇਨੀ ਰਾਸ਼ਟਰਪਤੀ 'ਆਪਣੇ ਦੇਸ਼ ਨੂੰ ਉਸ ਤਰ੍ਹਾਂ ਦੀ ਗੱਲ ਕਰਕੇ ਕੋਈ ਲਾਭ ਨਹੀਂ ਦੇ ਰਹੇ, ਜਿਸ ਤਰ੍ਹਾਂ ਉਹ ਕਰਦੇ ਹਨ... ਉਨ੍ਹਾਂ ਦੇ ਮੂੰਹੋਂ ਨਿਕਲਣ ਵਾਲੀ ਹਰ ਚੀਜ਼ ਸਮੱਸਿਆਵਾਂ ਪੈਦਾ ਕਰਦੀ ਹੈ, ਮੈਨੂੰ ਇਹ ਪਸੰਦ ਨਹੀਂ ਹੈ ਅਤੇ ਇਹ ਬੰਦ ਕਰਨਾ ਹੀ ਬਿਹਤਰ ਹੈ।' ਪੂਰੀ ਪੋਸਟ ਵਿੱਚ ਉਨ੍ਹਾਂ ਲਿਖਿਆ: "ਮੇਰੇ ਰੂਸ ਦੇ ਵਲਾਦੀਮੀਰ ਪੁਤਿਨ ਨਾਲ ਹਮੇਸ਼ਾ ਬਹੁਤ ਚੰਗੇ ਸਬੰਧ ਰਹੇ ਹਨ, ਪਰ ਉਸ ਨਾਲ ਕੁਝ ਅਜਿਹਾ ਹੋਇਆ ਹੈ। ਉਹ ਬਿਲਕੁਲ ਪਾਗਲ ਹੋ ਗਿਆ ਹੈ! ਉਹ ਬਹੁਤ ਸਾਰੇ ਲੋਕਾਂ ਨੂੰ ਬੇਲੋੜਾ ਮਾਰ ਰਿਹਾ ਹੈ ਅਤੇ ਮੈਂ ਸਿਰਫ਼ ਸੈਨਿਕਾਂ ਬਾਰੇ ਗੱਲ ਨਹੀਂ ਕਰ ਰਿਹਾ। ਯੂਕਰੇਨੀ ਸ਼ਹਿਰਾਂ 'ਤੇ ਬਿਨਾਂ ਕਿਸੇ ਕਾਰਨ ਮਿਜ਼ਾਈਲਾਂ ਅਤੇ ਡਰੋਨ ਦਾਗੇ ਜਾ ਰਹੇ ਹਨ। ਮੈਂ ਹਮੇਸ਼ਾ ਕਿਹਾ ਹੈ ਕਿ ਉਹ ਸਾਰਾ ਯੂਕਰੇਨ ਚਾਹੁੰਦਾ ਹੈ, ਸਿਰਫ਼ ਇਸਦਾ ਇੱਕ ਟੁਕੜਾ ਨਹੀਂ ਅਤੇ ਹੋ ਸਕਦਾ ਹੈ ਕਿ ਇਹ ਸੱਚ ਸਾਬਤ ਹੋ ਰਿਹਾ ਹੈ, ਪਰ ਜੇਕਰ ਉਹ ਅਜਿਹਾ ਕਰਦਾ ਹੈ ਤਾਂ ਇਹ ਰੂਸ ਦੇ ਪਤਨ ਵੱਲ ਲੈ ਜਾਵੇਗਾ! ਇਸੇ ਤਰ੍ਹਾਂ, ਰਾਸ਼ਟਰਪਤੀ ਜ਼ੇਲੇਂਸਕੀ ਆਪਣੇ ਬੋਲਣ ਦੇ ਤਰੀਕੇ ਨਾਲ ਆਪਣੇ ਦੇਸ਼ ਦਾ ਕੋਈ ਭਲਾ ਨਹੀਂ ਕਰ ਰਹੇ ਹਨ। ਉਨ੍ਹਾਂ ਦੇ ਮੂੰਹੋਂ ਨਿਕਲਣ ਵਾਲੀ ਹਰ ਚੀਜ਼ ਸਮੱਸਿਆਵਾਂ ਪੈਦਾ ਕਰਦੀ ਹੈ, ਮੈਨੂੰ ਇਹ ਪਸੰਦ ਨਹੀਂ ਹੈ ਅਤੇ ਇਹ ਬਿਹਤਰ ਹੋਵੇਗਾ ਜੇਕਰ ਇਸ ਨੂੰ ਰੋਕ ਦਿੱਤਾ ਜਾਵੇ। ਇਹ ਇੱਕ ਅਜਿਹੀ ਜੰਗ ਹੈ ਜੋ ਜੇਕਰ ਮੈਂ ਰਾਸ਼ਟਰਪਤੀ ਹੁੰਦਾ ਤਾਂ ਕਦੇ ਸ਼ੁਰੂ ਨਾ ਹੁੰਦੀ। ਇਹ ਜ਼ੇਲੇਂਸਕੀ, ਪੁਤਿਨ ਅਤੇ ਬਾਈਡੇਨ ਦੀ ਜੰਗ ਹੈ, 'ਟਰੰਪ ਦੀ ਨਹੀਂ!' ਮੈਂ ਸਿਰਫ਼ ਉਸ ਵੱਡੀ ਅਤੇ ਬਦਸੂਰਤ ਅੱਗ ਨੂੰ ਬੁਝਾਉਣ ਵਿੱਚ ਮਦਦ ਕਰ ਰਿਹਾ ਹਾਂ ਜੋ ਘੋਰ ਅਯੋਗਤਾ ਅਤੇ ਨਫ਼ਰਤ ਕਾਰਨ ਲੱਗੀ ਹੈ।

# ਟਰੰਪ ਪ੍ਰਸ਼ਾਸਨ ਨੇ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕਰਨ ਲਈ ਮੁਲਾਕਾਤ ਦਾ ਸਮਾਂ ਦੇਣ 'ਤੇ ਲਾਈ ਰੋਕ

ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)-ਟਰੰਪ ਪ੍ਰਸ਼ਾਸਨ ਨੇ ਆਪਣੇ ਵਿਦੇਸ਼ਾਂ ਵਿਚਲੇ ਮਿਸ਼ਨਾਂ ਨੂੰ ਆਦੇਸ਼ ਦਿੱਤਾ ਹੈ ਕਿ ਉਹ ਨਵੇਂ ਵਿਦਿਆਰਥੀਆਂ ਨੂੰ ਮੁਲਾਕਾਤ ਦਾ ਸਮਾਂ ਨਾ ਦੇਣ ਤੇ ਫਿਲਹਾਲ ਇਸ ਉੱਪਰ ਰੋਕ ਲਾ ਦੇਣ। ਇਕ ਅੰਦਰੂਨੀ ਸੰਦੇਸ਼ ਵਿਚ ਕਿਹਾ ਗਿਆ ਹੈ ਕਿ ਵਿਦੇਸ਼ ਵਿਭਾਗ ਵਿਦੇਸ਼ੀ ਵਿਦਿਆਰਥੀਆਂ ਦੇ ਸੋਸ਼ਲ ਮੀਡੀਆ ਪੁਨਰ ਨਰੀਖਣ ਦੇ ਵਿਸਥਾਰ ਉੱਪਰ ਕੰਮ ਕਰ ਰਿਹਾ ਹੈ। ਇਸ ਲਈ ਨਵੇਂ ਵਿਦਿਆਰਥੀਆਂ ਨੂੰ ਵੀਜ਼ੇ ਜਾਰੀ ਕਰਨ ਲਈ ਮੁਲਾਕਾਤ ਦਾ ਸਮਾਂ ਨਾ ਦਿੱਤਾ ਜਾਵੇ। ਅਮਰੀਕੀ ਵਿਦੇਸ਼ ਮੰਤਰੀ ਮਾਰਕੋ ਰੁਬੀਓ ਵਲੋਂ ਇਹ ਸੰਦੇਸ਼ ਜਾਰੀ ਕੀਤਾ ਗਿਆ ਹੈ। ਟਰੰਪ ਪ੍ਰਸ਼ਾਸਨ ਵਲੋਂ ਇਹ ਆਦੇਸ਼ ਦੇਸ਼ ਨਿਕਾਲੇ ਦੇ ਪ੍ਰੋਗਰਾਮ ਨੂੰ ਤੇਜ ਕਰਨ ਤੇ ਅਯੋਗ ਵਿਦਿਆਰਥੀਆਂ ਦੇ ਵੀਜ਼ੇ ਰੱਦ ਕਰਨ ਦਰਮਿਆਨ ਆਇਆ ਹੈ। ਇਸ ਆਦੇਸ਼ ਵਿਚ ਰੁਬੀਓ ਨੇ ਕਿਹਾ ਹੈ ਕਿ ਤਾਜਾ ਦਿਸ਼ਾ-ਨਿਰਦੇਸ਼ ਤਹਿਤ ਜਿਨ੍ਹਾਂ ਵਿਦਿਆਰਥੀਆਂ ਨੂੰ ਮੁਲਾਕਾਤ ਦਾ ਸਮਾਂ ਦਿੱਤਾ ਜਾ ਚੁੱਕਾ ਹੈ, ਉਸ ਨੂੰ ਨਿਪਟਾਇਆ ਜਾਵੇ ਤੇ ਜਿਨ੍ਹਾਂ ਦਰਖਾਸਤਾਂ 'ਤੇ ਅਜੇ ਕੋਈ ਕਾਰਵਾਈ ਨਹੀਂ ਕੀਤੀ ਉਨ੍ਹਾਂ ਨੂੰ ਜਿਉਂ ਦਾ ਤਿਉਂ ਰਹਿਣ ਦਿੱਤਾ ਜਾਵੇ। ਵਿਦੇਸ਼ ਵਿਭਾਗ ਦੇ ਬੁਲਾਰੇ ਟੈਮੀ ਬਰੂਸ ਨੇ ਇਸ ਆਦੇਸ਼ ਉੱਪਰ ਕੋਈ ਟਿਪਣੀ ਕਰਨ ਤੋਂ ਨਾਂਹ ਕਰ ਦਿੱਤੀ ਹੈ, ਪਰ ਕਿਹਾ ਹੈ ਕਿ ਅਮਰੀਕਾ ਉਹ ਹਰ ਸਾਧਨ ਦੀ ਵਰਤੋਂ ਕਰੇਗਾ ਜੋ ਕਿਸੇ ਵੀ ਉਸ ਵਿਅਕਤੀ ਦੇ ਨਿਰੀਖਣ ਵਿਚ ਸਹਾਈ ਹੋਵੇਗਾ ਜੋ ਅਮਰੀਕਾ ਆਉਣਾ ਚਾਹੁੰਦਾ ਹੈ। ਉਨ੍ਹਾਂ ਕਿਹਾ ਕਿ ਜੋ ਵੀ ਕੋਈ ਚਾਹੇ ਉਹ ਵਿਦਿਆਰਥੀ ਹੋਵੇ ਜਾਂ ਕੋਈ ਹੋਰ ਅਮਰੀਕਾ ਆਉਣਾ ਚਾਹੁੰਦਾ ਹੈ ਦੀ ਜਾਂਚ ਪੜਤਾਲ ਹੋਵੇਗੀ।

# ਦਹਿਸ਼ਤੀ ਹਮਲਿਆਂ 'ਚ 20 ਹਜ਼ਾਰ ਭਾਰਤੀਆਂ ਦੀ ਹੋਈ ਮੌਤ: ਭਾਰਤ

## ਪਾਕਿਸਤਾਨ 'ਤੇ ਹਜ਼ਾਰਾਂ ਦਹਿਸ਼ਤੀ ਹਮਲੇ ਕਰਵਾ ਕੇ ਸਿੰਧੂ ਜਲ ਸੰਧੀ ਦੀ ਭਾਵਨਾ ਦੀ ਉਲੰਘਣਾ ਕਰਨ ਦੇ ਦੋਸ਼; ਭਾਰਤ ਨੇ ਸੰਯੁਕਤ ਰਾਸ਼ਟਰ ਨੂੰ ਦਿੱਤੀ ਜਾਣਕਾਰੀ




ਸੰਯੁਕਤ ਰਾਸ਼ਟਰ : ਭਾਰਤ ਨੇ ਸਿੰਧੂ ਜਲ ਸੰਧੀ 'ਤੇ ਸੰਯੁਕਤ ਰਾਸ਼ਟਰ ਵਿਚ ਪਾਕਿਸਤਾਨ ਦੀ ਗਲਤ ਜਾਣਕਾਰੀ ਦਾ ਵਿਰੋਧ ਕਰਦੇ ਹੋਏ ਕਿਹਾ ਕਿ ਇਸਲਾਮਾਬਾਦ ਨੇ ਭਾਰਤ 'ਤੇ ਤਿੰਨ ਜੰਗਾਂ ਥੋਪੀਆਂ ਅਤੇ ਹਜ਼ਾਰਾਂ ਦਹਿਸ਼ਤੀ ਹਮਲੇ ਕਰਵਾ ਕੇ ਸਿੰਧੂ ਜਲ ਸੰਧੀ ਦੀ ਭਾਵਨਾ ਦੀ ਉਲੰਘਣਾ ਕੀਤੀ ਹੈ।

ਸੰਯੁਕਤ ਰਾਸ਼ਟਰ ਵਿਚ ਭਾਰਤ ਦੇ ਸਥਾਈ ਪ੍ਰਤੀਨਿਧੀ ਪੀ ਹਰੀਸ਼ ਨੇ ਕਿਹਾ, 'ਅਸੀਂ ਸਿੰਧੂ ਜਲ ਸੰਧੀ ਦੇ ਸਬੰਧ ਵਿਚ ਪਾਕਿਸਤਾਨ ਦੇ ਪ੍ਰਤੀਨਿਧੀ ਮੰਡਲ ਵੱਲੋਂ ਦਿੱਤੀ ਜਾ ਰਹੀ ਗਲਤ ਜਾਣਕਾਰੀ ਦਾ ਜਵਾਬ ਦੇਣ ਲਈ ਮਜਬੂਰ ਹੋਏ ਹਾਂ। ਭਾਰਤ ਨੇ ਹਮੇਸ਼ਾ ਉੱਚ ਰਿਪੇਰੀਅਨ ਰਾਜ ਦੇ ਤੌਰ 'ਤੇ ਜ਼ਿੰਮੇਵਾਰ ਤਰੀਕੇ ਨਾਲ ਕੰਮ ਕੀਤਾ ਹੈ।' ਉਨ੍ਹਾਂ ਸਲੋਵੇਨੀਆ ਦੇ ਸਥਾਈ ਮਿਸ਼ਨ ਵੱਲੋਂ 'ਹਥਿਆਰਬੰਦ ਟਕਰਾਅ ਦੌਰਾਨ ਪਾਣੀ ਦੀ ਰੱਖਿਆ-ਨਾਗਰਿਕਾਂ ਦੀ ਜ਼ਿੰਦਗੀ ਦੀ ਸੁਰੱਖਿਆ' ਵਿਸ਼ੇ 'ਤੇ ਕਰਵਾਏ ਸੰਯੁਕਤ ਰਾਸ਼ਟਰ ਸੁਰੱਖਿਆ ਪਰਿਸ਼ਦ ਮੀਟਿੰਗ ਨੂੰ ਸੰਬੋਧਨ ਕੀਤਾ। ਜ਼ਿਕਰਯੋਗ ਹੈ ਕਿ ਜੰਮੂ-ਕਸ਼ਮੀਰ ਵਿੱਚ 22 ਅਪਰੈਲ ਨੂੰ ਪਹਿਲਗਾਮ ਵਿੱਚ ਹੋਏ ਹਮਲੇ ਦੇ ਮੱਦੇਨਜ਼ਰ ਭਾਰਤ ਨੇ ਫੈਸਲਾ ਕੀਤਾ ਸੀ ਕਿ 1960 ਦੀ ਸਿੰਧੂ ਜਲ ਸੰਧੀ ਨੂੰ ਤੁਰੰਤ ਪ੍ਰਭਾਵ ਨਾਲ ਮੁਅੱਤਲ ਕੀਤਾ ਜਾਵੇਗਾ ਜਦੋਂ ਤੱਕ ਪਾਕਿਸਤਾਨ ਸਰਹੱਦ ਪਾਰ ਅਤਿਵਾਦ ਲਈ ਆਪਣਾ ਸਮਰਥਨ ਰੱਦ ਨਹੀਂ ਕਰਦਾ ਤਦ ਤਕ ਇਹ ਸੰਧੀ ਮੁਅੱਤਲ ਰਹੇਗੀ। ਉਨ੍ਹਾਂ ਸੰਯੁਕਤ ਰਾਸ਼ਟਰ ਦੀ ਮੀਟਿੰਗ ਨੂੰ ਦੱਸਿਆ ਕਿ ਭਾਰਤ ਨੇ 65 ਸਾਲ ਪਹਿਲਾਂ ਨੇਕ ਭਾਵਨਾ ਨਾਲ ਸਿੰਧੂ ਜਲ ਸੰਧੀ ਕੀਤੀ ਸੀ।

# ਭਾਰਤ ਨੇ ਟਰੰਪ ਦੇ ਸਲਾਹਕਾਰ ਰਹੇ ਜੇਸਨ ਮਿਲਰ ਨੂੰ ਲਾਬਿਸਟ ਵਜੋਂ ਕੀਤਾ ਨਿਯੁਕਤ

## 12 ਕਰੋੜ ਮਹੀਨਾਵਾਰ ਫੀਸ ਵਜੋਂ ਅਦਾ ਕਰੇਗੀ ਸਰਕਾਰ



ਵਾਸ਼ਿੰਗਟਨ : ਭਾਰਤ ਸਰਕਾਰ ਨੇ ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਦੇ ਸੀਨੀਅਰ ਸਲਾਹਕਾਰ ਜੇਸਨ ਮਿਲਰ ਨੂੰ ਵਾਸ਼ਿੰਗਟਨ ਵਿੱਚ ਆਪਣਾ ਲਾਬਿਸਟ ਨਿਯੁਕਤ ਕੀਤਾ ਹੈ। ਇਸ ਦੌਰਾਨ, ਪਾਕਿਸਤਾਨ ਨੇ ਟਰੰਪ ਦੇ ਸਾਬਕਾ ਅੰਗ ਰੱਖਿਅਕ ਕੀਥ ਸ਼ਿਲਰ ਨੂੰ ਅਮਰੀਕਾ ਵਿੱਚ ਆਪਣਾ ਪ੍ਰਤੀਨਿਧੀ ਨਿਯੁਕਤ ਕੀਤਾ ਹੈ।

ਇਹ ਕਦਮ ਉਦੋਂ ਚੁੱਕਿਆ ਗਿਆ ਹੈ ਜਦੋਂ 7 ਮਈ ਤੋਂ 10 ਮਈ ਤੱਕ ਹੋਏ ਚਾਰ ਦਿਨਾਂ ਦੇ ਟਕਰਾਅ ਤੋਂ ਬਾਅਦ, ਭਾਰਤ ਅਤੇ ਪਾਕਿਸਤਾਨ ਨੇ ਦੁਨੀਆ ਭਰ ਵਿੱਚ ਆਪਣਾ ਪੱਖ ਮਜ਼ਬੂਤੀ ਨਾਲ ਪੇਸ਼ ਕਰਨ ਲਈ ਕੂਟਨੀਤਕ ਯਤਨ ਤੇਜ਼ ਕਰ ਦਿੱਤੇ ਹਨ।

ਲਾਬਿਸਟ ਉਹ ਵਿਅਕਤੀ ਹੁੰਦਾ ਹੈ ਜੋ ਸਰਕਾਰੀ ਨੀਤੀਆਂ, ਕਾਨੂੰਨਾਂ ਅਤੇ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਦਾ ਹੈ। ਇਹ ਕਿਸੇ ਸਮੂਹ, ਕਾਰੋਬਾਰ, ਜਾਂ ਵਿਅਕਤੀ ਵੱਲੋਂ ਵਕਾਲਤ ਕਰਦਾ ਹੈ। ਇਹ ਸਰਕਾਰੀ ਫ਼ੈਸਲਿਆਂ ਨੂੰ ਪ੍ਰਭਾਵਿਤ ਕਰਨ ਲਈ ਡੇਟਾ, ਸੰਚਾਰ ਅਤੇ ਨਿੱਜੀ ਸਬੰਧਾਂ ਦੀ ਵਰਤੋਂ ਕਰਦਾ ਹੈ। ਇੱਕ ਲਾਬਿਸਟ ਦੇ ਕੰਮ ਨੂੰ ਇਸ ਤਰ੍ਹਾਂ ਸਮਝੋ: ਇੱਕ ਫਾਰਮਾਸਿਊਟੀਕਲ ਕੰਪਨੀ ਚਾਹੁੰਦੀ ਹੈ ਕਿ ਸਰਕਾਰ ਉਸਦੀ ਨਵੀਂ ਦਵਾਈ ਨੂੰ ਜਲਦੀ ਮਨਜ਼ੂਰੀ ਦੇਵੇ। ਹੁਣ ਕੰਪਨੀ ਖੁਦ ਮੰਤਰੀ ਨੂੰ ਸਿੱਧੇ ਤੌਰ 'ਤੇ ਨਹੀਂ ਮਿਲ ਸਕਦੀ, ਇਸ ਲਈ ਇਹ ਇੱਕ ਲਾਬਿਸਟ ਨੂੰ ਨਿਯੁਕਤ ਕਰਦੀ ਹੈ।

ਇਹ ਲਾਬਿਸਟ ਆਗੂਆਂ ਅਤੇ ਅਧਿਕਾਰੀਆਂ ਨੂੰ ਮਿਲਦਾ ਹੈ ਅਤੇ ਕੰਪਨੀ ਦਾ ਦ੍ਰਿਸ਼ਟੀਕੋਣ ਪੇਸ਼ ਕਰਦਾ ਹੈ, ਉਨ੍ਹਾਂ ਨੂੰ ਯਕੀਨ ਦਿਵਾਉਂਦਾ ਹੈ ਕਿ ਇਹ ਦਵਾਈ ਜ਼ਰੂਰੀ ਹੈ, ਇਸ ਨਾਲ ਲੋਕਾਂ ਨੂੰ ਫ਼ਾਇਦਾ ਹੋਵੇਗਾ, ਆਦਿ। ਬਦਲੇ ਵਿੱਚ ਕੰਪਨੀ ਉਸਨੂੰ ਪੈਸੇ ਦਿੰਦੀ ਹੈ। ਸਰਲ ਸ਼ਬਦਾਂ ਵਿੱਚ, ਇੱਕ ਲਾਬਿਸਟ ਸਰਕਾਰ ਅਤੇ ਨਿੱਜੀ ਕੰਪਨੀਆਂ ਵਿਚਕਾਰ ਇੱਕ ਪੁਲ ਹੁੰਦਾ ਹੈ, ਜੋ ਆਪਣੇ ਗਾਹਕਾਂ ਦਾ ਲਾਭ ਚਾਹੁੰਦਾ ਹੈ।

ਜੇਸਨ ਮਿਲਰ ਨੂੰ ਭਾਰਤ ਸਰਕਾਰ ਨੇ ਇੱਕ ਸਾਲ ਲਈ 1.50 ਲੱਖ ਡਾਲਰ (12 ਕਰੋੜ ਰੁਪਏ) ਪ੍ਰਤੀ ਮਹੀਨਾ ਦੀ ਫੀਸ 'ਤੇ ਨਿਯੁਕਤ ਕੀਤਾ ਹੈ। ਜੇਸਨ ਮਿਲਰ ਦਾ ਰਾਜਨੀਤਿਕ ਸਫ਼ਰ 2011 ਵਿੱਚ ਸ਼ੁਰੂ ਹੋਇਆ ਸੀ ਜਦੋਂ ਉਸਨੇ ਟਰੰਪ ਨੂੰ 2012 ਦੀ ਸ਼ੁਰੂਆਤੀ ਚੋਣ ਮੁਹਿੰਮ ਬਾਰੇ ਸਲਾਹ ਦਿੱਤੀ ਸੀ। ਮਿਲਰ ਟਰੰਪ ਦੇ 2016 ਦੇ ਰਾਸ਼ਟਰਪਤੀ ਚੋਣ ਪ੍ਰਚਾਰ ਦੌਰਾਨ ਇੱਕ ਸੀਨੀਅਰ ਸੰਚਾਰ ਸਲਾਹਕਾਰ ਸਨ। ਉਸਨੇ ਟਰੰਪ ਦੇ ਸੰਦੇਸ਼ ਨੂੰ ਆਮ ਲੋਕਾਂ ਤੱਕ ਪਹੁੰਚਾਉਣ ਲਈ ਮੀਡੀਆ ਰਣਨੀਤੀ ਬਣਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

# ਪਦਮ ਪੁਰਸਕਾਰ ਜੇਤੂ ਰਾਸ਼ਟਰੀ ਯੁੱਧ ਸਮਾਰਕ ਵਿਖੇ ਸ਼ਰਧਾਂਜਲੀ ਦੇਣ ਲਈ ਪਹੁੰਚੇ



ਨਵੀਂ ਦਿੱਲੀ : ਪਦਮ ਪੁਰਸਕਾਰ ਜੇਤੂ, ਆਪਣੇ ਪਰਿਵਾਰ ਸਮੇਤ, ਬੁੱਧਵਾਰ ਨੂੰ ਨਵੀਂ ਦਿੱਲੀ ਵਿੱਚ ਰਾਸ਼ਟਰੀ ਯੁੱਧ ਸਮਾਰਕ ਵਿਖੇ ਸ਼ਰਧਾਂਜਲੀ ਦੇਣ ਲਈ ਪਹੁੰਚਦੇ ਹੋਏ ਇੱਕ ਤਸਵੀਰ ਖਿਚਵਾਉਂਦੇ ਹੋਏ।

# ਭ੍ਰਿਸ਼ਟਾਚਾਰ ਵਿਰੁੱਧ ਮੁਹਿੰਮ : 15,000 ਰੁਪਏ ਰਿਸ਼ਵਤ ਲੈਂਦਾ ਏ.ਐਸ.ਆਈ. ਵਿਜੀਲੈਂਸ ਬਿਊਰੋ ਵੱਲੋਂ ਕਾਬੂ

## ਮੁਲਜ਼ਮ ਪਹਿਲਾਂ ਦੋ ਕਿਸ਼ਤਾਂ ਵਿੱਚ ਲੈ ਚੁੱਕਾ ਹੈ 15000 ਰੁਪਏ ਰਿਸ਼ਵਤ



ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਸੂਬੇ ਵਿਚ ਭ੍ਰਿਸ਼ਟਾਚਾਰ ਵਿਰੁੱਧ ਵਿੱਢੀ ਮੁਹਿੰਮ ਨੂੰ ਜਾਰੀ ਰੱਖਦਿਆਂ, ਪੰਜਾਬ ਵਿਜੀਲੈਂਸ ਬਿਊਰੋ ਨੇ ਹੁਸ਼ਿਆਰਪੁਰ ਜ਼ਿਲ੍ਹੇ ਦੇ ਥਾਣਾ, ਹਰਿਆਣਾ ਵਿਖੇ ਤਾਇਨਾਤ ਸਹਾਇਕ ਸਬ ਇੰਸਪੈਕਟਰ (ਏ.ਐਸ.ਆਈ.) ਕੁਲਦੀਪ ਸਿੰਘ ਨੂੰ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕੀਤਾ ਹੈ।

ਇਸ ਸਬੰਧੀ ਜਾਣਕਾਰੀ ਦਿੰਦਿਆਂ ਇੱਥੇ ਵਿਜੀਲੈਂਸ ਬਿਊਰੋ ਦੇ ਬੁਲਾਰੇ ਨੇ ਦੱਸਿਆ ਕਿ ਇਹ ਗ੍ਰਿਫ਼ਤਾਰੀ ਰੋਬਿਨ ਕੁਮਾਰ ਵਾਸੀ ਪਿੰਡ ਘਗਿਆਲ, ਜ਼ਿਲ੍ਹਾ ਹੁਸ਼ਿਆਰਪੁਰ ਵੱਲੋਂ ਦਰਜ ਕਰਵਾਈ ਗਈ ਸ਼ਿਕਾਇਤ ਉਪਰੰਤ ਕੀਤੀ ਗਈ ਹੈ। ਸ਼ਿਕਾਇਤਕਰਤਾ ਨੇ ਵਿਜੀਲੈਂਸ ਬਿਊਰੋ ਕੋਲ ਪਹੁੰਚ ਕਰਕੇ ਦੋਸ਼ ਲਗਾਇਆ ਕਿ ਉਕਤ ਥਾਣੇ ਵਿੱਚ ਉਸ ਵਿਰੁੱਧ ਇੱਕ ਪੁਲਿਸ ਕੇਸ ਦਰਜ ਕੀਤਾ ਗਿਆ ਸੀ ਅਤੇ ਕੇਸ ਦੀ ਤਫਤੀਸ਼ ਏ.ਐਸ.ਆਈ. ਕੁਲਦੀਪ ਸਿੰਘ ਨੂੰ ਸੌਂਪੀ ਗਈ ਸੀ। ਪਰ ਇਹ ਐਫ.ਆਈ.ਆਰ. ਦਰਜ ਕਰਨ ਤੋਂ ਪਹਿਲਾਂ ਉਕਤ ਏ.ਐਸ.ਆਈ. ਕੁਲਦੀਪ ਸਿੰਘ ਨੇ ਕਥਿਤ ਤੌਰ 'ਤੇ ਵਿਰੋਧੀ ਧਿਰ ਨਾਲ ਮਿਲੀਭੁਗਤ ਕਰਕੇ ਉਕਤ ਸ਼ਿਕਾਇਤਕਰਤਾ, ਉਸਦੀ ਮਾਂ ਅਤੇ ਹੋਰ ਪਰਿਵਾਰਕ ਮੈਂਬਰਾਂ ਵਿਰੁੱਧ ਜਵਾਬੀ ਕੇਸ ਦਰਜ ਕਰ ਦਿੱਤਾ।

ਇਸ ਉਪਰੰਤ ਏ.ਐਸ.ਆਈ. ਕੁਲਦੀਪ ਸਿੰਘ ਨੇ ਸ਼ਿਕਾਇਤਕਰਤਾ ਤੋਂ 50,000 ਰੁਪਏ ਰਿਸ਼ਵਤ ਦੀ ਮੰਗ ਕੀਤੀ ਅਤੇ ਅਜਿਹਾ ਨਾ ਕਰਨ ਦੀ ਸੂਰਤ ਵਿੱਚ ਉਸਦੀ ਮਾਂ ਨੂੰ ਸੋਨੇ ਦੀ ਚੇਨ ਚੋਰੀ ਕਰਨ ਦੇ ਝੂਠੇ ਕੇਸ ਵਿੱਚ ਫਸਾਉਣ ਦੀ ਧਮਕੀ ਦਿੱਤੀ।

ਸ਼ਿਕਾਇਤਕਰਤਾ ਨੇ ਦੱਸਿਆ ਕਿ ਉਸ ਵੱਲੋਂ ਵਾਰ-ਵਾਰ ਬੇਨਤੀਆਂ ਕਰਨ 'ਤੇ ਸੌਦਾ 30,000 ਰੁਪਏ ਵਿੱਚ ਤੈਅ ਹੋ ਗਿਆ ਅਤੇ ਏ.ਐਸ.ਆਈ. ਨੇ ਪਹਿਲੀ ਕਿਸ਼ਤ ਵਜੋਂ 10,000 ਰੁਪਏ ਲੈ ਲਏ। ਸ਼ਿਕਾਇਤ ਮੁਤਾਬਕ ਮੁਲਜ਼ਮ ਏ.ਐਸ.ਆਈ. ਨੇ ਰਿਸ਼ਵਤ ਦੇ ਬਾਕੀ 20000 ਰੁਪਏ ਦੀ ਮੰਗ ਕੀਤੀ ਅਤੇ ਦੂਜੀ ਕਿਸ਼ਤ ਵਜੋਂ 5,000 ਰੁਪਏ ਲੈ ਲਏ। ਸ਼ਿਕਾਇਤਕਰਤਾ ਨੇ ਆਪਣੇ ਮੋਬਾਈਲ ਫੋਨ 'ਤੇ ਗੈਰ-ਕਾਨੂੰਨੀ ਤੌਰ 'ਤੇ ਰਿਸ਼ਵਤ ਦੀ ਬਾਕੀ ਰਕਮ ਮੰਗਣ ਸਮੇਂ ਹੋਈ ਗੱਲਬਾਤ ਰਿਕਾਰਡ ਕਰ ਲਈ।

ਬੁਲਾਰੇ ਨੇ ਅੱਗੇ ਦੱਸਿਆ ਕਿ ਇਸ ਸ਼ਿਕਾਇਤ ਦੀ ਮੁੱਢਲੀ ਜਾਂਚ ਉਪਰੰਤ, ਵਿਜੀਲੈਂਸ ਬਿਊਰੋ ਦੀ ਟੀਮ ਨੇ ਜਾਲ ਵਿਛਾ ਕੇ ਮੁਲਜ਼ਮ ਏ.ਐਸ.ਆਈ. ਕੁਲਦੀਪ ਸਿੰਘ ਨੂੰ ਦੋ ਸਰਕਾਰੀ ਗਵਾਹਾਂ ਦੀ ਹਾਜ਼ਰੀ ਵਿੱਚ ਤੀਜੀ ਕਿਸ਼ਤ ਵਜੋਂ 15,000 ਰੁਪਏ ਰਿਸ਼ਵਤ ਲੈਂਦਿਆਂ ਰੰਗੇ ਹੱਥੀਂ ਕਾਬੂ ਕਰ ਲਿਆ। ਇਸ ਸਬੰਧੀ ਮੁਲਜ਼ਮ ਵਿਰੁੱਧ ਵਿਜੀਲੈਂਸ ਬਿਊਰੋ ਦੇ ਥਾਣਾ, ਜਲੰਧਰ ਰੇਂਜ ਵਿਖੇ ਮੁਕੱਦਮਾ ਦਰਜ ਕਰ ਲਿਆ ਗਿਆ ਹੈ ਅਤੇ ਇਸ ਮਾਮਲੇ ਦੀ ਅਗਲੇਰੀ ਜਾਂਚ ਜਾਰੀ ਹੈ।

# ਪਿੰਡ ਲੰਗੜੋਆ ਦੇ ਨੌਜਵਾਨ ਜਸਪਾਲ ਸਿੰਘ ਨੂੰ ਈਰਾਨ ਦੇ ਡੌਂਕਰਾਂ ਨੇ ਬੰਦੀ ਬਣਾਇਆ ਅਤੇ 18 ਲੱਖ ਰੁਪਏ ਦੀ ਕੀਤੀ ਮੰਗ

ਨਵਾਂਸ਼ਹਿਰ, (ਦਲਜੀਤ ਅਜਨੋਹਾ) : ਨਵਾਂਸ਼ਹਿਰ ਦੇ ਨਾਲ ਲੱਗਦੇ ਪਿੰਡ ਲੰਗੜੋਆ ਵਿਖੇ ਨੌਜਵਾਨ ਜਸਪਾਲ ਸਿੰਘ ਉਮਰ 31 ਸਾਲ ਜੋ ਕਿ ਨਵਾਂਸ਼ਹਿਰ ਵਿਖੇ ਪੇਂਟਰ ਦਾ ਕੰਮ ਕਰਦਾ ਸੀ ਅਤੇ ਉਹ ਆਪਣੀ ਰੋਜ਼ੀ ਰੋਟੀ ਕਮਾਉਣ ਲਈ ਉਹ ਆਸਟਰੇਲੀਆ ਜਾਣਾ ਚਾਹੁੰਦਾ ਸੀ ਅਤੇ ਇਸ ਸਬੰਧੀ ਉਸਨੇ ਹੁਸ਼ਿਆਰਪੁਰ ਦੇ ਇੱਕ ਏਜੰਟ ਨਾਲ ਗੱਲਬਾਤ ਕੀਤੀ ਤਾਂ ਏਜੰਟ ਨੇ 18 ਲੱਖ ਵਿੱਚ ਆਸਟਰੇਲੀਆ ਭੇਜਣ ਦੀ ਗੱਲ ਕਹੀ ਤਾਂ ਏਜੰਟ ਵਲੋਂ ਉਸਨੂੰ ਦਿੱਲੀ ਤੋਂ ਦੁਬਈ ਨੂੰ ਪਹਿਲਾਂ ਭੇਜਿਆ ਗਿਆ ਤਾਂ ਏਜੰਟ ਨੇ ਉਸ ਨੂੰ ਕਿਹਾ ਕਿ ਈਰਾਨ ਦੇ ਵਿੱਚ ਕੁਝ ਸਮੇਂ ਲਈ ਰੁਕਣਾ ਪਵੇਗਾ ਪਰ ਬਾਅਦ ਦੇ ਵਿੱਚ ਉਹਨਾਂ ਨੂੰ ਪਤਾ ਲੱਗ ਗਿਆ ਕਿ ਇਰਾਨ ਦੇ ਵਿੱਚ ਡੌਂਕਰਾਂ ਦੇ ਵੱਲੋਂ ਉਸਨੂੰ ਬੰਦੀ ਬਣਾ ਲਿਆ ਗਿਆ ਹੈ। ਪੀੜਤ ਦੇ ਪਰਿਵਾਰ ਮੈਂਬਰਾਂ ਨੇ ਪੰਜਾਬ ਸਰਕਾਰ ਅਤੇ ਕੇਂਦਰ ਸਰਕਾਰ ਅੱਗੇ ਅਪੀਲ ਕੀਤੀ ਹੈ ਕਿ ਉਹਨਾਂ ਦੇ ਪੁੱਤਰ ਨੂੰ ਸਹੀ ਸਲਾਮਤ ਪੰਜਾਬ ਲਿਆਇਆ ਜਾਵੇ। ਅਤੇ ਇਸ ਸਬੰਧੀ ਪਰਿਵਾਰਿਕ ਮੈਂਬਰਾਂ ਨੇ ਦੱਸਿਆ ਹੈ ਕਿ ਜਸਪਾਲ ਸਿੰਘ ਦੀ ਡੌਂਕਰਾਂ ਦੇ ਵੱਲੋਂ ਕੁੱਟਮਾਰ ਕੀਤੀ ਗਈ ਹੈ ਅਤੇ ਉਸਦੇ



ਪੁੱਤਰ ਦੇ ਵੱਲੋਂ ਵੀਡੀਓ ਕਾਲ ਰਹੀ ਇਹ ਕਿਹਾ ਗਿਆ ਹੈ ਕਿ ਉਸ ਨੂੰ ਬਚਾ ਲਓ ਡੌਂਕਰ 18 ਲੱਖ ਰੁਪਏ ਮੰਗਦੇ ਹਨ ਇਸ ਸੰਬੰਧੀ ਨਵਾਂਸ਼ਹਿਰ ਦੇ ਏਡੀਸੀ ਰਾਜੀਵ ਵਰਮਾ ਨੇ ਕਿਹਾ ਕਿ ਇਹ ਸਾਰਾ ਮਾਮਲਾ ਪ੍ਰਸ਼ਾਸਨ ਦੇ ਧਿਆਨ ਵਿੱਚ ਆ ਗਿਆ ਹੈ ਪ੍ਰਸ਼ਾਸਨ ਜਲਦ ਹੀ ਠੱਗ ਏਜੰਟ ਖਿਲਾਫ ਕਾਰਵਾਈ ਕਰੇਗਾ ਅਤੇ ਜਸਪਾਲ ਸਿੰਘ ਨੂੰ ਭਾਰਤ ਵਾਪਸ ਲਿਆਉਣ ਲਈ ਲੋੜੀਂਦੀ ਕਾਰਵਾਈ ਕੀਤੀ ਜਾਵੇਗੀ।

# ਧਰਤੀ ਨੂੰ ਰੁੱਖਾਂ ਨਾਲ ਭਰਨ ਨਾਲ ਹੀ ਸਾਨੂੰ ਗਲੋਬਲ ਵਾਰਮਿੰਗ ਤੋਂ ਰਾਹਤ ਮਿਲੇਗੀ : ਸੰਤ ਸੀਚੇਵਾਲ

ਜਲੰਧਰ/ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਪੰਜਾਬ ਵਿਧਾਨ ਸਭਾ ਦੇ ਸਪੀਕਰ ਕੁਲਤਾਰ ਸਿੰਘ ਸੰਧਵਾਂ ਨੇ ਨਿਰਮਲ ਕੁਟੀਆ ਸੀਚੇਵਾਲ ਵਿਖੇ ਸ਼੍ਰੀਮਾਨ ਸੰਤ ਅਵਤਾਰ ਸਿੰਘ ਜੀ ਨੂੰ ਉਨ੍ਹਾਂ ਦੀ 37ਵੀਂ ਬਰਸੀ 'ਤੇ ਸ਼ਰਧਾਂਜਲੀ ਭੇਟ ਕੀਤੀ ਅਤੇ ਕਿਹਾ ਕਿ ਸੰਤ ਅਵਤਾਰ ਸਿੰਘ ਦੀਆਂ ਸਿੱਖਿਆਵਾਂ ਸਦਕਾ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਪੰਜਾਬ ਦੇ ਦਰਿਆਵਾਂ ਅਤੇ ਨਾਲਿਆਂ ਨੂੰ ਪ੍ਰਦੂਸ਼ਣ ਮੁਕਤ ਬਣਾਉਣ ਵਿੱਚ ਵੱਡਾ ਯੋਗਦਾਨ ਪਾਇਆ ਹੈ। ਉਨ੍ਹਾਂ ਕਿਹਾ ਕਿ ਭਾਵੇਂ ਉਹ ਬਾਬਾ ਨਾਨਕ ਦੀ ਪਵਿੱਤਰ ਵੇਈਂ ਹੋਵੇ, ਭਾਵੇਂ ਚਿੱਟੀ ਵੇਈਂ ਹੋਵੇ ਜਾਂ ਬੁੱਢਾ ਦਰਿਆ।

ਸ੍ਰੀ ਸੰਧਵਾਂ ਨੇ ਕਿਹਾ ਕਿ ਲੁਧਿਆਣੇ ਦਾ ਬੁੱਢਾ ਨਾਲਾ ਹੁਣ ਬੁੱਢਾ ਦਰਿਆ ਵਿੱਚ ਬਦਲ ਰਿਹਾ ਹੈ। ਉਨ੍ਹਾਂ ਕਿਹਾ ਕਿ ਵਾਤਾਵਰਣ ਦੇ ਖੇਤਰ ਵਿੱਚ ਕੀਤੇ ਜਾ ਰਹੇ ਅਜਿਹੇ ਮਹਾਨ ਕਾਰਜਾਂ ਕਾਰਨ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਜੀ ਦੁਨੀਆ ਵਿੱਚ ਇੱਕ ਮਿਸਾਲ ਬਣ ਗਏ ਹਨ। ਉਨ੍ਹਾਂ ਕਿਹਾ ਕਿ ਹੁਣ ਤੱਕ ਸਿਰਫ਼ ਬੁੱਢਾ ਦਰਿਆ ਬਾਰੇ ਹੀ ਗੱਲ ਹੁੰਦੀ ਸੀ, ਜਦੋਂ ਕਿ ਸੰਤ



ਸੀਚੇਵਾਲ ਜੀ ਨੇ ਇਹ ਵੱਡਾ ਅਤੇ ਮਹਾਨ ਕਾਰਜ ਸ਼ੁਰੂ ਕੀਤਾ ਹੈ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਖੁਦ ਇਸ ਕਾਰਜ ਨੂੰ ਪੂਰਾ ਕਰਨ ਲਈ ਅਸ਼ੀਰਵਾਦ ਦੇਣਗੇ। ਸ੍ਰੀ ਸੰਧਵਾਂ ਨੇ ਕਿਹਾ ਕਿ ਜਿਸ ਦਰਿਆ ਵਿੱਚ ਕੋਈ ਜੀਵਨ ਨਹੀਂ ਹੈ, ਉਹ ਦਰਿਆ ਜੀਵਤ ਨਹੀਂ ਹੈ। ਉਨ੍ਹਾਂ ਕਿਹਾ ਕਿ ਸਾਰੀ ਦੁਨੀਆਂ ਸੰਤ ਅਵਤਾਰ ਸਿੰਘ ਜੀ ਦੀਆਂ ਸਿੱਖਿਆਵਾਂ ਦਾ ਪ੍ਰਭਾਵ ਦੇਖ ਰਹੀ ਹੈ ਅਤੇ ਸੰਤ ਸੀਚੇਵਾਲ ਇਨ੍ਹਾਂ ਸਿੱਖਿਆਵਾਂ 'ਤੇ ਚੱਲ ਕੇ ਮਹਾਨ ਕਾਰਜ ਕਰ ਰਹੇ ਹਨ। ਪੰਜਾਬ ਵਿਧਾਨ ਸਭਾ ਦੇ ਸਪੀਕਰ ਨੇ ਕਣਕ ਦੇ ਨਾੜ ਨੂੰ ਸਾੜਨ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਵਾਤਾਵਰਣ ਨੂੰ ਪ੍ਰਦੂਸ਼ਿਤ ਕਰਨਾ ਗੁਰੂ ਸਾਹਿਬ ਦੀਆਂ ਸਿੱਖਿਆਵਾਂ ਦੇ ਵਿਰੁੱਧ ਹੈ। ਉਨ੍ਹਾਂ ਕਿਹਾ ਕਿ ਆਓ ਆਪਾਂ ਸਾਰੇ ਵਾਤਾਵਰਣ ਦੀ ਰੱਖਿਆ ਕਰਨ ਅਤੇ ਆਪਣੇ ਪੰਜਾਬ ਨੂੰ ਹਰਾ-ਭਰਾ ਅਤੇ ਰੰਗਲਾ ਪੰਜਾਬ ਬਣਾਉਣ ਦਾ ਪ੍ਰਣ ਲਈਏ। ਇਸ ਮੌਕੇ ਰਾਜ ਸਭਾ ਮੈਂਬਰ ਸੰਤ ਬਲਬੀਰ ਸਿੰਘ ਸੀਚੇਵਾਲ ਨੇ ਸੰਗਤਾਂ ਨੂੰ ਸੰਬੋਧਨ ਕਰਦਿਆਂ ਪਾਣੀ ਦੇ ਕੁਦਰਤੀ ਸਰੋਤਾਂ ਨੂੰ ਬਚਾਉਣ ਲਈ ਇਕੱਠੇ ਹੋ ਕੇ ਕੰਮ ਕਰਨ ਦੀ ਅਪੀਲ ਕੀਤੀ। ਉਨ੍ਹਾਂ ਕਿਹਾ ਕਿ ਜਦੋਂ ਤੱਕ ਧਰਤੀ ਰੁੱਖਾਂ ਨਾਲ ਨਹੀਂ ਭਰੀ ਜਾਂਦੀ, ਗਲੋਬਲ ਵਾਰਮਿੰਗ ਤੋਂ ਕੋਈ ਰਾਹਤ ਨਹੀਂ ਮਿਲ ਸਕਦੀ।

# ਬੱਚਿਆਂ 'ਤੇ ਵਧ ਰਹੀ ਮੋਬਾਈਲ ਦੀ ਲਤ ਦਾ ਅਸਰ, ਸੁਰ ਸੰਗਮ ਟਰਸਟ ਵੱਲੋਂ ਸ਼ੁਰੂ ਹੋਈ ਵਿਲੱਖਣ ਪਹਿਲ: ਬਲਜਿੰਦਰ ਮਾਨ ਨੇ ਕੀਤੀ ਸਰਾਹਨਾ

ਹੁਸ਼ਿਆਰਪੁਰ, (ਦਲਜੀਤ ਅਜਨੋਹਾ) : ਮੂਲ ਰੂਪ ਵਿੱਚ ਮੋਬਾਈਲ ਫ਼ੋਨ ਸੰਚਾਰ ਦੀ ਲੋੜ ਨੂੰ ਪੂਰਾ ਕਰਨ ਲਈ ਤਿਆਰ ਕੀਤਾ ਗਿਆ ਸੀ, ਪਰ ਸਮੇਂ ਦੇ ਨਾਲ ਇਹ ਹਰ ਉਮਰ ਦੇ ਲੋਕਾਂ ਦੀ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਗਿਆ ਹੈ। ਘਰੇਲੂ ਕੰਮ ਹੋਣ, ਦਫ਼ਤਰੀ ਕੰਮ ਹੋਣ, ਬੱਚਿਆਂ ਦੀ ਪੜ੍ਹਾਈ ਹੋਵੇ ਜਾਂ ਹੋਰ ਕੋਈ ਗਤੀਵਿਧੀ—ਅੱਜਕੱਲ੍ਹ ਹਰੇਕ ਕੰਮ ਲਈ ਲੋਕ ਮੋਬਾਈਲ ਫ਼ੋਨ 'ਤੇ ਨਿਰਭਰ ਹੋ ਗਏ ਹਨ।

ਇਸ ਡਿਜੀਟਲ ਨਿਰਭਰਤਾ ਦਾ ਸਭ ਤੋਂ ਵੱਡਾ ਅਸਰ ਬੱਚਿਆਂ 'ਤੇ ਪੈ ਰਿਹਾ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਲਗਾਤਾਰ ਮੋਬਾਈਲ ਦੇ ਸੰਪਰਕ 'ਚ ਰਹਿਣ ਨਾਲ ਬੱਚੇ ਮਾਨਸਿਕ ਅਤੇ ਸਰੀਰਕ ਤੌਰ 'ਤੇ ਕਮਜ਼ੋਰ ਹੋ ਰਹੇ ਹਨ।

ਇਸ ਚਿੰਤਾ ਨੂੰ ਦੇਖਦਿਆਂ ਸੁਰ ਸੰਗਮ ਟਰਸਟ ਵੱਲੋਂ ਸਮਾਜ ਵਿੱਚ ਇਕ ਸਕਾਰਾਤਮਕ ਪਹਿਲ ਕੀਤੀ ਗਈ ਹੈ। ਨਿੱਕੀਆਂ ਕਰੂੰਬਲਾਂ ਦੀ ਅਗਵਾਈ ਹੇਠ ਟਰਸਟ ਨੇ ਬੱਚਿਆਂ ਨੂੰ ਉਨ੍ਹਾਂ ਦੀ ਉਮਰ ਅਨੁਸਾਰ ਗਿਆਨਵਰਧਕ ਕਿਤਾਬਾਂ



ਵੰਡਣ ਦਾ ਕਾਰਜਕ੍ਰਮ ਸ਼ੁਰੂ ਕੀਤਾ ਹੈ। ਇਹ ਕਾਰਜਕ੍ਰਮ ਇਸ ਮਾਇਨੇ ਵਿੱਚ ਖ਼ਾਸ ਹੈ ਕਿ ਕਿਤਾਬਾਂ ਪਹਿਲਾਂ ਅਧਿਆਪਕਾਂ ਨੂੰ ਦਿੱਤੀਆਂ ਜਾਂਦੀਆਂ ਹਨ, ਜੋ ਪਹਿਲਾਂ ਖੁਦ ਪੜ੍ਹਦੇ ਹਨ ਅਤੇ ਫਿਰ ਬੱਚਿਆਂ ਨੂੰ ਉਨ੍ਹਾਂ ਦੀ ਭਾਸ਼ਾ ਅਤੇ ਸਮਝ ਅਨੁਸਾਰ ਗਿਆਨ ਪ੍ਰਦਾਨ ਕਰਦੇ ਹਨ।

ਇਸ ਪਹਿਲ ਬਾਰੇ ਪ੍ਰਸਿੱਧ ਲੇਖਕ, ਬੁੱਧਿਜੀਵੀ ਅਤੇ ਸਿੱਖਿਆ ਵਿਦ ਬਲਜਿੰਦਰ ਮਾਨ ਨਾਲ ਵਿਸ਼ੇਸ਼ ਗੱਲਬਾਤ ਕੀਤੀ ਗਈ। ਉਨ੍ਹਾਂ ਨੇ ਟਰਸਟ ਦੇ ਯਤਨਾਂ ਦੀ ਪ੍ਰਸ਼ੰਸਾ ਕਰਦਿਆਂ ਕਿਹਾ, 'ਅੱਜ ਦੇ ਸਮੇਂ ਵਿੱਚ ਬੱਚਿਆਂ ਨੂੰ ਮੋਬਾਈਲ ਦੀ ਦੁਨੀਆ ਤੋਂ ਬਾਹਰ ਕੱਢ ਕੇ ਉਨ੍ਹਾਂ ਨੂੰ ਕਿਤਾਬਾਂ ਦੀ ਸੰਸਕ੍ਰਿਤੀ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਸੁਰ ਸੰਗਮ ਟਰਸਟ ਦਾ ਇਹ ਕਦਮ ਨਿਸ਼ਚਤ ਤੌਰ 'ਤੇ ਇਕ ਮਿਸਾਲ ਬਣੇਗਾ।'

ਸਥਾਨਕ ਸਮਾਜ ਸੇਵਕਾਂ ਅਤੇ ਸਿੱਖਿਆ ਵਿਦਵਾਨਾਂ ਨੇ ਵੀ ਇਸ ਪਹਿਲ ਦਾ ਸਵਾਗਤ ਕਰਦਿਆਂ ਇਸਨੂੰ ਸਮੇਂ ਦੀ ਲੋੜ ਦੱਸਿਆ ਹੈ।

# ਵਿਦੇਸ਼ ਜਾਣ ਦੀ ਚਾਹਤ 'ਚ ਪੰਜਾਬ ਦੇ ਤਿੰਨ ਨੌਜਵਾਨ ਧੋਖਾਧੜੀ ਦਾ ਹੋਏ ਸ਼ਿਕਾਰ

- ਇਰਾਨ 'ਚ ਡੌਂਕਰਾਂ ਨੇ ਕੀਤੇ ਕਿਡਨੈਪ ਮੰਗੀ ਕਰੋੜਾਂ ਰੁਪਏ ਦੀ ਫਿਰੌਤੀ
- ਸੰਗਰੂਰ, ਨਵਾਂ ਸ਼ਹਿਰ ਤੇ ਹੁਸ਼ਿਆਰਪੁਰ ਦੇ ਨੇ ਤਿੰਨੇ ਨੌਜਵਾਨ





ਟਾਂਡਾ ਉੜਮੁੜ, (ਰਵਿੰਦਰ ਸਿੰਘ ਟਾਂਡਾ) : ਹੁਸ਼ਿਆਰਪੁਰ ਦੇ ਪਿੰਡ ਭਾਗੋਵਾਲ ਦਾ ਰਹਿਣ ਵਾਲਾ ਅੰਮ੍ਰਿਤਪਾਲ ਸਿੰਘ ਜਿਸ ਦੇ ਪਰਿਵਾਰ ਨੇ ਗੱਲਬਾਤ ਕਰਦੇ ਨੇ ਦੱਸਿਆ ਕਿ ਇੱਕ ਮਹੀਨਾ ਪਹਿਲਾਂ ਸਾਡੀ ਏਜੰਟ ਧੀਰਜ ਅਤਵਾਲ਼ ਅਤੇ ਕਮਲ ਅਤਵਾਲ਼ ਅਤੇ ਸਵਿਤਾ ਸੋਇਆ ਹੁਸ਼ਿਆਰਪੁਰ 'ਚ ਉਨ੍ਹਾਂ ਦਾ ਦਫਤਰ ਹੈ ਆਸਟਰੇਲੀਆ ਭੇਜਣ ਦੀ ਗੱਲਬਾਤ ਹੋਈ ਸੀ 18 ਲੱਖ ਰੁਪਏ 'ਚ ਪਰ ਧੋਖਾ ਧੜੀ ਦੇ ਨਾਲ ਉਸ ਨੂੰ ਈਰਾਨ ਭੇਜ ਦਿੱਤਾ ਗਿਆ ਜਿੱਥੇ ਕਿ ਡੌਂਕਰਾਂ ਵਲੋਂ ਤਿੰਨ ਨੌਜਵਾਨਾਂ ਨੂੰ ਕਿਡਨੈਪ ਕੀਤਾ ਹੈ ਉਨ੍ਹਾਂ ਚੋਂ ਹੁਸ਼ਿਆਰਪੁਰ ਦੇ ਪਿੰਡ ਭਾਗੋਵਾਲ ਦਾ ਅੰਮ੍ਰਿਤਪਾਲ ਸਿੰਘ ਵੀ ਹੈ ਬਾਕੀ ਦੋ ਸੰਗਰੂਰ ਅਤੇ ਨਵੇਂ ਸ਼ਹਿਰ ਦੇ ਹਨ ਅਤੇ ਕਰੋੜਾਂ ਰੁਪਏ ਦੀ ਫਰੌਤੀ ਮੰਗ ਰਹਿ ਹਨ ਛੱਡਣ ਦੇ ਲਈ, 16 ਮਈ ਨੂੰ ਡੌਂਕਰਾਂ ਨੇ ਫਿਰ ਇੱਕ ਬੰਦਾ ਛੱਡਣ ਦਾ 18 ਲੱਖ ਰੁਪਿਆ ਮੰਗਿਆ ਹੈ ਉਸ ਤੋਂ ਬਾਅਦ ਉਨ੍ਹਾਂ ਡੌਂਕਰਾਂ ਨੇ ਫੋਨ ਬੰਦ ਕਰ ਲਿਆ ਹੈ ਹੁਣ ਤੱਕ ਸਾਡੇ ਬੱਚੇ ਦਾ ਕੋਈ ਅਤਾ ਪਤਾ ਨਹੀਂ ਲੱਗ ਰਿਹਾ ਹੈ ਪਰਿਵਾਰ ਨੇ ਦੱਸਿਆ ਹੈ ਸਾਡੇ ਬਚਿਆ ਨਾਲ ਤਸ਼ੱਦਦ ਕੀਤਾ ਜਾ ਰਿਹਾ ਜਿਸ ਦੀ ਵੀਡੀਓ ਵੀ ਭੇਜੀ ਹੈ ਪਰਿਵਾਰ ਨੇ ਇਨਸਾਫ ਦੀ ਮੰਗ ਕੀਤੀ ਹੈ ਕਿ ਏਜੰਟ ਦੇ ਖਿਲਾਫ ਬਣਦੀ ਕਾਰਵਾਈ ਕੀਤੀ ਜਾਵੇ ਅਤੇ ਸਾਡੇ ਬੱਚੇ ਸਹੀ ਸਲਾਮਤ ਵਾਪਸ ਭਾਰਤ ਲਿਆਂਦੇ ਜਾਣ।

# ਪਨਾਮਾ ਵੱਲੋਂ ਅਤਿਵਾਦ ਖ਼ਿਲਾਫ ਜੰਗ 'ਚ ਭਾਰਤ ਨੂੰ ਹਮਾਇਤ ਦਾ ਭਰੋਸਾ

## ਥਰੂਰ ਦੀ ਅਗਵਾਈ ਹੇਠਲੇ ਵਫ਼ਦ ਨੇ ਭਾਰਤ ਦੇ ਅਤਿਵਾਦ ਬਰਦਾਸ਼ਤ ਨਾ ਕਰਨ ਦੇ ਸੁਨੇਹੇ ਤੋਂ ਜਾਣੂ ਕਰਵਾਇਆ





ਪਨਾਮਾ ਸਿਟੀ : ਕਾਂਗਰਸੀ ਸੰਸਦ ਮੈਂਬਰ ਸ਼ਸ਼ੀ ਥਰੂਰ ਦੀ ਅਗਵਾਈ ਹੇਠ ਸਰਬ-ਪਾਰਟੀ ਵਫ਼ਦ ਨੇ ਇਥੇ ਨੈਸ਼ਨਲ ਅਸੈਂਬਲੀ ਦੀ ਮੁਖੀ ਡਾਨਾ ਕਾਸਟਾਨੇਡਾ ਨਾਲ ਮੁਲਾਕਾਤ ਕੀਤੀ ਅਤੇ ਅਤਿਵਾਦ ਨੂੰ ਬਰਦਾਸ਼ਤ ਨਾ ਕਰਨ ਦੇ ਨਵੀਂ ਦਿੱਲੀ ਦੇ ਮਜ਼ਬੂਤ ਸੁਨੇਹੇ ਤੋਂ ਜਾਣੂ ਕਰਵਾਇਆ। ਇਸ ਦੌਰਾਨ ਪਨਾਮਾ ਨੇ ਭਾਰਤ ਨੂੰ ਅਤਿਵਾਦ ਖ਼ ?ਲਾਫ਼ ਜੰਗ 'ਚ ਹਮਾਇਤ ਦਾ ਭਰੋਸਾ ਦਿੱਤਾ। ਇਹ ਉਨ੍ਹਾਂ ਸੱਤ ਬਹੁ-ਪਾਰਟੀ ਵਫ਼ਦਾਂ 'ਚੋਂ ਇਕ ਹੈ ਜਿਨ੍ਹਾਂ ਨੂੰ ਭਾਰਤ ਨੇ 22 ਅਪਰੈਲ ਨੂੰ ਪਹਿਲਗਾਮ 'ਚ ਹੋਏ ਅਤਿਵਾਦੀ ਹਮਲੇ ਮਗਰੋਂ ਕੌਮਾਂਤਰੀ ਭਾਈਚਾਰੇ ਤੱਕ ਪਹੁੰਚ ਬਣਾਉਣ ਲਈ 33 ਮੁਲਕਾਂ ਦੀਆਂ ਰਾਜਧਾਨੀਆਂ ਦਾ ਦੌਰਾ ਕਰਨ ਦਾ ਕੰਮ ਸੌਂਪਿਆ ਗਿਆ ਹੈ। ਥਰੂਰ ਨੇ ਬੁੱਧਵਾਰ ਸਵੇਰੇ 'ਐਕਸ' 'ਤੇ ਕਿਹਾ ਕਿ ਵਫ਼ਦ ਨੇ ਕਾਸਟਾਨੇਡਾ ਨਾਲ ਮੁਲਾਕਾਤ ਕੀਤੀ ਜਿਨ੍ਹਾਂ ਨਾਲ ਸੰਸਦ ਦੇ ਸੀਨੀਅਰ ਐਡਵਿਨ ਵਰਵਾਰਾ ਅਤੇ ਜੂਲੀਓ ਡੀ ਲਾ ਗਾਰਡੀਆ ਵੀ ਸਨ। ਥਰੂਰ ਨੇ ਲਿਖਿਆ, "ਉਨ੍ਹਾਂ ਨੂੰ ਆਪਣੇ ਮਿਸ਼ਨ ਬਾਰੇ ਦੱਸਿਆ ਅਤੇ ਅਤਿਵਾਦ ਖ਼ਿਲਾਫ਼ ਭਾਰਤ ਦੀ ਜੰਗ ਨੂੰ ਸਮਝਣ ਤੇ ਹਮਾਇਤ ਦੇਣ ਦਾ ਪੁਖ਼ਤਾ ਭਰੋਸਾ ਮਿਲਿਆ।" ਮੰਗਲਵਾਰ ਨੂੰ ਮੁਲਾਕਾਤ ਦੌਰਾਨ ਕਾਂਗਰਸੀ ਸੰਸਦ ਮੈਂਬਰ ਨੇ ਨੈਸ਼ਨਲ ਅਸੈਂਬਲੀ ਦੀ ਮੁਖੀ ਨੂੰ ਕਸ਼ਮੀਰੀ ਸ਼ਾਲ ਭੇਟ ਕੀਤੀ ਜਿਸ ਦੇ ਜਵਾਬ 'ਚ ਉਨ੍ਹਾਂ ਯੋਧਿਆਂ ਨਾਲ ਸਬੰਧਤ ਚਿੰਨ੍ਹ ਭੇਟ ਕੀਤਾ। ਇਸ ਤੋਂ ਪਹਿਲਾਂ ਥਰੂਰ ਨੇ ਵਿਜ਼ਿਟਰ ਬੁੱਕ 'ਚ ਦਸਤਖ਼ਤ ਕੀਤੇ ਅਤੇ ਨੈਸ਼ਨਲ ਅਸੈਂਬਲੀ ਦੇ ਮੁੱਖ ਹਾਲ ਦਾ ਦੌਰਾ ਕੀਤਾ। ਵਫ਼ਦ ਦੇ ਮੈਂਬਰਾਂ ਨੇ ਪਨਾਮਾ ਸਿਟੀ 'ਚ ਭਾਰਤ ਸਭਿਆਚਾਰਕ ਕੇਂਦਰ ਦਾ ਵੀ ਦੌਰਾ ਕੀਤਾ ਅਤੇ ਉਥੇ ਮੰਦਰ 'ਚ ਪੂਜਾ ਕੀਤੀ। ਥਰੂਰ ਨੇ 'ਐਕਸ' 'ਤੇ ਲਿਖਿਆ, "ਸਾਡੇ ਮੁਸਲਿਮ ਸਹਿਯੋਗੀ ਸਰਫਰਾਜ਼ ਅਹਿਮਦ ਨੂੰ ਮੰਦਰ 'ਚ ਆਪਣੇ ਹਿੰਦੂ ਅਤੇ ਸਿੱਖ ਸਾਥੀਆਂ ਨਾਲ ਦੇਖਣਾ ਭਾਵੁਕ ਕਰ ਦੇਣ ਵਾਲਾ ਸੀ। ਉਨ੍ਹਾਂ ਕਿਹਾ ਕਿ ਜਦੋਂ ਸੱਦਣ ਵਾਲਿਆਂ ਨੂੰ ਕੋਈ ਇਤਰਾਜ਼ ਨਹੀਂ ਹੈ ਤਾਂ ਜਾਣ ਵਾਲਿਆਂ ਨੂੰ ਇਤਰਾਜ਼ ਕਿਉਂ ਹੋਵੇਗਾ।" ਉਨ੍ਹਾਂ ਪਨਾਮਾ 'ਚ ਭਾਰਤੀ ਫਿਰਕੇ ਦੇ ਮੈਂਬਰਾਂ ਨੂੰ ਵੀ ਸੰਬੋਧਨ ਕੀਤਾ। ਉਨ੍ਹਾਂ ਕਿਹਾ,



"ਪਨਾਮਾ 'ਚ ਭਾਰਤੀ ਫਿਰਕੇ ਦੇ 300 ਵਿਅਕਤੀਆਂ (ਮੁੱਖ ਤੌਰ 'ਤੇ ਗੁਜਰਾਤੀ ਤੇ ਸਿੰਧੀ ਅਤੇ ਕੁਝ ਹੋਰ) ਨਾਲ ਇਕ ਯਾਦਗਾਰ ਸ਼ਾਮ ਸੀ। ਮੈਂ ਆਪਣੇ ਮਿਸ਼ਨ 'ਚ ਹਾਜ਼ਰ ਲੋਕਾਂ ਨੂੰ ਸੰਬੋਧਨ ਕੀਤਾ ਅਤੇ ਸਹਿਯੋਗੀਆਂ ਨੂੰ ਵੀ ਇਸ 'ਚ ਸ਼ਾਮਲ ਹੋਣ ਦਾ ਸੱਦਾ ਦਿੱਤਾ। ਉਨ੍ਹਾਂ 'ਚੋਂ ਚਾਰ ਨੇ ਜਦੋਂ ਹਿੰਦੀ 'ਚ ਸੰਬੋਧਨ ਕੀਤਾ ਤਾਂ ਖ਼ੂਬ ਤਾੜੀਆਂ ਵੱਜੀਆਂ।" ਵਫ਼ਦ 'ਚ ਸਰਫਰਾਜ਼ ਅਹਿਮਦ (ਝਾਰਖੰਡ ਮੁਕਤੀ ਮੋਰਚਾ), ਜੀਐੱਮ ਹਰੀਸ਼ ਬਾਲਯੋਗੀ (ਟੀਡੀਪੀ), ਸ਼ਸ਼ਾਂਕ ਮਣੀ ਤ੍ਰਿਪਾਠੀ (ਭਾਜਪਾ), ਭੁਬਨੇਸ਼ਵਰ ਕਾਲਿਤਾ (ਭਾਜਪਾ), ਮਿਲਿੰਦ ਦਿਓੜਾ (ਸ਼ਿਵ ਸੈਨਾ), ਤੇਜਸਵੀ ਸੂਰਿਆ (ਭਾਜਪਾ) ਤੇ ਅਮਰੀਕਾ 'ਚ ਭਾਰਤ ਦੇ ਸਾਬਕਾ ਸਫ਼ੀਰ ਤਰਨਜੀਤ ਸਿੰਘ ਸੰਧੂ ਸ਼ਾਮਲ ਹਨ।

# ਜੇਲ੍ਹਾਂ 'ਚ ਭੀੜ: ਕੈਦੀਆਂ ਨਾਲੋਂ ਬੰਦੀਆਂ ਦੀ ਗਿਣਤੀ ਵਧੀ

## ਰੋਜ਼ਾਨਾ ਔਸਤਨ 159 ਨਵੇਂ ਤਸਕਰਾਂ ਦਾ ਦਾਖਲਾ; 'ਯੁੱਧ ਨਸ਼ਿਆਂ ਵਿਰੁੱਧ' ਮੁਹਿੰਮ ਤਹਿਤ ਹੁਣ ਤੱਕ 13,866 ਤਸਕਰ ਫੜੇ; ਬਹੁਤੇ ਨਸ਼ਾ ਤਸਕਰ ਜ਼ਮਾਨਤਾਂ 'ਤੇ ਰਿਹਾਅ

ਚੰਡੀਗੜ੍ਹ : ਪੰਜਾਬ ਦੀਆਂ ਜੇਲ੍ਹਾਂ 'ਚ ਬੰਦੀਆਂ ਦੀ ਭੀੜ ਤੇਜ਼ੀ ਨਾਲ ਵਧ ਰਹੀ ਹੈ ਜਦਕਿ ਕੈਦੀਆਂ ਦੀ ਨਫ਼ਰੀ ਕਾਫ਼ੀ ਘੱਟ ਹੈ। ਪੰਜਾਬ ਪੁਲੀਸ ਨੇ ਅੱਜ ਦੱਸਿਆ ਹੈ ਕਿ 'ਯੁੱਧ ਨਸ਼ੇ ਵਿਰੁੱਧ' ਤਹਿਤ ਪਹਿਲੀ ਮਾਰਚ ਤੋਂ ਹੁਣ ਤੱਕ 13,866 ਤਸਕਰ ਫੜੇ ਗਏ ਹਨ। ਮਤਲਬ ਇਹ ਹੈ ਕਿ ਲੰਘੇ 87 ਦਿਨਾਂ ਦੌਰਾਨ ਰੋਜ਼ਾਨਾ ਔਸਤਨ 159 ਬੰਦੀ ਜੇਲ੍ਹਾਂ ਵਿੱਚ ਪੁੱਜ ਰਹੇ ਹਨ। ਜੇਲ੍ਹਾਂ ਦੀ ਇੰਨੀ ਸਮਰੱਥਾ ਨਹੀਂ ਜਿੰਨੇ ਬੰਦੀ ਪੁੱਜ ਗਏ ਹਨ। ਪੰਜਾਬ ਦੀਆਂ ਜੇਲ੍ਹਾਂ ਵਿੱਚ ਅੱਜ ਕੁੱਲ 37,516 ਦੀ ਨਫ਼ਰੀ ਹੈ ਜਿਨ੍ਹਾਂ 'ਚ 30,709 ਵਿਚਾਰ ਅਧੀਨ ਬੰਦੀ ਹਨ। ਭਾਵ ਜੇਲ੍ਹਾਂ 'ਚ 81.85 ਫ਼ੀਸਦੀ ਬੰਦੀ ਹਨ ਅਤੇ ਬਾਕੀ ਕੈਦੀ ਹਨ। ਪੰਜਾਬ ਸਰਕਾਰ ਵੱਲੋਂ ਨਸ਼ਿਆਂ ਖ਼ਿਲਾਫ਼ ਮੁਹਿੰਮ ਸ਼ੁਰੂ ਕਰਨ ਤੋਂ ਪਹਿਲਾਂ ਫਰਵਰੀ ਮਹੀਨੇ 'ਚ ਜੇਲ੍ਹਾਂ ਵਿੱਚ ਬੰਦੀਆਂ ਦੀ ਕਰੀਬ 31 ਹਜ਼ਾਰ ਦੀ ਨਫ਼ਰੀ ਸੀ ਜੋ ਕਿ ਇਸ ਵੇਲੇ 37,516 ਹੋ ਗਈ ਹੈ। ਇਸ ਲਿਹਾਜ਼ ਨਾਲ ਨਸ਼ਿਆਂ ਵਿਰੁੱਧ ਮੁਹਿੰਮ ਦੌਰਾਨ 6516 ਬੰਦੀ ਪੁੱਜੇ ਹਨ। ਫਰਵਰੀ ਮਹੀਨੇ 'ਚ ਵਿਚਾਰ ਅਧੀਨ ਬੰਦੀ ਕਰੀਬ 25 ਹਜ਼ਾਰ ਸਨ ਜੋ ਕਿ ਹੁਣ ਤੱਕ 30,709 ਹੋ ਗਏ ਹਨ। ਪੰਜਾਬ ਪੁਲੀਸ ਵੱਲੋਂ 87 ਦਿਨਾਂ ਦੌਰਾਨ ਫੜੇ 13,866 ਨਸ਼ਾ ਤਸਕਰਾਂ ਦੇ ਅੰਕੜਿਆਂ ਮੁਤਾਬਿਕ ਜੇਲ੍ਹਾਂ ਵਿੱਚ ਵਿਚਾਰ ਅਧੀਨ ਬੰਦੀਆਂ ਦਾ ਅੰਕੜਾ 38,866 ਨੂੰ ਛੂਹਣਾ ਚਾਹੀਦਾ ਸੀ ਕਿਉਂਕਿ ਮੁਹਿੰਮ ਤੋਂ ਪਹਿਲਾਂ ਫਰਵਰੀ ਮਹੀਨੇ 'ਚ ਵਿਚਾਰ ਅਧੀਨ ਬੰਦੀ ਕਰੀਬ 25 ਹਜ਼ਾਰ ਸਨ। ਪੰਜਾਬ ਦੀਆਂ ਜੇਲ੍ਹਾਂ 'ਚ ਇਸ ਵੇਲੇ ਵਿਚਾਰ ਅਧੀਨ ਬੰਦੀ 30,709 ਹਨ। ਨਸ਼ਿਆਂ ਖ਼ਿਲਾਫ਼ ਕੰਮ ਕਰ ਰਹੇ ਸਮਾਜਿਕ ਕਾਰਕੁਨ ਰੁਪਿੰਦਰ ਸਿੰਘ ਤਲਵੰਡੀ ਸਾਬੋ ਆਖਦੇ ਹਨ ਕਿ ਅਸਲ ਵਿੱਚ ਨਸ਼ਿਆਂ ਖ਼ਿਲਾਫ਼ ਯੁੱਧ ਦੌਰਾਨ ਫੜੇ ਹਜ਼ਾਰਾਂ ਤਸਕਰਾਂ ਦੀ ਜ਼ਮਾਨਤ ਹੋ ਗਈ ਹੈ ਜਿਸ ਕਰਕੇ ਜਿੰਨੇ ਨਵੇਂ ਬੰਦੀ ਜੇਲ੍ਹਾਂ ਵਿੱਚ ਜਾਂਦੇ ਹਨ, ਉਨੇ ਹੀ ਬਾਹਰ ਆ ਜਾਂਦੇ ਹਨ।



ਜਾਣਕਾਰੀ ਅਨੁਸਾਰ ਜੇਲ੍ਹਾਂ 'ਚ ਸਭ ਤੋਂ ਵੱਧ ਐਨਡੀਪੀਐੱਸ ਕੇਸਾਂ ਵਾਲੇ ਬੰਦੀ ਸਿਖਰ 'ਤੇ ਹਨ। ਕਪੂਰਥਲਾ ਜੇਲ੍ਹ 'ਚ ਸਭ ਤੋਂ ਵੱਧ 4621 ਦੀ ਨਫ਼ਰੀ ਹੈ ਜਿਨ੍ਹਾਂ 'ਚੋਂ 85 ਫ਼ੀਸਦੀ ਵਿਧਾਨ ਅਧੀਨ ਬੰਦੀ ਹਨ। ਨਸ਼ਿਆਂ ਖ਼ਿਲਾਫ਼ ਮੁਹਿੰਮ ਮਗਰੋਂ ਇਸ ਜੇਲ੍ਹ ਵਿੱਚ ਕਰੀਬ ਛੇ ਸੌ ਬੰਦੀਆਂ ਦੀ ਗਿਣਤੀ ਵਧੀ ਹੈ। ਲੁਧਿਆਣਾ ਜੇਲ੍ਹ 'ਚ ਕੁੱਲ 4425 ਦੀ ਨਫ਼ਰੀ ਹੈ ਜਿਨ੍ਹਾਂ 'ਚੋਂ 77.62 ਫ਼ੀਸਦੀ ਵਿਚਾਰ ਅਧੀਨ ਬੰਦੀ ਹਨ। ਇਸੇ ਤਰ੍ਹਾਂ ਗੋਇੰਦਵਾਲ ਦੀ ਜੇਲ੍ਹ 'ਚ ਕੁੱਲ 3906 ਦੀ ਨਫ਼ਰੀ ਹੈ ਜਿਨ੍ਹਾਂ 'ਚੋਂ 89.11 ਫ਼ੀਸਦੀ ਵਿਚਾਰ ਅਧੀਨ ਬੰਦੀ ਹਨ। ਇਵੇਂ ਹੀ ਅੰਮ੍ਰਿਤਸਰ ਦੀ ਜੇਲ੍ਹ 'ਚ ਕੁੱਲ 3726 'ਚੋਂ 85.96 ਫ਼ੀਸਦੀ ਵਿਚਾਰ ਅਧੀਨ ਬੰਦੀ ਹਨ।

# ਮਾਲਕਾਂ ਦੀ ਸਹਿਮਤੀ ਬਗ਼ੈਰ ਜ਼ਮੀਨ ਐਕੁਆਇਰ ਨਹੀਂ ਕਰਾਂਗੇ: ਭਗਵੰਤ ਮਾਨ

## ਮੁੱਖ ਮੰਤਰੀ ਵੱਲੋਂ ਸਰਪੰਚਾਂ-ਪੰਚਾਂ ਨਾਲ ਮਿਲਣੀ; ਵਿਰੋਧੀਆਂ 'ਤੇ ਜ਼ਮੀਨਾਂ ਸਬੰਧੀ ਝੂਠਾ ਪ੍ਰਚਾਰ ਕਰਨ ਦੇ ਦੋਸ਼



ਪਟਿਆਲਾ : ਮੁੱਖ ਮੰਤਰੀ ਭਗਵੰਤ ਮਾਨ ਨੇ ਪੰਜਾਬ ਦੀ ਲੈਂਡ ਪੂਲਿੰਗ ਨੀਤੀ ਨਾਲ ਸਬੰਧਤ ਚਿੰਤਾਵਾਂ ਅਤੇ ਧਾਰਨਾਵਾਂ ਨੂੰ ਦੂਰ ਕਰਦਿਆਂ ਕਿਹਾ ਕਿ ਸਰਕਾਰ ਜਬਰੀ ਜ਼ਮੀਨ ਐਕੁਆਇਰ ਨਹੀਂ ਕਰ ਰਹੀ, ਸਗੋਂ ਟਿਕਾਊ ਸ਼ਹਿਰੀ ਵਿਕਾਸ ਪ੍ਰਾਜੈਕਟਾਂ ਲਈ ਕਿਸਾਨਾਂ ਤੇ ਜ਼ਮੀਨ ਮਾਲਕਾਂ ਦੀ ਸਹਿਮਤੀ ਅਤੇ ਸੁਝਾਅ ਲੈ ਰਹੀ ਹੈ। ਉਨ੍ਹਾਂ ਭਰੋਸਾ ਦਿੱਤਾ ਕਿ ਇਸ ਦੌਰਾਨ ਸਾਰੇ ਸਮਝੌਤੇ ਸਰਕਾਰ ਅਤੇ ਜ਼ਮੀਨ ਮਾਲਕਾਂ ਵਿਚਕਾਰ ਸਿੱਧੇ ਤੌਰ 'ਤੇ ਕੀਤੇ ਜਾਣਗੇ। ਕਾਨੂੰਨੀ ਸੁਰੱਖਿਆ ਯਕੀਨੀ ਬਣਾਈ ਜਾਵੇਗੀ ਅਤੇ ਸ਼ੋਸ਼ਣ ਦੀ ਕਿਸੇ ਵੀ ਸੰਭਾਵਨਾ ਨੂੰ ਖ਼ਤਮ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਜ਼ਮੀਨ ਕੁਲੈਕਟਰ ਰੇਟ ਤੋਂ ਚਾਰ ਗੁਣਾ ਵੱਧ ਕੀਮਤ 'ਤੇ ਖ਼ਰੀਦੀ ਜਾਵੇਗੀ। ਮੁੱਖ ਮੰਤਰੀ ਭਗਵੰਤ ਮਾਨ ਅੱਜ 'ਆਪ ਸਰਕਾਰ, ਤੁਹਾਡੇ ਦੁਆਰ' ਬੈਨਰ ਹੇਠਲੇ ਪ੍ਰੋਗਰਾਮ ਤਹਿਤ ਇੱਥੇ ਥਾਪਰ ਯੂਨੀਵਰਸਿਟੀ ਦੇ ਆਡੀਟੋਰੀਅਮ 'ਚ ਸਰਪੰਚਾਂ-ਪੰਚਾਂ ਤੇ ਪਿੰਡਾਂ ਦੇ ਹੋਰ ਮੋਹਤਬਰਾਂ ਨਾਲ ਮਿਲਣੀ ਦੌਰਾਨ ਸੰਬੋਧਨ ਕਰ ਰਹੇ ਸਨ। ਇਸ ਦੌਰਾਨ ਉਨ੍ਹਾਂ ਕਿਹਾ ਕਿ ਸਰਕਾਰ ਦੀ ਜ਼ਬਰਦਸਤੀ ਜ਼ਮੀਨਾਂ ਹਾਸਲ ਕਰਨ ਦੀ ਯੋਜਨਾ ਹੋਣ ਸਬੰਧੀ ਝੂਠਾ ਪ੍ਰਚਾਰ ਕਰਕੇ ਵਿਰੋਧੀ ਪਾਰਟੀਆਂ ਲੋਕਾਂ ਨੂੰ ਗੁਮਰਾਹ ਕਰ ਰਹੀਆਂ ਹਨ। ਇਸ ਕਰ ਕੇ ਉਹ ਅੱਜ ਇੱਥੇ ਇਹ ਸਪੱਸ਼ਟ ਕਰਨ ਲਈ ਆਏ ਹਨ ਕਿ ਮਾਲਕਾਂ ਦੀ ਸਹਿਮਤੀ ਤੋਂ ਬਿਨਾਂ ਕਿਸੇ ਦੀ ਵੀ ਜ਼ਮੀਨ ਐਕੁਆਇਰ ਨਹੀਂ ਕੀਤੀ ਜਾਵੇਗੀ। ਪੰਚਾਇਤਾਂ ਦੀਆਂ ਸ਼ਕਤੀਆਂ ਵਧਾਉਣ ਦੀ ਗੱਲ ਕਰਦਿਆਂ ਭਗਵੰਤ ਮਾਨ ਨੇ ਕਿਹਾ ਕਿ ਪਿੰਡਾਂ 'ਚ ਬਣਨ ਵਾਲੀਆਂ ਸੜਕਾਂ ਦਾ ਵਧੀਆ ਮਿਆਰ ਯਕੀਨੀ ਬਣਾਉਣ ਲਈ ਸਰਕਾਰ ਵੱਲੋਂ ਸਬੰਧਤ ਠੇਕੇਦਾਰ ਨੂੰ ਇਲਾਕੇ ਦੇ ਸਰਪੰਚਾਂ ਤੋਂ ਐੱਨਓਸੀ ਲੈਣ ਉਪਰੰਤ ਹੀ ਅਦਾਇਗੀ ਕੀਤੀ ਜਾਵੇਗੀ। ਸਰਪੰਚ ਵੱਲੋਂ ਸੜਕ ਦਰੁਸਤ ਨਾ ਹੋਣ ਦੀ ਰਿਪੋਰਟ ਕਰਨ 'ਤੇ ਜਾਂਚ ਹੋਵੇਗੀ ਤੇ ਊਣਤਾਈਆਂ ਦੀ ਸੂਰਤ 'ਚ ਠੇਕੇਦਾਰ ਖ਼ ?ਲਾਫ਼ ਕਾਰਵਾਈ ਹੋਵੇਗੀ। ਮੁੱਖ ਮੰਤਰੀ ਨੇ ਕਿਹਾ ਕਿ ਨਾਜਾਇਜ਼ ਕਬਜ਼ਿਆਂ ਕਰਨ 'ਅਲੋਪ' ਹੋ ਚੁੱਕੇ ਰਜਬਾਹਿਆਂ ਅਤੇ ਕੱਸੀਆਂ ਨੂੰ ਮੁੜ ਸੁਰਜੀਤ ਕੀਤਾ ਜਾ ਰਿਹਾ ਹੈ। ਮੁੱਖ ਮੰਤਰੀ ਨੇ ਸੁਖਬੀਰ ਬਾਦਲ 'ਤੇ ਧਾਰਮਿਕ ਸੰਸਥਾਵਾਂ ਦੀ ਦੁਰਵਰਤੋਂ ਕਰਨ ਦੇ ਦੋਸ਼ ਲਾਉਂਦੇ ਹੋਏ ਕਿਹਾ ਕਿ ਉਨ੍ਹਾਂ ਵੱਲੋਂ ਆਪਣੇ ਵਿਅਕਤੀਆਂ ਨੂੰ ਜਥੇਦਾਰ ਨਿਯੁਕਤ ਕਰ ਰਿਹਾ ਹੈ ਤਾਂ ਜੋ ਆਪਣੇ ਪਿਤਾ ਕੋਲੋਂ ਵਾਪਸ ਲਿਆ 'ਫ਼ਖ਼ਰ-ਏ-ਕੌਮ' ਖ਼ਿਤਾਬ ਵਾਪਸ ਦਿਵਾਇਆ ਜਾ ਸਕੇ।

# 'ਅਪਰੇਸ਼ਨ ਸਿੰਧੂਰ' ਨੇ ਪਾਕਿ ਨੂੰ ਬੇਨਕਾਬ ਕੀਤਾ: ਸ਼ਾਹ



ਨਵੀਂ ਦਿੱਲੀ : ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਸ਼ੁੱਕਰਵਾਰ ਨੂੰ ਕਿਹਾ ਕਿ 'ਅਪਰੇਸ਼ਨ ਸਿੰਧੂਰ' ਨੇ ਭਾਰਤ 'ਚ ਅਤਿਵਾਦ ਨੂੰ ਸ਼ਹਿ ਦੇਣ ਦੀਆਂ ਪਾਕਿਤਸਾਨ ਦੀਆਂ ਹਰਕਤਾਂ ਨੂੰ ਬੇਨਕਾਬ ਕਰ ਦਿੱਤਾ ਹੈ।

ਸ਼ਾਹ ਨੇ ਸੀਮਾ ਸੁਰੱਖਿਆ ਬਲ (ਬੀਐੱਸਐੱਫ) ਵੱਲੋਂ ਕਰਵਾਏ ਰੁਸਤਮਜੀ ਯਾਦਗਾਰੀ ਭਾਸ਼ਣ ਦੌਰਾਨ ਕਿਹਾ ਕਿ ਨੀਮ ਫੌਜੀ ਬਲ ਨੇ 'ਅਪਰੇਸ਼ਨ ਸਿੰਧੂਰ' ਦੌਰਾਨ ਆਪਣੀ ਸਮਰੱਥਾ ਸਾਬਿਤ ਕੀਤੀ ਅਤੇ ਪਾਕਿਸਤਾਨ ਦੇ ਨਾਪਾਕ ਮਨਸੂਬਿਆਂ 'ਤੇ ਨੱਥ ਪਾਈ। ਉਨ੍ਹਾਂ ਕਿਹਾ ਕਿ ਫੌਜ ਨੇ ਪਾਕਿਸਤਾਨ 'ਚ ਦਹਿਸ਼ਤੀ ਟਿਕਾਣਿਆਂ 'ਤੇ ਹਮਲੇ ਕੀਤੇ ਸਨ ਪਰ ਪਾਕਿਸਤਾਨੀ ਫੌਜ ਨੇ ਜਵਾਬ 'ਚ ਭਾਰਤ 'ਤੇ ਹਮਲਾ ਕਰਨ ਦੀ ਕੋਸ਼ਿਸ਼ ਕੀਤੀ।

# ਐਨਡੀਏ ਦੀ ਮੀਟਿੰਗ 'ਚ ਸੈਨਾਵਾਂ ਤੇ ਪ੍ਰਧਾਨ ਮੰਤਰੀ ਦੀ ਸ਼ਲਾਘਾ ਦਾ ਮਤਾ ਪਾਸ

## ਐਨਡੀਏ ਦੇ ਮੁੱਖ ਮੰਤਰੀਆਂ ਤੇ ਉਪ ਮੁੱਖ ਮੰਤਰੀਆਂ ਦੀ ਮੀਟਿੰਗ 'ਚ ਅਪਰੇਸ਼ਨ ਸਿੰਧੂਰ, ਜਾਤੀ ਜਨਗਣਨਾ ਤੇ ਹੋਰ ਮੁੱਦਿਆਂ 'ਤੇ ਚਰਚਾ








ਨਵੀਂ ਦਿੱਲੀ : ਕੌਮੀ ਜਮਹੂਰੀ ਗੱਠਜੋੜ (ਐਨਡੀਏ) ਦੇ ਮੁੱਖ ਮੰਤਰੀਆਂ ਅਤੇ ਉਪ ਮੁੱਖ ਮੰਤਰੀਆਂ ਦੀ ਮੀਟਿੰਗ ਵਿੱਚ ਹਥਿਆਰਬੰਦ ਸੈਨਾਵਾਂ ਦੀ ਬਹਾਦਰੀ ਅਤੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਦਲੇਰੀ ਭਰੀ ਅਗਵਾਈ ਦੀ ਸ਼ਲਾਘਾ ਵਾਲਾ ਮਤਾ ਪਾਸ ਕੀਤਾ ਗਿਆ।

ਸੂਤਰਾਂ ਨੇ ਦੱਸਿਆ ਕਿ ਸ਼ਿਵ ਸੈਨਾ ਨੇਤਾ ਅਤੇ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਏਕਨਾਥ ਸ਼ਿੰਦੇ ਵੱਲੋਂ ਪੇਸ਼ ਮਤੇ ਵਿੱਚ ਕਿਹਾ ਗਿਆ ਕਿ 'ਅਪਰੇਸ਼ਨ ਸਿੰਧੂਰ' ਨਾਲ ਭਾਰਤੀਆਂ ਦਾ ਆਤਮਵਿਸ਼ਵਾਸ ਵਧਿਆ ਹੈ। ਮਤੇ ਵਿੱਚ ਮੋਦੀ ਦੀ ਅਗਵਾਈ ਦੀ ਪ੍ਰਸ਼ੰਸ਼ਾ ਕਰਦਿਆਂ ਕਿਹਾ ਗਿਆ ਕਿ ਉਨ੍ਹਾਂ ਨੇ ਹਥਿਆਰਬੰਦ ਬਲਾਂ ਦਾ ਹਮੇਸ਼ਾ ਸਮਰਥਨ ਕੀਤਾ ਹੈ ਅਤੇ 'ਅਪਰੇਸ਼ਨ ਸਿੰਧੂਰ' ਨੇ ਦਹਿਸ਼ਤਗਰਦਾਂ ਅਤੇ ਉਨ੍ਹਾਂ ਦੀ ਪੁਸ਼ਤ-ਪਨਾਹੀ ਕਰਨ ਵਾਲਿਆਂ ਨੂੰ ਢੁੱਕਵਾਂ ਜਵਾਬ ਦਿੱਤਾ ਹੈ।

ਐਨਡੀਏ ਦੇ ਮੁੱਖ ਮੰਤਰੀਆਂ ਅਤੇ ਉਪ ਮੁੱਖ ਮੰਤਰੀਆਂ ਦੀ ਇੱਕ ਰੋਜ਼ਾ ਮੀਟਿੰਗ 'ਚ ਪ੍ਰਧਾਨ ਮੰਤਰੀ ਮੋਦੀ ਤੋਂ ਇਲਾਵਾ ਕੇਂਦਰੀ ਮੰਤਰੀ ਅਮਿਤ ਸ਼ਾਹ, ਰਾਜਨਾਥ ਸਿੰਘ ਅਤੇ ਜੇਪੀ ਨੱਢਾ ਵੀ ਸ਼ਾਮਲ ਹੋਏ। ਮੀਟਿੰਗ ਵਿੱਚ ਲਗਭਗ 19 ਮੁੱਖ ਮੰਤਰੀ ਅਤੇ ਕਈ ਉਪ ਮੁੱਖ ਮੰਤਰੀ ਮੌਜੂਦ ਸਨ।

ਇਹ ਮੀਟਿੰਗ ਕਰਵਾਉਣ ਵਾਲੀ ਭਾਜਪਾ ਨੇ ਕਿਹਾ ਕਿ 'ਅਪਰੇਸ਼ਨ ਸਿੰਧੂਰ', ਜਾਤੀ-ਅਧਾਰਤ ਜਨਗਣਨਾ, ਮੋਦੀ ਸਰਕਾਰ ਦੇ ਤੀਜੇ ਕਾਰਜਕਾਲ ਦੀ ਪਹਿਲੀ ਵਰ੍ਹੇਗੰਢ ਅਤੇ ਸੁਸ਼ਾਸਨ ਦੇ ਮੁੱਦੇ ਮੀਟਿੰਗ ਦੇ ਏਜੰਡੇ 'ਤੇ ਸਨ। ਇਸ ਮੀਟਿੰਗ 'ਚ ਵੱਖ-ਵੱਖ ਐਨਡੀਏ ਸ਼ਾਸਿਤ ਸੂਬਿਆਂ ਦੇ ਮੁੱਖ ਮੰਤਰੀਆਂ ਨੇ ਆਪਣੇ ਰਾਜਾਂ ਦੀਆਂ ਪ੍ਰਮੁੱਖ ਯੋਜਨਾਵਾਂ ਬਾਰੇ ਜਾਣਕਾਰੀ ਦਿੱਤੀ। ਮੀਟਿੰਗ ਦੌਰਾਨ 22 ਅਪਰੈਲ ਨੂੰ ਪਹਿਲਗਾਮ ਦਹਿਸ਼ਤੀ ਹਮਲੇ ਵਿੱਚ ਮਾਰੇ ਗਏ ਲੋਕਾਂ ਨੂੰ ਵੀ ਸ਼ਰਧਾਂਜਲੀ ਦਿੱਤੀ ਗਈ।

# ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਮੌਜੂਦਾ ਸੰਚਾਲਨ ਤਿਆਰੀ ਦਾ ਮੁਲਾਂਕਣ ਕਰਨ ਲਈ ਰੈੱਡ ਈਗਲ ਡਿਵੀਜ਼ਨ ਦਾ ਕੀਤਾ ਦੌਰਾ







ਪ੍ਰਯਾਗਰਾਜ : ਫੌਜ ਮੁਖੀ ਜਨਰਲ ਉਪੇਂਦਰ ਦਿਵੇਦੀ ਨੇ ਬੁੱਧਵਾਰ ਨੂੰ ਪ੍ਰਯਾਗਰਾਜ ਵਿੱਚ ਫਾਰਮੇਸ਼ਨ ਦੀ ਮੌਜੂਦਾ ਸੰਚਾਲਨ ਤਿਆਰੀ ਦਾ ਮੁਲਾਂਕਣ ਕਰਨ ਲਈ ਰੈੱਡ ਈਗਲ ਡਿਵੀਜ਼ਨ ਦਾ ਦੌਰਾ ਕੀਤਾ।




ਝਾਂਸੀ: ਮੰਗਲਵਾਰ ਨੂੰ ਝਾਂਸੀ ਦੇ ਬਾਬੀਨਾ ਫੀਲਡ ਫਾਇਰਿੰਗ ਰੇਂਜਾਂ ਵਿਖੇ ਸਵਦੇਸ਼ੀ ਯੂਏਐਸ, ਕਾਊਂਟਰ-ਯੂਏਐਸ ਅਤੇ ਲੋਇਟਰਿੰਗ ਹਥਿਆਰਾਂ ਦੇ ਪ੍ਰਦਰਸ਼ਨ ਦੌਰਾਨ ਇੱਕ ਸਮੂਹ ਤਸਵੀਰ ਵਿੱਚ ਫੌਜ ਦੇ ਜਵਾਨ।

# ਝਾਰਖੰਡ ਵਿੱਚ ਮੁਕਾਬਲੇ ਵਿੱਚ ਚੋਟੀ ਦਾ ਮਾਓਵਾਦੀ ਆਗੂ ਤੁਲਸੀ ਭੁਈਆਂ ਦੀ ਮੌਤ



ਪਲਾਮੂ (ਝਾਰਖੰਡ) : ਪਲਾਮੂ ਵਿੱਚ ਸੀਆਰਪੀਐਫ ਅਤੇ ਪਲਾਮੂ ਪੁਲਿਸ ਦੁਆਰਾ ਇੱਕ ਸਾਂਝੇ ਆਪ੍ਰੇਸ਼ਨ ਦੌਰਾਨ ਹੁਸੈਨਾਬਾਦ-ਪਾਂਡੂ ਸਰਹੱਦ 'ਤੇ ਸੁਰੱਖਿਆ ਬਲਾਂ ਨਾਲ ਮੁਕਾਬਲੇ ਵਿੱਚ ਮਾਓਵਾਦੀ ਆਗੂ ਤੁਲਸੀ ਭੁਈਆਂ ਮਾਰਿਆ ਗਿਆ।

# ਅਤਿਵਾਦ ਪਾਕਿਸਤਾਨ ਦੀ ਸੋਚੀ-ਸਮਝੀ ਜੰਗੀ ਰਣਨੀਤੀ: ਮੋਦੀ

## ਪਾਕਿਸਤਾਨ 'ਚ ਗ਼ੈਰ-ਸਰਕਾਰੀ ਤੇ ਸਰਕਾਰੀ ਤੱਤਾਂ ਵਿਚਾਲੇ ਫਰਕ ਕਰਨ ਤੋਂ ਕੀਤਾ ਇਨਕਾਰ; ਗੁਆਂਢੀ ਮੁਲਕ ਨੂੰ ਢੁੱਕਵਾਂ ਜਵਾਬ ਦੇਣ ਦਾ ਐਲਾਨ

ਗਾਂਧੀਨਗਰ : ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਅੱਜ ਕਿਹਾ ਕਿ ਪਾਕਿਸਤਾਨ ਦੀ ਸ਼ਹਿ ਪ੍ਰਾਪਤ ਅਤਿਵਾਦ ਕੋਈ ਲੁਕਵੀਂ ਜੰਗ ਨਹੀਂ ਬਲਕਿ ਇਹ ਸੋਚੀ-ਸਮਝੀ ਜੰਗੀ ਰਣਨੀਤੀ ਹੈ ਅਤੇ ਭਾਰਤ ਉਸੇ ਅਨੁਸਾਰ ਜਵਾਬ ਦੇਵੇਗਾ। ਪਾਕਿਸਤਾਨ 'ਚ ਗ਼ੈਰ-ਸਰਕਾਰੀ ਤੇ ਸਰਕਾਰੀ ਤੱਤਾਂ ਵਿਚਾਲੇ ਕੋਈ ਫਰਕ ਕਰਨ ਤੋਂ ਇਨਕਾਰ ਕਰਦਿਆਂ ਮੋਦੀ ਨੇ ਕਿਹਾ ਕਿ ਗੁਆਂਢੀ ਮੁਲਕ ਅਤਿਵਾਦ ਨੂੰ ਹਮਾਇਤ ਜਾਰੀ ਰੱਖਦਿਆਂ ਜੰਗ 'ਚ ਰੁੱਝਿਆ ਹੋਇਆ ਹੈ।



ਮੋਦੀ ਨੇ ਇੱਥੇ ਗੁਜਰਾਤ ਸਰਕਾਰ ਦੇ ਸ਼ਹਿਰੀ ਵਿਕਾਸ ਪ੍ਰੋਗਰਾਮ 'ਚ ਕਿਹਾ, 'ਵਸੂਧੈਵ ਕੁਟੁੰਬਕਮ ਸਾਡਾ ਸੰਸਕਾਰ ਹੈ। ਅਸੀਂ ਆਪਣੇ ਗੁਆਂਢੀਆਂ ਲਈ ਵੀ ਖੁਸ਼ੀ ਚਾਹੁੰਦੇ ਹਾਂ ਪਰ ਜੇ ਤੁਸੀਂ ਸਾਡੀ ਤਾਕਤ ਨੂੰ ਚੁਣੌਤੀ ਦੇਵੋਗੇ ਤਾਂ ਭਾਰਤ ਵੀ ਯੋਧਿਆਂ ਦੀ ਧਰਤੀ ਹੈ।' ਪ੍ਰਧਾਨ ਮੰਤਰੀ ਨੇ ਕਿਹਾ, 'ਅਸੀਂ ਇਸ ਨੂੰ ਲੁਕਵੀਂ ਜੰਗ ਨਹੀਂ ਕਹਿ ਸਕਦੇ ਕਿਉਂਕਿ 6 ਮਈ ਦੀ ਰਾਤ (ਪਾਕਿਸਤਾਨ 'ਚ ਅਤਿਵਾਦੀ ਕੈਂਪਾਂ 'ਤੇ ਭਾਰਤੀ ਹਮਲਿਆਂ 'ਚ) ਮਾਰੇ ਗਏ ਲੋਕਾਂ ਨੂੰ ਪਾਕਿਸਤਾਨ 'ਚ ਸਰਕਾਰੀ ਸਨਮਾਨ ਦਿੱਤਾ ਗਿਆ। ਉਨ੍ਹਾਂ ਦੇ ਤਾਬੂਤ ਪਾਕਿਸਤਾਨੀ ਝੰਡਿਆਂ 'ਚ ਲਪੇਟੇ ਗਏ ਅਤੇ ਸੈਨਾ ਨੇ ਉਨ੍ਹਾਂ ਨੂੰ ਸਲਾਮੀ ਦਿੱਤੀ।' ਉਨ੍ਹਾਂ ਕਿਹਾ, 'ਇਸ ਤੋਂ ਸਾਬਤ ਹੁੰਦਾ ਹੈ ਕਿ ਇਹ ਅਤਿਵਾਦੀ ਗਤੀਵਿਧੀਆਂ ਸਿਰਫ਼ ਲੁਕਵੀਂ ਜੰਗ ਨਹੀਂ ਹੈ ਸਗੋਂ ਉਨ੍ਹਾਂ ਦੀ ਸੋਚੀ-ਸਮਝੀ ਜੰਗੀ ਰਣਨੀਤੀ ਹੈ। ਜੇ ਉਹ ਜੰਗ 'ਚ ਸ਼ਾਮਲ ਹੁੰਦੇ ਹਨ ਤਾਂ ਜਵਾਬ ਵੀ ਉਸੇ ਤਰ੍ਹਾਂ ਦਿੱਤਾ ਜਾਵੇਗਾ।'

ਉਨ੍ਹਾਂ ਕਿਹਾ ਕਿ ਵਡੋਦਰਾ, ਦਾਹੋਦ, ਭੁਜ, ਅਹਿਮਦਾਬਾਦ ਤੇ ਗਾਂਧੀਨਗਰ ਦੀ ਆਪਣੀ ਯਾਤਰਾ ਦੌਰਾਨ ਉਨ੍ਹਾਂ 'ਅਪਰੇਸ਼ਨ ਸਿੰਧੂਰ' ਦੀ ਕਾਮਯਾਬੀ ਦੀ ਗੂੰਜ ਨਾਲ ਦੇਸ਼ ਭਗਤੀ ਦਾ ਜੋਸ਼ ਮਹਿਸੂਸ ਕੀਤਾ ਅਤੇ ਇਹ ਭਾਵਨਾ ਪੂਰੇ ਦੇਸ਼ 'ਚ ਦੇਖੀ ਜਾ ਸਕਦੀ ਹੈ। ਉਨ੍ਹਾਂ ਕਿਹਾ ਕਿ ਇੱਕ ਕੰਡਾ ਲਗਾਤਾਰ ਦਰਦ ਦੇ ਸਕਦਾ ਹੈ, ਫਿਰ ਭਾਵੇਂ ਸਰੀਰ ਕਿੰਨਾ ਵੀ ਮਜ਼ਬੂਤ ਕਿਉਂ ਨਾ ਹੋਵੇ। ਉਨ੍ਹਾਂ ਕਿਹਾ ਕਿ ਭਾਰਤ ਨੇ 'ਅਤਿਵਾਦ ਦੇ ਕੰਡੇ' ਨੂੰ ਕੱਢਣ ਦਾ ਮਨ ਬਣਾ ਲਿਆ ਹੈ। ਉਨ੍ਹਾਂ ਆਜ਼ਾਦੀ ਤੋਂ ਤੁਰੰਤ ਬਾਅਦ ਕਸ਼ਮੀਰ 'ਚ ਹੋਈ ਘੁਸਪੈਠ ਦਾ ਜ਼ਿਕਰ ਕਰਦਿਆਂ ਕਿਹਾ, 'ਸਾਨੂੰ 1947 'ਚ ਕਸ਼ਮੀਰ 'ਚ ਘੁਸਪੈਠ ਕਰਨ ਵਾਲੇ ਮੁਜਾਹਿਦੀਨਾਂ ਨੂੰ ਮਾਰ ਮੁਕਾਉਣਾ ਚਾਹੀਦਾ ਸੀ ਅਤੇ ਜੇ ਅਜਿਹਾ ਕੀਤਾ ਗਿਆ ਹੁੰਦਾ ਤਾਂ ਮੌਜੂਦਾ ਸਥਿਤੀ ਪੈਦਾ ਨਾ ਹੁੰਦੀ।' ਉਨ੍ਹਾਂ ਕਿਹਾ ਕਿ ਉਸ ਸਮੇਂ ਸਰਦਾਰ ਪਟੇਲ ਦੀ ਰਾਏ ਸੀ ਕਿ ਸੈਨਾ ਨੂੰ ਉਦੋਂ ਤੱਕ ਨਹੀਂ ਰੁਕਣਾ ਚਾਹੀਦਾ ਜਦੋਂ ਤੱਕ ਮਕਬੂਜ਼ਾ ਕਸ਼ਮੀਰ 'ਤੇ ਮੁੜ ਕਬਜ਼ਾ ਨਹੀਂ ਕਰ ਲਿਆ ਜਾਂਦਾ ਪਰ ਉਨ੍ਹਾਂ ਦੀ ਸਲਾਹ 'ਤੇ ਧਿਆਨ ਨਹੀਂ ਦਿੱਤਾ ਗਿਆ।

### ਸੁਣ ਝੰਡਿਆ ਤਿੰਨ ਰੰਗਿਆ ਤੇਰੀਆਂ ਠੰਡੀਆਂ ਛਾਵਾਂ ਦੇਸ਼ ਦੇ ਉੱਤੇ ਝੁਲਦਾ ਰਹੇ ਤੇਰਾ ਪ੍ਰਛਾਵਾਂ

# ਸਿੱਖਾਂ ਅਤੇ ਮੁਸਲਮਾਨਾਂ ਨੇ ਖਾਲਸਾ ਤਿਰੰਗਾ ਯਾਤਰਾ ਰੈਲੀ ਵਿੱਚ ਲਿਆ ਹਿੱਸਾ









ਨਵੀਂ ਦਿੱਲੀ : ਪੂਰੇ ਭਾਰਤ ਵਿੱਚ, ਆਪ੍ਰੇਸ਼ਨ ਸਿੰਦੂਰ ਤੋਂ ਬਾਅਦ ਭਾਰਤੀ ਹਥਿਆਰਬੰਦ ਸੈਨਾਵਾਂ ਦੇ ਸਨਮਾਨ ਲਈ ਖਾਲਸਾ ਤਿਰੰਗਾ ਯਾਤਰਾ ਦੇ ਹਿੱਸੇ ਵਜੋਂ ਸਿੱਖਾਂ ਨੇ ਤਾਲਕਟੋਰਾ ਤੋਂ ਕਰਤਵਯ ਮਾਰਗ ਤੱਕ ਇੱਕ ਬਾਈਕ ਰੈਲੀ ਵਿੱਚ ਹਿੱਸਾ ਲਿਆ। ਭਾਰਤੀ ਹਥਿਆਰਬੰਦ ਸੈਨਾਵਾਂ ਦੇ ਸਨਮਾਨ ਵਿੱਚ ਸਿੱਖ ਨੌਜਵਾਨਾਂ ਵੱਲੋਂ ਖ਼ਾਲਸਾ ਤਿਰੰਗਾ ਯਾਤਰਾ ਕੱਢੀ ਗਈ ਜਿਸ ਦਾ ਪ੍ਰਬੰਧ ਭਾਜਪਾ ਆਗੂ ਮਨਜਿੰਦਰ ਸਿੰਘ ਸਿਰਸਾ ਨੇ ਕੀਤਾ ਅਤੇ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਕਈ ਆਗੂ ਵੀ ਸ਼ਾਮਲ ਹੋਏ।

ਇੱਥੋਂ ਦੇ ਤਾਲਕਟੋਰਾ ਸਟੇਡੀਅਮ ਤੋਂ ਤਿਰੰਗਾ ਯਾਤਰਾ ਨੂੰ ਮੁੱਖ ਮੰਤਰੀ ਰੇਖਾ ਗੁਪਤਾ ਨੇ ਹਰੀ ਝੰਡੀ ਦੇ ਕੇ ਰਵਾਨਾ ਕੀਤਾ ਅਤੇ ਯਾਤਰਾ ਕਰਤੱਵਿਆ ਮਾਰਗ ਤੋਂ ਹੁੰਦੀ ਹੋਈ ਸਮਾਪਤ ਹੋਈ। ਯਾਤਰਾ ਵਿੱਚ ਮੋਟਰਸਾਈਕਲ ਸਵਾਰ ਨੌਜਵਾਨ ਸ਼ਾਮਲ ਹੋਏ ਅਤੇ ਉਨ੍ਹਾਂ ਨੂੰ ਮੋਟਰਸਾਈਕਲਾਂ 'ਤੇ ਤਿਰੰਗਾ ਲੈ ਕੇ ਅਤੇ ਦੇਸ਼ ਭਗਤੀ ਦੇ ਨਾਅਰੇ ਲਗਾਉਂਦੇ ਦੇਖਿਆ ਗਿਆ। ਕਈ ਨੌਜਵਾਨਾਂ ਨੇ ਭਗਵੀਆਂ ਪੱਗਾਂ ਬੰਨ੍ਹੀਆਂ ਹੋਈਆਂ ਸਨ।

ਮੁੱਖ ਮੰਤਰੀ ਤੋਂ ਇਲਾਵਾ ਉਨ੍ਹਾਂ ਦੇ ਕੈਬਨਿਟ ਸਾਥੀ ਮਨਜਿੰਦਰ ਸਿੰਘ ਸਿਰਸਾ ਅਤੇ ਆਸ਼ੀਸ਼ ਸੂਦ ਵੀ ਯਾਤਰਾ ਵਿੱਚ ਸ਼ਾਮਲ ਹੋਏ। ਮਨਜਿੰਦਰ ਸਿੰਘ ਸਿਰਸਾ ਨੇ ਕਿਹਾ ਕਿ ਸਾਡੇ ਫੌਜੀ ਪਾਕਿਸਤਾਨ ਵਿੱਚ ਦਾਖਲ ਹੋਏ ਅਤੇ ਅਤਿਵਾਦੀ ਟਿਕਾਣਿਆਂ ਨੂੰ ਤਬਾਹ ਕਰ ਦਿੱਤਾ। ਅਸੀਂ ਇਨ੍ਹਾਂ ਬਹਾਦਰ ਸੈਨਿਕਾਂ ਦੀਆਂ ਮਾਵਾਂ ਨੂੰ ਸਲਾਮ ਕਰਦੇ ਹਾਂ ਅਤੇ ਮੱਥਾ ਟੇਕਦੇ ਹਾਂ। ਸਿਰਸਾ ਵੱਲੋਂ ਕਾਂਗਰਸ ਦੇ ਆਗੂ ਰਾਹੁਲ ਗਾਂਧੀ ਦੀ ਆਲੋਚਨਾ ਵੀ ਕੀਤੀ ਗਈ।













# ਭਾਰਤ ਦੀ ਅਜ਼ਾਦੀ ਦੇ 77 ਸਾਲ ਬਾਅਦ ਵੀ ਗਰੀਬਾਂ ਨੂੰ ਪੈਰਾਂ 'ਚ ਪਾਉਣ ਲਈ ਅਜੇ ਚੱਪਲਾਂ ਵੀ ਨਹੀਂ ਜੁੜੀਆਂ





ਅਗਰਤਲਾ ਦੇ ਦੁਰਗਾਬਾਰੀ ਟੀ ਅਸਟੇਟ ਵਿਖੇ ਚਾਹ ਬਾਗ਼ ਦੇ ਕਾਮੇ ਇੱਕ ਚਾਹ ਬਾਗ਼ ਤੋਂ ਤਾਜ਼ੇ ਚਾਹ ਪੱਤੇ ਤੋੜਦੇ ਹੋਏ।

# ਐਸ. ਜੈਸ਼ੰਕਰ ਜਰਮਨੀ ਵਿੱਚ ਭਾਰਤੀ ਭਾਈਚਾਰੇ ਨਾਲ ਮੁਲਾਕਾਤ




ਜਰਮਨੀ: ਵਿਦੇਸ਼ ਮੰਤਰੀ ਐਸ ਜੈਸ਼ੰਕਰ ਨੇ ਜਰਮਨ ਸੰਸਦ ਮੈਂਬਰਾਂ ਨਾਲ ਕੀਤੀ ਗੱਲਬਾਤ ਕੀਤੀ। ਭਾਰਤ-ਜਰਮਨੀ ਸਬੰਧਾਂ ਦੇ ਨਿਰੰਤਰ ਵਿਕਾਸ ਲਈ ਉਨ੍ਹਾਂ ਦੇ ਮਜ਼ਬੂਤ ਸਮਰਥਨ ਦੀ ਸ਼ਲਾਘਾ ਵੀ ਕੀਤੀ।

# 'ਆਪ੍ਰੇਸ਼ਨ ਸੰਧੂਰ' ਦੌਰਾਨ ਜਵਾਬੀ ਕਾਰਵਾਈ 'ਚ 76 ਪਾਕਿ ਚੌਕੀਆਂ, 42 ਐਫ.ਡੀ.ਐਲ. ਨੂੰ ਬਣਾਇਆ ਨਿਸ਼ਾਨਾ : ਬੀ.ਐਸ.ਐਫ.

## ਤਿੰਨ ਅੱਤਵਾਦੀ ਟਿਕਾਣੇ ਕੀਤੇ ਤਬਾਹ

ਜੰਮੂ : ਸੀਮਾ ਸੁਰੱਖਿਆ ਬਲ (ਬੀ.ਐਸ.ਐਫ.) ਨੇ ਮੰਗਲਵਾਰ ਨੂੰ ਕਿਹਾ ਕਿ ਉਸ ਨੇ ਆਪ੍ਰੇਸ਼ਨ ਸੰਧੂਰ ਦੌਰਾਨ ਜੰਮੂ ਫਰੰਟੀਅਰ 'ਤੇ ਅੰਤਰਰਾਸ਼ਟਰੀ ਸਰਹੱਦ ਦੇ ਨਾਲ ਪਾਕਿਸਤਾਨੀ ਰੇਂਜਰਾਂ ਵਲੋਂ ਬਿਨਾਂ ਭੜਕਾਹਟ ਦੇ ਕੀਤੀ ਗੋਲੀਬਾਰੀ ਦੇ ਸਖ਼ਤ ਜਵਾਬ ਵਿਚ 76 ਪਾਕਿਸਤਾਨੀ ਸਰਹੱਦੀ ਚੌਕੀਆਂ ਅਤੇ 42 ਫਾਰਵਰਡ ਡਿਫੈਂਸ ਟਿਕਾਣਿਆਂ (ਐਫ.ਡੀ.ਐਲ.) ਨੂੰ ਨਿਸ਼ਾਨਾ ਬਣਾਇਆ ਅਤੇ ਤਿੰਨ ਅੱਤਵਾਦੀ ਲਾਂਚਪੈਡਾਂ (ਟਿਕਾਣਿਆਂ) ਨੂੰ ਤਬਾਹ ਕਰ ਦਿੱਤਾ। ਅਧਿਕਾਰੀਆਂ ਨੇ ਕਿਹਾ ਕਿ ਪਾਕਿਸਤਾਨ ਵਲੋਂ 60 ਭਾਰਤੀ ਚੌਕੀਆਂ ਅਤੇ 49 ਅਗਲੇ ਸੁਰੱਖਿਆ ਟਿਕਾਣਿਆਂ 'ਤੇ ਭਾਰੀ ਗੋਲਾਬਾਰੀ ਕਰਨ ਤੋਂ ਬਾਅਦ ਬੀ.ਐਸ.ਐਫ. ਨੇ ਇਹ ਕਾਰਵਾਈ ਕੀਤੀ। ਉਨ੍ਹਾਂ ਕਿਹਾ ਕਿ ਪਾਕਿ ਗੋਲੀਬਾਰੀ ਦੌਰਾਨ 40-50 ਅੱਤਵਾਦੀਆਂ ਦੀ ਘੁਸਪੈਠ ਦੀ ਕੋਸ਼ਿਸ਼ ਦੀ ਤਾਕ 'ਚ ਸੀ। ਬੀ.ਐਸ.ਐਫ. ਦੇ ਡੀ.ਆਈ.ਜੀ. ਚਿੱਤਰਪਾਲ ਸਿੰਘ ਨੇ ਇਥੇ ਪੱਤਰਕਾਰਾਂ ਨੂੰ ਦੱਸਿਆ ਕਿ ਪਾਕਿਸਤਾਨ ਨੇ ਸਾਡੀਆਂ 60 ਸਰਹੱਦੀ ਚੌਕੀਆਂ ਤੇ 49 ਫਾਰਵਰਡ ਡਿਫੈਂਸ ਟਿਕਾਣਿਆਂ 'ਤੇ ਗੋਲੀਬਾਰੀ ਕੀਤੀ, ਜਿਸ ਦੇ ਜਵਾਬ ਵਿਚ ਅਸੀਂ ਉਨ੍ਹਾਂ ਦੀਆਂ 76 ਚੌਕੀਆਂ ਅਤੇ 42 ਫਾਰਵਰਡ ਡਿਫੈਂਸ ਟਿਕਾਣਿਆਂ 'ਤੇ ਗੋਲੀਬਾਰੀ ਕੀਤੀ। ਉਨ੍ਹਾਂ ਨੇ ਕਿਹਾ ਕਿ ਸੁੰਦਰਬਨੀ ਸੈਕਟਰ ਨੇੜੇ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ.ਐਸ.ਆਈ.) ਦੁਆਰਾ ਚਲਾਏ ਜਾ ਰਹੇ ਇਕ ਮੁੱਖ ਅੱਤਵਾਦੀ ਟਿਕਾਣੇ ਨੂੰ ਤਬਾਹ ਕਰ ਦਿੱਤਾ ਗਿਆ ਹੈ। ਬੀ.ਐਸ.ਐਫ. ਜੰਮੂ ਫਰੰਟੀਅਰ ਦੇ ਆਈ.ਜੀ. ਸ਼ਸ਼ਾਂਕ ਆਨੰਦ ਨੇ ਕਿਹਾ ਕਿ ਖੁਫੀਆ ਜਾਣਕਾਰੀਆਂ ਨੇ ਪੁਸ਼ਟੀ ਕੀਤੀ ਹੈ ਕਿ ਕਈ ਅੱਤਵਾਦੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਗਿਆ ਹੈ ਅਤੇ ਮਿੱਥ ਕੇ ਕੀਤੇ ਹਮਲਿਆਂ ਦੌਰਾਨ ਅੱਤਵਾਦੀਆਂ ਅਤੇ ਪਾਕਿਸਤਾਨੀ ਰੇਂਜਰਾਂ 'ਚੋਂ ਕਈ ਮੌਤਾਂ ਹੋਈਆਂ ਹਨ। ਉਨ੍ਹਾਂ ਕਿਹਾ ਕਿ 9-10 ਮਈ ਦੀ ਰਾਤ ਨੂੰ ਇਕ ਵਿਸ਼ੇਸ਼ ਹਥਿਆਰ ਪ੍ਰਣਾਲੀ ਦੀ ਵਰਤੋਂ ਕਰਕੇ 'ਚਿਕਨ ਨੇਕ' ਖੇਤਰ ਸਾਹਮਣੇ ਇਕ ਲਸ਼ਕਰ-ਏ-ਤਾਇਬਾ ਦੇ ਟਿਕਾਣੇ ਨੂੰ ਬੇਅਸਰ ਕਰ ਦਿੱਤਾ ਗਿਆ ਸੀ ਅਤੇ ਲੋਨੀ, ਮਸਤਪੁਰ ਅਤੇ ਛਾਬੜਾ ਵਿਚ ਤਿੰਨ ਅੱਤਵਾਦੀ ਟਿਕਾਣੇ ਤਬਾਹ ਕਰ ਦਿੱਤੇ ਗਏ।



# ਕਰਨਲ ਸਰਫਰਾਜ਼ ਸਿੰਘ, 4 ਭਾਰਤੀ, 3 ਨੇਪਾਲੀ ਫੌਜ ਦੇ ਜਵਾਨ, ਮਾਊਂਟ ਕੰਚਨਜੰਗਾ (8586 ਮੀਟਰ) ਦੀ ਕੀਤੀ ਚੜ੍ਹਾਈ






ਨੇਪਾਲ : ਕਰਨਲ ਸਰਫਰਾਜ਼ ਸਿੰਘ, ਚਾਰ ਭਾਰਤੀ ਫੌਜ ਅਤੇ ਤਿੰਨ ਨੇਪਾਲੀ ਫੌਜ ਦੇ ਜਵਾਨਾਂ ਦੇ ਨਾਲ, ਸੋਮਵਾਰ ਨੂੰ ਮਾਊਂਟ ਕੰਚਨਜੰਗਾ (8586 ਮੀਟਰ) ਦੀ ਚੜ੍ਹਾਈ ਕੀਤੀ।

30 ਮਈ, 1606 ਸ਼ਹਾਦਤ ਪੁਰਬ 'ਤੇ ਵਿਸ਼ੇਸ਼

# ਗੁਰੂ ਅਰਜਨ ਦੇਵ ਸਾਹਿਬ ਜੀ ਦੀ ਸ਼ਹਾਦਤ



ਜਿਸਨੇ ਆਪਣੇ ਸੁਆਰਥ ਤੋਂ ਪਰੇ ਹੋ ਕੇ ਸੱਚਾਈ ਪਰਉਪਕਾਰ ਤੇ ਕੌਮੀ ਆਨ-ਸ਼ਾਨ ਦੇ ਲਈ ਆਪਣਾ ਵਾਰ ਦਿੱਤਾ ਹੋਵੇ, ਉਸਨੂੰ ਸ਼ਹੀਦ ਕਿਹਾ ਜਾਂਦਾ ਹੈ। ਆਪਣੇ ਉਚੇ ਆਦਰਸ਼ ਤੇ ਪਹਿਰਾ ਦਿੰਦਾ ਹੋਇਆ ਉਹ ਇਕ ਚਾਨਣ ਮੁਨਾਰਾ ਹੈ ਜੋ ਦੀਨ ਹੀਨ, ਗੁਲਾਮੀ ਵਿਚ ਫਸੇ ਲੋਕਾਂ ਨੂੰ ਨਿਰਭੈਤਾ ਦਾ ਰਾਹ ਦੱਸਕੇ ਅਜ਼ਾਦੀ ਤੱਕ ਪਹੁੰਚਾਉਂਦਾ ਹੈ। ਗੁਰਬਾਣੀ ਵਿਚ ਸਮਝਾਇਆ ਹੈ ਕਿ :

ਜੋ ਮਨੁੱਖ ਇਸ ਜਗਤ ਰੂਪ ਰਣ-ਭੂਮੀ ਵਿਚ ਦਲੇਰ ਹੋ ਕੇ ਵਿਕਾਰਾਂ ਦੇ ਟਾਕਰੇ 'ਤੇ ਅੜ ਖਲੋਤਾ ਹੈ, ਤੇ ਇਹ ਸਮਝਦਾ ਹੈ ਕਿ ਇਹ ਮਨੁੱਖਾ-ਜੀਵਨ ਹੀ ਮੌਕਾ ਹੈ ਜਦੋਂ ਇਨ੍ਹਾਂ ਨਾਲ ਲੜਿਆ ਜਾ ਸਕਦਾ ਹੈ। ਉਹ ਅਸਲ ਸੂਰਮਾ ਹੈ। ਉਸਦੇ ਦਸਮ-ਦੁਆਰ ਵਿਚ ਧੌਂਸਾ ਵੱਜਦਾ ਹੈ। ਉਸਦੇ ਨਿਸ਼ਾਨੇ 'ਚ ਚੋਟ ਪੈਂਦੀ ਹੈ। ਭਾਵ ਉਸਦਾ ਮਨ ਪ੍ਰਭੂ ਚਰਨਾਂ ਵਿਚ ਉਚੀਆਂ ਉਡਾਰੀਆਂ ਲਾਉਂਦਾ ਹੈ। ਜਿਥੇ ਕਿਸੇ ਵਿਕਾਰ ਦੀ ਸੁਣਾਈ ਹੀ ਨਹੀਂ ਹੋ ਸਕਦੀ। ਉਸਦੇ ਹਿਰਦੇ ਵਿਚ ਪ੍ਰਭੂ-ਚਰਨਾਂ ਵਿਚ ਜੁੜੇ ਰਹਿਣ ਦੀ ਧੂਹ ਪੈਂਦੀ ਹੈ।

ਹਾਂ, ਇਕ ਹੋਰ ਭੀ ਸੂਰਮਾ ਹੈ। ਉਸ ਮਨੁੱਖ ਨੂੰ ਭੀ ਸੂਰਮਾ ਹੀ ਸਮਝਣਾ ਚਾਹੀਦਾ ਹੈ, ਜੋ ਗਰੀਬਾਂ ਵਾਸਤੇ ਲੜਦਾ ਹੈ। ਟੋਟੇ ਟੋਟੇ ਹੋ ਮਰਦਾ ਹੈ। ਪਰ ਲੜਾਈ ਦਾ ਮੈਦਾਨ ਕਦੇ ਨਹੀਂ ਛੱਡਦਾ। ਪਿਛਾਂਹ ਪੈਰ ਨਹੀਂ ਹਟਾਉਂਦਾ। ਆਪਣੀ ਜਿੰਦ ਬਚਾਉਣ ਲਈ ਗਰੀਬ ਦੀ ਫੜੀ ਹੋਈ ਬਾਂਹ ਨਹੀਂ ਛੱਡਦਾ- ਅੰਗ 1105

ਸਿੱਖ ਇਤਿਹਾਸ ਕੁਰਬਾਨੀਆਂ ਅਤੇ ਸ਼ਹਾਦਤਾਂ ਦੀ ਤਰਜਮਾਨੀ ਕਰਦਾ ਹੈ। ਗੁਰੂ ਗ੍ਰੰਥ ਸਾਹਿਬ ਪ੍ਰਤੀ ਨਿਸ਼ਠਾ ਸ਼ਰਧਾ ਕਰਕੇ ਸਿੰਘਾਂ ਨੇ ਕੁਰਬਾਨੀਆਂ ਦਿੱਤੀਆਂ। ਸਿੱਖ ਧਰਮ ਦਾ ਨਿਸ਼ਾਨਾ ਮਨੁੱਖ ਨੂੰ ਪੂਰਨ ਅਜ਼ਾਦੀ ਦੇਣਾ ਹੈ। ਗੁਰੂ ਨਾਨਕ ਦੇਵ ਸਾਹਿਬ ਜੀ ਨੇ ਸਮੇਂ ਦੀਆਂ ਪ੍ਰਚਲਿਤ ਧਾਰਮਿਕ, ਸਮਾਜਿਕ ਅਤੇ ਰਾਜਨੀਤਕ ਕੁਰੀਤੀਆਂ ਦੀ ਨਿਖੇਧੀ ਕਰਕੇ, ਵਹਿਮਾਂ-ਭਰਮਾਂ ਦਾ ਵਿਰੋਧ ਕਰਕੇ ਸਾਵੀਂ-ਪੱਧਰੀ ਜੀਵਨ ਜਾਂਚ ਸਿਖਾਈ। ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ ਵਿਚ ਕੇਵਲ ਅਧਿਆਤਮਕ ਉਚਾਈਆਂ ਹੀ ਨਹੀਂ, ਸਗੋਂ ਬੜੀ ਪ੍ਰਬਲ ਸਮਾਜੀ ਅਤੇ ਰਾਜਸੀ ਚੇਤਨਾ ਵੀ ਵਿਦਮਾਨ ਹੈ ਜੋ ਕ੍ਰਾਂਤੀਕਾਰੀ ਪ੍ਰੇਰਣਾ ਪ੍ਰਦਾਨ ਕਰਦੀ ਹੈ। ਜਿਸ ਨਾਲ ਸਿੱਖ ਧਰਮ ਦੇ ਪ੍ਰਚਾਰ ਦੀ ਵੱਧ ਰਹੀ ਲਹਿਰ ਨੇ ਹਿਦੂਆਂ ਅਤੇ ਮੁਸਲਮਾਨਾਂ ਨੂੰ ਵੀ ਸਿੱਖ ਧਰਮ ਵਿਚ ਆਉਣ ਲਈ ਪ੍ਰੇਰਿਆ। ਜੋ ਕਿ ਕੱਟੜ ਸ਼ਰਈ ਮੁਸਲਮਾਨਾਂ ਲਈ ਦੁਖਦਾਇਕ ਸੀ। ਉਨ੍ਹਾਂ ਨੇ ਮੁਗਲ ਬਾਦਸ਼ਾਹ ਅਕਬਰ ਦੇ ਵੇਲੇ ਗੁਰੂ ਸਾਹਿਬ ਵਿਰੁੱਧ ਧਾਰਮਿਕ ਈਰਖਾ ਦੀਆਂ ਸ਼ਿਕਾਇਤਾਂ ਲਾਈਆਂ। ਪਰ ਬਾਦਸ਼ਾਹ ਨੂੰ ਸਿੱਖੀ ਦੇ ਅਸੂਲਾਂ, ਰਹਿਤ ਮਰਯਾਦਾ ਤੇ ਸਿੱਖੀ ਦੇ ਪ੍ਰਚਾਰ ਢੰਗ ਉਪਰੰਤ ਲੰਗਰਾਂ ਦੀ ਸੇਵਾ ਅਤੇ ਪ੍ਰਬੰਧ ਵਿਚ ਕੁਝ ਵੀ ਅਯੋਗ ਨਹੀਂ ਸੀ ਦਿੱਸਿਆ। ਬਾਦਸ਼ਾਹ ਨੇ ਸਗੋਂ ਸਿੱਖ ਧਰਮ ਲਈ ਸੇਵਾ ਅਤੇ ਸ਼ਰਧਾ ਪ੍ਰਗਟ ਕੀਤੀ।

ਬਾਦਸ਼ਾਹ ਅਕਬਰ ਦੀ 17 ਅਕਤੂਬਰ 1605 ਵਿਚ ਆਗਰੇ ਵਿਖੇ ਮੌਤ ਹੋ ਗਈ। ਸ਼ੇਖ ਅਹਿਮਦ ਸਰਹਿੰਦੀ ਜਿਹੇ ਜਨੂੰਨੀ ਮੁਸਲਮਾਨਾਂ ਨੇ ਜਹਾਂਗੀਰ ਨੂੰ ਰਾਜ ਗੱਦੀ 'ਤੇ ਬਿਠਾਇਆ। ਬਾਦਸ਼ਾਹ ਦੇ ਕੰਨ ਭਰੇ ਕਿ ਸਿੱਖੀ ਦੀ ਲਹਿਰ ਨੂੰ ਖਤਮ ਕਰਨਾ ਚਾਹੀਦਾ ਹੈ। ਇਹ ਮੁਗਲ ਸਾਮਰਾਜ ਲਈ ਖਤਰਾ ਹੈ। ਇਸ ਵਿਚ ਪ੍ਰਿਥੀ ਚੰਦ, ਚੰਦੂ ਤੇ ਬੀਰਬਲ ਨੇ ਵੀ ਜਹਾਂਗੀਰ ਨੂੰ ਭੜਕਾਇਆ।

ਬਾਦਸ਼ਾਹ ਜਹਾਂਗੀਰ ਗੁਰੂ ਜੀ ਨਾਲ ਟੱਕਰ ਲੈਣ ਦੇ ਬਹਾਨੇ ਢੂੰਡਣ ਲੱਗਾ। ਸ਼ੇਖ ਅਹਿਮਦ ਸਰਹਿੰਦੀ ਨੇ ਸਾਜ਼ਿਸ਼ ਅਧੀਨ ਕਿਹਾ ਕਿ ਗੁਰੂ ਗ੍ਰੰਥ ਸਾਹਿਬ ਇਸਲਾਮ ਵਿਰੁੱਧ ਲਿਖਿਆ ਹੈ। ਇਸ ਲਈ ਗੁਰੂ ਗ੍ਰੰਥ ਸਾਹਿਬ ਵਾਚਣ ਲਈ ਗੁਰੂ ਜੀ ਨੂੰ ਤਲਬ ਕੀਤਾ ਗਿਆ। ਜਦੋਂ ਗ੍ਰੰਥ ਵਿਚ ਕੁਝ ਵੀ ਵਿਰੋਧ ਵਿਚ ਦਰਜ ਨਾ ਮਿਲਿਆ ਤਾਂ ਗ੍ਰੰਥ ਵਿਚ ਇਸਲਾਮ ਦੀ ਤਾਰੀਫ਼ ਵਿਚ ਦਰਜ ਕਰਨ 'ਤੇ ਜ਼ੋਰ ਦਿੱਤਾ ਗਿਆ। ਗੁਰੂ ਜੀ ਨੇ ਅਜਿਹਾ ਕਰਨ ਦੀ ਪੁਰਜ਼ੋਰ ਨਾਂਹ ਕਰ ਦਿੱਤੀ। ਤਦ ਇਸਲਾਮ ਵਿਰੁੱਧ ਪ੍ਰਚਾਰ ਕਰਨ ਅਤੇ ਬਾਦਸ਼ਾਹ ਦੀ ਹੇਠੀ ਕਰਨ ਦਾ ਦੋਸ਼ ਲਾਇਆ। ਇਸ 'ਤੇ ਬਾਦਸ਼ਾਹ ਨੇ ਦੋ ਲੱਖ ਦਾ ਜੁਰਮਾਨਾ ਲਾਇਆ। ਗੁਰੂ ਜੀ ਨੇ ਸੰਗਤਾਂ ਨੂੰ



ਪ੍ਰਮਿੰਦਰ ਸਿੰਘ 'ਪ੍ਰਵਾਨਾ'
ਕੈਲੀਫੋਰਨੀਆ
ਯੂ.ਐਸ.ਏ.)

ਜੁਰਮਾਨਾ ਅਦਾ ਕਰਨ ਤੋਂ ਮਨਾ ਕਰ ਦਿੱਤਾ।

ਦੂਸਰਾ 6 ਅਪ੍ਰੈਲ 1606 ਨੂੰ ਖੁਸਰੋ ਨੇ ਰਾਜ ਗੱਦੀ ਲਈ ਬਗਾਵਤ ਕਰ ਦਿੱਤੀ। ਖੁਸਰੋ ਆਗਰੇ ਤੋਂ ਪੰਜਾਬ ਵੱਲ ਵਧਿਆ। ਉਸਦਾ ਪਿੱਛਾ ਕਰਦਾ ਜਹਾਂਗੀਰ ਸੁਲਤਾਨਪੁਰ, ਗੋਇੰਦਵਾਲ ਤਰਨ ਤਾਰਨ ਹੁੰਦਾ ਹੋਇਆ ਲਾਹੌਰ ਪੁੱਜਾ। ਰਾਹ ਵਿਚ ਉਹ ਲੋਕਾਂ ਨੂੰ ਸਜ਼ਾਵਾਂ ਦਿੰਦਾ ਆਇਆ, ਜਿਨ੍ਹਾਂ ਨੇ ਖੁਸਰੋ ਦੀ ਕਿਸੇ ਪ੍ਰਕਾਰ ਦੀ ਹਮਦਰਦੀ ਜਾ ਮਦਦ ਕੀਤੀ ਸੀ। ਉਸਨੇ ਗੁਰੂ ਜੀ 'ਤੇ ਦੋਸ਼ ਲਾਇਆ ਕਿ ਉਨ੍ਹਾਂ ਖੁਸਰੋ ਦੀਆਂ ਫੌਜਾਂ ਦੀ ਲੰਗਰ ਪਾਣੀ ਨਾਲ ਸੇਵਾ ਕੀਤੀ ਹੈ। ਗੁਰੂ ਜੀ ਨੇ ਸਮਝਾਇਆ ਕਿ ਖੁਸਰੋ ਅਤੇ ਫੌਜਾਂ ਨੇ ਗੋਂਦਵਾਲ ਪ੍ਰਸ਼ਾਦਾ ਜ਼ਰੂਰ ਛੱਕਿਆ ਸੀ ਪਰ ਮੈਂ ਖੁਦ ਉਸ ਵੇਲੇ ਤਰਨ ਤਾਰਨ ਵਿਖੇ ਸੀ। ਪਰ ਗੁਰੂ ਘਰ ਵਿਚ ਪ੍ਰਸ਼ਾਦਾ ਛੱਕਣ ਕੋਈ ਵੀ ਕਿਸੇ ਵੇਲੇ ਆ ਸਕਦਾ ਹੈ, ਇਥੇ ਕਦੇ ਭਾਵ ਨਹੀਂ ਹੋਇਆ। ਅੱਗੇ ਦੋਸ਼ ਲਾਉਂਦਿਆਂ ਕਿਹਾ ਕਿ ਗੁਰੂ ਜੀ ਨੇ ਉਸਦੇ ਮੱਥੇ 'ਤੇ ਤਿਲਕ ਲਗਾਇਆ ਕਿ ਖੁਸਰੋ ਜਹਾਂਗੀਰ ਦਾ ਟਾਕਰਾ ਕਰ ਸਕੇ ਅਤੇ ਤਖਤ ਹਾਸਲ ਕਰਨ ਲਈ ਅਸ਼ੀਰਵਾਦ ਵੀ ਦਿੱਤਾ। ਵਿਰੋਧੀਆਂ ਨੇ ਬਾਦਸ਼ਾਹ ਨੂੰ ਭੜਕਾਇਆ ਕਿ ਖੁਸਰੋ ਦੇ ਹਮਾਇਤੀਆਂ ਦੀ ਤਰ੍ਹਾਂ ਗੁਰੂ ਜੀ ਨੂੰ ਵੀ ਖੌਫ਼ਨਾਕ ਕਸ਼ਟ ਦੇ ਕੇ ਸ਼ਹੀਦ ਕਰ ਦਿੱਤਾ ਜਾਵੇ।

ਬਾਦਸ਼ਾਹ ਜਹਾਂਗੀਰ ਨੇ ਪੱਕਾ ਇਰਾਦਾ ਕਰ ਲਿਆ ਕਿ ਜਾਂ ਤਾਂ ਗੁਰੂ ਜੀ ਨੂੰ ਮੁਸਲਮਾਨ ਬਣਾਇਆ ਜਾਵੇ ਜਾਂ ਉਨ੍ਹਾਂ ਨੂੰ ਸ਼ਹੀਦ ਕੀਤਾ ਜਾਵੇ। ਆਪਣੀ ਸ੍ਵੈਜੀਵਨੀ (ਤੌਜ਼ਕਿ ਜਹਾਂਗੀਰੀ) ਵਿਚ 6 ਜੂਨ 1606 ਨੂੰ ਇਵੇਂ ਬਿਆਨ ਕੀਤਾ ਹੈ ਕਿ: ਬਿਆਸ ਦਰਿਆ ਦੇ ਕੰਢੇ ਇਕ ਅਰਜਨ ਨਾਉਂ ਦਾ ਹਿੰਦੂ, ਸੰਤ ਅਤੇ ਰੂਹਾਨੀ ਆਗੂ ਦੇ ਭੇਸ ਵਿਚ ਰਹਿੰਦਾ ਸੀ। ਕਈ ਸਧਾਰਨ ਸਮਝ ਦੇ ਹਿੰਦੂਆਂ ਅਤੇ ਮੂਰਖ ਮੁਸਲਮਾਨਾਂ ਨੂੰ ਉਸਦੇ ਆਪਣੇ ਵੱਖਰੇ ਧਰਮ ਦੇ ਢੰਗ ਤਰੀਕੇ ਅਪਣਾਉਣ ਲਈ ਨਾਲ ਜੋੜ ਲਿਆ ਹੈ। ਉਸ ਨੇ ਸੰਤਪੁਣੇ ਦੀ ਪਵਿੱਤਰਤਾ ਦਾ ਢੋਲ ਵਜਾਇਆ ਹੈ। ਉਸ ਨੂੰ ਗੁਰੂ ਅਤੇ ਸੱਚੇ ਪਾਤਿਸ਼ਾਹ ਕਿਹਾ ਜਾਂਦਾ ਸੀ। ਬਹੁਤਥਾਵਾਂ ਤੋਂ ਚਰਵਾਹੇ ਅਤੇ ਬੇਵਕੂਫ਼ ਉਸਦੇ ਪੱਕੇ ਸ਼ਰਧਾਲੂ ਬਣ ਗਏ। ਇਹ ਧੰਦਾ ਉਸਨੇ 3-4 ਪੀੜ੍ਹੀਆਂ ਤੋਂ ਚਲਾਇਆ ਹੈ। ਕਾਫ਼ੀ ਸਮੇਂ ਤੋਂ ਮੇਰੇ ਮਨ ਵਿਚ ਝੂਠ ਦੀ ਦੁਕਾਨ ਨੂੰ ਬੰਦ ਕਰਨ ਜਾਂ ਉਸਨੂੰ ਮੁਸਲਮਾਨ-ਮੱਤ ਵਿਚ ਲਿਆਉਣ ਦਾ ਖਿਆਲ ਸੀ।

ਇਸ ਤਰ੍ਹਾਂ ਮੁਗਲ ਹਕੂਮਤ ਦੀ ਸਿੱਖ ਲਹਿਰ ਨਾਲ ਟੱਕਰ ਅਵੱਸ਼ ਸੀ। ਜਹਾਂਗੀਰ ਸਿਰਫ਼ ਗੁਰੂ ਜੀ ਨੂੰ ਸ਼ਹੀਦ ਹੀ ਨਹੀਂ ਕਰਨਾ ਚਾਹੁੰਦਾ ਸੀ, ਸਗੋਂ ਉਹ ਸਿੱਖ ਲਹਿਰ ਦੀ ਵਿਚਾਰਧਾਰਾ ਨੂੰ ਮਾਰਨਾ ਚਾਹੁੰਦਾ ਸੀ। ਜਿਸ ਨੂੰ ਉਸਨੇ ਝੂਠੀ ਦੁਕਾਨਦਾਰੀ ਦਾ ਨਾਉਂ ਦਿੱਤਾ। ਇਹ ਸਮੁੱਚੀ ਸਿੱਖ ਲਹਿਰ 'ਤੇ ਹਮਲਾ ਸੀ। ਜੋ ਮੁਗਲ ਹਕੂਮਤ ਲਈ ਇਕ ਵੰਗਾਰ ਸੀ। ਗੁਰੂ ਜੀ ਜਾਣਦੇ ਸਨ ਕਿ ਜਿਸ ਰਾਹ 'ਤੇ ਉਹ ਚਲ ਰਹੇ ਹਨ, ਉਸਦੇ ਨਤੀਜੇ ਕੀ ਹੋਣਗੇ। ਇਸਲਾਮ ਛੱਡ ਕੇ ਹੋਰ ਧਰਮ ਅਪਣਾਉਣ ਵਾਲੇ ਲਈ ਮੌਤ ਦੀ ਸਜ਼ਾ ਸੀ। ਪਰ ਗੁਰੂ ਜੀ ਨਾ ਤਾਂ ਆਪਣੀ ਵਿਚਾਰਧਾਰਾ ਬਦਲਣ ਅਤੇ ਨਾ ਹੀ ਗੁਰ ਮਰਯਾਦਾ ਦਾ ਰਾਹ ਛੱਡਣ ਲਈ ਤਿਆਰ ਹੋਏ। ਸਮਰੱਥ ਗੁਰੂ ਆਉਣ ਵਾਲੇ ਨਤੀਜਿਆਂ ਤੋਂ ਵਾਕਫ਼ ਸਨ, ਜਿਸ ਨਾਲ ਕੌਮ ਨੇ ਜ਼ੁਲਮ ਅਤੇ ਮੁਸੀਬਤਾਂ ਦੇ ਖਿਲਾਫ਼ ਤਿਆਰ ਹੋਣਾ ਸੀ।

ਜਹਾਂਗੀਰ ਗੁਰੂ ਜੀ ਨੂੰ ਮੁਸਲਮਾਨ-ਮੱਤ ਵਿਚ ਲਿਆਉਣਾ ਚਾਹੁੰਦਾ ਸੀ, ਤਾਂ ਜੋ ਗੁਰੂ ਜੀ ਦੇ ਵੱਡੀ ਗਿਣਤੀ ਵਿਚ ਪੈਰੋਕਾਰ ਵੀ ਮੁਸਲਮਾਨ ਬਣ ਜਾਣ। ਬਾਦਸ਼ਾਹ ਜਹਾਂਗੀਰ ਨੇ ਹੁਕਮ ਦਿੱਤਾ ਕਿ ਉਸਦੇ ਘਰ ਘਾਟ ਤੇ ਬੱਚਿਆਂ ਨੂੰ ਮੁਰੱਭਜ਼ਾ ਖਾਨ ਦੇ ਹਵਾਲੇ ਕੀਤਾ ਜਾਵੇ। ਉਸਦਾ ਮਾਲ-ਅਸਬਾਬ ਜ਼ਬਤ ਕਰਕੇ, ਉਸਨੂੰ ਸਿਆਸਤ ਅਤੇ ਯਾਸਾਂ ਦੇ ਸਖਤ ਕਾਨੂੰਨ ਹੇਠ ਤਸੀਹੇ ਦੇ ਕੇ ਕਤਲ ਕਰ ਦਿੱਤਾ ਜਾਵੇ। ਜਹਾਂਗੀਰ ਹੁਕਮ ਸੁਣਾ ਕੇ ਆਪ ਉਥੋਂ ਸਿੰਧ ਇਲਾਕੇ ਵੱਲ ਚਲਾ ਗਿਆ।

ਗੁਰੂ ਜੀ ਨੂੰ ਸ਼ਹੀਦ ਕਰਨ ਦੀ ਜ਼ਿੰਮੇਵਾਰੀ ਅਹਿਲਕਾਰ ਚੰਦੂ ਨੇ ਲੈ ਲਈ। ਉਸਦਾ ਗੁਰੂ ਜੀ ਨਾਲ ਚਿਰੋਕਾ ਵੈਰ ਸੀ। ਉਸਦੀ ਧੀ ਦਾ ਸਾਕ ਪੁਰੋਹਿਤ ਨੇ ਗੁਰੂ ਜੀ ਦੇ ਸਾਹਿਬਜ਼ਾਦੇ ਹਰਿਗੋਬਿੰਦ ਜੀ ਨਾਲ ਕਰਨ ਦੀ ਸਲਾਹ ਦਿੱਤੀ ਤਾਂ ਉਸ ਵੇਲੇ ਉਸਨੇ ਗੁੱਸੇ ਵਿਚ ਕਿਹਾ ਕਿ "ਤੂੰ ਚੁਬਾਰੇ ਦੀ ਇੱਟ ਮੋਰੀ ਨੂੰ ਲਾਉਣੀ ਚਾਹੁੰਦਾ ਹੈ। ਇਸ ਤਰ੍ਹਾਂ ਉਸਨੇ ਗੁਰੂ ਘਰ ਅਤੇ ਘਰਾਣੇ ਨੂੰ ਮੋਰੀ ਕਹਿ ਕੇ ਸਖ਼ਤ ਬੇਅਦਬੀ ਕੀਤੀ। ਬਾਅਦ ਵਿਚ ਉਹ ਤਜਵੀਜ਼ ਮੰਨਣ ਲਈ ਤਿਆਰ ਹੋ ਗਿਆ। ਗੁਰੂ ਜੀ ਨੇ ਸੰਗਤਾਂ ਦੀ ਬੇਨਤੀ 'ਤੇ ਸਾਕ ਲੈਣ ਤੋਂ ਨਾਂਹ ਕਰ ਦਿੱਤੀ। ਚੰਦੂ ਨੇ ਮੌਕਾ ਵੇਖ ਕੇ ਆਪਣੀ ਧੀ ਦੇ ਰਿਸ਼ਤੇ ਦੀ ਗੱਲ ਤੋਰੀ ਤਾਂ ਗੁਰੂ ਜੀ ਨੇ ਫਿਰ ਨਾਂਹ ਕਰ ਦਿੱਤੀ। ਜਦ ਗੁਰੂ ਜੀ ਨੂੰ ਮਨਾਉਣ ਦੇ ਉਸਦੇ ਸਾਰੇ ਯਤਨ ਸਫ਼ਲ ਨਾ ਹੋਏ, ਤਾਂ ਉਸਨੇ ਗੁਰੂ ਜੀ ਨੂੰ ਸ਼ੇਖ ਫਰੀਦ ਬੁਖਾਰੀ ਦੇ ਬੰਦਿਆਂ ਹਵਾਲੇ ਕਰ ਦਿੱਤਾ।

ਗੁਰਦੇਵ ਜੀ ਨੂੰ ਲਾਹੌਰ ਦੇ ਸ਼ਾਹੀ ਕਿਲ੍ਹੇ ਵਿਚ ਲਿਆਂਦਾ ਗਿਆ। ਗੁਰੂ ਜੀ ਨੂੰ ਅਸਹਿ ਅਤੇ ਅਕਹਿ ਕਸ਼ਟ ਦੇ ਕੇ ਸ਼ਹੀਦ ਕੀਤਾ ਗਿਆ। ਭੁੱਖਾ ਪਿਆਸਾ ਰੱਖ ਕੇ ਦੇਗ ਵਿਚ ਉਬਾਲਿਆ ਗਿਆ। ਤੱਤੀ ਤਵੀ ਤੇ ਬਿਠਾਇਆ ਗਿਆ। ਸੜਦੀ ਬਲਦੀ ਰੇਤ ਸਰੀਰ ਉਤੇ ਪਾ ਕੇ ਸਰੀਰ ਛਾਲੇ ਛਾਲੇ ਕਰ ਦਿੱਤਾ। ਚਾਰ ਦਿਨ ਅਜਿਹੇ ਖੌਫ਼ਨਾਕ ਤਸੀਹੇ ਦੇਣ ਉਪਰੰਤ ਗੁਰੂ ਜੀ ਨੂੰ ਹੋਰ ਕਸ਼ਟ ਦੇਣ ਲਈ ਛਾਲਿਆਂ ਨਾਲ ਫਿੱਸੇ ਸਰੀਰ ਨੂੰ ਰਾਵੀ ਦੇ ਠੰਡੇ ਜਲ ਵਿਚ ਡੁਬੋ ਕੇ ਸਤਿਗੁਰਾਂ ਨੂੰ 30 ਮਈ, 1606 ਨੂੰ ਸ਼ਹੀਦ ਕੀਤਾ ਗਿਆ। ਗੁਰੂ ਜੀ ਧਰਮ ਵਾਸਤੇ ਅਸਹਿ ਤੇ ਅਕਹਿ ਕਸ਼ਟ ਝੱਲਦੇ ਹੋਏ ਰੱਬ ਦਾ ਭਾਣਾ ਮਿਠਾ ਕਰਕੇ ਮੰਨਦੇ ਹੋਏ ਸ਼ਹੀਦ ਹੋ ਗਏ। ਰਾਵੀ ਦੇ ਕੰਢੇ ਆਲੀਸ਼ਾਨ ਗੁਰਦੁਆਰਾ ਡੇਹਰਾ ਸਾਹਿਬ (ਪਾਕਿਸਤਾਨ) ਬਣਿਆ।

ਮੁਗਲ ਬਾਦਸ਼ਾਹ ਜਹਾਂਗੀਰ ਨੇ ਜਦੋਂ ਗੁਰੂ ਸਾਹਿਬ ਜੀ ਨੂੰ ਤਲਬ ਕੀਤਾ ਤਾਂ ਗੁਰੂ ਜੀ ਜਾਣ ਗਏ ਸਨ ਕਿ ਉਨ੍ਹਾਂ ਨੇ ਵਾਪਸ ਨਹੀਂ ਆਉਣਾ। ਲਾਹੌਰ ਜਾਣ ਲੱਗਿਆਂ ਆਪ ਆਗਿਆ ਕਰ ਗਏ ਸਨ ਕਿ ਸਾਡੇ ਪਿਛੋਂ ਹਰਿਗੋਬਿੰਦ ਸਾਹਿਬ ਜੀ ਨੂੰ ਗੁਰਗੱਦੀ ਦੀ ਜ਼ਿੰਮੇਵਾਰੀ ਸੌਂਪੀ ਜਾਵੇ ਜੋ 25 ਮਈ, 1606 ਨੂੰ ਗੁਰਗੱਦੀ 'ਤੇ ਬੈਠੇ।

ਅੰਤਿਕਾ : ਜੋ ਮਨੁੱਖ ਪ੍ਰਭੂ ਦੀ ਰਜ਼ਾ ਨੂੰ ਮਨ ਵਿਚ ਮਿੱਠੀ ਕਰਕੇ ਮੰਨਦਾ ਹੈ। ਉਹੀ ਜਿਉਂਦਾ ਮੁਕਤ ਅਖਵਾਉਂਦਾ ਹੈ। ਉਸਨੂੰ ਖੁਸ਼ੀ ਤੇ ਗਮੀ ਇਕੋ ਜਿਹੀ ਹੈ। ਉਸਨੂੰ ਸਦਾ ਅਨੰਦ ਹੈ। ਕਿਉਂਕਿ ਉਸਦੇ ਹਿਰਦੇ ਵਿਚ ਪ੍ਰਭੂ ਚਰਨਾਂ ਤੋਂ ਵਿਛੋੜਾ ਨਹੀਂ ਹੈ। ਸੋਨਾ ਤੇ ਮਿੱਟੀ ਭੀ ਉਸ ਮਨੁੱਖ ਵਾਸਤੇ ਬਰਾਬਰ ਹੈ। ਭਾਵ ਸੋਨਾ ਵੇਖਕੇ ਉਹ ਲੋਭ ਵਿਚ ਨਹੀਂ ਫਸਦਾ। ਅੰਮ੍ਰਿਤ ਅਤੇ ਕੌੜੀ ਵਿਹੁ ਭੀ ਉਸ ਲਈ ਇਕੋ ਜਿਹੀ ਹੈ। ਕਿਸੇ ਵਲੋਂ ਆਦਰ ਦਾ ਵਰਤਾਉ ਹੋਵੇ ਜਾਂ ਅੰਹਕਾਰ ਦਾ ਉਸ ਮਨੁੱਖ ਵਾਸਤੇ ਇਕ ਸਮਾਨ ਹੈ। ਕੰਗਾਲ ਤੇ ਸ਼ਹਿਨਸ਼ਾਹ ਭੀ ਉਸਦੀ ਨਜ਼ਰ ਵਿਚ ਬਰਾਬਰ ਹੈ।

ਜੋ ਰਜ਼ਾ ਪ੍ਰਭੂ ਵਰਤਾਉਂਦਾ ਹੈ, ਉਹੀ ਉਸ ਵਾਸਤੇ ਜ਼ਿੰਦਗੀ ਦਾ ਗਾਡੀ-ਰਾਹ ਹੈ। ਹੇ ਨਾਨਕ! ਉਹ ਮਨੁੱਖ ਜਿਉਂਦਾ ਮੁਕਤ ਕਿਹਾ ਜਾ ਸਕਦਾ ਹੈ-ਅੰਗ 275

# ਗੁਰੂ ਅਰਜਨ ਦੇਵ ਜੀ ਦੀ ਸ਼ਹੀਦੀ ਤੇ ਛਬੀਲ ਪਰੰਪਰਾ



ਸਿੱਖ ਧਰਮ ਵਿੱਚ ਸ਼ਹੀਦੀ ਪਰੰਪਰਾ ਦਾ ਆਰੰਭ ਕਰਨ ਤੇ ਕੁਲ ਸੰਸਾਰ ਦੇ ਲਾਸਾਨੀ ਸ਼ਹੀਦ ਅਖਵਾਉਣ ਦਾ ਮਾਣ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਜੀ ਦੇ ਹਿੱਸੇ ਆਇਆ ਹੈ। ਆਪਣੇ ਜੀਵਨ ਕਾਲ ਵਿੱਚ ਗੁਰੂ ਅਰਜਨ ਦੇਵ ਜੀ ਨੇ ਸਿੱਖ ਧਰਮ ਦੀ ਉਨਤੀ ਲਈ ਜੋ ਕਾਰਜ ਕੀਤੇ, ਉਨ੍ਹਾਂ ਵਿੱਚੋਂ ਸਭ ਤੋਂ ਮਹਾਨ ਤੇ ਵਿਲੱਖਣ ਕਾਰਜ 'ਸ੍ਰੀ ਆਦਿ ਗ੍ਰੰਥ ਸਾਹਿਬ' ਦੀ ਸੰਪਾਦਨਾ ਕਰਨਾ ਹੈ। ਗੁਰੂ ਅਰਜਨ ਦੇਵ ਜੀ ਇਸ ਗੱਲ ਨੂੰ ਭਲੀ ਭਾਂਤ ਜਾਣਦੇ ਸਨ ਕਿ ਕਿਸੇ ਵੀ ਧਰਮ ਜਾਂ ਵਿਚਾਰਧਾਰਾ ਦੀ ਸਦੀਵੀਂ ਹੋਂਦ ਕਾਇਮ ਰੱਖਣ ਲਈ ਉਸ ਧਰਮ ਦਾ ਆਪਣਾ ਵੱਖਰਾ ਗ੍ਰੰਥ ਹੋਣਾ ਜ਼ਰੂਰੀ ਹੈ। ਇਸ ਲਈ ਉਨ੍ਹਾਂ ਨੇ 1601 ਵਿੱਚ 'ਰਾਮਸਰ ਸਾਹਿਬ' ਦੇ ਅਸਥਾਨ 'ਤੇ 36 ਮਹਾਂਪੁਰਖਾਂ ਦੀ ਬਾਣੀ ਨੂੰ ਇੱਕੋ ਜਿਲਦ ਵਿੱਚ ਇਕੱਠਾ ਕਰ ਕੇ ਸ੍ਰੀ ਆਦਿ ਗ੍ਰੰਥ ਸਾਹਿਬ ਦੇ ਰੂਪ ਵਿੱਚ ਸਿੱਖ ਧਰਮ ਅਤੇ ਵਿਚਾਰਧਾਰਾ ਨੂੰ ਨਿਰਣਾਇਕ ਮੋੜ ਉੱਤੇ ਪਹੁੰਚਾਇਆ। ਉਨ੍ਹਾਂ ਦੁਆਰਾ ਕੀਤੇ ਪ੍ਰਚਾਰ ਸਦਕਾ ਸਿੱਖ ਧਰਮ ਦੂਰ ਦੂਰ ਤਕ ਫੈਲ ਗਿਆ। ਸਿੱਖ ਧਰਮ ਦੇ ਇਸ ਵਧਦੇ ਪ੍ਰਚਾਰ ਪ੍ਰਸਾਰ ਨੇ ਮੁਗਲ ਬਾਦਸ਼ਾਹ ਜਹਾਂਗੀਰ ਨੂੰ ਗੁਰੂ ਜੀ ਦਾ ਵਿਰੋਧੀ ਬਣਾ ਦਿੱਤਾ। ਸਿੱਟੇ ਵਜੋਂ ਮੁਗਲ ਹਕੂਮਤ ਨੇ ਕੁਝ ਝੂਠੇ ਕਾਰਨਾਂ ਨੂੰ ਅਧਾਰ ਬਣਾ ਕੇ ਗੁਰੂ ਅਰਜਨ ਦੇਵ ਜੀ ਨੂੰ 1606 ਵਿੱਚ ਲਾਹੌਰ ਵਿੱਚ ਸ਼ਹੀਦ ਕਰ ਦਿੱਤਾ। ਹਰ ਸਾਲ ਗੁਰੂ ਸਾਹਿਬ ਦੇ ਸ਼ਹੀਦੀ ਪੁਰਬ ਮੌਕੇ ਅਖੰਡ ਪਾਠ, ਕਥਾ ਕੀਰਤਨ ਕੀਤੇ ਜਾਂਦੇ ਹਨ ਤੇ ਠੰਢੇ ਮਿੱਠੇ ਜਲ ਦੀਆਂ ਛਬੀਲਾਂ ਲਾਈਆਂ ਜਾਂਦੀਆਂ ਹਨ। ਸਾਰਾ ਜ਼ੋਰ ਇਸ ਦਿਨ ਸੰਗਤ ਨੂੰ ਮਿੱਠਾ ਜਲ ਛਕਾਉਣ ਉੱਤੇ ਲੱਗ ਜਾਂਦਾ ਹੈ। ਗੁਰੂ ਜੀ ਦੀ ਸ਼ਹੀਦੀ ਨੂੰ ਅਧਾਰ ਬਣਾ ਕੇ ਕੜਾਹ-ਪ੍ਰਸ਼ਾਦ ਤੇ ਸੈਂਕੜੇ ਕਿਸਮਾਂ ਦੇ ਸ਼ਰਬਤ ਵਰਤਾ ਦਿੱਤੇ ਜਾਂਦੇ ਹਨ, ਪਰ ਅਫਸੋਸ ਦੀ ਗੱਲ ਇਹ ਹੈ ਕਿ ਮਿੱਠਾ ਜਲ ਵਰਤਾਉਣ ਵਾਲਿਆਂ ਤੇ ਛਕਣ ਵਾਲਿਆਂ ਵਿੱਚੋਂ ਬਹੁਤਿਆਂ ਨੂੰ ਗੁਰੂ ਜੀ ਦੇ ਸਮਾਜ ਪ੍ਰਤੀ ਯੋਗਦਾਨ, ਉਨ੍ਹਾਂ ਦੀ ਸ਼ਹੀਦੀ ਦੇ ਅਸਲ ਕਾਰਨਾਂ, ਸਿੱਖ ਫਲਸਫੇ ਅਤੇ ਵਿਚਾਰਧਾਰਾ ਬਾਰੇ

ਸਵਰਨਦੀਪ ਸਿੰਘ ਨੂਰ

ਕੋਈ ਜਾਣਕਾਰੀ ਜਾਂ ਸਰੋਕਾਰ ਨਹੀਂ ਹੁੰਦਾ। ਕੌਮ ਦਾ ਅਨਮੋਲ ਸਰਮਾਇਆ ਪਾਣੀ ਵਾਂਗ ਰੋੜ੍ਹ ਕੇ ਸ਼ਹੀਦੀ ਪੁਰਬ ਤੋਂ ਅਗਲੇ ਹੀ ਦਿਨ ਸਭ ਕੁਝ ਭੁਲਾ ਦਿੱਤਾ ਜਾਂਦਾ ਹੈ। ਨਤੀਜਾ ਕੁਝ ਨਹੀਂ ਨਿਕਲਦਾ, ਸਭ ਕੁਝ ਸ਼ਰਧਾ ਦੀ ਭੇਟ ਚੜ੍ਹ ਜਾਂਦਾ ਹੈ। ਇਹ ਸੋਚਣ ਦੀ ਲੋੜ ਹੈ ਕਿ ਗੁਰੂ ਸਾਹਿਬ ਦਾ ਸ਼ਹੀਦੀ ਪੁਰਬ ਮਨਾਉਣ ਬਾਰੇ ਸਾਡਾ ਨਜ਼ਰੀਆ ਕਿੰਨਾ ਕੁ ਸਹੀ ਹੈ ਅਤੇ ਸਾਡਾ ਹਾਸਲ ਕੀ ਹੈ। ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਪੁਰਬ 'ਸ਼ਬਦ ਗੁਰੂ ਪ੍ਰਚਾਰ ਦਿਵਸ' ਵਜੋਂ ਇੱਕ ਸੰਕਲਪ ਦੇ ਰੂਪ ਵਿੱਚ ਮਨਾਇਆ ਜਾਣਾ ਚਾਹੀਦਾ ਹੈ। ਇਸ ਲਈ ਜ਼ਰੂਰੀ ਹੈ ਕਿ ਇਸ ਦਿਨ ਗੁਰਮਤਿ ਸਾਹਿਤ ਤੇ ਗੁਰਬਾਣੀ ਸਬੰਧੀ ਗਿਆਨ ਸਮਾਜ ਦੇ ਹਰ ਤਬਕੇ ਤਕ ਉਸੇ ਦੀ ਭਾਸ਼ਾ ਵਿੱਚ ਪਹੁੰਚਦਾ ਕੀਤਾ ਜਾਵੇ। ਇਸ ਦਿਨ ਨੂੰ 'ਗੁਰਮਤਿ ਸਾਹਿਤ ਦਿਹਾੜੇ' ਵਜੋਂ ਮਨਾ ਕੇ ਸਿੱਖ ਇਤਿਹਾਸ ਤੇ ਗੁਰਬਾਣੀ ਨਾਲ ਸਬੰਧਿਤ ਨਵੀਆਂ ਕਿਤਾਬਾਂ ਨੂੰ ਸੰਗਤਾਂ ਦੀ ਹਾਜ਼ਰੀ ਵਿੱਚ ਰਿਲੀਜ਼ ਕਰ ਕੇ ਇਤਿਹਾਸ ਪੜ੍ਹਨ ਵੱਲ ਪ੍ਰੇਰਿਤ ਕੀਤਾ ਜਾਵੇ। ਬੱਚਿਆਂ ਲਈ ਗੁਰਮਤਿ ਕੁਇਜ਼ ਦੇ ਪ੍ਰੋਗਰਾਮ ਉਲੀਕੇ ਜਾ ਸਕਦੇ ਹਨ। ਇਸ ਤੋਂ ਇਲਾਵਾ ਛਬੀਲ ਵਿੱਚ ਜਲ ਦੇ ਨਾਲ-ਨਾਲ ਲੋੜਵੰਦ ਬੱਚਿਆਂ ਲਈ ਕਾਪੀਆਂ ਪੈਨਸਿਲਾਂ ਦੀ ਛਬੀਲ ਵੀ ਲਾਈ ਜਾ ਸਕਦੀ ਹੈ। ਗੁਰੂ ਇਤਿਹਾਸ ਦੇ ਛੋਟੇ ਛੋਟੇ ਕਿਤਾਬਚੇ ਵੰਡੇ ਜਾ ਸਕਦੇ ਹਨ। ਇਸ ਤਰ੍ਹਾਂ ਸ਼ਹੀਦੀ ਪੁਰਬ ਮਨਾਉਣ ਦੇ ਤਰੀਕੇ ਵਿੱਚ ਥੋੜ੍ਹਾ ਜਿਹਾ ਬਦਲਾਅ ਕਰ ਕੇ ਸਾਰਥਕ ਨਤੀਜੇ ਪ੍ਰਾਪਤ ਕੀਤੇ ਜਾ ਸਕਦੇ ਹਨ।



# ਸਹਾਦਤ ਸੰਗ ਸੁਰਤਿ ਦੇ ਜਲਾਲ 'ਸ੍ਰੀ ਗੁਰੂ ਅਰਜਨ ਦੇਵ ਜੀ'

ਡਾ. ਪਰਮਵੀਰ ਸਿੰਘ

ਸ੍ਰੀ ਗੁਰੂ ਅਰਜਨ ਦੇਵ ਜੀ (1563-1606) ਦੇ ਜੀਵਨ ਵਿਚੋਂ ਇਨ੍ਹਾਂ ਦੀ ਬ੍ਰਹਮ ਗਿਆਨੀ, ਨਿਮਰਤਾ, ਸੇਵਾ, ਪਰਉਪਕਾਰ ਅਤੇ ਆਗਿਆਕਾਰੀ ਸ਼ਖ਼ਸੀਅਤ ਦਾ ਪ੍ਰਗਟਾਵਾ ਹੁੰਦਾ ਹੈ। ਇਨ੍ਹਾਂ ਗੁਣਾਂ ਸਦਕਾ ਹੀ ਸ੍ਰੀ ਗੁਰੂ ਰਾਮਦਾਸ ਜੀ ਨੇ ਇਨ੍ਹਾਂ ਨੂੰ ਗੁਰਗੱਦੀ 'ਤੇ ਸਥਾਪਤ ਕੀਤਾ ਸੀ।

ਸ੍ਰੀ ਗੁਰੂ ਅਰਜਨ ਦੇਵ ਜੀ ਦਾ ਪ੍ਰਕਾਸ਼ ਸ੍ਰੀ ਗੁਰੂ ਰਾਮਦਾਸ ਜੀ ਅਤੇ ਬੀਬੀ ਭਾਨੀ ਜੀ ਦੇ ਘਰ ਗੋਇੰਦਵਾਲ ਸਾਹਿਬ ਵਿਖੇ ਹੋਇਆ ਸੀ। ਇਹ ਨਗਰ ਮੌਜੂਦਾ ਤਰਨਤਾਰਨ ਜ਼ਿਲੇ ਵਿਚ ਸਥਿਤ ਹੈ। ਇਨ੍ਹਾਂ ਦੇ ਦੋ ਵੱਡੇ ਭਰਾ ਸਨ - ਪ੍ਰਿਥੀ ਚੰਦ (ਜ. 1558) ਅਤੇ ਮਹਾਂਦੇਵ (ਜ. 1560)। ਇਨ੍ਹਾਂ ਵਿਚੋਂ ਪ੍ਰਿਥੀ ਚੰਦ ਗੁਰੂ-ਘਰ ਆਉਣ ਵਾਲੀ ਸੰਗਤ ਦੇ ਸਮੂਹ ਕਾਰਜ ਕਰਿਆ ਕਰਦੇ ਸਨ, ਜਿਨ੍ਹਾਂ ਵਿਚ ਆਉਣ ਵਾਲੀ ਸੰਗਤ ਲਈ ਪ੍ਰਸ਼ਾਦੇ-ਪਾਣੀ ਅਤੇ ਅਰਾਮ ਦਾ ਪ੍ਰਬੰਧ ਕਰਨ ਦੇ ਨਾਲ-ਨਾਲ ਜਾਣ ਵਾਲੀ ਸੰਗਤ ਨੂੰ ਸਨਮਾਨ ਪੂਰਬਕ ਵਿਦਾ ਕਰਿਆ ਕਰਦੇ ਸਨ। ਮਹਾਂਦੇਵ ਜੀ ਵਿਰਕਤੀ ਸੁਭਾਅ ਦੇ ਮਾਲਕ ਹੋਣ ਕਰ ਕੇ ਦੁਨੀਆਦਾਰੀ ਦੇ ਮਸਲਿਆਂ ਤੋਂ ਦੂਰ ਰਹਿ ਕੇ ਭਜਨ-ਬੰਦਗੀ ਵਿਚ ਜੀਵਨ ਬਸਰ ਕਰਦੇ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਪਿਤਾ-ਸ੍ਰੀ ਗੁਰੂ ਰਾਮਦਾਸ ਜੀ ਦੇ ਆਗਿਆਕਾਰ ਰਹਿ ਕੇ ਗੁਰਮਤਿ ਆਸ਼ੇ ਅਨੁਸਾਰ ਜੀਵਨ ਬਸਰ ਕਰਨ ਵਿਚ ਖ਼ੁਸ਼ੀ ਮਹਿਸੂਸ ਕਰਦੇ ਸਨ। ਸ੍ਰੀ ਗੁਰੂ ਅਰਜਨ ਦੇਵ ਜੀ ਦੇ ਆਗਿਆਕਾਰੀ ਸੁਭਾਅ ਦੀ ਸਭ ਤੋਂ ਪ੍ਰਸਿੱਧ ਮਿਸਾਲ ਉਸ ਸਮੇਂ ਦੇਖਣ ਨੂੰ ਮਿਲਦੀ ਹੈ, ਜਦੋਂ ਲਾਹੌਰ ਤੋਂ ਸ੍ਰੀ ਗੁਰੂ ਰਾਮਦਾਸ ਜੀ ਦੇ ਤਾਏ ਦਾ ਪੁੱਤਰ ਸਹਾਰੀਮੱਲ ਆਪਣੇ ਪੁੱਤਰ ਦੇ ਵਿਆਹ ਦਾ ਸੱਦਾ ਦੇਣ ਆਇਆ। ਇਸ ਨੇੜਲੀ ਰਿਸ਼ਤੇਦਾਰੀ ਵਿਚੋਂ ਆਏ ਸੱਦੇ ਅਨੁਸਾਰ ਗੁਰੂ ਜੀ ਨੇ ਆਪਣੇ ਵੱਡੇ ਪੁੱਤਰ ਪ੍ਰਿਥੀ ਚੰਦ ਨੂੰ ਜਾਣ ਲਈ ਕਿਹਾ ਪਰ ਉਸ ਨੇ ਜਾਣ ਤੋਂ ਇਨਕਾਰ ਕਰ ਦਿੱਤਾ। ਇਸ ਸੰਬੰਧੀ ਜਦੋਂ ਸ੍ਰੀ (ਗੁਰੂ) ਅਰਜਨ ਦੇਵ ਜੀ ਨੂੰ ਕਿਹਾ ਗਿਆ ਤਾਂ ਪਿਤਾ-ਗੁਰੂ ਜੀ ਦੀ ਆਗਿਆ ਦਾ ਪਾਲਣ ਕਰਦੇ ਹੋਏ ਜਾਣ ਲਈ ਤਿਆਰ ਹੋ ਗਏ।

1581 ਵਿਚ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੁਰੂ ਰਾਮਦਾਸ ਜੀ ਨੇ ਆਪਣੇ ਸਪੁੱਤਰ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਗੁਰਗੱਦੀ ਸੌਂਪ ਦਿੱਤੀ ਸੀ। ਘਰ ਵਿਚ ਸਭ ਤੋਂ ਛੋਟਾ ਸਪੁੱਤਰ ਹੋਣ ਦੇ ਬਾਵਜੂਦ ਵੀ ਇਨ੍ਹਾਂ ਨੂੰ ਗੁਰਗੱਦੀ ਸੌਂਪਣਾ ਇਸ ਗੱਲ ਦਾ ਪ੍ਰਤੀਕ ਸੀ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਗੱਦੀ ਪਿਤਾ-ਪੁਰਖੀ ਅਧਿਕਾਰ ਵਜੋਂ ਨਹੀਂ ਬਲਕਿ ਗੁਰਮਤਿ ਭਾਵਨਾ ਗ੍ਰਹਿਣ ਕਰਨ ਨਾਲ ਪ੍ਰਾਪਤ ਹੁੰਦੀ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ 18 ਸਾਲ ਦੀ ਉਮਰ ਵਿਚ ਗੁਰਗੱਦੀ 'ਤੇ ਸੁਭਾਇਮਾਨ ਹੋਏ ਸਨ ਅਤੇ 26 ਸਾਲ ਦੀ ਉਮਰ ਵਿਚ ਇਨ੍ਹਾਂ ਦਾ ਵਿਆਹ ਮਊ ਪਿੰਡ ਦੀ ਵਸਨੀਕ ਬੀਬੀ ਗੰਗਾ ਜੀ ਨਾਲ ਹੋਇਆ ਸੀ। ਪੰਥ ਵਿਚ ਇਨ੍ਹਾਂ ਨੂੰ ਮਾਤਾ ਗੰਗਾ ਜੀ ਦੇ ਨਾਂ ਨਾਲ ਯਾਦ ਕੀਤਾ ਜਾਂਦਾ ਹੈ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖਾਂ ਵਿਚ ਦਸਵੰਧ ਦੀ ਪ੍ਰਥਾ ਅਰੰਭ ਕੀਤੀ ਸੀ, ਜਿਸ ਨਾਲ ਗੁਰਮਤਿ ਪ੍ਰਚਾਰ ਅਤੇ ਪ੍ਰਸਾਰ ਨੂੰ ਇਕ ਨਵੀਂ ਦਿਸ਼ਾ ਮਿਲੀ ਸੀ। ਗੁਰਮਤਿ ਦੇ ਵਿਕਾਸ ਲਈ ਗੁਰੂ ਜੀ ਨੇ ਜਿਹੜੇ ਪ੍ਰਮੁਖ ਕਾਰਜ ਕੀਤੇ, ਇਸ ਪ੍ਰਕਾਰ ਹਨ:

**ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ**
**ਸ੍ਰੀ ਤਰਨਤਾਰਨ ਸਾਹਿਬ ਦੀ ਸਥਾਪਨਾ**
**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ**

1. **ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ** - ਸ੍ਰੀ ਗੁਰੂ ਅਮਰਦਾਸ ਜੀ ਨੇ ਅੰਮ੍ਰਿਤਸਰ ਦੀ ਸਥਾਪਨਾ ਦਾ ਮੁੱਢ ਬੰਨਿਆ ਸੀ। ਇਥੇ ਇਕ ਸਰੋਵਰ ਦੀ ਖੁਦਾਈ ਸ੍ਰੀ ਗੁਰੂ ਰਾਮਦਾਸ ਜੀ ਨੇ ਅਰੰਭ ਕਰਵਾਈ ਸੀ, ਜਿਸ ਨੂੰ ਹਾਲੇ ਪੱਕਾ ਕਰਨਾ ਬਾਕੀ ਸੀ।

ਇਹ ਅਸਥਾਨ ਚੱਕ ਰਾਮਦਾਸਪੁਰ ਦੇ ਨਾਂ ਨਾਲ ਪ੍ਰਸਿੱਧ ਹੋ ਗਿਆ ਸੀ। ਇਸ ਨਗਰ ਦੀ ਜ਼ਮੀਨ ਸ੍ਰੀ ਗੁਰੂ ਰਾਮਦਾਸ ਜੀ ਨੇ ਖ਼ਰੀਦੀ ਸੀ, ਜਿਸ ਦਾ ਵਰਣਨ ਅੰਮ੍ਰਿਤਸਰ ਗਜ਼ਟੀਅਰ (1883-84) ਵਿਚ ਮਿਲਦਾ ਹੈ:

Soon afterward, in 1577, he obtained a grant of the site, together with 500 bighas of land from Emperor Akbar, on payment of Rs. 700 Akbari to the zamindars of Tung, who owned the land.

ਸਰੋਵਰ ਦੇ ਵਿਚਕਾਰ ਗੁਰੂ ਸਾਹਿਬ ਜੀ ਨੇ ਸ੍ਰੀ ਹਰਿਮੰਦਿਰ ਸਾਹਿਬ ਦੀ ਸਥਾਪਨਾ ਕੀਤੀ, ਜਿਸ ਦੀ ਨੀਂਹ ਸਾਈਂ ਮੀਆਂ ਮੀਰ ਜੀ ਤੋਂ ਰਖਵਾਈ ਗਈ ਸੀ। ਇਸ ਪਵਿੱਤਰ ਅਸਥਾਨ ਦੇ ਚਾਰ ਦਰਵਾਜ਼ੇ ਰੱਖੇ ਗਏ ਸਨ, ਜਿਹੜੇ ਕਿ ਚਾਰੇ ਦਿਸ਼ਾਵਾਂ ਤੋਂ ਆਉਣ ਵਾਲੇ ਯਾਤਰੂਆਂ ਲਈ ਹਮੇਸ਼ਾਂ ਖੁੱਲ੍ਹੇ ਰਹਿਣ ਦਾ ਪ੍ਰਤੀਕ ਹਨ।

ਸ੍ਰੀ ਹਰਿਮੰਦਰ ਸਾਹਿਬ ਦੀ ਸਥਾਪਨਾ ਨਾਲ ਸਿੱਖੀ ਦੇ ਪ੍ਰਚਾਰ ਦਾ ਇਕ ਕੇਂਦਰੀ ਅਸਥਾਨ ਸਥਾਪਿਤ ਹੋ ਗਿਆ ਸੀ। ਹਰ ਧਰਮ ਦੇ ਸ਼ਰਧਾਲੂ ਇਸ ਅਸਥਾਨ 'ਤੇ ਗੁਰੂ ਜੀ ਦੇ ਦਰਸ਼ਨ ਕਰਨ ਲਈ ਆਉਣ ਲੱਗੇ ਸਨ। ਗੁਰੂ ਜੀ ਨੇ ਇਥੇ ਵੱਖ-ਵੱਖ ਕਿੱਤਿਆਂ ਦੇ ਲੋਕਾਂ ਨੂੰ ਇਸ ਨਗਰ ਵਿਖੇ ਵੱਸ ਜਾਣ ਲਈ ਪ੍ਰੇਰਿਤ ਕੀਤਾ ਸੀ। ਗੁਰੂ ਜੀ ਦੇ ਆਦੇਸ਼ ਦੀ ਪਾਲਣਾ ਕਰਦੇ ਹੋਏ ਜਿਹੜੇ ਵਪਾਰੀ ਇਥੇ ਆ ਵਸੇ ਸਨ, ਉਨ੍ਹਾਂ ਦੇ ਨਾਂ 'ਤੇ ਬਜ਼ਾਰ ਪ੍ਰਸਿੱਧ ਹੋ ਗਏ ਸਨ। ਹਰ ਤਰ੍ਹਾਂ ਦੀ ਸਹੂਲਤ ਪ੍ਰਦਾਨ ਹੋ ਜਾਣ ਕਾਰਨ ਇਹ ਨਗਰ ਬਹੁਤ ਤੇਜੀ ਨਾਲ ਵਿਕਾਸ ਕਰਨ ਲੱਗਿਆ ਸੀ। ਪਰਮਾਤਮਾ ਦੀ ਸਿਫ਼ਤ ਸਲਾਹ ਹੋਣ ਕਰ ਕੇ ਇਹ ਨਗਰ 'ਸਿਫਤੀ ਦੇ ਘਰ' ਵੱਜੋਂ ਪ੍ਰਸਿਧੀ ਪ੍ਰਾਪਤ ਕਰ ਗਿਆ ਹੈ।

2. **ਸ੍ਰੀ ਤਰਨਤਾਰਨ ਸਾਹਿਬ ਦੀ ਸਥਾਪਨਾ** - ਗੁਰਮਤਿ ਦੇ ਪ੍ਰਚਾਰ ਲਈ ਸ੍ਰੀ ਗੁਰੂ ਅਰਜਨ ਦੇਵ ਜੀ ਆਲੇ-ਦੁਆਲੇ ਦੇ ਪਿੰਡਾਂ ਵਿਚ ਚਲੇ ਜਾਇਆ ਕਰਦੇ ਸਨ। ਇਕ ਵਾਰ ਗੁਰੂ ਜੀ ਭਾਈ ਹਿੰਦਾਲ ਦੀ ਬੇਨਤੀ ਮੰਨ ਕੇ ਜੰਡਿਆਲੇ ਪਿੰਡ ਆਏ ਅਤੇ ਉਥੋਂ ਅੱਗੇ ਖਾਰੇ ਪਿੰਡ ਚਲੇ ਗਏ। ਸਿੱਖਾਂ ਨੇ ਏਥੇ ਸਦੀਵੀ ਤੌਰ 'ਤੇ ਸਤਿਸੰਗਤ ਕਾਇਮ ਕਰਨ ਦੀ ਬੇਨਤੀ ਕੀਤੀ ਤਾਂ ਗੁਰੂ ਜੀ ਨੇ ਆਲੇ-ਦੁਆਲੇ ਦੀ ਜ਼ਮੀਨ ਖਰੀਦ ਕੇ ਉਥੇ ਇਕ ਨਗਰ ਵਸਾਇਆ ਜਿਹੜਾ ਕਿ ਤਰਨਤਾਰਨ ਦੇ ਨਾਂ ਵੱਜੋਂ ਪ੍ਰਸਿੱਧ ਹੋਇਆ।

ਗੁਰੂ ਜੀ ਨੇ ਸਰੋਵਰ ਬਣਾਉਣ ਲਈ ਉਥੇ ਇਕ ਤਾਲ ਪੁੱਟਵਾਇਆ ਅਤੇ ਉਸ ਨੂੰ ਪੱਕਾ ਕਰਨ ਵਾਸਤੇ ਆਵੇ ਪਕਾਏ। ਜਦੋਂ ਇੱਟਾਂ ਪੱਕ ਕੇ ਤਿਆਰ ਹੋ ਗਈਆਂ ਤਾਂ ਨੂਰਦੀਨ ਦੇ ਬੇਟੇ ਅਮੀਰ ਦੀਨ ਨੇ ਜ਼ੋਰੋ ਜੋਰੀ ਇੱਟਾਂ ਚੁੱਕ ਕੇ ਆਪਣੀ ਹਵੇਲੀ ਨੂੰ ਲਾ ਲਈਆਂ। ਸਿੱਖਾਂ ਨੇ ਗੁਰੂ ਜੀ ਪਾਸ ਬੇਨਤੀ ਕੀਤੀ ਤਾਂ ਬਚਨ ਹੋਯਾ ਤੁਸੀਂ ਦਿਲਗੀਰ ਨ ਹੋਵੋ, ਏਹੋ ਇੱਟਾਂ ਸਾਡੇ ਸਿੱਖ ਏਸੇ ਤਾਲ ਨੂੰ ਲਾ ਲੈਣਗੇ। ਗੁਰੂ ਜੀ ਨੇ ਕਿਹਾ ਕਿ ਸਮਾਂ ਆਉਣ 'ਤੇ ਇਹ ਇੱਟਾਂ ਵਾਪਸ ਆ ਜਾਣਗੀਆਂ। ਸਰਦਾਰ ਬੁੱਧ ਸਿੰਘ ਫ਼ੈਜ਼ਲਪੁਰੀਏ ਨੇ ਗੁਰੂ ਜੀ ਦਾ ਬਚਨ ਸਤਿ ਕਰ ਦਿਖਾਇਆ। ਵਿਸ਼ਵਾਸ ਹੈ ਕਿ ਏਥੇ ਕੁਸ਼ਟੀ ਰਾਜ਼ੀ ਹੁੰਦੇ ਹਨ। ਗੁਰੂ ਜੀ ਦੁਆਰਾ ਵਸਾਇਆ ਇਹ ਨਗਰ ਬਹੁਤ ਆਬਾਦ ਹੈ ਅਤੇ ਸਸ਼ੋਭਿਤ ਸਰੋਵਰ ਪੰਜਾਬ ਦੇ ਸਮੂਹ ਸਰੋਵਰਾਂ ਵਿਚੋਂ ਸਭ ਤੋਂ ਵੱਡਾ ਹੈ।

3. **ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ** - ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਜੀਵਨ ਦਾ ਇਕ ਪ੍ਰਮੁਖ ਕਾਰਜ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਦੇ ਸਮੇਂ ਤੋਂ ਹੀ ਸ਼ਬਦ ਨੂੰ ਗੁਰੂ ਦਾ ਰੂਪ ਮੰਨਿਆ ਜਾਂਦਾ ਰਿਹਾ ਹੈ - ਸਬਦੁ ਗੁਰੂ ਸੁਰਤਿ ਧੁਨਿ ਚੇਲਾ॥ ਇਸ ਭਾਵਨਾ ਅਨੁਸਾਰ ਸ਼ਬਦ ਜੜ੍ਹ ਹੈ ਜਿਸ ਤੋਂ ਸਿੱਖੀ ਦਾ ਬੂਟਾ ਪ੍ਰਫੁਲਿਤ ਹੁੰਦਾ ਹੈ।

ਧਰਮ ਗ੍ਰੰਥ ਕਿਸੇ ਵੀ ਧਰਮ ਦਾ ਮੂਲ ਹੁੰਦੇ ਹਨ, ਜਿਸ ਤੋਂ ਉਸ ਧਰਮ ਦੇ ਪੈਰੋਕਾਰ ਸਿੱਖਿਆ ਹਾਸਲ ਕਰਦੇ ਹਨ। ਧਰਮ ਦੀਆਂ ਸਿੱਖਿਆਵਾਂ ਨੂੰ ਸੁਚਾਰੂ ਰੂਪ ਵਿਚ ਸ਼ਰਧਾਲੂਆਂ ਤੱਕ ਲਿਜਾਣ ਅਤੇ ਲੰਮੇ ਸਮੇਂ ਤੱਕ ਕਾਇਮ ਰੱਖਣ ਲਈ ਉਨ੍ਹਾਂ ਦਾ ਕਲਮਬੰਦ ਹੋਣਾ ਲਾਜ਼ਮੀ ਹੈ। ਸੀਨਾ-ਬਸੀਨਾ ਚਲੀਆਂ ਧਾਰਮਿਕ ਸਿੱਖਿਆਵਾਂ ਵੀ ਅਖੀਰ ਲਿਖਤ ਰੂਪ ਵਿਚ ਹੀ ਕਾਇਮ ਰਹਿ ਸਕੀਆਂ ਹਨ ਨਹੀਂ ਤਾਂ ਮੌਜੂਦਾ ਸਮੇਂ ਤੱਕ ਉਨ੍ਹਾਂ ਦਾ ਕੀ ਰੂਪ ਹੁੰਦਾ, ਕੋਈ ਨਹੀਂ ਦੱਸ ਸਕਦਾ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪਾਦਨਾ ਕਰਕੇ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਗੁਰਬਾਣੀ ਨੂੰ ਕਿਤੂ-ਮੁਕਤ ਕੀਤਾ ਹੈ। ਕੋਈ ਵੀ ਵਿਅਕਤੀ ਇਸ ਮਹਾਨ ਕਾਰਜ ਦੀ ਇਸ ਵਿਲੱਖਣਤਾ ਨੂੰ ਅੱਖੋਂ ਪਰੋਖੇ ਨਹੀਂ ਕਰ ਸਕਦਾ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਅੰਮ੍ਰਿਤਸਰ ਵਿਚ ਰਾਮਸਰ ਦੇ ਕੰਢੇ ਇਹ ਕਾਰਜ ਅਰੰਭ ਕੀਤਾ ਸੀ। ਉਨ੍ਹਾਂ ਨੇ ਗੁਰੂ-ਪਰੰਪਰਾ ਰਾਹੀਂ ਪ੍ਰਾਪਤ ਬਾਣੀ ਦੇ ਨਾਲ-ਨਾਲ ਗੁਰੂ ਸਾਹਿਬਾਨ ਦੀ ਉਸ ਬਾਣੀ ਨੂੰ ਵੀ ਵਾਚਿਆ ਸੀ, ਜਿਹੜੀ ਉਤਾਰਿਆਂ ਦੇ ਰੂਪ ਵਿਚ ਸਿੱਖਾਂ ਕੋਲ ਮੌਜੂਦ ਸੀ। ਸ੍ਰੀ ਗੁਰੂ ਅਮਰਦਾਸ ਜੀ ਦੇ ਪੁੱਤਰ ਬਾਬਾ ਮੋਹਨ ਜੀ ਤੋਂ ਪ੍ਰਾਪਤ ਕੀਤੀਆਂ ਪੋਥੀਆਂ ਇਸ ਗੱਲ ਦਾ ਪ੍ਰਮਾਣ ਹਨ।

ਸੰਪੂਰਨ ਹੋਣ 'ਤੇ ਇਸ ਧਰਮ ਗ੍ਰੰਥ ਦਾ ਪ੍ਰਕਾਸ਼ ਸ੍ਰੀ ਹਰਿਮੰਦਿਰ ਸਾਹਿਬ ਵਿਖੇ ਕੀਤਾ ਗਿਆ। ਆਦਿ ਗ੍ਰੰਥ ਦੇ ਰੂਪ ਵਿਚ ਸੰਪਾਦਨ ਹੋਣ ਨਾਲ ਜਿਥੇ ਸਿੱਖਾਂ ਨੂੰ ਸਦੀਵੀ ਤੌਰ 'ਤੇ ਜੀਵਨ ਉਦੇਸ਼ ਦੀ ਅਗਵਾਈ ਵਾਲਾ ਇਕ ਗ੍ਰੰਥ ਪ੍ਰਾਪਤ ਹੋਇਆ, ਉਥੇ 'ਸਿੱਖਾਂ ਨੂੰ ਗੁਰਮੁਖੀ ਪੜ੍ਹਨ ਦਾ ਬੜਾ ਸ਼ੌਕ ਹੋ ਗਿਆ'।

ਸੰਗਤ ਵਿਚ ਗੁਰਮਤਿ ਉਪਦੇਸ਼, ਜਾਤਪਾਤ ਦਾ

# ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ

ਸ਼ਹੀਦਾਂ ਦੇ ਸਰਤਾਜ ਸ੍ਰੀ ਗੁਰੂ ਅਰਜਨ ਦੇਵ ਜੀ ਸਿੱਖਾਂ ਦੇ ਪਹਿਲੇ ਸ਼ਹੀਦ ਗੁਰੂ ਹੋਏ ਹਨ। ਗੁਰੂ ਅਰਜਨ ਦੇਵ ਜੀ ਦਾ ਜਨਮ ਚੌਥੇ ਗੁਰੂ ਸ੍ਰੀ ਗੁਰੂ ਰਾਮਦਾਸ ਜੀ ਦੇ ਘਰ ਤੀਜੇ ਗੁਰੂ ਅਮਰਦਾਸ ਜੀ ਦੀ ਸਪੁੱਤਰੀ ਬੀਬੀ ਭਾਨੀ ਜੀ ਦੀ ਕੁੱਖੋਂ ਗੋਇੰਦਵਾਲ (ਪੰਜਾਬ) ਵਿਖੇ 1563 ਈਸਵੀ ਨੂੰ ਹੋਇਆ। ਉਹ ਗੁਰੂ ਰਾਮਦਾਸ ਜੀ ਦੇ ਸਭ ਤੋਂ ਛੋਟੇ ਸਪੁੱਤਰ ਸਨ। 1574 ਵਿਚ ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਹੀ ਗੁਰੂ ਰਾਮ ਦਾਸ ਜੀ ਨੂੰ ਸਿੱਖਾਂ ਦੇ ਚੌਥੇ ਗੁਰੂ ਥਾਪਿਆ ਗਿਆ।

ਗੁਰੂ ਅਮਰਦਾਸ ਜੀ ਦੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਰਾਮ ਦਾਸ ਜੀ ਅਪਣੇ ਪੁੱਤਰਾਂ ਸਮੇਤ ਗੁਰੂ ਕਾ ਚੱਕ (ਅੰਮ੍ਰਿਤਸਰ) ਵਿਖੇ ਆ ਗਏ। ਉਥੇ ਜਾ ਕੇ ਉਹਨਾਂ ਨੇ ਗੁਰੂ ਅਮਰਦਾਸ ਜੀ ਦੇ ਸਮੇਂ ਸ਼ੁਰੂ ਕੀਤੀ ਗਈ ਸੰਤੋਖਸਰ ਦੀ ਸੇਵਾ ਆਰੰਭ ਕੀਤੀ। ਉਸ ਤੋਂ ਬਾਅਦ ਸੰਨ 1577 ਵਿਚ ਗੁਰੂ ਰਾਮਦਾਸ ਜੀ ਨੇ ਦੁਖਭੰਜਨੀ ਬੇਰੀ ਵਾਲੀ ਥਾਂ ਸਰੋਵਰ ਦੀ ਖੁਦਾਈ ਆਰੰਭ ਕੀਤੀ ਅਤੇ ਅੰਮ੍ਰਿਤਸਰ ਨਗਰ ਦੀ ਸਥਾਪਨਾ ਕੀਤੀ।



**ਮੁੱਢਲਾ ਜੀਵਨ**

ਗੁਰੂ ਅਰਜਨ ਦੇਵ ਜੀ ਨੇ ਬਚਪਨ ਦੇ ਮੁੱਢਲੇ 11 ਸਾਲ ਗੁਰੂ ਅਮਰਦਾਸ ਜੀ ਦੀ ਦੇਖ ਰੇਖ ਹੇਠ ਗੁਜ਼ਾਰੇ। ਉਹਨਾਂ ਨੇ ਬਚਪਨ ਵਿਚ ਹੀ ਅਪਣੇ ਨਾਨਾ ਗੁਰੂ ਅਮਰਦਾਸ ਜੀ ਕੋਲੋਂ ਗੁਰਮੁਖੀ ਵਿਚ ਮੁਹਾਰਤ ਹਾਸਿਲ ਕੀਤੀ। ਬਚਪਨ ਵਿਚ ਹੀ ਗੁਰੂ ਅਰਜਨ ਦੇਵ ਜੀ ਨੂੰ ਗੁਰਮੁਖੀ, ਦੇਵਨਾਗਰੀ ਅਤੇ ਸੰਸਕ੍ਰਿਤ ਭਾਸ਼ਾਵਾਂ ਦਾ ਗਿਆਨ ਹੋ ਗਿਆ।

**ਮਾਤਾ ਗੰਗਾ ਜੀ ਨਾਲ ਵਿਆਹ**

23 ਹਾੜ ਸੰਮਤ 1636 ਵਿਚ ਗੁਰੂ ਅਰਜਨ ਦੇਵ ਜੀ ਦਾ ਵਿਆਹ ਫਿਲੌਰ ਤਹਿਸੀਲ ਦੇ ਵਸਨੀਕ ਸ੍ਰੀ ਕਿਸ਼ਨ ਚੰਦ ਦੀ ਸਪੁੱਤਰੀ ਮਾਤਾ ਗੰਗਾ ਜੀ ਨਾਲ ਹੋਇਆ। ਵਿਆਹ ਸਮੇਂ ਉਹਨਾਂ ਦੀ ਉਮਰ ਲਗਭਗ 16 ਸਾਲ ਸੀ। 21 ਹਾੜ ਸੰਮਤ 1652 ਨੂੰ ਮਾਤਾ ਗੰਗਾ ਜੀ ਦੀ ਕੁੱਖੋਂ ਛੇਵੇਂ ਗੁਰੂ ਸ੍ਰੀ ਗੁਰੂ ਹਰਗੋਬਿੰਦ ਜੀ ਦਾ ਜਨਮ ਹੋਇਆ।ਗੁਰੂ ਰਾਮਦਾਸ ਜੀ ਨੇ ਜੋਤੀ ਜੋਤ ਸਮਾਉਣ ਤੋਂ ਪਹਿਲਾਂ ਸ੍ਰੀ ਗੋਇੰਦਵਾਲ ਸਾਹਿਬ ਵਿਖੇ ਬਾਬਾ ਬੁੱਢਾ ਜੀ ਹੱਥੋਂ ਗੁਰੂ ਅਰਜਨ ਦੇਵ ਜੀ ਨੂੰ ਗੁਰਿਆਈ ਬਖਸ਼ਿਸ਼ ਕੀਤੀ ਗਈ। ਗੁਰਿਆਈ ਮਿਲਣ ਸਮੇਂ ਗੁਰੂ ਅਰਜਨ ਦੇਵ ਜੀ ਦੀ ਉਮਰ 18 ਸਾਲ ਦੀ ਸੀ।

**ਹਰਿਮੰਦਰ ਸਾਹਿਬ ਦੀ ਸਥਾਪਨਾ**

ਗੁਰਿਆਈ ਮਿਲਣ ਤੋਂ ਬਾਅਦ ਗੁਰੂ ਸਾਹਿਬ ਨੇ ਧਰਮ ਪ੍ਰਚਾਰ ਦੇ ਨਾਲ ਨਾਲ ਗੁਰੂ ਰਾਮਦਾਸ ਜੀ ਵੱਲੋਂ ਸ਼ੁਰੂ ਕੀਤੇ ਕਾਰਜਾਂ ਨੂੰ ਸੰਪੂਰਨ ਕਰਨਾ ਸ਼ੁਰੂ ਕੀਤਾ। ਇਹਨਾਂ ਕੰਮਾਂ ਲਈ ਗੁਰੂ ਸਾਹਿਬ ਨੇ ਬਾਬਾ ਬੁੱਢਾ ਜੀ ਅਤੇ ਭਾਈ ਸਾਲ੍ਹੋ ਜੀ ਨੂੰ ਜਥੇਦਾਰ ਥਾਪਿਆ। 3 ਜਨਵਰੀ 1588 ਨੂੰ ਮਾਘੀ ਵਾਲੇ ਦਿਨ ਗੁਰੂ ਅਰਜਨ ਦੇਵ ਜੀ ਨੇ ਮੁਸਲਮਾਨ ਫਕੀਰ ਸਾਈਂ ਮੀਆਂ ਮੀਰ ਕੋਲੋਂ ਹਰਿਮੰਦਰ ਸਾਹਿਬ ਦੀ ਨੀਂਹ ਰਖਵਾਈ। 1593 ਵਿਚ ਗੁਰੂ ਸਾਹਿਬ ਨੇ ਮਾਤਾ ਗੰਗਾ ਜੀ ਦੇ ਨਾਂਅ 'ਤੇ ਜਲੰਧਰ ਵਿਖੇ ਖੂਹ ਵੀ ਲਗਵਾਇਆ।

**ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪਾਦਨ**

ਗੁਰੂ ਸਾਹਿਬ ਨੇ ਅਪਣੇ ਗੁਰਗੱਦੀ ਕਾਲ ਵਿਚ ਸਭ ਤੋਂ ਮਹੱਤਵਪੂਰਨ ਕੰਮ ਗੁਰੂ ਸਾਹਿਬਾਨਾਂ ਅਤੇ ਭਗਤਾਂ ਦੀ ਬਾਣੀ ਨੂੰ ਇਕੱਤਰ ਕਰਨ ਦਾ ਕੀਤਾ। ਇਹ ਮਹਾਨ ਕਾਰਜ ਗੁਰੂ ਸਾਹਿਬ ਨੇ ਸ੍ਰੀ ਰਾਮਸਰ ਸਾਹਿਬ (ਅੰਮ੍ਰਿਤਸਰ) ਵਿਖੇ ਕੀਤਾ। ਗੁਰੂ ਸਾਹਿਬ ਨੇ 1601 ਤੋਂ ਲੈ ਕੇ 1604 ਤੱਕ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨ ਕੀਤਾ ਜਿਸ ਵਿਚ 36 ਮਹਾਂਪੁਰਸ਼ਾਂ ਦੀ ਬਾਣੀ ਦਰਜ ਕੀਤੀ । 30 ਅਗਸਤ 1604 ਨੂੰ ਗੁਰੂ ਸਾਹਿਬ ਨੇ ਗੁਰੂ ਗ੍ਰੰਥ ਸਾਹਿਬ ਦਾ ਪਹਿਲੀ ਵਾਰ ਦਰਬਾਰ ਸਾਹਿਬ ਅੰਦਰ ਪ੍ਰਕਾਸ਼ ਕੀਤਾ ਅਤੇ ਬਾਬਾ ਬੁੱਢਾ ਜੀ ਨੂੰ ਦਰਬਾਰ ਸਾਹਿਬ ਦੇ ਪਹਿਲੇ ਗ੍ਰੰਥੀ ਥਾਪਿਆ ਗਿਆ।

**ਗੁਰੂ ਸਾਹਿਬ ਦੀਆਂ ਬਾਣੀਆਂ**

ਗੁਰੂ ਅਰਜਨ ਦੇਵ ਜੀ ਨੇ ਗੁਰੂ ਗ੍ਰੰਥ ਸਾਹਿਬ ਦੀ ਸਥਾਪਨਾ ਦੇ ਨਾਲ ਨਾਲ ਕਈ ਬਾਣੀਆਂ ਦੀ ਰਚਨਾ ਵੀ ਕੀਤੀ। ਗੁਰੂ ਗ੍ਰੰਥ ਸਾਹਿਬ ਵਿਚ ਸ੍ਰੀ ਗੁਰੂ ਅਰਜਨ ਦੇ ਜੀ ਦੀ ਸਭ ਤੋਂ ਵੱਧ ਬਾਣੀ ਦਰਜ ਹੈ, ਜਿਸਦੇ ਕੁਲ 2312 ਸ਼ਬਦ ਬਣਦੇ ਹਨ। ਗੁਰੂ ਸਾਹਿਬ ਦੀਆਂ ਪ੍ਰਮੁੱਖ ਰਚਨਾਵਾਂ ਵਿਚ ਸੁਖਮਨੀ ਸਾਹਿਬ, ਬਾਰਹਮਾਂਹ, ਬਾਵਨ ਅੱਖਰੀ, ਵਾਰਾਂ ਆਦਿ ਸ਼ਾਮਿਲ ਹਨ। ਗੁਰੂ ਅਰਜਨ ਦੇਵ ਜੀ ਦੀ ਬਾਣੀ 30 ਰਾਗਾਂ ਵਿਚ ਦਰਜ ਹੈ।

**ਗੁਰੂ ਸਾਹਿਬ ਦੀ ਸ਼ਹਾਦਤ**

ਅਕਬਰ ਦੇ ਪੁੱਤਰ ਜਹਾਂਗੀਰ ਦੇ ਤਖਤ 'ਤੇ ਬੈਠਣ ਤੋਂ ਬਾਅਦ ਵਿਰੋਧੀਆਂ ਨੇ ਗੁਰੂ ਸਾਹਿਬ ਵਿਰੁੱਧ ਉਸਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ। ਜਹਾਂਗੀਰ ਨੇ ਗੁਰੂ ਸਾਹਿਬ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਹਜਰਤ ਮੁਹੰਮਦ ਦੀ ਖੁਸਾਮਦ ਦੇ ਸਬਦ ਦਰਜ ਕਰਨ ਲਈ ਕਿਹਾ, ਜਿਸ 'ਤੇ ਗੁਰੂ ਸਾਹਿਬ ਨੇ ਸਾਫ ਇਨਕਾਰ ਕਰ ਦਿੱਤਾ। ਅਖੀਰ ਜਹਾਂਗੀਰ ਨੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦੇ ਦਿੱਤਾ। ਸ਼ਹੀਦੀ ਸਮੇਂ ਗੁਰੂ ਸਾਹਿਬ ਨੂੰ ਤੱਤੀ ਤਵੀ 'ਤੇ ਬਿਠਾ ਕੇ ਸੀਸ 'ਤੇ ਗਰਮ ਰੇਤ ਪਾਈ ਗਈ। ਅੰਤ ਕਈ ਤਸੀਹਿਆਂ ਤੋਂ ਬਾਅਦ 1606 ਈਸਵੀ ਨੂੰ ਗੁਰੂ ਅਰਜਨ ਦੇਵ ਜੀ ਜੋਤੀ ਜੋਤ ਸਮਾ ਗਏ।

ਖਾਤਮਾ, ਲਾਹੌਰ ਵਿਖੇ ਬਾਉਲੀ ਦੀ ਸਥਾਪਨਾ, ਬਾਦਸ਼ਾਹ ਅਕਬਰ ਦੇ ਨਾਇਬ ਵਜ਼ੀਰ ਖਾਨ ਦਾ ਜਲੋਂਧਰ ਦਾ ਰੋਗ ਹਟਾਉਣਾ ਆਦਿ ਪਰਉਪਕਾਰ ਕਾਰਜਾਂ ਕਰ ਕੇ ਸ੍ਰੀ ਗੁਰੂ ਅਰਜਨ ਦੇਵ ਜੀ ਆਮ ਲੋਕਾਂ ਵਿਚ ਪ੍ਰਸਿੱਧੀ ਪ੍ਰਾਪਤ ਕਰ ਗਏ ਸਨ। ਉਨ੍ਹਾਂ ਦੇ ਜੀਵਨ ਅਤੇ ਕਾਰਜਾਂ ਤੋਂ ਪ੍ਰਭਾਵਿਤ ਹੋ ਕੇ ਵੱਡੀ ਗਿਣਤੀ ਲੋਕ ਸਿੱਖ ਸੱਜਦੇ ਜਾ ਰਹੇ ਸਨ। ਸਮਕਾਲੀ ਇਤਿਹਾਸਕਾਰ ਵੀ ਸ੍ਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਏ ਸਿੱਖੀ ਦੇ ਵਿਕਾਸ ਦਾ ਜ਼ਿਕਰ ਕਰਦੇ ਹੋਏ ਕਹਿੰਦੇ ਹਨ ਕਿ ਸ਼ਾਇਦ ਹੀ ਕੋਈ ਨਗਰ ਅਜਿਹਾ ਹੋਵੇ ਜਿਥੇ ਸਿੱਖ ਨਾ ਹੋਣ।

ਬਾਦਸ਼ਾਹ ਅਕਬਰ ਕੋਲ ਵੀ ਇਕ ਵਾਰੀ ਗੁਰੂ ਜੀ ਦੀ ਸ਼ਿਕਾਇਤ ਹੋਈ ਸੀ ਕਿ ਇਨ੍ਹਾਂ ਨੇ ਆਦਿ ਗ੍ਰੰਥ ਸਾਹਿਬ ਵਿਚ ਇਸਲਾਮ ਦੇ ਖ਼ਿਲਾਫ਼ ਲਿਖਿਆ ਹੈ ਪਰ ਜਦੋਂ ਬਾਦਸ਼ਾਹ ਨੇ ਆਪ ਇਸ ਗ੍ਰੰਥ ਦੀ ਬਾਣੀ ਨੂੰ ਸੁਣਿਆ ਤਾਂ ਸਾਰੀਆਂ ਸ਼ਿਕਾਇਤਾਂ ਰੱਦ ਕਰ ਦਿੱਤੀਆਂ ਅਤੇ ਸੋਨੇ ਦੀਆਂ 51 ਮੋਹਰਾਂ ਭੇਟ ਕਰ ਕੇ ਇਸ ਗ੍ਰੰਥ ਸਾਹਿਬ ਪ੍ਰਤਿ ਸਤਿਕਾਰ ਪ੍ਰਗਟ ਕੀਤਾ। ਬਾਦਸ਼ਾਹ ਅਕਬਰ ਦੇ ਦੇਹਾਂਤ ਤੋਂ ਪਿੱਛੋਂ ਉਸਦਾ ਪੁੱਤਰ ਜਹਾਂਗੀਰ ਦਿੱਲੀ ਦੇ ਤਖ਼ਤ ਤੇ ਬੈਠਾ। ਜਹਾਂਗੀਰ ਦਾ ਪੁੱਤਰ ਖ਼ੁਸਰੋ ਵੀ ਦਿੱਲੀ ਦੇ ਤਖ਼ਤ 'ਤੇ ਬੈਠਣਾ ਚਾਹੁੰਦਾ ਸੀ ਅਤੇ ਇਸ ਕਰਕੇ ਉਸ ਨੇ ਬਗਾਵਤ ਕਰ ਦਿੱਤੀ। ਖ਼ੁਸਰੋ ਨੂੰ ਫੜ ਕੇ ਮਾਰ ਦਿੱਤਾ ਗਿਆ। ਚੁਗਲਖੋਰਾਂ ਨੇ ਜਹਾਂਗੀਰ ਨੂੰ ਗੁਰੂ ਜੀ ਵਿਰੁੱਧ ਭੜਕਾਇਆ ਕਿ ਉਨ੍ਹਾਂ ਨੇ ਖ਼ੁਸਰੋ ਦੀ ਮਦਦ ਕੀਤੀ ਹੈ। ਜਹਾਂਗੀਰ ਪਹਿਲਾਂ ਤੋਂ ਹੀ ਕੱਟੜਪੰਥੀਆਂ ਦੇ ਪ੍ਰਭਾਵ ਅਧੀਨ ਗੁਰੂ-ਘਰ ਨੂੰ ਇਸਲਾਮ ਦੇ ਘੇਰੇ ਵਿਚ ਲਿਆਉਣ ਦਾ ਇੱਛੁਕ ਸੀ। ਲੇਖਕ ਜਹਾਂਗੀਰ ਦੀ ਲਿਖਤ 'ਤੁਜ਼ਕੇ ਜਹਾਂਗੀਰੀ' ਵਿਚ ਦਰਜ ਬਿਆਨ ਦੇ ਅਨੁਸਾਰ ਦੱਸਦਾ ਹੈ:

'ਗੋਇੰਦਵਾਲ, ਜੋ ਕਿ ਦਰਯਾਇ ਬਿਆਸ ਦੇ ਕੰਢੇ 'ਤੇ ਹੈ, ਵਿਚ ਅਰਜਨ ਨਾਮੀ ਇਕ ਹਿੰਦੂ ਪੀਰੀ ਤੇ ਸ਼ੇਖ਼ੀ ਦੇ ਭੇਸ ਵਿਚ ਰਹਿੰਦਾ ਸੀ। ਚੁਨਾਂਚਿ ਸਿੱਧੇ ਸਾਦੇ ਹਿੰਦੂਆਂ ਵਿਚੋਂ ਬਹੁਤ ਸਾਰਿਆਂ ਨੂੰ, ਬਲਕਿ ਮੂਰਖ ਤੇ ਬੇਅਕਲ ਮੁਸਲਮਾਨਾਂ ਨੂੰ ਭੀ ਆਪਣੀ ਬਣਾਈ ਰਹਿਤ ਬਹਿਤ ਦਾ ਧਾਰਨੀ ਬਣਾ ਕੇ ਆਪਣੀ ਪੀਰੀ ਤੇ ਗੁਰੂਪੁਣੇ ਦਾ ਢੋਲ ਬੜੈ ਜ਼ੋਰ ਸ਼ੋਰ ਨਾਲ ਵਜਾਇਆ ਹੋਇਆ ਸੀ, ਉਸ ਨੂੰ ਗੁਰੂ ਕਹਿੰਦੇ ਸਨ। ਸਭਨਾਂ ਪਾਸਿਆਂ ਤੋਂ ਪੁਜਾਰੀਆਂ ਦੇ ਟੋਲਿਆਂ ਦੇ ਟੋਲੇ ਉਸ ਵੱਲ ਆਉਂਦੇ ਤੇ ਉਸ ਪਰ ਪੂਰਾ ਭਰੋਸਾ ਪ੍ਰਗਟ ਕਰਦੇ ਸਨ। ਤਿੰਨ ਚਾਰ ਪੀੜ੍ਹੀਆਂ ਤੋਂ ਉਨ੍ਹਾਂ ਨੇ ਇਸ ਦੁਕਾਨ ਨੂੰ ਗਰਮ ਕਰ ਰੱਖਿਆ ਸੀ। ਚਿਰ ਤੋਂ ਮੇਰੇ ਦਿਲ ਵਿਚ ਆਉਂਦੀ ਸੀ ਕਿ ਇਸ ਝੂਠ ਦੀ ਦੁਕਾਨ ਨੂੰ ਦੂਰ ਕਰ ਦਿੱਤਾ ਜਾਏ ਯਾ ਉਸ (ਗੁਰੂ ਅਰਜਨ ਸਾਹਿਬ) ਨੂੰ ਦੀਨ ਦੀ ਜਮਾਤ ਵਿਚ ਲੈ ਆਂਦਾ ਜਾਏ'।

ਇਸ ਝੂਠੇ ਇਲਜ਼ਾਮ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੂੰ ਲਾਹੌਰ ਵਿਖੇ ਤਸੀਹੇ ਦੇ-ਦੇ ਕੇ ਸ਼ਹੀਦ ਕਰ ਦਿੱਤਾ ਗਿਆ। ਗੁਰੂ ਜੀ ਬਾਦਸ਼ਾਹ ਦੀ ਨੀਅਤ ਜਾਣ ਗਏ ਸਨ ਅਤੇ ਇਸ ਕਰਕੇ ਲਾਹੌਰ ਜਾਣ ਤੋਂ ਪਹਿਲਾਂ ਹੀ ਉਹ ਗੁਰਗੱਦੀ ਆਪਣੇ ਸਪੁੱਤਰ ਹਰਿਗੋਬਿੰਦ ਜੀ ਨੂੰ ਸੌਂਪ ਗਏ ਸਨ। ਆਪਣੇ ਗੁਰਿਆਈ ਦੇ ਸਮੇਂ ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਸਿੱਖੀ ਪ੍ਰਚਾਰ ਅਤੇ ਪ੍ਰਸਾਰ ਦੇ ਬਹੁਤ ਵੱਡੇ ਕਾਰਜ ਅਰੰਭੇ ਸਨ ਅਤੇ ਪੂਰਨ ਦ੍ਰਿੜਤਾ ਸਹਿਤ ਉਨ੍ਹਾਂ ਨੂੰ ਪੂਰਾ ਕਰ ਦਿਖਾਇਆ ਸੀ। ਗੁਰੂ ਸਾਹਿਬ ਜੀ ਦਾ ਜੀਵਨ ਸਿੱਖੀ ਦੇ ਵਿਕਾਸ ਵਿਚ ਇਕ ਅਹਿਮ ਮੋੜ ਸਾਬਿਤ ਹੋਇਆ ਹੈ।



# ਗੁਰੂ ਅਰਜਨ ਦੇਵ ਜੀ ਜੀਵਨ ਤੇ ਸ਼ਹਾਦਤ



ਸ੍ਰੀ ਗੁਰੂ ਅਰਜਨ ਦੇਵ ਜੀ, ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਸਪੁੱਤਰ ਦਾ ਜਨਮ 15 ਅਪ੍ਰੈਲ 1563 ਨੂੰ ਮਾਤਾ ਭਾਨੀ ਜੀ ਦੀ ਕੁੱਖੋਂ, ਗੋਇੰਦਵਾਲ ਵਿਖੇ ਹੋਇਆ।

ਸ਼ਾਂਤੀ ਦੇ ਪੁੰਜ, ਸੁਖਮਨੀ ਦੇ ਰਚੇਤਾ, ਬਾਣੀ ਦੇ ਬੋਹਿਥ, ਗੁਰੂ ਗ੍ਰੰਥ ਸਾਹਿਬ ਦੇ ਸੰਪਾਦਕ ਰਚੇਤਾ, ਨਾਮ ਬਾਣੀ ਵਿਚ ਵਿਲੀਨ, ਹਰਿਮੰਦਰ ਸਾਹਿਬ ਤੇ ਤਰਨਤਾਰਨ ਸਾਹਿਬ ਦੇ ਸਿਰਜਣਹਾਰੇ-ਸ੍ਰੀ ਗੁਰੂ ਅਰਜਨ ਦੇਵ ਜੀ, ਚੌਥੇ ਪਾਤਸ਼ਾਹ ਗੁਰੂ ਰਾਮਦਾਸ ਦੇ ਸਪੁੱਤਰ ਦਾ ਜਨਮ 15 ਅਪ੍ਰੈਲ 1563 ਨੂੰ ਮਾਤਾ ਭਾਨੀ ਜੀ ਦੀ ਕੁੱਖੋਂ, ਗੋਇੰਦਵਾਲ ਵਿਖੇ ਹੋਇਆ। ਇਨ੍ਹਾਂ ਦੀ ਮਾਤਾ ਬੀਬੀ ਭਾਨੀ ਗੁਰੂ ਅਮਰਦਾਸ ਦੀ ਬੇਟੀ ਸਨ। ਗੁਰੂ ਅਰਜਨ ਸਾਹਿਬ ਦੇ ਭਰਾ ਬਾਬਾ ਪ੍ਰਿਥੀ ਚੰਦ ਤੇ ਬਾਬਾ ਮਹਾਂਦੇਵ ਸਨ।

ਗੁਰੂ ਅਰਜਨ ਦੇਵ ਨੇ ਦੇਵਨਗਰੀ ਪਾਂਧੇ ਪਾਸੋਂ ਸਿੱਖੀ, ਫ਼ਾਰਸੀ ਅੱਖਰ ਪਿੰਡ ਦੇ ਮਕਤਬ ਵਿਚੋਂ ਸਿਖੇ ਤੇ ਸੰਸਕ੍ਰਿਤ ਵਿਦਿਆ, ਪੰਡਤ ਬੈਣੀ ਕੋਲੋਂ ਬੈਠ ਕੇ ਲਈ। ਕਈ ਲਿਖਾਰੀਆਂ ਨੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਉਨ੍ਹਾਂ ਭਾਸ਼ਾਵਾਂ ਦੇ ਅੰਤਰੀਵ ਭਾਵ ਨੂੰ ਪੂਰੀ ਤਰ੍ਹਾਂ ਸਮਝਦੇ ਸਨ। ਗੁਰੂ ਅਰਜਨ ਦੇਵ ਜੀ ਦਾ ਵੱਡਾ ਭਰਾ ਪ੍ਰਿਥੀ ਚੰਦ, ਦੁਨਿਆਵੀਂ ਤੌਰ ਉਤੇ ਸਿਆਣਾ ਤੇ ਚਤੁਰ ਬੁਧੀ ਵਾਲਾ ਸੀ। ਸਾਰਾ ਕੰਮ ਕਾਰ ਇਹੀ ਸੰਭਾਲਦੇ ਸਨ ਤੇ ਇਨ੍ਹਾਂ ਦੀ ਅੱਖ ਗੁਰੂਗੱਦੀ ਉਤੇ ਸੀ।

ਦੂਜੇ ਭਰਾ ਬਾਬਾ ਮਹਾਂਦੇਵ ਤਿਆਗੀ ਨਿਰਲੇਪ ਤੇ ਉਦਾਸੀ ਅਵਸਥਾ ਵਾਲੇ ਸਨ। ਗੁਰੂ ਅਰਜਨ ਦੇਵ, ਬ੍ਰਹਮ ਗਿਆਨੀ ਅਵਸਥਾ ਵਾਲੇ, ਧੀਰਜਵਾਨ, ਨਿਮਰ, ਆਤਮ ਰਸੀਏ, ਦਿਆਲੂ, ਸਮਦਰਸੀ ਤੇ "ਬ੍ਰਹਮ ਗਿਆਨੀ ਆਪਿ ਪ੍ਰਮੇਸੁਰ" ਸਰੂਪ ਸਨ। ਗੁਰੂ ਅਰਜਨ ਸਾਹਿਬ ਦੀ ਰੱਬੀ ਸ਼ਖ਼ਸੀਅਤ ਦੇ ਦਰਸ਼ਨਾਂ ਦੀ ਝਲਕ, ਭੱਟਾਂ ਦੇ ਸਵਯਾਂ ਵਿਚੋਂ ਵੇਖਣ ਨੂੰ ਮਿਲਦੀ ਹੈ। ਭੱਟ ਬਾਣੀ ਵਿਚ ਗੁਰੂ ਸਾਹਿਬ ਨੂੰ "ਪਰਤਖੁ ਹਰਿ" ਕਿਹਾ ਗਿਆ ਹੈ। ਗੁਰੂ ਸਾਹਿਬ ਦੀ ਇਹੋ ਜਹੀ ਸ਼ਖ਼ਸੀਅਤ ਸੀ ਜਿਨ੍ਹਾਂ ਦੀ ਤਕਣੀ ਨਾਲ ਪਾਪਾਂ ਦਾ ਨਾਸ ਤੇ ਅਗਿਆਨਤਾ ਦਾ ਹਨੇਰਾ ਦੂਰ ਹੋ ਜਾਂਦਾ ਸੀ। ਭੱਟ ਮਥਰਾ ਨੇ ਦਸਿਆ ਹੈ ਕਿ ਵਾਹਿਗੁਰੂ ਦੀ ਜੋਤ ਜਦੋਂ ਸੰਸਾਰ ਤੇ ਪ੍ਰਕਾਸ਼ਮਾਨ ਹੋਈ ਤਾਂ ਉਸ ਨੂੰ ਬਾਬਾ ਨਾਨਕ ਜੀ ਦੇ ਨਾਂ ਨਾਲ ਜਾਣਿਆ ਗਿਆ ਤੇ ਸੰਸਾਰ ਵਿਚ ਇਹੀ ਜੋਤ ਫਿਰ ਪੰਜਵੇਂ ਗੁਰੂ ਸਾਹਿਬਾਨ, ਰਾਹੀਂ ਕਿਰਿਆਸ਼ੀਲ ਹੋਈ:

**ਜੋਤਿ ਰੂਪਿ ਹਰਿ ਆਪਿ ਗੁਰੂ ਨਾਨਕ ਕਹਾਯਉ।**
**ਤਾਂ ਤੇ ਅੰਗਦੁ ਭਯਉ, ਤਤ ਸਿਉ ਤਤੁ ਮਿਲਾਯਉ।**
**ਮੂਰਤ ਪੰਚ ਪ੍ਰਮਾਣ, ਪੁਰਖ ਗੁਰੂ ਅਰਜਨ ਪਿਖੇਹੁ ਨਯਣ।**(ਪੰਨਾ 1408)

ਜੋਤਿ ਤੋਂ ਜੋਤਿ ਹੀ ਪ੍ਰਕਾਸ਼ਮਾਨ ਹੁੰਦੀ ਚਲਦੀ ਆਈ: ਰਾਮਦਾਸਿ ਗੁਰੂ ਜਗ ਤਾਰਨ ਕਉ। ਗੁਰ ਜੋਤਿ ਅਰਜਨ ਮਾਹਿ ਧਰੀ। (ਪੰਨਾ 1409)

ਅਪਣੇ ਬੱਚਿਆਂ ਨੂੰ ਪਰਖਣ ਲਈ ਗੁਰੂ ਰਾਮਦਾਸ ਜੀ ਨੇ ਕਿਹਾ ਕਿ ਉਨ੍ਹਾਂ ਦੇ ਭਰਾ ਦੇ ਲੜਕੇ ਦੀ ਸ਼ਾਦੀ ਹੈ ਤੇ ਪ੍ਰਿਥੀ ਚੰਦ ਉਥੇ ਚਲੇ ਜਾਣ। ਉਹ ਕਹਿਣ ਲੱਗੇ ਕਿ ਮੈਂ ਕਿਵੇਂ ਜਾ ਸਕਦਾ ਹਾਂ ਕਿਉਂਕਿ ਇਥੇ ਬਹੁਤ ਜ਼ਿੰਮੇਵਾਰੀਆਂ ਹਨ। ਅਸਲ ਡਰ ਉਸ ਨੂੰ ਇਹ ਸੀ ਕਿ ਅਰਜਨ ਦੇਵ ਜੀ ਨੂੰ ਕਿਤੇ ਉਸ ਦੀ ਗ਼ੈਰ ਹਾਜ਼ਰੀ ਵਿਚ ਗੁਰਗੱਦੀ ਨਾ ਮਿਲ ਜਾਵੇ। ਗੁਰੂ ਅਰਜਨ ਪਾਤਸ਼ਾਹ ਛੋਟੇ ਸਨ। ਉਹ ਗੁਰੂ ਰਾਮਦਾਸ ਜੀ ਨੂੰ ਜਾਣ ਲਈ ਨਾਂਹ ਨਾ ਕਰ ਸਕੇ ਤੇ ਨੇਤਰਾਂ ਵਿਚ ਅੱਥਰੂ ਆ ਗਏ- ਪਰ ਕਹਿਣ ਲੱਗੇ ਕਿ ਤੁਹਾਡੇ ਦਰਸ਼ਨਾਂ ਤੋਂ ਬਿਨਾਂ ਮੇਰਾ ਜਿਊਣਾ ਔਖਾ ਹੈ:

**"ਜਿਉ ਮਛੁਲੀ ਬਿਨੁ ਪਾਣੀਐ,**
**ਕਿਉ ਜੀਵਣੁ ਪਾਵੈ।"** (ਪੰਨਾ 708)

ਗੁਰੂ ਰਾਮਦਾਸ ਜੀ ਨੇ ਇਨ੍ਹਾਂ ਨੂੰ ਹੋਰ ਆਗਿਆ ਕੀਤੀ ਕਿ ਉਥੇ ਰਹਿ ਕੇ ਸਤਿਸੰਗ ਕਰਨਾ ਹੈ ਤੇ ਤੀਜੀ ਗੱਲ ਹੈ ਕਿ ਜਦ ਤਕ ਅਸੀ ਨਾ ਬੁਲਾਈਏ, ਤਦ ਤੱਕ ਵਾਪਸ ਨਹੀਂ ਆਉਣਾ। ਸੋ ਇਸੇ ਤਰ੍ਹਾਂ ਹੁਕਮਾਂ ਦੀ ਤਾਮੀਲ ਹੋਈ। ਅਰਜਨ ਦੇਵ ਜੀ ਨੂੰ ਉਡੀਕਦੇ-ਉਡੀਕਦੇ ਇਕ ਸਾਲ ਹੋ ਗਿਆ। ਆਪ ਜੀ ਨੇ ਪਿਤਾ ਗੁਰੂ ਰਾਮਦਾਸ ਜੀ ਨੂੰ ਦੋ ਚਿਠੀਆਂ ਲਿਖ ਕੇ ਭੇਜੀਆਂ, ਜਿਹੜੀਆਂ ਪ੍ਰਿਥੀ ਚੰਦ ਨੇ ਰੱਖ ਲਈਆਂ ਤੇ ਗੁਰੂ ਰਾਮਦਾਸ ਤਕ ਪਹੁੰਚਣ ਹੀ ਨਾ ਦਿਤੀਆਂ। ਤੀਜੀ ਚਿੱਠੀ ਦੇ ਕੇ ਸਿੱਖ ਨੂੰ ਤਾਕੀਦ ਕੀਤੀ ਕਿ ਖ਼ੁਦ ਗੁਰੂ ਰਾਮਦਾਸ ਜੀ ਨੂੰ ਚਿੱਠੀ ਦੇਣੀ ਹੈ। ਬਿਰਹੋ ਦੀ ਹਾਲਤ ਨੂੰ ਚੌਥੇ ਪਾਤਸ਼ਾਹ ਨੇ ਵਾਚਿਆ :

**ਇਕ ਘੜੀ ਨਾ ਮਿਲਤੇ ਤਾਂ ਕਲਜੁਗੁ ਹੋਤਾ। ਹੁਣਿ ਕਦਿ ਮਿਲੀਐ ਪ੍ਰਿਅ ਤੁਧੁ ਭਗਵੰਤਾ।** (ਪੰਨਾ 97)

ਚੌਥੇ ਪਾਤਸ਼ਾਹ ਗੁਰੂ ਰਾਮਦਾਸ ਜੀ ਨੇ ਇਹ ਮਹਿਸੂਸ ਕੀਤਾ ਕਿ ਗੁਰਗੱਦੀ ਦਾ ਭਾਰ ਤਾਂ ਉਹੀ ਸੰਭਾਲ ਸਕਦਾ ਹੈ ਜਿਸ ਵਿਚ ਧੀਰਜ ਤੇ ਨਿਮਰਤਾ ਹੋਵੇ। ਬਾਬਾ ਬੁੱਢਾ ਜੀ, ਪੰਜ ਸਿੱਖਾਂ ਨੂੰ ਨਾਲ ਲੈ ਕੇ ਲਾਹੌਰ ਤੋਂ ਅਰਜਨ ਦੇਵ ਜੀ ਨੂੰ ਲੈ ਆਏ ਤੇ ਸਿੱਖੀ ਮਰਯਾਦਾ ਅਨਸਾਰ ਉਨ੍ਹਾਂ ਨੂੰ ਤਿਲਕ ਲਗਾਇਆ। ਕੇਵਲ ਦੋ ਦਿਨ ਗੁਰੂ ਰਾਮਦਾਸ ਜੀ, ਅੰਮ੍ਰਿਤਸਰ ਰਹਿ ਕੇ ਤੀਜੇ ਦਿਨ ਗੁਰੂ ਅਰਜਨ ਦੇਵ ਜੀ ਨਾਲ ਗੋਇੰਦਵਾਲ ਸਾਹਿਬ ਆ ਗਏ ਤੇ ਫਿਰ ਉਸੇ ਦਿਲ ਉਥੇ ਜੋਤੀ ਜੋਤ ਸਮਾ ਗਏ।

ਗੁਰੂ ਅਰਜਨ ਸਾਹਿਬ ਦੇ ਵੱਡੇ ਭਰਾ ਪ੍ਰਿਥੀ ਚੰਦ ਵਲੋਂ ਰਜਵੀਂ ਵਿਰੋਧਤਾ ਹੋਈ ਪਰ ਆਪ ਸ਼ਾਂਤ ਸੁਭਾਅ ਵਾਲੇ ਪੂਰੀ ਨਿਮਰਤਾ ਵਿਚ ਰਹੇ। ਸ੍ਰੀ ਹਰਿਮੰਦਰ ਸਾਹਿਬ ਵਿਚ 1604 ਈਸਵੀ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦਾ ਸੰਪਾਦਨ ਸਪੰਨ ਹੋ ਗਿਆ ਤੇ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ ਮਾਨ ਹੋਇਆ। ਗੁਰੂ ਗ੍ਰੰਥ ਸਾਹਿਬ ਵਿਚ ਸਿੱਖ ਗੁਰੂ ਸਾਹਿਬਾਨ, ਹਿੰਦੂ ਭਗਤਾਂ ਤੇ ਮੁਸਲਮਾਨ ਫ਼ਕੀਰਾਂ ਦੀ ਰਚਨਾ ਨੂੰ ਸੰਮਿਲਤ ਕਰਨਾ ਲੋਕਾਂ ਲਈ ਅਜੀਬ ਘਟਨਾ ਸੀ। ਪੰਜਵੇਂ ਗੁਰੂ ਸਾਹਿਬ ਨੇ ਆਪ ਰੱਬੀ ਪਿਆਰ ਵਿਚ ਮਖ਼ਮੂਰ ਰਹਿੰਦੇ ਸਨ, ਜਿਹੜੀ ਗੱਲ ਬਾਣੀ ਵਿਚੋਂ ਭਲੀ ਭਾਂਤ ਪ੍ਰਗਟ ਹੁੰਦੀ ਹੈ। ਭਾਈ ਗੁਰਦਾਸ ਜੀ ਨੇ ਆਪ ਜੀ ਦੀ ਸ਼ਖ਼ਸੀਅਤ ਨੂੰ ਇਸ ਤਰ੍ਹਾਂ ਬਿਆਨ ਕੀਤਾ ਹੈ:

**ਰਹਿੰਦੇ ਗੁਰ ਦਰੀਆਉ ਵਿਚ**
**ਮੀਨ ਕੁਲੀਨ ਹੇਤੁ ਨਿਰਬਾਣੀ।**
**ਦਰਸ਼ਨ ਦੇਖ ਪਤੰਗ ਜਿਉਂ ਜੋਤੀ**
**ਅੰਦਰ ਜੋਤਿ ਸਮਾਣੀ।** (ਪੰਨਾ 430)

1430 ਅੰਗਾਂ ਦੇ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਪਹਿਲੇ 5 ਗੁਰੂ ਸਾਹਿਬਾਨ ਦੀ ਬਾਣੀ ਤੋਂ ਬਿਨਾਂ ਹਿੰਦੁਸਤਾਨ ਦੇ ਵੱਖ-ਵੱਖ ਸੂਬਿਆਂ ਵਿਚੋਂ 15 ਭਗਤਾਂ ਸੰਤਾਂ, ਸੂਫ਼ੀ ਫ਼ਕੀਰਾਂ ਤੇ 11 ਭੱਟਾਂ ਦੀ ਰਚਨਾ ਵੱਖ-ਵੱਖ ਰਾਗਾਂ ਵਿਚ ਸੰਮਿਲਤ ਕਰ ਕੇ ਸਰਬ ਮਨੁੱਖਤਾ ਦੇ ਸਾਡੇ ਧਾਰਮਕ ਗ੍ਰੰਥ ਸਾਹਿਬ ਨੂੰ ਹਰਿਮੰਦਰ ਸਾਹਿਬ ਵਿਚ ਪ੍ਰਕਾਸ਼ਮਾਨ ਕੀਤਾ ਹੈ। ਮਨੁੱਖੀ ਭਾਈਚਾਰੇ ਦੀ ਬਰਾਬਰੀ, ਸਾਂਝੀਵਾਲਤਾ ਤੇ ਪ੍ਰਸਪਰ ਪਿਆਰ ਦੀ ਵਜ੍ਹਾ ਕਰ ਕੇ ਹਿੰਦੂ ਭਾਈਚਾਰੇ ਵਿਚ ਸਾਂਝ ਲਿਆਂਦੀ ਤੇ ਮੁਸਲਿਮ ਭਾਈਚਾਰੇ ਨਾਲ ਨਫ਼ਰਤ ਘਟੀ। ਸੂਫ਼ੀ ਫ਼ਕੀਰ ਹਜ਼ਰਤ ਮੀਆਂ ਮੀਰ ਨੇ ਹਰਿਮੰਦਰ ਸਾਹਿਬ ਦੀ ਨੀਂਹ ਰੱਖ ਕੇ ਇਸ ਸਾਂਝੀਵਾਲਤਾ ਨੂੰ ਹੋਰ ਪਰਪੱਕ ਕੀਤਾ। ਪਰ ਸਾਂਝੀਵਾਲਤਾ ਦੀ ਇਹ ਲਹਿਰ ਵਕਤ ਦੇ ਹਾਕਮਾਂ ਨੂੰ ਰੜਕਣ ਲੱਗ ਪਈ। ਮੌਲਵੀਆਂ ਤੇ ਕਾਜ਼ੀਆਂ ਨੇ ਜੋ ਇਸਲਾਮ ਦਾ ਬੋਲਬਾਲ ਚਾਹੁੰਦੇ ਸਨ, ਉਨ੍ਹਾਂ ਨੂੰ ਅਕਬਰ ਦੀ ਉਦਾਰਵਾਦੀ ਨੀਤੀ ਬਿਲਕੁਲ ਪਸੰਦ ਨਹੀਂ ਸੀ ਤੇ ਉਹ ਸ਼ਹਿਜ਼ਾਦਾ ਖ਼ੁਸਰੋ ਨੂੰ ਵੀ ਪਸੰਦ ਨਹੀਂ ਕਰਦੇ ਸਨ। ਗੁਰੂ ਅਰਜਨ ਸਾਹਿਬ ਉਪਰ ਖ਼ੁਸਰੋ ਦੀ ਮਦਦ ਦਾ ਇਲਜ਼ਾਮ ਲਗਾਇਆ ਗਿਆ ਤੇ ਇਹ ਸਾਜ਼ਸ਼ ਘੜੀ ਗਈ ਕਿ ਗੁਰੂ ਅਰਜਨ ਸਾਹਿਬ ਨੇ ਸ਼ਹਿਜ਼ਾਦਾ ਖ਼ੁਸਰੋ ਨੂੰ ਪਨਾਹ ਦਿਤੀ ਤੇ ਉਸ ਦੀਆਂ ਫ਼ੌਜਾਂ ਨੂੰ ਲੰਗਰ ਛਕਾਇਆ ਹੈ। ਅਕਬਰ ਦੇ ਰਾਜ ਵਿਚ ਵੀ ਸ਼ਿਕਾਇਤਾਂ ਹੁੰਦੀਆਂ ਰਹੀਆਂ ਕਿ ਗੁਰੂ ਗ੍ਰੰਥ ਸਾਹਿਬ ਵਿਚ ਪੀਰਾਂ, ਪੈਗ਼ੰਬਰਾਂ, ਸ਼ਸਤਰਾਂ ਤੇ ਕੁਰਾਨ ਸ਼ਰੀਫ਼ ਦੀ ਨਿੰਦਿਆ ਕੀਤੀ ਗਈ ਹੈ।

ਬਾਦਸ਼ਾਹ ਨੇ ਪਵਿੱਤਰ ਬਾਣੀ ਸੁਣ ਕੇ ਸੋਨੇ ਦੀਆਂ ਮੋਹਰਾਂ ਭੇਟ ਕੀਤੀਆਂ ਸਨ। ਪਰ ਜਹਾਂਗੀਰ ਦੇ ਰਾਜ ਵਿਚ ਹਾਲਾਤ ਵਖਰੇ ਸਨ ਤੇ ਉਸ ਦੇ ਮਨ ਵਿਚ ਗੁਰੂ ਘਰ ਲਈ ਵਿਰੋਧ ਵੱਧ ਰਿਹਾ ਸੀ। ਇਨ੍ਹਾਂ ਚੁਗ਼ਲਖੋਰਾਂ ਵਿਚ ਪ੍ਰਿਥੀ ਚੰਦ, ਚੰਦੂ ਸ਼ਾਹ, ਸ਼ੇਖ਼ ਮੁਜੱਦਦ ਅਲਫ਼ਸਾਨੀ ਤੇ ਸ਼ੇਖ਼ ਬੁਖਾਰੀ ਸਨ ਜਿਨ੍ਹਾਂ ਨੂੰ ਗੁਰੂ ਘਰ ਵਿਰੁੱਧ ਜਹਾਂਗੀਰ ਨੂੰ ਗੁਰੂ ਸਾਹਿਬ ਵਿਰੁਧ ਝੂਠੀਆਂ ਤੋਹਮਤਾਂ ਲਗਾਈਆਂ। ਉਹ ਬਿਨਾਂ ਸੋਚੇ ਸਮਝੇ ਇਸ ਸ਼ੀਤਲ ਸੋਮੇ ਨੂੰ ਬੰਦ ਕਰਨ ਤੇ ਤੁਲ ਗਿਆ। ਉਨ੍ਹਾਂ ਨੇ ਜਹਾਂਗੀਰ ਬਾਦਸ਼ਾਹ ਨੂੰ ਗੁਰੂ ਅਰਜਨ ਦੇਵ ਜੀ ਵਿਰੁਧ ਖ਼ੂਬ ਭੜਕਾਇਆ ਤੇ ਖ਼ੁਸਰੋ ਦੀ ਮਦਦ ਕਰਨ ਦਾ ਵੀ ਇਲਜ਼ਾਮ ਲਗਾਇਆ।

ਜਹਾਂਗੀਰ ਨੇ ਅਪਣੀ ਸਵੈ ਜੀਵਨੀ ਤੌਜ਼ਕੇ-ਜਹਾਂਗੀਰੀ ਵਿਚ ਇਸ ਘਟਨਾ ਦਾ ਜ਼ਿਕਰ ਕੀਤਾ ਹੈ। ਇਨ੍ਹਾਂ ਚੁਗ਼ਲਖੋਰਾਂ ਦੀਆਂ ਗੱਲਾਂ ਮੰਨਦੇ ਹੋਏ ਗੁਰੂ ਸਾਹਿਬ ਨੂੰ ਗ੍ਰਿਫ਼ਤਾਰ ਕਰਨ ਦਾ ਹੁਕਮ ਜਾਰੀ ਕੀਤਾ ਗਿਆ। ਜਦੋਂ ਜਹਾਂਗੀਰ ਰਾਜ ਸਿਘਾਸਣ ਉਤੇ ਬੈਠਿਆ ਤਾਂ ਮੁੱਲਾ ਮੁਲਾਣਿਆਂ ਨੇ ਉਸ ਕੋਲੋਂ ਪ੍ਰਣ ਲੈ ਲਿਆ ਸੀ ਕਿ ਉਹ ਰਾਜ ਸ਼ਾਸਨ ਦੀ ਨੀਹ ਵਿਚ ਸ਼ਰਾ ਨੂੰ ਹੀ ਸੱਭ ਕੁੱਝ ਸਮਝੇਗਾ। ਗੁਰੂ ਅਰਜਨ ਦੇਵ ਜੀ ਨੂੰ ਰਾਜ ਦੋਸ਼ੀ ਠਹਿਰਾਇਆ ਗਿਆ ਤੇ ਦੋਸ਼ ਨਮਿਤ ਤਿੰਨ ਲੱਖ ਰੁਪਏ ਦਾ ਜੁਰਮਾਨਾ ਕੀਤਾ ਗਿਆ। ਗੁਰੂ ਸਾਹਿਬ ਨੇ ਜੁਰਮਾਨਾ ਦੇਣ ਤੋਂ ਇਨਕਾਰ ਕਰ ਦਿਤਾ।

ਜਹਾਂਗੀਰ ਨੇ, ਗੁਰੂ ਸਾਹਿਬ ਦੇ ਇਸ ਨਿਧੜਕ ਫ਼ੈਸਲੇ ਨੂੰ ਅਪਣੀ ਹੇਠੀ ਸਮਝਿਆ ਤੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਫ਼ੈਸਲਾ ਕਰ ਲਿਆ। ਉਸ ਨੇ ਅਪਣੀ ਆਤਮ ਕਥਾ ਤੌਜ਼ਕੇ-ਜਹਾਂਗੀਰੀ ਦੇ ਪੰਨਾ 35 ਉਤੇ ਲਿਖਿਆ ਹੈ ਕਿ ਗੁਰੂ ਅਰਜਨ ਦੇਵ ਨੂੰ ਬਸਿਯਾਸਤ-ਵ-ਬ-ਯਾਸਾ ਰਸਨੰਦ ਅਨੁਸਾਰ ਸ਼ਹੀਦ ਕਰ ਦਿਤਾ ਜਾਵੇ। ਯਾਸਾ ਤਾਂ ਉਸ ਪੁਰਸ਼ ਨੂੰ ਦਿਤੀ ਜਾਂਦੀ ਹੈ ਜੋ ਆਤਮਕ ਤੌਰ ਤੇ ਬਲਵਾਨ ਹੋਵੇ ਤੇ ਰਾਜਦੰਡ ਦਾ ਅਧਿਕਾਰੀ ਹੋਵੇ। ਇਹ ਤਰ੍ਹਾਂ ਦੀ ਸਜ਼ਾ ਦਾ ਮਤਲਬ ਇਹ ਹੈ ਕਿ ਅਪਰਾਧੀ ਨੂੰ ਮੌਤ ਦੀ ਸਜ਼ਾ ਦਿੰਦੇ ਉਸ ਦਾ ਖ਼ੂਨ ਜ਼ਮੀਨ ਤੇ ਨਾ ਡੁੱਲ੍ਹੇ।

ਗੁਰੂ ਸਾਹਿਬ ਨੂੰ ਤੱਤੀ ਤਵੀ ਤੇ ਬਿਠਾਇਆ ਗਿਆ, ਫਿਰ ਉਬਲਦੇ ਪਾਣੀ ਦੀ ਦੇਗ ਵਿਚ ਉਬਾਲ ਕੇ ਬਾਅਦ ਵਿਚ ਰਾਵੀ ਦਰਿਆ ਵਿਚ ਰੋੜ੍ਹ ਦਿੱਤਾ ਗਿਆ। ਇਹ ਸੱਭ ਤਸੀਹੇ ਵੀ ਗੁਰੂ ਸਾਹਿਬ ਨੂੰ ਅਪਣੇ ਆਦਰਸ਼ ਤੋਂ ਪਾਸੇ ਨਾ ਹਟਾ ਸਕੇ ਤੇ ਆਪ ਸ਼ਹਾਦਤ ਪਾ ਗਏ ਤੇ ਬਾਬਾ ਨਾਨਕ ਸਾਹਿਬ ਦੀ ਦਰਸਾਈ ਵਿਚਾਰ ਪ੍ਰੰਪਰਾ ਹੋਰ ਗੌਰਵਮਈ ਤੇ ਸ਼ਕਤੀਸ਼ਾਲੀ ਬਣ ਗਈ। ਪੰਚਮ ਪਾਤਸ਼ਾਹ ਨੂੰ ਇਹ ਸਾਰੀਆਂ ਸਜ਼ਾਵਾਂ ਭੁਲੜ ਤੇ ਈਰਖਾਵਾਦੀ ਚੰਦੂ ਦੀ ਦੇਖ ਰੇਖ ਵਿਚ ਦਿਤੀਆਂ ਗਈਆਂ। ਸੂਰਜ ਪ੍ਰਕਾਸ਼ ਵਿਚ ਲਿਖਿਆ ਹੈ :

**ਕਰਿ ਚਾਕਰ ਸੋ ਦੇਗ ਉਬਾਰੀ।**
**ਪਕਰੋ ਦੇਹੁ, ਤਿਸੀਂ ਮਹਿ ਭਾਰੀ।**
**ਤਬਿ ਸਤਿਗੁਰੁ ਉਠਿ ਆਪੇ ਗਏ।**
**ਤਪਤਿ ਨੀਰ ਮਹਿ ਬੈਠਤਿ ਭਏ।**(ਪੰਨਾ 2364)

ਇਸ ਤਰ੍ਹਾਂ ਸੁਖਮਨੀ ਸਾਹਿਬ ਦੇ ਕਰਤਾ ਤੇ ਗੁਰੂ ਗ੍ਰੰਥ ਸਾਹਿਬ ਦੇ ਸੰਪਾਦਨ ਕਰਨ ਵਾਲੇ, ਸਿੱਖ ਸੰਗਤ ਨੂੰ ਧੀਰਜ ਤੇ ਸਬਰ ਦਾ ਉਪਦੇਸ਼ ਦੇਣ ਵਾਲੇ, ਇਸ ਪੰਜ ਭੂਤਕ ਸ੍ਰੀਰ ਨੂੰ ਤਿਆਗ ਗਏ। ਪੰਚਮ ਪਾਤਸ਼ਾਹ ਨੇ ਅੰਮ੍ਰਿਤਸਰ ਵਿਖੇ ਗ੍ਰਿਫ਼ਤਾਰੀ ਦੇਣ ਤੋਂ ਪਹਿਲਾਂ, ਗੁਰਤਾਗੱਦੀ ਦੀ ਜ਼ਿੰਮੇਵਾਰੀ ਸ੍ਰੀ ਗੁਰੂ ਹਰਗੋਬਿੰਦ ਜੀ ਨੂੰ ਸੌਂਪ ਕੇ, ਤਾਕੀਦ ਕੀਤੀ ਸੀ:- "ਬਿਖੜੇ ਸਮੇਂ ਆ ਰਹੇ ਹਨ। ਬਦੀ ਦੀਆਂ ਤਾਕਤਾਂ ਮਨੁੱਖਤਾਂ ਨੂੰ ਹੜਪਣ ਲਈ ਤਿਆਰ ਹਨ... ਜੇ ਜਰਵਾਣੇ ਸ਼ਾਂਤਮਈ ਢੰਗ ਨਾਲ ਨਾ ਸਮਝਣ ਤਾਂ ਜਿਹੜੀ ਬੋਲੀ (ਸ਼ਸਤਰ ਦੀ) ਉਹ ਸਮਝਦੇ ਹਨ, ਉਸ ਨਾਲ ਉਨ੍ਹਾਂ ਨੂੰ ਸਿੱਧੇ ਰਸਤੇ ਪਾਉਣ।" ਗੁਰੂ ਹਰਗੋਬਿੰਦ ਜੀ ਨੇ ਦੋ ਤਲਵਾਰਾਂ ਮੀਰੀ ਤੇ ਪੀਰੀ ਦੀਆਂ ਪਹਿਨੀਆਂ ਤੇ ਜ਼ੁਲਮ ਦਾ ਟਾਕਰਾ ਸ਼ਸਤਰਾਂ ਨਾਲ ਕਰਨ ਦੀ ਨਵੀਂ ਪ੍ਰੰਪਰਾ ਚਲਾਈ, ਜਿਹੜੀ ਦਸਮ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਵੇਲੇ ਹੋਰ ਵੀ ਪ੍ਰਚੰਡ ਰੂਪ ਧਾਰ ਗਈ। ਗੁਰੂ ਅਰਜਨ ਦੇਵ ਪਾਤਸ਼ਾਹ ਜੀ ਨੇ ਖ਼ੁਦ ਸ਼ਹੀਦੀ ਦੇ ਕੇ ਉਹ ਸਿੱਖ ਕੌਮ ਵਿਚ ਪਹਿਲੇ ਸ਼ਹੀਦਾਂ ਦਾ ਸਿਰਤਾਜ ਬਣੇ ਤੇ ਇਸ ਤੋਂ ਮਗਰੋਂ ਹੋਰ ਸ਼ਹੀਦੀਆਂ ਦੀ ਪ੍ਰੰਪਰਾ ਚਲਦੀ ਰਹੀ।

# ਸਿੱਖ ਧਰਮ ਦੀਆਂ ਗੁਰੂ ਮਹਿਲ ਅਤੇ ਸੂਰਬੀਰ ਔਰਤਾਂ





ਡਾ. ਸੰਦੀਪ ਘੰਡ ਲਾਈਫ ਕੋਚ
9815139576

ਸਿੱਖ ਧਰਮ, ਜੋ ਕਿ ਆਪਣੀ ਸਮਾਨਤਾ, ਅਧਿਆਤਮਿਕ ਡੂੰਘਾਈ ਅਤੇ ਜਿਗਆਸੂ ਭਾਵਨਾ ਲਈ ਜਾਣਿਆ ਜਾਂਦਾ ਹੈ।ਇਸ ਧਰਮ ਦਾ ਕੇਂਦਰ ਬਿੰਦੂ ਸੇਵਾ ਅਤੇ ਸਿਮਰਨ ਤੋਂ ਇਲਾਵਾ ਜਾਤ-ਪਾਤ ਅਤੇ ਸਰਬ ਧਰਮ ਦਾ ਸਤਿਕਾਰ ਅਤੇ ਮਰਦ ਔਰਤ ਦੀ ਬਰਾਬਰਤਾ ਦੇ ਸਿਧਾਤ ਤੇ ਚੱਲਦਾ ਹੈ।ਇਸੇ ਕਾਰਣ ਬੇਸ਼ਕ ਇਸ ਦਰਮ ਦੀ ਉਮਰ ਕੋਈ ਜਿਆਦਾ ਲੰਮੇਰੀ ਨਹੀ ਪਰ ਫੇਰ ਵੀ ਅੱਜ ਇਸ ਧਰਮ ਨੂੰ ਮੰਨਣ ਵਾਲੇ ਦੁਨੀਆਂ ਦੇ ਹਰ ਕੋਨੇ ਵਿੱਚ ਆਪਣੀ ਸੇਵਾ ਦੀ ਛਾਪ ਛੱਡ ਰਹੇ ਹਨ।ਦਸ ਗੁਰੂ ਸਹਿਬਾਨ ਤੋਂ ਇਲਾਵਾ ਇਹਨਾਂ ਦੇ ਗ੍ਰਹਿਸਥੀ ਧਰਮ ਦੀ ਪਾਲਣਾ ਕੀਤੀ।ਦਸ ਗੁਰੂ ਸਹਿਬਾਨ ਦੀਆਂ ਪਤਨੀਆਂ (ਗੁਰੂ ਮਹਿਲ) ਦਾ ਨਾਮ ਦਿੱਤਾ ਜਾਦਾਂ ਤੋਂ ਇਲਾਵਾ ਉਹਨਾਂ ਔਰਤਾਂ ਦਾ ਵੀ ਬਹੁਤ ਵੱਡਾ ਯੋਗਦਾਨ ਹੈ ਜੋ ਕਿਸੇ ਨਾ ਕਿਸੇ ਰੂਪ ਵਿੱਚ ਗੁਰੂ ਸਹਿਬਾਨ ਦੇ ਪ੍ਰੀਵਾਰ ਦਾ ਹਿੱਸਾ ਰਹੀਆਂ ਜੋ ਸਿੱਖ ਇਤਿਹਾਸ ਦਾ ਹਿੱਸਾ ਬਣ ਗਈਆਂ। ਜਿਵੇਂ ਗੁਰੂ ਨਾਨਕ ਦੇਵ ਜੀ ਦੀ ਅਧਿਆਤਮਕ ਪਹਿਚਾਣ ਕਰਕੇ ਬੇਬੇ ਨਾਨਕੀ ਨੂੰ ਸਿੱਖ ਪੰਥ ਦੀ ਪਹਿਲੀ ਮਹਿਲਾ ਸਿੱਖ ਵੀ ਕਿਹਾ ਜਾਦਾਂ।ਇਸ ਤੋਂ ਬਿੰਨਾਂ ਮਾਤਾ ਗੁਜਰ ਕੌਰ, ਮਾਤਾ ਸਾਹਿਬ ਕੌਰ,ਅਤੇ ਮਾਤਾ ਭਾਗ ਕੌਰ ਦੇ ਨਾਮ ਪ੍ਰਮੁੱਖ ਹਨ। ਇਨ੍ਹਾਂ ਮਹਾਨ ਔਰਤਾਂ ਨੇ ਸਿੱਖ ਧਰਮ ਦੇ ਵਿਸ਼ਵਾਸ, ਪਰਿਵਾਰ ਅਤੇ ਕਦਰਾਂ-ਕੀਮਤਾਂ ਨੂੰ ਪਾਲਣ ਵਿੱਚ ਮਹੱਤਵਪੂਰਨ ਭੂਮਿਕਾਵਾਂ ਨਿਭਾਈਆਂ। ਇਹ ਲੇਖ ਦਸ ਸਿੱਖ ਗੁਰੂਆਂ ਦੀਆਂ ਪਤਨੀਆਂ ਨੂੰ ਸ਼ਰਧਾਂਜਲੀ ਦਿੰਦਾ ਹੈ, ਜੋ ਆਪਣੀ ਕਿਰਪਾ, ਹਿੰਮਤ ਅਤੇ ਵਚਨਬੱਧਤਾ ਲਈ ਬਰਾਬਰ ਸਤਿਕਾਰ ਦੀਆਂ ਹੱਕਦਾਰ ਹਨ।

**ਮਾਤਾ ਸੁਲੱਖਣੀ ਜੀ (ਗੁਰੂ ਨਾਨਕ ਦੇਵ ਜੀ ਦੀ ਪਤਨੀ)** : ਮਾਤਾ ਸੁਲੱਖਣੀ ਜੀ ਦਾ ਜਨਮ ਬਟਾਲਾ ਵਿੱਚ ਮੂਲ ਚੰਦ, ਇੱਕ ਚੋਨਾ ਖੱਤਰੀ ਦੇ ਘਰ ਹੋਇਆ ਸੀ। ਉਨ੍ਹਾਂ ਦਾ ਵਿਆਹ 1487 ਵਿੱਚ ਗੁਰੂ ਨਾਨਕ ਦੇਵ ਜੀ ਨਾਲ ਹੋਇਆ ਸੀ। ਭਾਵੇਂ ਉਨ੍ਹਾਂ ਦਾ ਸੁਭਾਅ ਸ਼ਾਂਤ ਸੀ, ਪਰ ਸਿੱਖ ਧਰਮ ਦੀ ਨੀਂਹ ਵਿੱਚ ਉਨ੍ਹਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੇ ਘਰ ਦਾ ਪ੍ਰਬੰਧ ਕੀਤਾ ਅਤੇ ਉਨ੍ਹਾਂ ਦੇ ਦੋ ਪੁੱਤਰਾਂ - ਸ੍ਰੀ ਚੰਦ ਅਤੇ ਲਖਮੀ ਦਾਸ-ਦੀ ਦੇਖ-ਭਾਲ ਵੀ ਕੀਤੀ ਜਦੋਂ ਕਿ ਗੁਰੂ ਨਾਨਕ ਦੇਵ ਜੀ ਨੇ ਲੰਬੀਆਂ ਅਧਿਆਤਮਿਕ ਯਾਤਰਾਵਾਂ (ਉਦਾਸੀਆਂ) ਸ਼ੁਰੂ ਕੀਤੀਆਂ।

**ਮਾਤਾ ਖੀਵੀ ਜੀ (ਗੁਰੂ ਅੰਗਦ ਦੇਵ ਜੀ ਦੀ ਪਤਨੀ)** : 1506 ਵਿੱਚ ਸੰਘਰ ਦੇ ਦੇਵੀ ਚੰਦ ਦੇ ਘਰ ਜਨਮੀ ਮਾਤਾ ਖੀਵੀ ਜੀ ਸਿੱਖ ਪਰੰਪਰਾ ਵਿੱਚ ਇੱਕ ਮੋਹਰੀ ਹਸਤੀ ਸੀ। ਉਨ੍ਹਾਂ ਦਾ ਵਿਆਹ ਭਾਈ ਲਹਿਣਾ (ਬਾਅਦ ਵਿੱਚ ਗੁਰੂ ਅੰਗਦ ਦੇਵ ਜੀ) ਨਾਲ ਹੋਇਆ ਸੀ ਅਤੇ ਉਨ੍ਹਾਂ ਨੇ ਗੁਰੂ ਕਾ ਲੰਗਰ ਸੰਸਥਾ ਨੂੰ ਵਿਕਸਤ ਕਰਨ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਨੇ ਪਿਆਰ ਅਤੇ ਨਿਮਰਤਾ ਨਾਲ ਭੋਜਨ ਪਰੋਸਿਆ, ਜਾਤਾਂ ਵਿੱਚ ਸਮਾਨਤਾ ਦੀ ਧਾਰਨਾ ਸਥਾਪਤ ਕੀਤੀ। ਅੱਜ ਵੀ ਕਈ ਸ਼ਹਿਰਾਂ ਵਿੱਚ ਮਾਤਾ ਖੀਵੀ ਜੀ ਦੇ ਨਾਮ ਤੇ ਬਣੀਆਂ ਸੰਸ਼ਥਾਵਾਂ ਲੰਗਰ ਦੀ ਸੇਵਾ ਕਰ ਰਹੀਆਂ ਹਨ।



**ਮਾਤਾ ਮਨਸਾ ਦੇਵੀ ਜੀ (ਗੁਰੂ ਅਮਰਦਾਸ ਜੀ ਦੀ ਪਤਨੀ)** : ਮਾਤਾ ਮਨਸਾ ਦੇਵੀ ਜੀ ਗੁਰੂ ਅਮਰਦਾਸ ਜੀ ਦੀ ਪਤਨੀ ਅਤੇ ਬੀਬੀ ਭਾਨੀ ਜੀ ਦੀ ਮਾਤਾ ਸਨ ਉਨ੍ਹਾਂ ਨੇ ਇੱਕ ਪਵਿੱਤਰ ਵਾਤਾਵਰਣ ਸਿਰਜਿਆ ਜਿਸਨੇ ਉਨ੍ਹਾਂ ਦੀ ਧੀ ਨੂੰ ਗੁਰੂ ਰਾਮਦਾਸ ਜੀ ਨਾਲ ਵਿਆਹ ਕਰਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੇ ਵੰਸ਼ ਦੁਆਰਾ, ਗੁਰੂ ਗੱਦੀ ਦੀ ਪਰੰਪਰਾ ਚੌਥੇ ਗੁਰੂ ਨੂੰ ਸੌਂਪੀ ਗਈ। ਉਨ੍ਹਾਂ ਨੇ ਸੇਵਾ, ਨਿਮਰਤਾ ਅਤੇ ਸ਼ਰਧਾ ਨੂੰ ਸਮਰਪਿਤ ਇੱਕ ਘਰ ਦਾ ਪਾਲਣ ਪੋਸ਼ਣ ਕੀਤਾ।

**ਮਾਤਾ ਭੈਲਾਣੀ ਜੀ (ਗੁਰੂ ਰਾਮਦਾਸ ਜੀ ਦੀ ਪਤਨੀ)**: ਮਾਤਾ ਭਿਲਾਣੀ ਜੀ, ਜਿਨ੍ਹਾਂ ਨੂੰ ਬੀਬੀ ਭਾਨੀ ਜੀ ਵੀ ਕਿਹਾ ਜਾਂਦਾ ਹੈ, ਗੁਰੂ ਅਮਰਦਾਸ ਜੀ ਦੀ ਧੀ ਸੀ। ਗੁਰੂ ਰਾਮਦਾਸ ਜੀ ਨਾਲ ਉਨ੍ਹਾਂ ਦਾ ਵਿਆਹ ਗੁਰੂ ਵੰਸ਼ ਦੇ ਅੰਦਰ ਇੱਕ ਅਧਿਆਤਮਿਕ ਅਤੇ ਪੀੜ੍ਹੀ-ਦਰ-ਪੀੜ੍ਹੀ ਦੇ ਬੰਧਨ ਨੂੰ ਦਰਸਾਉਂਦਾ ਸੀ ਉਨ੍ਹਾਂ ਦੀ ਵਚਨਬੱਧਤਾ ਅਤੇ ਨਿਮਰਤਾ ਸਿੱਖ ਕਥਾਵਾਂ ਵਿੱਚ ਪ੍ਰਸਿੱਧ ਹਨ।

**ਮਾਤਾ ਗੰਗਾ ਜੀ (ਗੁਰੂ ਅਰਜਨ ਦੇਵ ਜੀ ਦੀ ਪਤਨੀ)**: ਮਾਤਾ ਗੰਗਾ ਜੀ, ਜਿਨ੍ਹਾਂ ਦਾ ਵਿਆਹ 1589 ਵਿੱਚ ਗੁਰੂ ਅਰਜਨ ਦੇਵ ਜੀ ਨਾਲ ਹੋਇਆ ਸੀ, ਇੱਕ ਡੂੰਘੀ ਸ਼ਰਧਾ ਅਤੇ ਸਬਰ ਵਾਲੀ ਔਰਤ ਸੀ। ਪੁੱਤਰ ਦੀ ਤਾਂਘ ਵਿੱਚ, ਉਨ੍ਹਾਂ ਨੇ ਬਾਬਾ ਬੁੱਢਾ ਜੀ ਤੋਂ ਅਸ਼ੀਰਵਾਦ ਮੰਗਿਆ। ਭੋਜਨ ਤਿਆਰ ਕਰਨ ਅਤੇ ਇਸਨੂੰ ਪਰੋਸਣ ਦੇ ਉਨ੍ਹਾਂ ਦੇ ਨਿਮਰ ਕਾਰਜ ਨੇ ਬਾਬਾ ਬੁੱਢਾ ਜੀ ਦਾ ਦਿਲ ਜਿੱਤ ਲਿਆ, ਅਤੇ ਉਨ੍ਹਾਂ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜਨਮ ਦੀ ਭਵਿੱਖਬਾਣੀ ਕੀਤੀ। ਉਹ ਛੇਵੇਂ ਗੁਰੂ ਦੀ ਮਾਣਮੱਤੀ ਮਾਤਾ ਬਣ ਗਈ, ਜੋ ਅਧਿਆਤਮਵਾਦ ਨੂੰ ਬਹਾਦਰੀ ਨਾਲ ਮਿਲਾਉਣ ਲਈ ਜਾਣੀ ਜਾਂਦੀ ਹੈ।

**ਮਾਤਾ ਨਾਨਕੀ ਜੀ (ਗੁਰੂ ਹਰਗੋਬਿੰਦ ਸਾਹਿਬ ਜੀ ਦੀ ਪਹਿਲੀ ਪਤਨੀ)**: ਮਾਤਾ ਨਾਨਕੀ ਜੀ, ਗੁਰੂ ਅਰਜਨ ਦੇਵ ਜੀ ਦੀ ਨੂੰਹ ਅਤੇ ਗੁਰੂ ਤੇਗ ਬਹਾਦਰ ਜੀ ਦੀ ਮਾਤਾ ਸਨ। ਉਹ ਇੱਕ ਸ਼ਾਂਤ ਸ਼ਕਤੀ ਸਨ ਜੋ ਗੁਰੂ ਅਰਜਨ ਦੇਵ ਜੀ ਦੀ ਸ਼ਹਾਦਤ ਤੋਂ ਬਾਅਦ ਦੇ ਮੁਸ਼ਕਲ ਸਮੇਂ ਦੌਰਾਨ ਮਜ਼ਬੂਤ ਰਹੀਆਂ। ਉਨ੍ਹਾਂ ਨੇ ਆਪਣੇ ਬੱਚਿਆਂ ਨੂੰ ਅਧਿਆਤਮਿਕ ਸਿੱਖਿਆਵਾਂ ਨਾਲ ਸੇਧ ਦਿੱਤੀ ਅਤੇ ਅਤਿਆਚਾਰ ਦੇ ਬਾਵਜੂਦ ਵਿਸ਼ਵਾਸ ਵਿੱਚ ਦ੍ਰਿੜ ਰਹੀਆਂ।

**ਮਾਤਾ ਦਾਮੋਦਰੀ ਜੀ (ਗੁਰੂ ਹਰਗੋਬਿੰਦ ਸਾਹਿਬ ਜੀ ਦੀ ਦੂਜੀ ਪਤਨੀ)**: ਮਾਤਾ ਦਮੋਦਰੀ ਜੀ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਪਤਨੀਆਂ ਵਿੱਚੋਂ ਇੱਕ ਸਨ। ਭਾਵੇਂ ਉਨ੍ਹਾਂ ਬਾਰੇ ਇਤਿਹਾਸਕ ਰਿਕਾਰਡ ਸੀਮਤ ਹਨ, ਪਰ ਗੁਰੂ ਜੀ ਦੁਆਰਾ ਸਿੱਖ ਧਰਮ ਦੇ ਫੌਜੀਕਰਨ ਦੌਰਾਨ ਉਨ੍ਹਾਂ ਦੀ ਮੌਜੂਦਗੀ ਅਤੇ ਸਮਰਥਨ ਲਈ ਉਨ੍ਹਾਂ ਦਾ ਸਤਿਕਾਰ ਕੀਤਾ ਜਾਂਦਾ ਹੈ।

**ਮਾਤਾ ਦੇਵੀ ਜੀ (ਗੁਰੂ ਹਰਗੋਬਿੰਦ ਸਾਹਿਬ ਜੀ ਦੀ ਤੀਜੀ ਪਤਨੀ)**: ਮਾਤਾ ਦੇਵੀ ਜੀ ਨੇ ਗੁਰੂ ਹਰਗੋਬਿੰਦ ਸਾਹਿਬ ਜੀ ਦੀਆਂ ਪਤਨੀਆਂ ਵਿੱਚੋਂ ਇੱਕ ਵਜੋਂ ਘੱਟ ਦਸਤਾਵੇਜ਼ੀ ਪਰ ਮਹੱਤਵਪੂਰਨ ਭੂਮਿਕਾ ਨਿਭਾਈ।

**ਮਾਤਾ ਕ੍ਰਿਸ਼ਨ ਕੌਰ ਜੀ (ਗੁਰੂ ਹਰਿਰਾਇ ਜੀ ਦੀ ਪਤਨੀ)**: ਮਾਤਾ ਕ੍ਰਿਸ਼ਨ ਕੌਰ ਜੀ ਗੁਰੂ ਹਰ ਰਾਏ ਜੀ ਦੀ ਪਤਨੀ ਅਤੇ ਗੁਰੂ ਹਰ ਕ੍ਰਿਸ਼ਨ ਜੀ ਦੀ ਮਾਤਾ ਸਨ। ਉਨ੍ਹਾਂ ਨੇ ਘਰ ਦੀ ਅਧਿਆਤਮਿਕ ਸ਼ਾਂਤੀ ਬਣਾਈ ਰੱਖੀ ਅਤੇ ਆਪਣੇ ਪੁੱਤਰਾਂ ਨੂੰ ਅਧਿਆਤਮਿਕ ਅਨੁਸ਼ਾਸਨ ਨਾਲ ਪਾਲਣ-ਪੋਸ਼ਣ ਵਿੱਚ ਕੇਂਦਰੀ ਭੂਮਿਕਾ ਨਿਭਾਈ। ਉਨ੍ਹਾਂ ਦੇ ਸਬਰ ਅਤੇ ਦ੍ਰਿੜ ਇਰਾਦੇ ਨੇ ਗੁਰੂ ਹਰ ਕ੍ਰਿਸ਼ਨ ਜੀ ਨੂੰ ਛੋਟੀ ਉਮਰ ਵਿੱਚ ਹੀ ਵੱਡੀ ਜ਼ਿੰਮੇਵਾਰੀ ਲਈ ਤਿਆਰ ਹੋਣ ਵਿੱਚ ਮਦਦ ਕੀਤੀ।

**ਮਾਤਾ ਗੁਜਰੀ ਜੀ (ਗੁਰੂ ਤੇਗ ਬਹਾਦਰ ਜੀ ਦੀ ਪਤਨੀ)**: ਮਾਤਾ ਗੁਜਰੀ ਜੀ, ਜੋ ਗੁਰੂ ਤੇਗ ਬਹਾਦਰ ਜੀ ਨਾਲ ਉਨ੍ਹਾਂ ਦੇ ਵਿਆਹ ਨੇ ਸਿੱਖ ਜਗਤ ਨੂੰ ਗੁਰੂ ਗੋਬਿੰਦ ਸਿੰਘ ਜੀ ਦਾ ਆਸ਼ੀਰਵਾਦ ਦਿੱਤਾ। ਉਨ੍ਹਾਂ ਨੇ ਬਹੁਤ ਸਾਰੀਆਂ ਮੁਸ਼ਕਲਾਂ ਦਾ ਸਾਹਮਣਾ ਕੀਤਾ ਅਤੇ ਅੰਤ ਵਿੱਚ ਆਪਣੇ ਪੋਤਿਆਂ, ਸਾਹਿਬਜ਼ਾਦੇ ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਸਮੇਤ ਸਰਹਿੰਦ ਵਿੱਚ ਸ਼ਹਾਦਤ ਪ੍ਰਾਪਤ ਕੀਤੀ।

**ਮਾਤਾ ਸੁੰਦਰੀ ਜੀ (ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ)**: ਮਾਤਾ ਸੁੰਦਰੀ ਜੀ ਇੱਕ ਨੇਕ ਅਤੇ ਸਿਆਣੀ ਔਰਤ ਸੀ ਜੋ ਸਿੱਖ ਇਤਿਹਾਸ ਦੇ ਕੁਝ ਸਭ ਤੋਂ ਚੁਣੌਤੀਪੂਰਨ ਸਮਿਆਂ ਦੌਰਾਨ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਖੜ੍ਹੀ ਸੀ। ਉਹ ਸਾਹਿਬਜ਼ਾਦਾ ਅਜੀਤ ਸਿੰਘ ਦੀ ਮਾਤਾ ਸੀ ਅਤੇ ਉਨ੍ਹਾਂ ਦੀ ਸ਼ਹਾਦਤ ਤੋਂ ਬਾਅਦ ਗੁਰੂ ਜੀ ਦੀ ਵਿਰਾਸਤ ਨੂੰ ਸੰਭਾਲਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ।

**ਮਾਤਾ ਜੀਤੋ ਜੀ (ਮਾਤਾ ਜੀਤ ਕੌਰ ਜੀ ਗੁਰੂ ਗੋਬਿੰਦ ਸਿੰਘ ਜੀ ਦੀ ਪਤਨੀ)** : ਉਹ ਸਾਹਿਬਜ਼ਾਦਿਆਂ ਜੁਝਾਰ ਸਿੰਘ, ਜ਼ੋਰਾਵਰ ਸਿੰਘ ਅਤੇ ਫਤਿਹ ਸਿੰਘ ਦੀ ਮਾਂ ਸੀ। ਖਾਲਸਾ ਪੰਥ ਦੇ ਗਠਨ ਦੌਰਾਨ ਉਨ੍ਹਾਂ ਦੀ ਦ੍ਰਿੜਤਾ, ਵਿਸ਼ਵਾਸ ਅਤੇ ਤਾਕਤ ਚੰਗੀ ਤਰ੍ਹਾਂ ਜਾਣੀ ਜਾਂਦੀ ਹੈ। ਉਹ ਆਨੰਦਪੁਰ ਸਾਹਿਬ ਵਿਖੇ ਮੌਜੂਦ ਸਨ ਅਤੇ ਭਾਵਨਾ ਅਤੇ ਸੇਵਾ ਵਿੱਚ ਯੋਗਦਾਨ ਪਾਇਆ।

**ਮਾਤਾ ਸਾਹਿਬ ਕੌਰ ਜੀ (ਗੁਰੂ ਗੋਬਿੰਦ ਸਿੰਘ ਜੀ ਦੀ ਰੂਹਾਨੀ ਪਤਨੀ)** : ਮਾਤਾ ਸਾਹਿਬ ਕੌਰ ਜੀ ਨੂੰ ਖਾਲਸੇ ਦੀ ਮਾਤਾ ਵਜੋਂ ਸਤਿਕਾਰਿਆ ਜਾਂਦਾ ਹੈ। ਭਾਵੇਂ ਉਨ੍ਹਾਂ ਦੇ ਕੋਈ ਜੈਵਿਕ ਬੱਚੇ ਨਹੀਂ ਸਨ, ਪਰ ਉਨ੍ਹਾਂ ਦਾ ਅਧਿਆਤਮਿਕ ਕੱਦ ਬਹੁਤ ਵੱਡਾ ਹੈ। ਉਨ੍ਹਾਂ ਨੇ ਗੁਰੂ ਗੋਬਿੰਦ ਸਿੰਘ ਜੀ ਦੁਆਰਾ ਤਿਆਰ ਕੀਤੇ ਅੰਮ੍ਰਿਤ ਵਿੱਚ ਖੰਡ ਦੇ ਕ੍ਰਿਸਟਲ (ਪਤਾਸ਼ਾ) ਮਿਲਾਏ, ਜੋ ਕਿ ਮਾਂ ਦੀ ਦਇਆ ਦਾ ਪ੍ਰਤੀਕ ਹੈ। ਗੁਰੂ ਜੀ ਨੇ ਉਨ੍ਹਾਂ ਨੂੰ ਖਾਲਸਾ ਪੰਥ ਦੀ ਸਦੀਵੀ ਮਾਤਾ ਘੋਸ਼ਿਤ ਕੀਤਾ। ਇੰਝ ਕਿਹਾ ਜਾਂਦਾਂ ਕਿ ਇਹ ਲੋਹੇ ਅਤੇ ਜੋਸ਼ ਵਾਲੀਆਂ ਔਰਤਾਂ ਸਿਰਫ਼ ਪਤਨੀਆਂ ਹੀ ਨਹੀਂ ਸਨ, ਸਗੋਂ ਸਿੱਖ ਸੱਭਿਅਤਾ ਦੀਆਂ ਆਰਕੀਟੈਕਟ ਵੀ ਸਨ। ਉਨ੍ਹਾਂ ਦੀ ਸ਼ਰਧਾ, ਹਿੰਮਤ ਅਤੇ ਅਗਵਾਈ ਨੇ ਸੇਵਾ, ਕੁਰਬਾਨੀ ਅਤੇ ਸਮਾਨਤਾ 'ਤੇ ਬਣੇ ਭਾਈਚਾਰੇ ਦੀ ਨੀਂਹ ਰੱਖੀ।

ਸਿੱਖ ਗੁਰੂਆਂ ਦੀਆਂ ਪਤਨੀਆਂ ਤੋਂ ਇਲਾਵਾ, ਉਨ੍ਹਾਂ ਔਰਤਾਂ 'ਤੇ ਵੀ ਰੌਸ਼ਨੀ ਪਾਉਣਾ ਜ਼ਰੂਰੀ ਹੈ ਜਿਨ੍ਹਾਂ ਨੇ ਗੁਰੂਆਂ ਦੇ ਸਮੇਂ ਦੌਰਾਨ ਸੇਵਾ ਕੀਤੀ ਅਤੇ ਸਿੱਖ ਇਤਿਹਾਸ ਵਿੱਚ ਸਥਾਈ ਯੋਗਦਾਨ ਪਾਇਆ।

ਮਾਤਾ ਭਾਗੋ ਦੀ ਲੜਾਈ ਵਿੱਚ ਬਹਾਦਰੀ ਵਾਲੀ ਅਗਵਾਈ ਤੋਂ ਲੈ ਕੇ ਬੀਬੀ ਭਾਨੀ ਦੀ ਅਧਿਆਤਮਿਕ ਵਿਰਾਸਤ ਤੱਕ, ਉਨ੍ਹਾਂ ਦੀਆਂ ਕਹਾਣੀਆਂ ਸਾਡੇ ਪ੍ਰੀਵਾਰਾਂ ਲਈ ਜਰੂਰੀ ਅਤੇ ਪ੍ਰੇਰਨਾਦਾਇਕ ਹਨ।

1. **ਬੀਬੀ ਨਾਨਕੀ ਜੀ (ਗੁਰੂ ਨਾਨਕ ਦੇਵ ਜੀ ਦੀ ਭੈਣ)**: ਬੀਬੀ ਨਾਨਕੀ ਜੀ ਗੁਰੂ ਨਾਨਕ ਦੇਵ ਜੀ ਦੀ ਵੱਡੀ ਭੈਣ ਸਨ ਅਤੇ ਉਨ੍ਹਾਂ ਦੇ ਬ੍ਰਹਮ ਪ੍ਰਕਾਸ਼ ਨੂੰ ਪਛਾਣਨ ਵਾਲੀ ਪਹਿਲੀ ਔਰਤ ਸਨ। ਗੁਰੂ ਨਾਨਕ ਦੇਵ ਜੀ ਦੇ ਮਿਸ਼ਨ ਨੂੰ ਪਾਲਣ ਵਿੱਚ ਉਨ੍ਹਾਂ ਦੀ ਭੂਮਿਕਾ ਬੇਮਿਸਾਲ ਹੈ।
2. **ਬੀਬੀ ਅਮਰੋ ਜੀ (ਗੁਰੂ ਅੰਗਦ ਦੇਵ ਜੀ ਦੀ ਪੁੱਤਰੀ)**: ਉਨ੍ਹਾਂ ਨੇ ਆਪਣੇ ਸਹੁਰੇ, ਗੁਰੂ ਅਮਰਦਾਸ ਜੀ ਨੂੰ ਗੁਰੂ ਨਾਨਕ ਦੇਵ ਜੀ ਦੀਆਂ ਸਿੱਖਿਆਵਾਂ ਨਾਲ ਜਾਣੂ ਕਰਵਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਈ। ਉਨ੍ਹਾਂ ਦੇ ਗੁਰਬਾਣੀ ਦੇ ਪਾਠ ਨੇ ਗੁਰੂ ਅਮਰਦਾਸ ਜੀ ਨੂੰ ਇੱਕ ਸਮਰਪਿਤ ਸਿੱਖ ਬਣਨ ਲਈ ਪ੍ਰੇਰਿਤ ਕੀਤਾ। ਉਨ੍ਹਾਂ ਦੇ ਪ੍ਰਭਾਵ ਨੇ ਤੀਜੇ ਗੁਰੂ ਵਜੋਂ ਉਨ੍ਹਾਂ ਦੇ ਅੰਤਮ ਉੱਤਰਾਧਿਕਾਰੀ ਲਈ ਨੀਂਹ ਰੱਖੀ।
3. **ਬੀਬੀ ਭਾਨੀ ਜੀ (ਗੁਰੂ ਅਮਰਦਾਸ ਜੀ ਦੀ ਪੁੱਤਰੀ)**: ਗੁਰੂ ਰਾਮਦਾਸ ਜੀ ਨਾਲ ਵਿਆਹੀ ਅਤੇ ਗੁਰੂ ਅਰਜਨ ਦੇਵ ਜੀ ਦੀ ਮਾਤਾ, ਬੀਬੀ ਭਾਨੀ ਸ਼ਰਧਾ ਦੀ ਇੱਕ ਥੰਮ੍ਹ ਸੀ। ਉਨ੍ਹਾਂ ਦੇ ਕਾਰਜ ਨਿਮਰਤਾ, ਸੇਵਾ ਅਤੇ ਕੁਰਬਾਨੀ ਨੂੰ ਦਰਸਾਉਂਦੇ ਸਨ, ਅਤੇ ਉਨ੍ਹਾਂ ਨੇ ਗੁਰੂ ਵੰਸ਼ ਦੀ ਨਿਰੰਤਰਤਾ ਨੂੰ ਯਕੀਨੀ ਬਣਾਇਆ।
4. **ਬੀਬੀ ਰਜਨੀ ਜੀ**: ਬਹੁਤ ਸ਼ਰਧਾ ਵਾਲੀ ਇੱਕ ਸ਼ਰਧਾਲੂ, ਉਸਨੇ ਆਪਣੇ ਪਿਤਾ ਦੇ ਸਰਾਪ ਅਨੁਸਾਰ ਇੱਕ ਕੋੜ੍ਹੀ ਨਾਲ ਵਿਆਹ ਕੀਤਾ ਪਰ ਵਾਹਿਗੁਰੂ ਪ੍ਰਤੀ ਆਪਣੀ ਸ਼ਰਧਾ ਵਿੱਚ ਅਡੋਲ ਰਹੀ। ਉਹ ਦੁਖ ਭੰਜਨੀ ਬੇਰੀ, ਅੰਮ੍ਰਿਤਸਰ ਵਿਖੇ ਪਵਿੱਤਰ ਸਰੋਵਰ (ਸਰੋਵਰ) ਦੀ ਸਥਾਪਨਾ ਨਾਲ ਜੁੜੀ ਹੋਈ ਹੈ। ।
5. **ਮਾਤਾ ਭਾਗੋ ਜੀ (ਮਾਈ ਭਾਗੋ)**: ਇੱਕ ਸੱਚੀ ਯੋਧਾ-ਸੰਤ, ਮਾਤਾ ਭਾਗੋ ਨੇ 40 ਸਿੱਖ ਭਗੌੜਿਆਂ (ਚਾਲੀ ਮੁਕਤੇ) ਨੂੰ ਗੁਰੂ ਗੋਬਿੰਦ ਸਿੰਘ ਜੀ ਦੇ ਨਾਲ ਜੰਗ ਦੇ ਮੈਦਾਨ ਵਿੱਚ ਵਾਪਸ ਆਉਣ ਅਤੇ ਲੜਨ ਲਈ ਪ੍ਰੇਰਿਤ ਕੀਤਾ। ਉਸਨੇ ਖੁਦ ਹਥਿਆਰ ਚੁੱਕੇ ਅਤੇ ਮੁਕਤਸਰ ਦੀ ਲੜਾਈ ਵਿੱਚ ਬਹਾਦਰੀ ਨਾਲ ਉਨ੍ਹਾਂ ਦੀ ਅਗਵਾਈ ਕੀਤੀ। ਉਸਨੇ ਬਾਅਦ ਵਿੱਚ ਗੁਰੂ ਜੀ ਦੀ ਇੱਕ ਅੰਗ ਰੱਖਿਅਕ ਵਜੋਂ ਸੇਵਾ ਕੀਤੀ। ਉਸਦੀ ਬਹਾਦਰੀ, ਅਗਵਾਈ ਅਤੇ ਵਚਨਬੱਧਤਾ ਮਹਾਨ ਹੈ।
6. **ਬੀਬੀ ਹਰਸ਼ਰਨ ਕੌਰ ਜੀ**: ਗੁਰੂ ਗੋਬਿੰਦ ਸਿੰਘ ਜੀ ਦੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹਾਦਤ ਤੋਂ ਬਾਅਦ, ਮੁਗਲ ਸਜ਼ਾ ਦੇ ਡਰੋਂ ਕਿਸੇ ਨੇ ਵੀ ਉਨ੍ਹਾਂ ਦੀਆਂ ਲਾਸ਼ਾਂ ਦਾ ਸਸਕਾਰ ਕਰਨ ਦੀ ਹਿੰਮਤ ਨਹੀਂ ਕੀਤੀ। ਬੀਬੀ ਹਰਸ਼ਰਨ ਕੌਰ, ਇੱਕ ਨੌਜਵਾਨ ਸਿੱਖ ਕੁੜੀ, ਨੇ ਮੌਤ ਦਾ ਸਾਹਮਣਾ ਕੀਤਾ ਅਤੇ ਉਨ੍ਹਾਂ ਦੇ ਅੰਤਿਮ ਸੰਸਕਾਰ ਕੀਤੇ। ਇਸ ਪ੍ਰਕਿਰਿਆ ਵਿੱਚ ਉਹ ਮਾਰੀ ਗਈ ਪਰ ਬੇਮਿਸਾਲ ਹਿੰਮਤ ਅਤੇ ਵਿਸ਼ਵਾਸ ਦਾ ਪ੍ਰਤੀਕ ਬਣੀ ਹੋਈ ਹੈ।
7. **ਮਾਤਾ ਗੁਜਰ ਕੌਰ (ਗੁਰੂ ਗੋਬਿੰਦ ਸਿੰਘ ਜੀ ਦੀ ਮਾਤਾ)**: ਭਾਵੇਂ ਉਹ ਇੱਕ ਗੁਰੂ ਦੀ ਪਤਨੀ ਵੀ ਸੀ, ਪਰ ਉਹ ਇੱਕ ਮਾਂ ਅਤੇ ਸ਼ਹੀਦ ਵਜੋਂ ਆਪਣੀ ਭੂਮਿਕਾ ਲਈ ਵਾਧੂ ਸਨਮਾਨ ਦੀ ਹੱਕਦਾਰ ਹੈ। ਉਸਨੇ ਆਪਣੇ ਪੋਤਿਆਂ, ਸਾਹਿਬਜ਼ਾਦਿਆਂ ਨੂੰ ਮੌਤ ਦੇ ਮੂੰਹ ਵਿੱਚ ਵੀ ਸਿੱਖ ਕਦਰਾਂ-ਕੀਮਤਾਂ ਨੂੰ ਕਾਇਮ ਰੱਖਣ ਲਈ ਪ੍ਰੇਰਿਤ ਕੀਤਾ। ਉਸਦੀ ਸੰਜਮ ਅਤੇ ਅਧਿਆਤਮਿਕ ਤਾਕਤ ਸਤਿਕਾਰਯੋਗ ਹੈ।

ਸਿੱਖ ਮਹਿਲਾ ਸੇਵਾਦਾਰ ਅਤੇ ਲੰਗਰ ਪ੍ਰਬੰਧਕਾਂ ਨੇ ਗੁਰੂ ਕਾਲ ਦੌਰਾਨ, ਅਣਗਿਣਤ ਅਣਜਾਣ ਔਰਤਾਂ ਨੇ ਲੰਗਰ ਤਿਆਰ ਕਰਨ, ਯਾਤਰੀਆਂ ਦੀ ਦੇਖਭਾਲ ਕਰਨ ਅਤੇ ਨੌਜਵਾਨ ਸਿੱਖਾਂ ਨੂੰ ਸਿੱਖਿਆ ਦੇਣ ਵਿੱਚ ਯੋਗਦਾਨ ਪਾਇਆ। ਉਨ੍ਹਾਂ ਦੀ ਨਿਰਸਵਾਰਥ ਸੇਵਾ ਨੇ ਭਾਈਚਾਰੇ ਅਤੇ ਸਮਾਨਤਾ ਦੀਆਂ ਕਦਰਾਂ-ਕੀਮਤਾਂ ਦੀ ਨੀਂਹ ਰੱਖੀ ਜੋ ਅੱਜ ਸਿੱਖ ਧਰਮ ਨੂੰ ਪਰਿਭਾਸ਼ਿਤ ਕਰਦੇ ਹਨ। ਇਹ ਔਰਤਾਂ ਸਿੱਖ ਕਦਰਾਂ-ਕੀਮਤਾਂ ਅਤੇ ਵਿਰਾਸਤ ਦੀਆਂ ਸ਼ਾਂਤ ਆਰਕੀਟੈਕਟ ਅਤੇ ਕਰੜੇ ਰਖਵਾਲੇ ਸਨ। ਉਨ੍ਹਾਂ ਨੇ ਦਿਖਾਇਆ ਕਿ ਅਧਿਆਤਮਿਕ ਤਾਕਤ ਅਤੇ ਲੀਡਰਸ਼ਿਪ ਕੋਈ ਲਿੰਗ ਨਹੀਂ ਜਾਣਦੀ, ਅਤੇ ਉਨ੍ਹਾਂ ਦੀ ਵਿਰਾਸਤ ਪੀੜ੍ਹੀਆਂ ਨੂੰ ਪ੍ਰੇਰਿਤ ਕਰਦੀ ਰਹਿੰਦੀ ਹੈ।

# ਦੁਬਈ ਮਰੀਨਾ ਹੈ: ਆਲੀਸ਼ਾਨ ਗਗਨਚੁੰਬੀ ਇਮਾਰਤਾਂ ਵਾਲਾ ਲਗਜ਼ਰੀ ਇਲਾਕਾ






ਅਨਿਲ ਧੀਰ
ਕਾਲਮਨਿਸਟ
healthmedia1@hotmail.com

ਦੁਬਈ ਮਰੀਨਾ -ਪਾਮ ਜੁਮੇਰਾਹ ਦੇ ਨਾਲ ਲ1ਗਦਾ ਇਹ ਆਲੀਸ਼ਾਨ ਵਾਟਰਫਰੰਟ ਜ਼ਿਲਾ ਚਮਕਦਾਰ ਗਗਨਚੁੰਬੀ ਇਮਾਰਤਾਂ, ਖਾਸ ਰਿਹਾਇਸ਼ਾਂ ਅਤੇ ਹਵਾਦਾਰ ਬੁਲੇਵਾਰਡਾਂ ਨਾਲ ਕਤਾਰਬੱਧ ਹੈ। ਇਹ ਪੂਰੀ ਤਰਾਂ ਇਨਸਾਨ ਦੁਆਰਾ ਬਣਾਏ ਗਏ ਹਨ। ਦੁਬਈ ਮਰੀਨਾ ਨੂੰ ਆਪਣੀ ਜੀਵੰਤ ਵਾਟਰਫਰੰਟ ਜੀਵਨਸ਼ੈਲੀ, ਲਗਜ਼ਰੀ ਉੱਚ ਪੱਧਰੀ ਅਪਾਰਟਮੈਂਟਸ, ਵਿਸ਼ਵ ਪੱਧਰੀ ਭੋਜਨ ਅਤੇ ਮਨੋਰੰਜਨ ਵਿਕਲਪਾਂ ਲਈ ਜਾਣਿਆ ਜਾਂਦਾ ਹੈ। ਇਹ ਦੁਬਈ 'ਚ ਰਹਿਣ ਲਈ ਸੱਭ ਤੋਂ ਮਸ਼ਹੂਰ 'ਤੇ ਸਭ ਤੋਂ ਅਮੀਰਾਂ ਵਿੱਚੋ 'ਇੱਕ ਹੈ। ਤੁਸੀਂ ਪਾਮ ਜੁਮੇਰਾਹ ਤੋਂ ਡੇਲੀ ਆਪਣੀ ਖਿੜਕੀ ਤੋਂ ਸਮੁੰਦਰ ਦੇਖ ਸਕਦੇ ਹੋ। ਪਾਮ ਜੁਮੇਰਾਹ ਕੋਲ ਸੱਭ ਕੁੱਝ ਹੈ ਜੋ ਤੁਹਾਨੂੰ ਲਗਜ਼ਰੀ ਵਿਲਾ ਅਤੇ ਅਪਾਰਟਮੈਂਟਸ ਤੋਂ ਲੈ ਕੇ ਪੰਜ-ਸਿਤਾਰਾ ਹੋਟਲਾਂ 'ਤੇ ਬੀਚਾਂਤੱਕ ਸ਼ਾਨਦਾਰ ਲਈ ਜਰੂਰੀ ਹੈ।

ਦੁਬਈ ਮਰੀਨਾ ਉਰਫ ਮਾਰਸਾ ਦੁਬਈ, ਦੁਬਈ ਸੰਯੁਕਤ ਅਰਬ ਅਮੀਰਾਤ ਦਾ ਇੱਕ ਜ਼ਿਲਾ ਹੈ। ਇਹ ਇੱਕ ਨਕਲੀ ਨਹਿਰ ਵਾਲਾ ਸ਼ਹਿਰ ਹੈ ਜੋ ਫਾਰਸ ਦੀ ਖਾੜੀ ਦੇ ਕਿਨਾਰੇ ਦੇ 2 ਮੀਲ ਹਿੱਸੇ ਦੇ ਨਾਲ ਬਣਾਇਆ ਗਿਆ ਹੈ। ਜਿਸਦੀ ਆਬਾਦੀ 2018 ਤੱਕ 55,052 ਸੀ। ਇੱਥੇ 120,000 ਤੋਂ ਵੱਧ ਲੋਕ ਬੈਠ ਸਕਦੇ ਹਨ। ਇਹ ਇੰਟਰਚੇਂਜ5 'ਤੇ ਜੇਬਲ ਅਲੀ ਪੋਰਟ ਅਤੇ ਉਸਦੇ ਖੇਤਰ ਦੇ ਵਿਚਕਾਰ ਸਥਿਤ ਹੈ ਜੋ ਦੁਬਈ ਇੰਟਰਨੇਟ ਸਿਟੀ, ਦੁਬਈ ਮੀਡੀਆ ਸਿਟੀ ਅਤੇ ਦੁਬਈ 'ਚ ਅਮਰੀਕੀ ਯੂਨੀਵਰਸਿਟੀ ਦੀ ਮੇਜ਼ਬਾਨੀ ਕਰਦਾ ਹੈ। ਦੁਬਈ ਮਰੀਨਾ ਵੈਨਕੂਵਰ, ਬੀਸੀ, ਕੈਨੇਡਾ 'ਚ ਫਾਲਸ ਕ੍ਰੀਕ ਦੇ ਨਾਲ ਕੰਕਰੋਡ ਪੈਸੀਫਿਕ ਪਲੇਸ ਦੇ ਵਿਕਾਸ ਤੋਂ ਪ੍ਰੇਰਿਤ ਸੀ। ਸਮੁੰਦਰੀ ਜੰਗਲੀ ਜੀਵ-ਵੇਲ, ਸ਼ਾਰਕ ਖੁੱਲੇ ਸਮੂੰਦਰ ਦੇ ਨੇੜੇ ਹੋਣ ਕਰਕੇ ਮਰੀਨਾ 'ਚ ਦਾਖਲ ਹੋਣ ਦੀਆਂ ਦਹੁਤ ਸਾਰੀਆਂ ਉਦਾਹਰਨਾਂ ਵੀ ਹਨ।





ਦੁਬਈ ਮਰੀਨਾ ਪਹਿਲਾ ਪੜਾਅ 25 ਏਕੜ ਨੂੰ ਕਵਰ ਕਰਦਾ ਹੈ, ਜਿਸ 'ਚ 6 ਫ੍ਰੀ ਹੋਲਡ ਅਪਾਰਟਮੈਂਟ ਬਿਲਡਿੰਗਾਂ ਸ਼ਾਲਮ ਹਨ। ਦੁਬਈ ਮਰੀਨਾ ਦੇ ਇਸ ਪੜਾਅ ਦੀ ਲਾਗਤ 1.2 ਬਿਲੀਅਨ ਤੋਂ ਵੱਧ ਦੱਸੀ ਜਾਂਦੀ ਹੈ। ਤਿੰਨ ਟਾਵਰਾਂ ਦਾ ਨਾਂ ਕੀਮਤੀ ਪੱਥਰਾਂ 'ਤੇ ਰੱਖਿਆ ਗਿਆ ਹੈ: ਅਲ ਮਾਸ, ਫੇਰੋਜ਼ ਮੁਰਜ਼ਾਨ ਅਤੇ ਬਾਕੀ ਤਿੰਨ ਟਾਵਰਾਂ ਨਾਂ ਅਰਬੀ ਸੈਂਟ ਦੇ ਨਾਂ 'ਤੇ ਰੱਖਿਆ ਗਿਆ ਹੈ: ਮੇਸਕ, ਅਨਬਰ ਅਤੇ ਅਲਯਾਸ। ਇਹ ਸਕੀਮ ਐਚਓਕੇ ਦੁਆਰਾ ਤਿਆਰ, ਜਿਸਦੇ ਠੇਕੇਦਾਰ ਅਲ-ਫੁਤੈਮ ਕੈਰੀਲੀਅਨ ਅਤੇ ਨਾਸਾਹ ਮਲਟੀਪਲੈਕਸ ਸਨ। ਦੁਬਈ ਮਰੀਨਾ ਦੇ ਫੇਸ-2 'ਚ ਉੱਚੀਆਂ ਇਮਾਰਤਾਂ'ਚ ਮੁੱਖ ਤੌਰ 'ਤੇ ਜੋ ਇੱਕ ਬਲਾਕ ਵਿੱਚ ਕਲੱਸਟਰ ਹੁੰਦੀਆਂ ਹਨ, ਜਿਸਨੂੰ ਵਿਸ਼ਵ 'ਚ ਸੱਭ ਤੋਂ ਉੱਚਾ ਬਲਾਕ ਕਿਹਾ ਜਾਂਦਾ ਹੈ। ਜਿਸ 'ਚ ਜ਼ਿਆਦਾਤਰ ਗਗਨਚੁੰਬੀ ਇਮਾਰਤਾਂ 250 ਮੀਟਰ ਤੋਂ 300 ਮੀਟਰ ਵਿਚਕਾਰ ਹਨ। ਇਸ 'ਚ ਕੈਆਨ ਟਾਵਰ, ਓਸ਼ੀਅਨ ਹਾਈਟਸ, ਮਰੀਨਾ ਪਿਨੈਕਲ, ਸੁਲਾਫਾ ਟਾਵਰ ਅਤੇ ਸੀਏਲ ਟਾਵਰ ਹਨ, ਜੋ ਕਿ 366 ਮੀਟਰ ਤੱਕ ਹਨ।

ਅਲ ਸਾਹਬ ਇੱਕ ਰਿਹਾਸ਼ੀ ਓੱਹਾ ਵਿਕਾਸ ਜਿਸ ਦੇ 2 ਟਾਵਰ: ਕੰਪਲੈਕਸ ਵਾਟਰਫਰੰਟ 'ਤੇ ਹੈ ਅਤੇ ਦੁਬਈ ਮਰੀਨਾ ਵਿਖੇ ਪਾਣੀ ਦੀ ਸੱਭ ਤੋਂ ਵੱਢੀ ਖਾੜੀ ਨੂੰ ਸਿੱਧਾ ਨਜ਼ਰਅੰਦਾਜ਼ ਕਰਦਾ ਹੈ। ਇਮਾਰਤਾਂ ਮਰੀਨਾ ਦੇ ਓੱਤਰੀ ਸਿਰੇ 'ਚ ਮਰੀਨਾ ਕੁਏਜ਼ ਦੇ ਨੇੜੇ ਅਲ ਮਜਾਰਾ ਟਾਵਰਜ਼ ਤੋਂ ਪਾਰ ਹਨ।

ਮਰੀਨਾ ਕਵੇਜ਼ ਆਰਿਫ ਅਤੇ ਬਿਨਟੋਕ ਦੁਆਰਾ ਡਿਜ਼ਾਇਨ ਕੀਤਾ ਗਿਆ ਇੱਕ ਕੰਪਲੈਕਸ ਹੈ, ਜੋ ਕੋਨਕੋਰਡ ਟਾਵਰ ਲਈ ਵੀ ਜ਼ਿੰਮੇਵਾਰ ਹੈ। 2016 ਤੱਕ, ਇਮਾਰਤਾਂ 'ਚ ਪੈਂਟਾਹਾਉਸ ਦੱਸ ਮਿਲੀਅਨ ਦਿਹਾਮ ਤੋਂ ਵੱਧ 'ਚ ਬੇਚੇ ਗਏ। 2018 'ਚ ਮਰੀਨਾ ਕਵਾਜ਼ ਲਈ ਇੱਕ ਬਰੇਕਟਾਵਰ ਬਣਾਉਣ ਲਈ ਪੰਜ ਮਿਲੀਅਨ ਚਟਾਨ ਜੋੜਿਆ ਗਿਆ ਸੀ। ਦੁਬਈ ਮਰੀਨਾ ਜਾ ਕੇ ਲੱਗਦਾ ਹੈ ਕਿ ਵਾਕਿਆ ਜਨਤ ਵਾਲੇ ਇਲਾਕੇ 'ਚ ਪਹੁੰਚ ਗਏ ਹੋ। ਅਗਲੀ ਬਾਰ ਕਿਸੇ ਹੋਰ ਅਨੁਭਵ ਬਾਰੇ ਚਰਚਾ ਕਰਾਂਗੇ।

# ਸਿਹਤਮੰਦ ਜੀਵਨਸ਼ੈਲੀ ਅਪਣਾਓ

ਗੁਰਬਿੰਦਰ ਸਿੰਘ ਮਾਣਕ

ਕੁਦਰਤ ਵੱਲੋਂ ਬਖ਼ਸ਼ਿਆ ਮਨੁੱਖੀ ਜੀਵਨ ਧਰਤੀ 'ਤੇ ਸਭ ਤੋਂ ਵੱਡੀ ਨਿਹਮਤ ਹੈ। ਸਰੀਰਕ ਤੇ ਮਾਨਸਿਕ ਰੂਪ ਵਿੱਚ ਸਿਹਤਮੰਦ ਮਨੁੱਖੀ ਜੀਵਨ ਦੇ ਸਾਰੇ ਕਾਰ-ਵਿਹਾਰ, ਰੁਝੇਵੇਂ, ਖ਼ੁਸ਼ੀਆਂ, ਨਵੀਆਂ ਸੋਚਾਂ, ਨਵੇਂ ਸੁਪਨੇ, ਆਸਾਂ-ਉਮੰਗਾਂ ਦੇ ਸਾਕਾਰ ਹੋਣ ਲਈ ਮਿਹਨਤ ਦੇ ਰਾਹ ਤੁਰਨ ਦੀ ਜਗਿਆਸਾ, ਜੀਵਨ ਨੂੰ ਹੋਰ ਚੰਗੇਰਾ ਬਣਾਉਣ ਦੀ ਸਕਾਰਾਤਮਕ ਸੋਚ ਜਾਂ ਅਜਿਹਾ ਹੋਰ ਬਹੁਤ ਕੁੱਝ, ਮਨੁੱਖ ਦੀ ਨਰੋਈ ਸਿਹਤ ਨਾਲ ਹੀ ਜੁੜਿਆ ਹੋਇਆ ਹੈ। ਬਿਸਤਰ 'ਤੇ ਪਏ ਬਿਮਾਰ ਮਨੁੱਖ ਦੀਆਂ ਸਾਰੀਆਂ ਸੋਚਾਂ ਤਾਂ ਮੁੜ-ਘਿੜ ਕੇ ਆਪਣੀ ਬਿਮਾਰੀ ਦੇ ਇਰਦ-ਗਿਰਦ ਹੀ ਸੀਮਤ ਹੋ ਜਾਂਦੀਆਂ ਹਨ। ਕਿੰਨਾ ਵੀ ਕੋਈ ਹੌਸਲੇ ਵਾਲਾ ਮਨੁੱਖ ਹੋਵੇ, ਪਰ ਅਕਸਰ ਬਿਮਾਰੀ ਅੱਗੇ ਹਾਰ ਜਾਂਦਾ ਹੈ। ਕਿਸੇ ਦੇਸ਼ ਦੀ ਜਨਤਾ ਦਾ ਸਰੀਰਕ ਤੇ ਮਾਨਸਿਕ ਰੂਪ ਵਿੱਚ ਤੰਦਰੁਸਤ ਹੋਣਾ ਕਿਸੇ ਵਰਦਾਨ ਤੋਂ ਘੱਟ ਨਹੀਂ ਹੁੰਦਾ। ਨਰੋਆ ਮਨ ਹੀ ਨਰੋਈ ਤੇ ਸਕਾਰਾਤਮਕ ਸੋਚ ਨਾਲ ਆਪਣੇ ਆਲੇ-ਦੁਆਲੇ ਨੂੰ ਹੋਰ ਚੰਗੇਰਾ ਬਣਾਉਣ ਦੀਆਂ ਸੋਚਾਂ ਸੋਚ ਸਕਦਾ ਹੈ।

ਕੁਦਰਤ ਨੇ ਮਨੁੱਖ ਨੂੰ ਜਿਹੜਾ ਸਰੀਰ ਦਿੱਤਾ ਹੈ, ਉਹ ਸੰਸਾਰ ਦੀ ਅਦਭੁੱਤ ਮਸ਼ੀਨ ਹੈ। ਜੇ ਮਨੁੱਖ ਸੰਭਲ ਕੇ ਜੀਵਨ ਜੀਵੇ ਤਾਂ ਇਸ ਮਸ਼ੀਨ ਰੂਪੀ ਸਰੀਰ ਵਿੱਚ ਛੇਤੀ ਕੀਤਿਆਂ ਕੋਈ ਨੁਕਸ ਨਹੀਂ ਪੈਂਦਾ। ਜਦੋਂ ਤੱਕ ਮਨੁੱਖ ਕੁਦਰਤ ਦੇ ਅੰਗਸੰਗ ਜਿਊਂਦਾ ਸੀ, ਉਦੋਂ ਤੱਕ ਮਨੁੱਖ ਬਹੁਤੀਆਂ ਸਰੀਰਕ ਬਿਮਾਰੀਆਂ ਤੋਂ ਬਚਿਆ ਹੋਇਆ ਸੀ। ਜਦੋਂ ਤੋਂ ਮਨੁੱਖ ਕੁਦਰਤ ਦੇ ਨੇਮਾਂ ਨੂੰ ਉਲੰਘਣ ਦੇ ਰਾਹ ਪਿਆ ਹੈ, ਉਦੋਂ ਤੋਂ ਹੀ ਮਨੁੱਖ ਹੋਰ ਅਨੇਕਾਂ ਸੰਕਟਾਂ ਤੋਂ ਬਿਨਾਂ, ਸਰੀਰਕ ਤੇ ਮਾਨਸਿਕ ਤੌਰ 'ਤੇ ਵੀ ਗਹਿਰੀਆਂ ਸਮੱਸਿਆਵਾਂ ਦਾ ਸ਼ਿਕਾਰ ਹੋ ਚੁੱਕਾ ਹੈ।

ਪੁਰਾਣੇ ਸਮਿਆਂ ਵਿੱਚ ਲੋਕਾਂ ਦਾ ਜੀਵਨ ਸਾਦਗੀ ਭਰਿਆ ਹੋਣ ਕਾਰਨ ਉਹ ਤੰਦਰੁਸਤ ਤੇ ਨਰੋਆ ਜੀਵਨ ਜਿਊਂਦੇ ਸਨ। ਜੀਵਨ ਦੀਆਂ ਖ਼ਾਹਸ਼ਾਂ ਤੇ ਲੋੜਾਂ ਬਹੁਤ ਥੋੜ੍ਹੀਆਂ ਸਨ ਤੇ ਬਹੁਤੇ ਲੋਕ ਰੁੱਖੀ-ਸੁੱਖੀ ਖਾ ਕੇ ਵੀ ਕੁਦਰਤ ਦਾ ਸ਼ੁਕਰ ਕਰਦੇ ਸਨ। ਸਵੇਰ ਤੋਂ ਲੈ ਕੇ ਸ਼ਾਮ ਤੱਕ ਲੋਕ ਆਪਣੇ ਕੰਮਾਂ-ਕਾਰਾਂ ਵਿੱਚ ਜੁਟੇ, ਮੁਸ਼ੱਕਤ ਦਾ ਪਸੀਨਾ ਵਹਾਉਂਦੇ ਸਨ। ਕੁੱਝ ਜ਼ਰੂਰੀ ਵਸਤਾਂ ਨੂੰ ਛੱਡ ਕੇ ਸ਼ਹਿਰ ਜਾ ਕੇ ਕੁੱਝ ਖ਼ਰੀਦਣ ਦੀ ਲੋੜ ਹੀ ਨਹੀਂ ਪੈਂਦੀ ਸੀ। ਆਪਣੀ ਮਿਹਨਤ ਨਾਲ ਪੈਦਾ ਕੀਤੀਆਂ ਚੀਜ਼ਾਂ-ਵਸਤਾਂ ਹੀ ਘਰਾਂ ਵਿੱਚ ਵਰਤਣ ਦਾ ਰੁਝਾਨ ਸੀ। ਇਨ੍ਹਾਂ ਵਸਤਾਂ ਵਿੱਚ ਕਿਸੇ ਤਰ੍ਹਾਂ ਦੀ ਕੋਈ ਮਿਲਾਵਟ ਹੋਣ ਬਾਰੇ ਸੋਚਿਆ ਵੀ ਨਹੀਂ ਜਾ ਸਕਦਾ ਸੀ। ਆਮ ਤੌਰ 'ਤੇ ਫ਼ਸਲਾਂ ਨੂੰ ਰੂੜੀ ਹੀ ਪਾਈ ਜਾਂਦੀ ਸੀ। ਅੱਜ ਵਾਂਗ ਰਸਾਇਣਕ ਖਾਦਾਂ, ਨਦੀਨ-ਨਾਸ਼ਕ ਤੇ ਕੀੜੇ-ਮਾਰ ਜ਼ਹਿਰਾਂ ਦੀ ਵਰਤੋਂ ਨਹੀਂ ਕੀਤੀ ਜਾਂਦੀ ਸੀ। ਦੁੱਧ, ਦਹੀਂ, ਮੱਖਣ, ਲੱਸੀ, ਹੱਥੀਂ ਉਗਾਈਆਂ ਦਾਲਾਂ, ਅਨਾਜ ਤੇ ਸਬਜ਼ੀਆਂ ਦੀ ਵਰਤੋਂ ਕਾਰਨ ਲੋਕਾਂ ਦਾ ਜੀਵਨ ਨਰੋਆ ਸੀ। ਸਾਰਾ ਸਾਰਾ ਦਿਨ ਮਿਹਨਤ ਕਰਨ ਵਾਲੇ ਉੱਦਮੀ ਲੋਕਾਂ ਦੇ ਕੋਈ ਬਿਮਾਰੀ ਨੇੜੇ ਵੀ ਨਹੀਂ ਆਉਂਦੀ ਸੀ। ਜੇ ਕਿਤੇ ਕੋਈ ਬਿਮਾਰ ਹੋ ਵੀ ਜਾਂਦਾ ਸੀ ਤਾਂ ਲੋਕ ਡਾਕਟਰ ਦੇ ਜਾਣ ਦੀ ਥਾਂ ਘਰ ਦੇ ਓਹੜ-ਪੋਹੜ ਨਾਲ ਹੀ ਠੀਕ ਹੋ ਜਾਂਦੇ ਸਨ।

ਸਮੇਂ ਦੇ ਬਦਲਣ ਨਾਲ ਮਨੁੱਖੀ ਜ਼ਿੰਦਗੀ ਪੂਰੀ ਤਰ੍ਹਾਂ ਬਦਲ ਗਈ ਹੈ ਤੇ ਨਿੱਤ ਤਬਦੀਲੀ ਵਾਪਰ ਰਹੀ ਹੈ। ਵਿਗਿਆਨਕ ਖੋਜਾਂ ਤੇ ਤਕਨੀਕੀ ਖੇਤਰ ਵਿੱਚ ਹੋਏ ਹੈਰਾਨੀਜਨਕ ਵਿਕਾਸ ਨੇ ਮਨੁੱਖੀ ਜੀਵਨ ਨੂੰ ਬਹੁਤ ਸੁਖਾਵਾਂ ਬਣਾ ਦਿੱਤਾ ਹੈ। ਮਨੁੱਖ ਦਾ ਖਾਣ-ਪੀਣ, ਪਹਿਰਾਵਾ, ਕੰਮ-ਧੰਦੇ, ਸੋਚ-ਵਿਚਾਰ, ਵਰਤੋਂ-ਵਿਹਾਰ ਵਿੱਚ ਬਹੁਤ ਵੱਡੀ ਪੱਧਰ 'ਤੇ ਤਬਦੀਲੀ ਆ ਚੁੱਕੀ ਹੈ। ਕਦੇ ਸਾਡੀਆਂ ਲੋਕ-ਸਿਆਣਪਾਂ ਵਿੱਚ ਕਿਹਾ ਜਾਂਦਾ ਸੀ ਕਿ 'ਖਾਈਏ ਮਨ ਭਾਉਂਦਾ ਤੇ ਪਹਿਨੀਏ ਜੱਗ ਭਾਉਂਦਾ।' ਅੱਜ ਦੇ ਸਮਾਜਿਕ ਵਰਤਾਰੇ ਵਿੱਚ ਇਹ ਧਾਰਨਾ ਬਿਲਕੁਲ ਉਲਟ-ਪੁਲਟ ਹੋ ਚੁੱਕੀ ਹੈ। ਅੱਜ ਦੀ ਤਰੀਕ ਵਿੱਚ ਬਹੁ-ਗਿਣਤੀ ਆਪਣੇ ਦੇਸੀ ਖਾਣੇ ਤਿਆਗ ਕੇ ਵਿਦੇਸ਼ੀ ਖਾਣੇ ਖਾ ਕੇ ਖ਼ੁਸ਼ੀ ਮਹਿਸੂਸ ਕਰਦੀ ਹੈ। ਆਮ ਰੁਝਾਨ ਇਹ ਹੈ ਕਿ ਘਰਾਂ ਵਿੱਚ ਤਿਆਰ ਕੀਤੇ ਖਾਣੇ ਖਾਣ ਦੀ ਥਾਂ, ਬੱਚੇ ਤੇ ਨੌਜਵਾਨ ਵਰਗ ਪਿਜ਼ੇ, ਬਰਗਰ, ਨੂਡਲਜ਼, ਫਰੈਂਚ-ਫਰਾਈਜ਼ ਤੇ ਕਈ ਤਰ੍ਹਾਂ ਦੇ ਕੋਲਡ-ਡਰਿੰਕ ਦੀ ਵਰਤੋਂ ਦੇ ਆਦੀ ਬਣਦੇ ਜਾ ਰਹੇ ਹਨ। ਇਨ੍ਹਾਂ ਖਾਣਿਆਂ ਵਿੱਚ ਵਧੇਰੇ ਕਰਕੇ ਮੈਦੇ ਦੀ ਵਰਤੋਂ ਕੀਤੀ ਜਾਂਦੀ ਹੈ ਜਿਸ ਬਾਰੇ ਮਾਹਿਰਾਂ ਦੀ ਰਾਏ ਹੈ ਕਿ ਇਸ ਦੀ ਵਰਤੋਂ ਸਿਹਤ ਲਈ ਨੁਕਸਾਨਦੇਹ ਹੈ। ਅਸਲ ਵਿੱਚ ਘਰ ਦਾ ਸਾਦਾ ਤੇ ਪੌਸ਼ਟਿਕ ਖਾਣਾ ਹੀ ਬਿਹਤਰ ਹੈ, ਪਰ ਬਦਲ ਰਹੇ ਸਮਿਆਂ ਦੇ ਰੁਝਾਨ ਕਾਰਨ ਹੁਣ ਵੱਡੀ ਗਿਣਤੀ ਵਿੱਚ ਲੋਕ ਹੋਟਲਾਂ, ਰੈਸਟੋਰੈਂਟਾਂ ਵਿੱਚ ਖਾਣਾ ਖਾਣ ਨੂੰ ਤਰਜੀਹ ਦੇ ਰਹੇ ਹਨ।

ਅਜੋਕੇ ਸਮਿਆਂ ਵਿੱਚ ਮਨੁੱਖ ਨੇ ਆਪਣੀ ਜੀਵਨਸ਼ੈਲੀ ਵਿੱਚ ਹਰ ਤਰ੍ਹਾਂ ਦੀ ਸੁੱਖ-ਸਹੂਲਤ ਪੈਦਾ ਕਰ ਲਈ ਹੈ। ਬਹੁਤ ਘੱਟ ਲੋਕ ਹੱਥੀਂ ਕੰਮ ਕਰਨ ਨੂੰ ਤਰਜੀਹ ਦਿੰਦੇ ਹਨ। ਪਿੰਡਾਂ ਵਿੱਚ ਤਾਂ ਹੁਣ ਕਿਸਾਨ ਪਰਿਵਾਰਾਂ ਦੀ ਨਵੀਂ ਪੀੜ੍ਹੀ, ਖੇਤੀ-ਬਾੜੀ ਦਾ ਕੋਈ ਕੰਮ ਹੱਥੀਂ ਕਰਨ ਲਈ ਤਿਆਰ ਹੀ ਨਹੀਂ। ਖੇਤੀ ਦੇ ਸਾਰੇ ਕੰਮ ਕਾਮਿਆਂ 'ਤੇ ਨਿਰਭਰ ਹੋ ਗਏ ਹਨ। ਪੈਦਲ ਤੁਰਨ ਦਾ ਤਾਂ ਰੁਝਾਨ ਹੀ ਨਹੀਂ ਰਿਹਾ। ਖੇਤ ਵਿੱਚ ਬਿਜਲੀ ਦੀ ਮੋਟਰ ਚਲਾਉਣ ਜਾਣ ਲਈ ਵੀ ਮੋਟਰਸਾਈਕਲਾਂ ਦੀਆਂ ਗੂੰਜਾਂ ਪੈਂਦੀਆ ਹਨ। ਦੋ ਚਾਰ ਕਿਲੋਮੀਟਰ 'ਤੇ ਜਾਣ ਲਈ ਵੀ ਬਹੁਤੇ ਲੋਕ ਕਿਸੇ ਬੱਸ, ਆਟੋ ਦੀ ਉਡੀਕ ਵਿੱਚ ਕਿੰਨਾ ਸਮਾਂ ਬਰਬਾਦ ਕਰ ਦਿੰਦੇ ਹਨ, ਪਰ ਤੁਰ ਕੇ ਜਾਣ ਦਾ ਹੌਸਲਾ ਨਹੀਂ ਕਰਦੇ। ਅਸਲ ਵਿੱਚ ਅੱਜ ਸਾਡੀ ਖ਼ੁਰਾਕ ਵਿੱਚ ਮਠਿਆਈਆਂ, ਕੇਕ, ਪੇਸਟਰੀਆਂ, ਤੇਲ-ਯੁਕਤ ਪਕਵਾਨ, ਠੰਢੇ, ਸ਼ਰਾਬ ਤੇ ਅਜਿਹੇ ਹੋਰ ਪਦਾਰਥ ਵੱਡੀ ਮਾਤਰਾ ਵਿੱਚ ਵਰਤਣ ਦਾ ਰੁਝਾਨ ਪੈਦਾ ਹੋ ਚੁੱਕਾ ਹੈ। ਮਾਹਿਰਾਂ ਅਨੁਸਾਰ ਇਹ ਸਾਰੇ ਪਦਾਰਥ ਨਰੋਈ ਸਿਹਤ ਦੇ ਦੁਸ਼ਮਣ ਹਨ।

ਖ਼ੁਰਾਕ ਬਹੁਤ ਭਾਰੀ ਖਾਧੀ ਜਾ ਰਹੀ ਹੈ, ਪਰ ਇਸ ਨੂੰ ਹਜ਼ਮ ਕਰਨ ਲਈ ਮਿਹਨਤ ਨਾਲ ਕੰਮ ਕਰਨ ਦੀ ਪ੍ਰਵਿਰਤੀ ਬਹੁਤ ਘੱਟ ਹੈ। ਸੈਰ ਵੀ ਬਹੁਤੇ ਲੋਕ ਉਦੋਂ ਕਰਨ ਲੱਗਦੇ ਹਨ, ਜਦੋਂ ਕਿਸੇ ਬਿਮਾਰੀ ਕਾਰਨ ਡਾਕਟਰ ਅਜਿਹਾ ਕਰਨ ਦੀ ਹਦਾਇਤ ਕਰਦੇ ਹਨ। ਸ਼ੂਗਰ, ਬੀਪੀ, ਦਿਲ ਦੇ ਰੋਗ, ਮਿਹਦੇ ਤੇ ਜਿਗਰ ਦੀਆਂ ਬਿਮਾਰੀਆਂ ਲਗਾਤਾਰ ਵਧ ਰਹੀਆਂ ਹਨ। ਪਿੱਛੇ ਜਿਹੇ ਹੋਏ ਇੱਕ ਸਰਵੇਖਣ ਵਿੱਚ ਸਾਹਮਣੇ ਆਇਆ ਕਿ ਭਾਰਤ ਛੇਤੀ ਹੀ ਹਾਈ ਬਲੱਡ ਪ੍ਰੈਸ਼ਰ ਦੇ ਮਰੀਜ਼ਾਂ ਦਾ ਗੜ੍ਹ ਬਣ ਜਾਣਾ ਹੈ। ਦੇਸ਼ ਵਿੱਚ 24% ਪੁਰਸ਼ ਤੇ 21% ਔਰਤਾਂ ਵਧਦੇ ਖ਼ੂਨ ਦੇ ਦਬਾਅ ਤੋਂ ਪੀੜਤ ਹਨ। ਅਕਸਰ ਪੰਜਾਬੀਆਂ ਨੂੰ ਸਿਹਤਮੰਦ ਤੇ ਨਰੋਏ ਮੰਨਿਆ ਜਾਂਦਾ ਹੈ, ਪਰ ਹੁਣ ਇੱਥੇ ਵੀ ਸਭ ਅੱਛਾ ਨਹੀਂ ਹੈ। ਪੰਜਾਬ ਵਿੱਚ 37.7% ਮਰਦ ਹਾਈ ਬਲੱਡ-ਪ੍ਰੈਸ਼ਰ ਦੇ ਸ਼ਿਕਾਰ ਹਨ ਤੇ ਇਹ ਗਿਣਤੀ ਲਗਾਤਾਰ ਵਧਦੀ ਜਾ ਰਹੀ ਹੈ। ਪੰਜਾਬ ਵਿੱਚ ਤਾਂ ਕੈਂਸਰ-ਪੀੜਤਾਂ ਦੀ ਗਿਣਤੀ ਵੀ ਦੇਸ਼ ਦੀ ਰਾਸ਼ਟਰੀ ਔਸਤ ਤੋਂ ਵੱਧ ਹੈ। ਪਿਛਲੇ ਦਸ ਸਾਲਾਂ ਵਿੱਚ ਇਸ ਭਿਆਨਕ ਰੋਗ ਨੇ ਪੰਜਾਬੀਆਂ ਨੂੰ ਆਪਣੀ ਲਪੇਟ ਵਿੱਚ ਜਕੜ ਲਿਆ ਹੈ। ਅੰਕੜੇ ਤਾਂ ਏਨੇ ਡਰਾਉਣੇ ਹਨ ਕਿ ਪੜ੍ਹ-ਸੁਣ ਕੇ ਤਰਾਹ ਨਿਕਲਦਾ ਹੈ। ਪੰਜਾਬ ਵਿੱਚ ਕੈਂਸਰ ਦੇ ਪ੍ਰਕੋਪ ਕਾਰਨ ਰੋਜ਼ਾਨਾ 65 ਵਿਅਕਤੀ ਮੌਤ ਦਾ ਸ਼ਿਕਾਰ ਹੋ ਰਹੇ ਹਨ। 2022 ਦੇ ਅੰਕੜਿਆਂ ਅਨੁਸਾਰ ਪੰਜਾਬ ਵਿੱਚ ਕੈਂਸਰ ਨਾਲ 23,300 ਮੌਤਾਂ ਹੋਈਆਂ ਹਨ। ਇਸ ਤਰ੍ਹਾਂ ਹੀ ਸ਼ੂਗਰ ਦੇ ਮਰੀਜ਼ਾਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ। ਸਰੀਰਕ ਮਿਹਨਤ ਤੇ ਕਸਰਤ ਨਾ ਕਰਨ ਦੇ ਸਿੱਟੇ ਵਜੋਂ ਬਹੁਤੇ ਲੋਕਾਂ ਨੂੰ ਉਦੋਂ ਹੀ ਪਤਾ ਲੱਗਦਾ ਹੈ, ਜਦੋਂ ਜੀਵਨ ਦੀ ਗੱਡੀ ਲੀਹੋਂ ਲਹਿ ਜਾਂਦੀ ਹੈ।



ਪੰਜਾਬ ਦੇ ਵਿਆਹ-ਸ਼ਾਦੀਆਂ ਤੇ ਹੋਰ ਸਮਾਗਮਾਂ ਵਿੱਚ ਕਈ ਤਰ੍ਹਾਂ ਦੇ ਭੋਜਨ ਪਰੋਸੇ ਜਾਂਦੇ ਹਨ। ਜੇ ਕੇਵਲ ਇਨ੍ਹਾਂ ਦਾ ਸੁਆਦ ਹੀ ਦੇਖਣਾ ਹੋਵੇ ਤਾਂ ਬੰਦਾ ਰੱਜ ਜਾਂਦਾ ਹੈ। ਵੰਨ-ਸੁਵੰਨੇ ਖਾਣਿਆਂ ਦੇ ਸਟਾਲ ਦੇਖ ਕੇ ਅਕਸਰ ਅਸੀਂ ਉਨ੍ਹਾਂ ਦਾ ਸਵਾਦ ਚੱਖਣ ਲਈ ਬਿਹਬਲ ਹੋ ਉੱਠਦੇ ਹਾਂ। ਥੋੜ੍ਹੇ ਸਮੇਂ ਵਿੱਚ ਲੋੜ ਤੋਂ ਵੱਧ ਖਾਣ ਦਾ ਲਾਹਾ ਲੈਣ ਕਾਰਨ ਅਸੀਂ ਬਦਹਜ਼ਮੀ ਦਾ ਸ਼ਿਕਾਰ ਹੋ ਜਾਂਦੇ ਹਾਂ। ਸਖ਼ਤ ਮਿਹਨਤ ਕਰਨ ਦਾ ਤਾਂ ਹੁਣ ਰੁਝਾਨ ਹੀ ਨਹੀਂ ਹੈ। ਪੈਰੀਂ ਤੁਰਨਾ ਵੀ ਅਸੀਂ ਭੁੱਲ ਹੀ ਗਏ ਹਾਂ। ਅਨੇਕਾਂ ਸੁੱਖ-ਸਹੂਲਤਾਂ ਨੇ ਸਾਨੂੰ ਕਈ ਤਰ੍ਹਾਂ ਦੇ ਰੋਗਾਂ ਦਾ ਸ਼ਿਕਾਰ ਬਣਾ ਦਿੱਤਾ ਹੈ। ਹਰ ਛੋਟੇ ਵੱਡੇ ਸ਼ਹਿਰ ਵਿੱਚ ਹਸਪਤਾਲਾਂ ਦੀ ਭਰਮਾਰ ਹੈ। ਕਿਸੇ ਹਸਪਤਾਲ ਵਿੱਚ ਚਲੇ ਜਾਓ, ਤਿਲ ਸੁੱਟਣ ਦੀ ਥਾਂ ਨਹੀਂ ਹੁੰਦੀ। ਬੰਦਾ ਹੈਰਾਨ ਹੋ ਜਾਂਦਾ ਹੈ ਕਿ ਏਨੇ ਮਰੀਜ਼। ਮਰੀਜ਼ਾਂ ਦੀ ਗਿਣਤੀ ਵੀ ਲਗਾਤਾਰ ਵਧ ਰਹੀ ਹੈ ਤੇ ਹਸਪਤਾਲਾਂ ਦੀਆਂ ਇਮਾਰਤਾਂ ਵੀ ਕਈ ਕਈ ਮੰਜ਼ਿਲਾਂ ਤੱਕ ਵਧ ਰਹੀਆਂ ਹਨ। ਸ਼ਾਇਦ ਹੀ ਕੋਈ ਘਰ ਹੋਵੇ ਜਿੱਥੇ ਹਰ ਮਹੀਨੇ ਦੋ-ਚਾਰ ਹਜ਼ਾਰ ਦੀ ਦਵਾਈ ਨਾ ਆਉਂਦੀ ਹੋਵੇ। ਕੁਦਰਤ ਨਾਲੋਂ ਟੁੱਟ ਕੇ ਮਨੁੱਖ ਦੀ ਸਿਹਤਮੰਦ ਜੀਵਨਸ਼ੈਲੀ ਲੋਪ ਹੋ ਗਈ ਹੈ। ਵਿਕਾਸ ਦਾ ਇਹ ਮਾਡਲ ਵੀ ਮਨੁੱਖ-ਵਿਰੋਧੀ ਹੈ, ਜਿਸ ਕਾਰਨ ਮਨੁੱਖ ਅਨੇਕਾਂ ਸੰਕਟਾਂ ਵਿੱਚ ਘਿਰਦਾ ਜਾ ਰਿਹਾ ਹੈ। ਅਜੋਕੇ ਸਮਿਆਂ ਦੀ ਜੀਵਨਸ਼ੈਲੀ ਨੇ ਮਨੁੱਖ ਕੋਲੋਂ ਬਹੁਤ ਕੁੱਝ ਖੋਹ ਲਿਆ ਹੈ। ਇਸ ਵਿੱਚ ਕੋਈ ਦੋ ਰਾਵਾਂ ਨਹੀਂ ਹੋ ਸਕਦੀਆਂ ਕਿ ਤੰਦਰੁਸਤੀ ਨਾਲ ਹੀ ਇਹ ਜਹਾਨ ਸੋਹਣਾ ਤੇ ਖ਼ੁਸ਼ਗਵਾਰ ਲੱਗਦਾ ਹੈ। ਜੀਵਨ ਦੀ ਹਰ ਪ੍ਰਕਿਰਿਆ ਤੇ ਖ਼ੁਸ਼ੀ ਸਿਹਤਮੰਦ ਤੇ ਨਰੋਏ ਜੀਵਨ ਨਾਲ ਹੀ ਜੁੜੀ ਹੋਈ ਹੈ।

# ਆਪਣਾ ਦੇਸ਼, ਆਪਣੀ ਮਿੱਟੀ



ਅਜੀਤ ਸਿੰਘ ਚੰਦਨ

ਬੇਗਾਨਾ ਦੇਸ਼ ਭਾਵੇਂ ਕਿੰਨਾ ਵੀ ਖ਼ੂਬਸੂਰਤ ਹੋਵੇ, ਆਪਣੇ ਦੇਸ਼ ਜਿੰਨਾ ਪਿਆਰਾ ਨਹੀਂ ਹੋ ਸਕਦਾ। ਇਨਸਾਨ ਨੂੰ ਬੇਗਾਨੀ ਧਰਤੀ ਦੀ ਖ਼ਾਕ ਛਾਣ ਕੇ ਵੀ ਸੁਪਨੇ ਆਪਣੇ ਦੇਸ਼ ਦੇ ਹੀ ਆਉਂਦੇ ਹਨ। ਆਪਣੀ ਮਿੱਟੀ ਦਾ ਮੋਹ ਜਾਗਦਾ ਹੈ। ਆਪਣੇ ਘਰ-ਘਾਟ ਦੀ ਯਾਦ ਆਉਂਦੀ ਰਹਿੰਦੀ ਹੈ। ਇਸੇ ਲਈ ਸਿਆਣਿਆਂ ਨੇ ਕਿਹਾ ਕਿ ਭਾਵੇਂ ਕਿੰਨੇ ਵੀ ਸਾਲ ਤੁਸੀਂ ਬੇਗਾਨੇ ਦੇਸ਼ਾਂ ਦੀ ਸੈਰ ਕਰਦੇ ਰਹੋ, ਪਰ ਆਪਣੇ ਦੇਸ਼ ਨੂੰ ਨਾ ਭੁੱਲੋ। ਆਪਣੀ ਮਿੱਟੀ ਨੂੰ ਨਾ ਵਿਸਾਰੋ। ਆਪਣੀ ਧਰਤੀ, ਆਪਣੀ ਮਿੱਟੀ, ਜਿਸ ਦੀ ਖ਼ੁਸ਼ਬੂ ਤੁਹਾਡੀਆਂ ਯਾਦਾਂ ਵਿੱਚ ਸਮੋਈ ਹੁੰਦੀ ਹੈ, ਉਹ ਕਿਵੇਂ ਭੁਲਾਈ ਜਾ ਸਕਦੀ ਹੈ। ਕਈ ਵਾਰ ਤਾਂ ਬੇਗਾਨੇ ਦੇਸ਼ ਰਹਿੰਦਿਆਂ ਇੰਜ ਲੱਗਦਾ ਹੈ, ਜਿਵੇਂ ਸੁਪਨਿਆਂ ਵਿੱਚ ਜੀਅ ਰਹੇ ਹੋਈਏ। ਜ਼ਿੰਦਗੀ ਦੀ ਅਸਲੀਅਤ ਤੋਂ ਕੋਹਾਂ ਦੂਰ ਹੋਈਏ। ਆਪਣੇ ਦੇਸ਼ ਦੇ ਰੁੱਖਾਂ, ਪਿੱਪਲਾਂ, ਬੋਹੜਾਂ ਤੇ ਗਲੀਆਂ ਦੀ ਯਾਦ ਮਨ ਵਿੱਚ ਚੱਕਰ ਕੱਟਦੀ ਰਹਿੰਦੀ ਹੈ। ਆਪਣੇ ਦੇਸ਼ ਦੀਆਂ ਗਲੀਆਂ ਭਾਵੇਂ ਚੰਗੀਆਂ ਤੇ ਭਾਵੇਂ ਮੰਦੀਆਂ, ਸਦਾ ਚੇਤੇ ਵਿੱਚ ਸਮੋਈਆਂ ਰਹਿੰਦੀਆਂ ਹਨ।

ਇਨਸਾਨ ਅਜਿਹਾ ਹੈ ਕਿ ਉਹ ਭੁੱਲ-ਭੁੱਲਈਆਂ ਵਿੱਚ ਪਿਆ ਬੇਗਾਨੇ ਦੇਸ਼ ਜਾ ਕੇ ਡੇਰੇ ਲਾਉਂਦਾ ਹੈ। ਬੇਗਾਨੇ ਦੇਸ਼ ਦੀ ਚਕਾ-ਚੌਂਧ ਤੇ ਰੌਸ਼ਨੀਆਂ ਭਰੀ ਜ਼ਿੰਦਗੀ ਵੇਖ ਕੇ ਡਾਲਰਾਂ ਦੇ ਲਾਲਚ ਵਿੱਚ ਫਸਿਆ, ਉੱਥੇ ਹੀ ਰਹੀ ਜਾਂਦਾ ਹੈ। ਪੈਸੇ ਦਾ ਮੋਹ ਤਿਆਗ ਵੀ ਨਹੀਂ ਸਕਦਾ ਤੇ ਇੰਜ ਹੀ ਸਾਰੀ ਜ਼ਿੰਦਗੀ ਬੇਗਾਨੀ ਧਰਤੀ ’ਤੇ ਗੁਆ ਦਿੰਦਾ ਹੈ। ਕਈ ਇਨਸਾਨ ਉੱਚ ਵਿੱਦਿਆ ਦੀ ਪ੍ਰਾਪਤੀ ਲਈ ਬੇਗਾਨੇ ਦੇਸ਼ ਜਾ ਵੱਸਦੇ ਹਨ ਤੇ ਕਈ ਹੋਰ ਸਿਰਫ਼ ਰੁਜ਼ਗਾਰ ਖ਼ਾਤਰ ਬਾਹਰਲੇ ਮੁਲਕਾਂ ਦੇ ਧੱਕੇ-ਧੋੜੇ ਬਰਦਾਸ਼ਤ ਕਰਦੇ ਹਨ, ਪਰ ਜੋ ਸਕੂਨ ਤੇ ਸ਼ਾਂਤੀ ਤੁਹਾਨੂੰ ਆਪਣੇ ਦੇਸ਼ ਦੀ ਧਰਤੀ ’ਤੇ ਰਹਿ ਕੇ ਪ੍ਰਾਪਤ ਹੋ ਸਕਦੀ ਹੈ, ਹੋਰ ਕਿਧਰੇ ਵੀ ਪ੍ਰਾਪਤ ਨਹੀਂ ਹੋ ਸਕਦੀ ਹੈ। ਕਈ ਇਨਸਾਨ ਤਾਂ ਕਮਾਈ ਕਰਨ ਖ਼ਾਤਰ ਬਾਹਰਲੇ ਮੁਲਕਾਂ ਵੱਲ ਮੂੰਹ ਕਰਦੇ ਹਨ ਤੇ ਫਿਰ ਕਮਾਈ ਦੇ ਲਾਲਚ ਵਿੱਚ ਸਾਰੀ ਜ਼ਿੰਦਗੀ ਉੱਥੇ ਹੀ ਗੁਜ਼ਾਰ ਦਿੰਦੇ ਹਨ। ਫਿਰ ਅਜਿਹਾ ਫਰਜ਼ੀ ਮੋਹ ਬੇਗਾਨੀ ਧਰਤੀ ਨਾਲ ਪਾ ਬੈਠਦੇ ਹਨ ਕਿ ਵਤਨ ਮੁੜਨ ਦਾ ਨਾਂ ਵੀ ਨਹੀਂ ਲੈਂਦੇ। ਉੱਥੇ ਹੀ ਵਿਆਹ ਕਰਵਾ ਕੇ ਘਰ ਵਸਾ ਲੈਂਦੇ ਹਨ ਤੇ ਆਪਣੇ ਮੁਲਕ ਨੂੰ ? ਉੱਕਾ ਹੀ ਭੁੱਲ-ਭੁਲਾ ਬੈਠਦੇ ਹਨ।

ਬਾਹਰਲੇ ਮੁਲਕਾਂ ਦੀ ਸਫ਼ਾਈ, ਰੁੱਖ, ਬੂਟੇ ਤੇ ਸ਼ਾਨਦਾਰ ਬਾਗ਼-ਬਗੀਚੇ ਤੇ ਸੁੰਦਰ ਘਰ ਵੇਖ ਕੇ ਮਨ ਲਲਚਾ ਜਾਂਦਾ ਹੈ। ਪੱਕੀਆਂ ਤੇ ਸਾਫ਼-ਸੁਥਰੀਆਂ ਸੜਕਾਂ, ਮਹਿੰਗੀਆਂ ਗੱਡੀਆਂ, ਖ਼ੂਬਸੂਰਤ ਘਰ ਇਹ ਸਭ ਸਾਜ਼ੋ-ਸਮਾਨ ਇਨਸਾਨ ਦੇ ਮਨ ਨੂੰ ?ਬੇਗਾਨੇ ਮੁਲਕ ਵਿੱਚ ਕਾਬੂ ਕਰੀ ਰੱਖਦਾ ਹੈ, ਪਰ ਇੱਕ ਸੱਚੇ ਇਨਸਾਨ ਦੇ ਮਨ ਵਿੱਚ ਇਹ ਟੀਸ ਸਦਾ ਉੱਠਦੀ ਰਹੇਗੀ। ਜੇਕਰ ਉਸ ਦੇ ਮਨ ਵਿੱਚ ਆਪਣੇ ਦੇਸ਼ ਦੀ ਕੱਚੀ ਮਿੱਟੀ ਦੀ ਖ਼ੁਸ਼ਬੂ ਤੇ ਆਪਣੀ ਮਾਂ ਦਾ ਸੱਚਾ ਪਿਆਰ ਵਸਿਆ ਹੋਇਆ ਹੋਵੇ ਤਾਂ ਉਹ ਇੱਕ ਨਾ ਇੱਕ ਦਿਨ ਜ਼ਰੂਰ ਆਪਣੇ ਦੇਸ਼ ਪਰਤੇਗਾ। ਆਪਣੀ ਮਿੱਟੀ ਦੀ ਛੂਹ ਨੂੰ ਮਸਤਕ ਨਾਲ ਛੂਹਾ ਲਵੇਗਾ। ਆਪਣੀ ਪੰਜਾਬੀ ਬੋਲੀ ਨੂੰ ਹਿਰਦੇ ਵਿੱਚ ਵਸਾ ਕੇ ਠੰਢਾ ਸਾਹ ਲਵੇਗਾ। ਆਪਣੇ ਦੇਸ਼ ਦਾ ਠੰਢਾ ਤੇ ਮਿੱਠਾ ਪਾਣੀ ਪੀ ਕੇ ਸੁੱਖ ਮਹਿਸੂਸ ਕਰੇਗਾ।

ਕੀ ਇਨਸਾਨ ਆਪਣੇ ਦੇਸ਼ ਵਿੱਚ ਕਮਾਈ ਨਹੀਂ ਕਰ ਸਕਦਾ? ਆਪਣੇ ਦੇਸ਼ ਦੀ ਮਿੱਟੀ ਵਿੱਚੋਂ ਸੋਨਾ ਪੈਦਾ ਨਹੀਂ ਕਰ ਸਕਦਾ? ਇਨਸਾਨ ਚਾਹੇ ਤਾਂ ਆਪਣੇ ਦੇਸ਼ ਰਹਿੰਦਿਆਂ ਵੀ ਸੋਨੇ ਦੀਆਂ ਕੰਧਾਂ ਉਸਾਰ ਸਕਦਾ ਹੈ, ਪਰ ਉਹ ਪੂਰੇ ਦਿਲੋਂ ਆਪਣੇ ਦੇਸ਼ ਦੀ ਮਿੱਟੀ ਨਾਲ ਰਚਦਾ-ਮਿਚਦਾ ਨਹੀਂ। ਜਿਵੇਂ ਦੂਰੋਂ ਵੇਖਿਆਂ ਬੱਦਲਾਂ ਦੀ ਕੰਨੀ, ਸੋਨੇ ਰੰਗੀ ਵਿਖਾਈ ਦਿੰਦਾ ਹੈ। ਇੰਜ ਹੀ ਬੇਗਾਨੇ ਮੁਲਕਾਂ ਦੀ ਕਮਾਈ ਉਸ ਨੂੰ ਨਿਰਾ ਸੋਨਾ ਜਾਪਦੀ ਹੈ, ਪਰ ਅਸਲੀਅਤ ਇਸ ਦੇ ਉਲਟ ਹੈ। ਕਈ ਨੌਜਵਾਨ ਬੇਗਾਨੇ ਮੁਲਕਾਂ ਦੀਆਂ ਜੇਲ੍ਹਾਂ ਵਿੱਚ ਭੱਠ ਝੋਂਕਦੇ ਹਨ। ਕਈ ਆਪਣੇ ਘਰਾਂ ਦੀਆਂ ਕਿਸ਼ਤਾਂ ਮੁਸ਼ਕਲ ਨਾਲ ਉਤਾਰਦੇ ਹਨ। ਕਈ ਗੱਡੀਆਂ, ਘਰਾਂ ਤੇ ਹੋਰਨਾਂ ਵਸਤਾਂ ਦਾ ਟੈਕਸ ਦੇ ਕੇ ਮਸਾਂ ਗੁਜ਼ਾਰਾ ਕਰਦੇ ਹਨ। ਕਈ ਇਹ ਕਿਸ਼ਤਾਂ ਉਤਾਰਦੇ ਉਤਾਰਦੇ ਬੁੱਢੇ ਹੋ ਜਾਂਦੇ ਹਨ। ਕਈ ਅੰਦਰੋਂ ਤਾਂ ਰੋਂਦੇ ਹਨ, ਪਰ ਬਾਹਰੋਂ ਹੱਸਣ ਦਾ ਯਤਨ ਕਰਦੇ ਹਨ। ਕਈ ਲੁਕ-ਲੁਕ ਕੇ ਹੰਝੂ ਕੇਰਦੇ ਹਨ। ਕਈ ਇਹ ਸੋਚਦੇ ਹਨ ਕਿ ਹੁਣ ਸਭ ਕੁੱਝ ਗੁਆ ਕੇ ਜੇ ਆਪਣੇ ਦੇਸ਼ ਪਰਤਾਂਗੇ ਤਾਂ ਉੱਥੇ ਕੀ ਕਹਾਂਗੇ? ਇੰਜ ਬੇਗਾਨੇ ਦੇਸ਼ ਰਹਿੰਦੇ ਨੌਜਵਾਨ ਅਜਿਹੀਆਂ ਚਿੰਤਾਵਾਂ ਵਿੱਚ ਡੁੱਬੇ ਰਹਿੰਦੇ ਹਨ। ਕਈ ਵਿਆਹ ਤਾਂ ਆਪਣੇ ਦੇਸ਼ ਵਿੱਚ ਹੀ ਕਰਵਾ ਜਾਂਦੇ ਹਨ, ਪਰ ਵਹੁਟੀ ਨੂੰ ਬੇਗਾਨੇ ਦੇਸ਼ ਵਿੱਚ ਬੁਲਾ ਕੇ ਵਸਾਉਣ ਦੀ ਉਨ੍ਹਾਂ ਦੀ ਤਰਜੀਹ ਨਹੀਂ ਹੁੰਦੀ। ਇਹ ਕੰਮ ਉਨ੍ਹਾਂ ਨੂੰ ਵਿੱਤ ਤੋਂ ਬਾਹਰਲਾ ਨਜ਼ਰ ਆਉਂਦਾ ਹੈ। ਕਈ ਬੇਗਾਨੇ ਮੁਲਕਾਂ ਵਿੱਚ ਰਹਿੰਦਿਆਂ ਸੁਪਨਿਆਂ ਵਿੱਚ ਹੀ ਜ਼ਿੰਦਗੀ ਗੁਜ਼ਾਰੀ ਜਾਂਦੇ ਹਨ। ਜਦਕਿ ਸੁਪਨੇ ਅਸਲੀਅਤ ਨਹੀਂ ਬਣਦੇ, ਪਰ ਜਿਸ ਇਨਸਾਨ ਨੇ ਆਪਣੇ ਦੇਸ਼ ਪੈਰ ਜਮਾਏ ਹੋਏ ਹਨ, ਉਹ ਭਾਵੇਂ ਕਿੰਨੇ ਮੁਲਕਾਂ ਦੀ ਸੈਰ ਕਰ ਆਵੇ, ਆਪਣੇ ਮੁਲਕ ਵਿੱਚ ਵੱਸਣ ਨੂੰ ਹੀ ਤਰਜੀਹ ਦੇਵੇਗਾ। ਆਪਣੇ ਮੁਲਕ ਦੀ ਮਿੱਟੀ ਤੇ ਹਵਾ ਨੂੰ ਪਿਆਰ ਕਰੇਗਾ। ਆਪਣੇ ਮੁਲਕ ਦੀ ਹਰ ਵਸਤੂ ਉਸ ਨੂੰ ਖਿੱਚ ਪਾਵੇਗੀ। ਆਪਣੇ ਦੇਸ਼ ਦੇ ਲੋਕਾਂ ਵਿੱਚ ਰਚ ਮਿਚ ਕੇ ਜੋ ਆਨੰਦ ਇੱਕ ਇਨਸਾਨ ਪ੍ਰਾਪਤ ਕਰ ਸਕਦਾ ਹੈ, ਉਹ ਉਸ ਨੂੰ ਬਾਹਰਲੇ ਮੁਲਕਾਂ ਵਿੱਚ ਨਹੀਂ ਮਿਲ ਸਕਦਾ। ਉੱਥੇ ਤਾਂ ਇੱਕ ਗੁਆਂਢੀ ਦੂਜੇ ਗੁਆਂਢੀ ਨਾਲ ਗੱਲ ਕਰਕੇ ਰਾਜ਼ੀ ਨਹੀਂ। ਹਰ ਇਨਸਾਨ ਆਪਣੇ ਹੀ ਕੰਮਾਂ-ਕਾਰਾਂ ਵਿੱਚ ਮਸਤ ਜੀਵਨ ਬਤੀਤ ਕਰਦਾ ਹੈ।

ਇਹੀ ਵਜ੍ਹਾ ਹੈ ਕਿ ਪਹਾੜਾਂ ’ਤੇ ਵੱਸਦੇ ਲੋਕ, ਗ਼ਰੀਬੀ ਹੰਢਾ ਕੇ ਵੀ ਖ਼ੁਸ਼ੀਆਂ ਵਿੱਚ ਜੀਵਨ ਬਤੀਤ ਕਰਦੇ ਹਨ। ਆਪਣੇ ਦੇਸ਼ ਲਈ ਮਰ ਮਿਟਣ ਵਾਲੇ ਸ਼ਹੀਦ, ਯੋਧੇ ਤੇ ਕਲਾਕਾਰ ਆਪਣੀ ਮਿੱਟੀ ਨੂੰ ਪੂਜਦੇ ਹਨ। ਆਪਣੇ ਮੁਲਕ ਨੂੰ ਪਿਆਰ ਕਰਦੇ ਹਨ। ਸਰਹੱਦ ’ਤੇ ਖਲੋਤੇ ਸਿਪਾਹੀ, ਦੇਸ਼ ਦੀ ਆਨ-ਸ਼ਾਨ ਖ਼ਾਤਰ ਜਾਨ ਵੀ ਦਾਅ ’ਤੇ ਲਾ ਦਿੰਦੇ ਹਨ ਕਿਉਂਕਿ ਜਿਸ ਦੇਸ਼ ਵਿੱਚ ਇਨਸਾਨ ਨੇ ਜਨਮ ਲਿਆ, ਉਸ ਦੀ ਰਾਖੀ ਕਰਨੀ ਇਨਸਾਨ ਦਾ ਪਹਿਲਾ ਫ਼ਰਜ਼ ਹੈ।





# ਉਡ ਉਡ ਚਿੜੀਏ ਨੀਂ

ਮਨੁੱਖ ਦਾ ਮਨ ਸਮੁੰਦਰ ਹੈ। ਜਿਵੇਂ ਸਮੁੰਦਰ ਦੀ ਥਾਹ ਨਹੀਂ ਪਾਈ ਜਾ ਸਕਦੀ, ਉਵੇਂ ਹੀ ਮਨੁੱਖ ਦੇ ਮਨ ਦੀ ਥਾਹ ਵੀ ਨਹੀਂ ਪਾਈ ਜਾ ਸਕਦੀ। ਸੰਵੇਦਨਸ਼ੀਲ ਵਿਅਕਤੀ ਕੁੱਝ ਨਾ ਕੁੱਝ ਸੋਚਦਾ ਹੀ ਰਹਿੰਦਾ ਹੈ। ਇਹ ਸੋਚਾਂ ਸੋਚ ਕੇ ਜਦੋਂ ਉਹ ਆਪਣੇ ਵਿਚਾਰ ਪ੍ਰਗਟ ਕਰਦਾ ਹੈ ਤਾਂ ਜੇਕਰ ਸੁਣਨ ਵਾਲਿਆਂ ਨੂੰ ਪਸੰਦ ਆ ਜਾਣ ਤਾਂ ਉਹ ਵਿਚਾਰ ਸਮਾਜ ਰੂਪੀ ਸੰਸਥਾ ਅਪਣਾਅ ਲੈਂਦੀ ਹੈ। ਕੁੜੀਆਂ ਦੀ ਚਿੜੀਆਂ ਨਾਲ ਤੁਲਨਾ ਕਰਨਾ ਵੀ ਮਨੁੱਖੀ ਮਨ ਦੀ ਸੰਵੇਦਨਾ ਹੈ। ਜਿਵੇਂ ਕੁੜੀਆਂ ਘਰਾਂ ਵਿੱਚ ਹੱਸਦੀਆਂ ਖੇਡਦੀਆਂ ਹਨ ਅਤੇ ਕਦੇ ਕਿਸੇ ਪਾਸੇ ਜਾਂਦੀਆਂ ਹਨ, ਕਦੇ ਕਿਸੇ ਪਾਸੇ ਜਾਂਦੀਆਂ ਹਨ ਉਵੇਂ ਹੀ ਚਿੜੀਆਂ ਇਕੱਠੀਆਂ ਹੋ ਕੇ ਚੀਂ ਚੀਂ ਕਰਦੀਆਂ ਤੇ ਆਪਣੇ ਆਪ ਹੀ ਦੂਰ ਉਡਾਰੀ ਮਾਰ ਜਾਂਦੀਆਂ ਹਨ। ਚਿੜੀਆਂ ਦੇ ਦੂਰ ਉਡਾਰੀ ਮਾਰਨ ਦੀ ਤੁਲਨਾ ਕੁੜੀਆਂ ਦੇ ਸਹੁਰੇ ਜਾਣ ਨਾਲ ਕੀਤੀ ਗਈ ਹੈ। ਆਮ ਤੌਰ 'ਤੇ ਇਹ ਗੀਤ ਵੀ ਗਾਇਆ ਜਾਂਦਾ ਹੈ;

**ਸਾਡਾ ਚਿੜੀਆਂ ਦਾ ਚੰਬਾ ਵੇ**
**ਬਾਬੁਲ ਅਸਾਂ ਉੱਡ ਜਾਣਾ।**
**ਸਾਡੀ ਲੰਮੀ ਉਡਾਰੀ ਵੇ ਖੌਰੇ**
**ਕਿਹੜੇ ਦੇਸ਼ ਜਾਣਾ।**

ਚਿੜੀਆਂ ਭਾਵੇਂ ਛੋਟੇ ਪੰਛੀ ਹਨ, ਪਰ ਸਾਰੇ ਪੰਛੀਆਂ ਵਿੱਚ ਇਨ੍ਹਾਂ ਦੀ ਵਿਸ਼ੇਸ਼ ਥਾਂ ਹੈ। ਚਿੜੀਆਂ ਵਿਹੜੇ ਦੀ ਰੌਣਕ ਹਨ। ਕੋਈ ਸਮਾਂ ਹੁੰਦਾ ਸੀ ਜਦੋਂ ਚਿੜੀਆਂ ਕੱਚੇ ਘਰਾਂ ਦੀਆਂ ਸਿਰਕੀ ਦੀਆਂ ਛੱਤਾਂ ਵਿੱਚ ਆਪਣੇ ਆਲ੍ਹਣੇ ਪਾਉਂਦੀਆਂ ਸਨ। ਚਿੜੀ ਤੇ ਚਿੜਾ ਦੋਵੇਂ ਹੀ ਰਲ ਕੇ ਇਹ ਆਲ੍ਹਣਾ ਬਣਾਉਂਦੇ ਅਤੇ ਫਿਰ ਉੱਥੇ ਰਹਿਣ ਬਸੇਰਾ ਕਰਦੇ। ਚਿੜੇ ਅਤੇ ਚਿੜੀ ਦੇ ਸਹਿਯੋਗ ਨਾਲ ਕੰਮ ਕਰਨ ਨੂੰ ਵੀ ਲੋਕਾਂ ਨੇ ਮਹਿਸੂਸ ਕੀਤਾ ਅਤੇ ਉਸ ਦੀ ਉਦਾਹਰਨ ਦਿੰਦੇ। ਭਾਵੇਂ ਇਹ ਉਦਾਹਰਨ ਮਜ਼ਾਕ ਵਿੱਚ ਹੀ ਹੈ;

**ਦੇਖੀ ਯਾਰੀ ਚਿੜੇ ਚਿੜੀ ਦੀ**
**ਰਲ ਕੇ ਛੱਤਣ ਪੱਟਣ।**

ਚਿੜੀਆਂ ਸਵੇਰੇ ਸਵੇਰੇ ਹੀ ਉੱਠਦੀਆਂ ਅਤੇ ਚਹਿਚਹਾਉਂਦੀਆਂ ਹਨ। ਖੁੱਲ੍ਹੇ ਘਰਾਂ ਵਿੱਚ ਜਦੋਂ ਲੋਕ ਬਰਾਂਡਿਆਂ ਵਿੱਚ ਸੌਂਦੇ ਸਨ ਤਾਂ ਉਸ ਸਮੇਂ ਕੜੀਆਂ ਬਾਲਿਆਂ ਵਾਲੀ ਛੱਤ ਵਿੱਚ ਹੀ ਚਿੜੀਆਂ ਦੇ ਆਲ੍ਹਣੇ ਹੁੰਦੇ ਸਨ। ਜੇਕਰ ਛੱਤ ਗਾਡਰਾਂ ਵਾਲੀ ਹੁੰਦੀ ਤਾਂ ਵੀ ਚਿੜੀਆਂ ਦੇ ਜੋੜੇ ਗਾਡਰਾਂ 'ਤੇ ਰਾਤ ਕੱਟਦੇ, ਪਰ ਜੇਕਰ ਚਿੜੀ ਨੇ ਆਂਡੇ ਦਿੱਤੇ ਹੁੰਦੇ ਤਾਂ ਉਹ ਆਪਣੇ ਆਲ੍ਹਣੇ ਵਿੱਚ ਬੈਠਦੀ ਅਤੇ ਉਸ ਦਾ ਸਾਥੀ ਉਸ ਕੋਲ। ਅੰਦਰ ਬੈਠੀਆਂ ਚਿੜੀਆਂ ਨੂੰ ਕੋਈ ਵੀ ਉਠਾਉਂਦਾ ਨਹੀਂ ਸੀ, ਹਾਲਾਂਕਿ ਉਹ ਵਿੱਠਾਂ ਕਰਦੀਆਂ ਸਨ, ਪਰ ਕੱਚੀ ਥਾਂ ਭਾਵੇਂ ਉਹ ਲਿੱਪੀ ਵੀ ਹੁੰਦੀ, ਪਰ ਕੋਈ ਪਰਵਾਹ ਨਹੀਂ ਕਰਦਾ ਸੀ। ਪੰਛੀਆਂ ਨਾਲ ਲੋਕ ਪਿਆਰ ਕਰਦੇ ਸਨ।

ਬੱਚੇ ਪੰਛੀਆਂ ਨਾਲ ਇੰਨਾ ਪਿਆਰ ਕਰਦੇ ਸਨ ਕਿ ਉਨ੍ਹਾਂ ਦਾ ਇਨ੍ਹਾਂ ਨੂੰ ਫੜਨ ਨੂੰ ਜੀ ਕਰਦਾ। ਬੱਚੇ ਵਿਹੜੇ ਵਿੱਚ ਟੋਕਰਾ ਲਾ ਕੇ ਉਸ ਦੇ ਹੇਠਾਂ ਰੋਟੀ ਚੂਰ ਦਿੰਦੇ। ਟੋਕਰੇ ਹੇਠ ਡੰਡਾ ਲਾ ਕੇ ਡੰਡੇ ਨਾਲ ਦੂਰ ਤੱਕ ਜਾਣ ਵਾਲੀ ਰੱਸੀ ਬੰਨ੍ਹ ਲੈਂਦੇ ਅਤੇ ਜਦੋਂ ਚਿੜੀਆਂ ਰੋਟੀ ਖਾਂਦੀਆਂ ਜਾਂ ਚੋਗਾ ਚੁਗਦੀਆਂ ਤਾਂ ਉਸ ਰੱਸੀ ਨੂੰ ਖਿੱਚ ਲਿਆ ਜਾਂਦਾ ਅਤੇ ਟੋਕਰਾ ਡਿੱਗ ਪੈਂਦਾ। ਕੋਈ ਨਾ ਕੋਈ ਚਿੜੀ ਫਸ ਜਾਂਦੀ। ਫਿਰ ਉਸ 'ਤੇ ਚੁੰਨੀ ਦੇ ਕੇ ਉਸ ਨੂੰ ਬੜੇ ਧਿਆਨ ਨਾਲ ਬਾਹਰ ਕੱਢਿਆ ਜਾਂਦਾ ਅਤੇ ਫਿਰ ਉਸ 'ਤੇ ਰੰਗ ਲਾ ਕੇ ਉਸ ਨੂੰ ਉੜਾ ਦਿੱਤਾ ਜਾਂਦਾ। ਰੰਗੀ ਹੋਈ ਚਿੜੀ ਜਦ ਘਰ ਵਿੱਚ ਆਉਂਦੀ ਤਾਂ ਸਾਰੇ ਬੱਚੇ ਉਸ ਨੂੰ ਦੇਖ ਕੇ ਖ਼ੁਸ਼ ਹੁੰਦੇ, ਪਰ ਜਿਸ ਨੇ ਚਿੜੀ ਰੰਗੀ ਹੁੰਦੀ, ਉਸ ਨੂੰ ਇਉਂ ਲੱਗਦਾ ਸੀ ਜਿਵੇਂ ਉਸ ਚਿੜੀ 'ਤੇ ਉਸ ਦਾ ਹੀ ਹੱਕ ਹੋਵੇ।

ਚਿੜੀ ਭਾਵੇਂ ਖੇਤਾਂ ਵਿੱਚ ਚੋਗਾ ਚੁਗਦੀ ਹੈ, ਪਰ ਓਨਾ ਹੀ ਖਾਂਦੀ ਹੈ ਜਿੰਨੀ ਉਸ ਨੂੰ ਜ਼ਰੂਰਤ ਹੋਵੇ। ਉਹ ਚੋਗਾ ਜ਼ਿਆਦਾ ਜਮ ?ਹਾਂ ਨਹੀਂ ਕਰਦੀ। ਇਹ ਕਿਸਾਨ ਦੀ ਮਦਦ ਵੀ ਕਰਦੀ ਹੈ ਕਿਉਂਕਿ ਫ਼ਸਲਾਂ 'ਤੇ ਹਾਨੀਕਾਰਕ ਸੁੰਡੀਆਂ ਜਾਂ ਕੀੜਿਆਂ ਨੂੰ ਖਾਂਦੀ ਹੈ। ਉਂਜ ਤਾਂ ਇਹ ਕਹਾਵਤ ਵੀ ਪ੍ਰਚੱਲਿਤ ਹੈ ਕਿ 'ਅਬ ਪਛਤਾਏ ਕਿਆ ਹੋਇ ਜਬ ਚਿੜੀਆ ਚੁਗ ਗਈ ਖੇਤ' ਪਰ ਚਿੜੀਆਂ ਖੇਤ ਨਹੀਂ ਚੁਗਦੀਆਂ, ਉਹ ਤਾਂ ਸਿਰਫ਼ ਢਿੱਡ ਹੀ ਭਰਦੀਆਂ ਹਨ।

ਚਿੜੀਆਂ ਨਾਲ ਕੁੜੀਆਂ ਦੀ ਤੁਲਨਾ ਕਰਨੀ ਇੱਕ ਅਜਿਹੀ ਸੋਚ ਹੈ ਕਿ ਕੁੜੀਆਂ ਵੀ ਘਰੋਂ ਚਲੀਆਂ ਜਾਂਦੀਆਂ ਹਨ ਅਤੇ ਚਿੜੀਆਂ ਵੀ ਉਡਾਰੀ ਮਾਰ ਕੇ ਚਲੀਆਂ ਜਾਂਦੀਆਂ ਹਨ। ਇਸ ਧਾਰਨਾ ਅਨੁਸਾਰ ਕੁੜੀਆਂ ਦੇ ਦਿਮਾਗ਼ ਵਿੱਚ ਵੀ ਇਹ ਗੱਲ ਬੈਠ ਗਈ। ਕੁੜੀਆਂ ਨੂੰ ਵੀ ਚਿੜੀਆਂ ਚੰਗੀਆਂ ਲੱਗਣ ਲੱਗੀਆਂ ਅਤੇ ਲੋਕ ਗੀਤਾਂ ਵਿੱਚ ਉਹ ਇਨ੍ਹਾਂ ਦਾ ਜ਼ਿਕਰ ਕਰਦੀਆਂ ਤੇ ਇਨ੍ਹਾਂ ਨੂੰ ਇੰਜ ਕਹਿੰਦੀਆਂ;

**ਉਡ ਉਡ ਚਿੜੀਏ ਨੀਂ**
**ਉੱਡ ਬਹਿ ਜਾ ਖਿੜਕੀ।**
**ਮੇਰੀ ਅੰਮੜੀ ਬਾਝੋਂ ਨੀਂ**
**ਮੈਂ ਸਭ ਨੇ ਝਿੜਕੀ।**
**ਮੇਰੇ ਬਾਬਲ ਦਿੱਤੜੀ ਦੂਰੇ**
**ਵੇ ਸੁਣ ਧਰਮੀ ਬਾਬਲਾ**
**ਪਰਦੇਸਣ ਬੈਠੀ ਝੂਰੇ।**

ਜਦੋਂ ਕੋਈ ਮੁਟਿਆਰ ਆਪਣੇ ਮਾਪਿਆਂ ਜਾਂ ਭੈਣਾਂ ਭਰਾਵਾਂ ਦੇ ਵਿਜੋਗ ਵਿੱਚ ਆਪਣੇ ਆਪ ਨੂੰ ਇਕੱਲੀ ਜਿਹੀ ਮਹਿਸੂਸ ਕਰਦੀ ਹੈ ਤਾਂ ਉਹ ਆਪਣੇ ਮਨੋਭਾਵਾਂ ਨੂੰ ਇਸ ਤਰ੍ਹਾਂ ਪ੍ਰਗਟ ਕਰਦੀ;

**ਉੱਡ ਉੱਡ ਚਿੜੀਏ ਨੀਂ**
**ਉੱਡ ਬਹਿ ਜਾ ਛੱਤ ਨੀਂ।**
**ਮੇਰੀ ਅੰਮੜੀ ਬਾਝੋਂ ਨੀਂ**
**ਕੌਣ ਭੇਜੇ ਖ਼ਤ ਨੀਂ।**
**ਮੇਰੇ ਬਾਬਲ ਦਿੱਤੜੀ ਦੂਰੇ**
**ਵੇ ਸੁਣ ਧਰਮੀ ਬਾਬਲਾ**
**ਪਰਦੇਸਣ ਬੈਠੀ ਝੂਰੇ।**

ਇਹ ਪੰਛੀ ਸਭ ਦੇ ਮਨ ਨੂੰ ਭਾਉਂਦਾ ਹੈ। ਘਰ ਵਿੱਚ ਕੱਚੀਆਂ ਕੰਧਾਂ 'ਤੇ ਰੰਗ ਕਰਨ ਤੋਂ ਬਾਅਦ ਜਿੱਥੇ ਕੰਧਾਂ ਨੂੰ ਸਜਾਉਣ ਲਈ ਮੋਰ ਅਤੇ ਫੁੱਲ ਬੂਟੇ ਪਾਏ ਜਾਂਦੇ, ਉੱਥੇ ਚਿੜੀਆਂ ਵੀ ਨਾਲ ਪਾਈਆਂ ਜਾਂਦੀਆਂ। ਵੱਖ ਵੱਖ ਕਿਸਮ ਦੀਆਂ



ਵੰਨਗੀਆਂ ਜਿਨ੍ਹਾਂ ਵਿੱਚ ਚਾਦਰਾਂ, ਸਿਰਹਾਣੇ, ਝੋਲੇ ਆਦਿ ਹੁੰਦੇ ਤਾਂ ਉਨ੍ਹਾਂ 'ਤੇ ਕਢਾਈ ਕਰਨ ਵੇਲੇ ਚਿੜੀਆਂ ਬਣਾਈਆਂ ਜਾਂਦੀਆਂ।

ਉਹ ਵੀ ਵੇਲਾ ਸੀ ਜਦੋਂ ਬੱਚਿਆਂ ਨੂੰ ਆਪਣੇ ਖਿਡਾਉਣੇ ਆਪ ਬਣਾਉਣੇ ਪੈਂਦੇ ਸਨ। ਬੱਚੇ ਖੇਡਣ ਲਈ ਮਿੱਟੀ ਦੇ ਖਿਡਾਉਣੇ ਆਪ ਬਣਾਉਂਦੇ ਸਨ। ਜਿਨ੍ਹਾਂ ਵਿੱਚ ਚੱਕੀ, ਚੁੱਲ੍ਹੇ ਅਤੇ ਹੋਰ ਚੀਜ਼ਾਂ ਦੇ ਨਾਲ ਨਾਲ ਚਿੜੀਆਂ ਅਤੇ ਮੋਰ

**ਜੋਗਿੰਦਰ ਕੌਰ ਅਗਨੀਹੋਤਰੀ**

ਵੀ ਬਣਾਏ ਜਾਂਦੇ। ਕਈ ਚੁਸਤ ਬੱਚੇ ਕੱਚੀ ਮਿੱਟੀ ਦੇ ਖਿਡਾਉਣਿਆਂ ਨੂੰ ਚੁੱਲ੍ਹੇ ਦੀ ਅੱਗ ਵਿੱਚ ਪਕਾ ਵੀ ਲੈਂਦੇ।

ਕਹਿੰਦੇ ਨੇ ਕਿ ਮੂਲ ਨਾਲੋਂ ਵਿਆਜ ਪਿਆਰਾ ਹੁੰਦਾ ਹੈ। ਇਹੀ ਵਰਤਾਰਾ ਸਾਡੇ ਸਮਾਜਿਕ ਰਿਸ਼ਤਿਆਂ ਵਿੱਚ ਹੈ। ਸੋ ਭੂਆ ਨੂੰ ਆਪਣੇ ਭਤੀਜੇ ਬਹੁਤ ਪਿਆਰੇ ਹੁੰਦੇ ਹਨ। ਸਾਡੇ ਸੱਭਿਆਚਾਰ ਵਿੱਚ ਭੂਆ ਨੂੰ ਆਪਣੇ ਭਤੀਜਿਆਂ ਦਾ ਏਨਾ ਮੋਹ ਹੁੰਦਾ ਹੈ ਕਿ ਉਹ ਦੁਨੀਆ ਦੀ ਹਰ ਸਲਤਨਤ ਆਪਣੇ ਭਤੀਜਿਆਂ ਨੂੰ ਸੌਂਪ ਕੇ ਉਨ੍ਹਾਂ ਨੂੰ ਖ਼ੁਸ਼ ਕਰਨਾ ਚਾਹੁੰਦੀਆਂ ਹਨ। ਉਹ ਆਪਣੇ ਵੱਲੋਂ ਵੀ ਉਨ੍ਹਾਂ ਨੂੰ ਖ਼ੁਸ਼ ਕਰਨ ਲਈ ਹਰ ਵਾਹ ਲਾਉਂਦੀਆਂ ਹਨ। ਭੂਆ ਆਪਣੇ ਭਤੀਜਿਆਂ ਲਈ ਕਦੇ ਧਾਗਿਆਂ ਦੀ ਪਹੁੰਚੀ ਬਣਾਉਂਦੀ ਹੈ ਅਤੇ ਕਦੇ ਤੜਾਗੀ। ਕਦੇ ਉਹ ਉਸ ਲਈ ਡਮਰੂ ਬਣਾਉਂਦੀ ਹੈ ਤੇ ਕਦੇ ਉਸ ਲਈ ਛਣਕਣਾ। ਕਦੇ ਉਸ ਲਈ ਮੋਰ ਬਣਾ ਕੇ ਦਿੰਦੀ ਹੈ ਕਦੇ ਚਿੜੀ। ਭੂਆ ਤਾਂ ਆਪਣੇ ਭਤੀਜੇ ਲਈ ਕੱਪੜੇ ਲੀੜੇ ਦੀਆਂ ਚਿੜੀਆਂ ਤੋਂ ਬਿਨਾਂ ਆਟੇ ਦੀਆਂ ਚਿੜੀਆਂ ਵੀ ਬਣਾ ਕੇ ਦਿੰਦੀ ਹੈ ਤਾਂ ਕਿ ਉਸ ਦਾ ਭਤੀਜਾ ਖ਼ੁਸ਼ ਰਹੇ।

ਚਿੜੀਆਂ ਦੇ ਆਲ੍ਹਣੇ ਆਮ ਤੌਰ 'ਤੇ ਘਰਾਂ ਦੀਆਂ ਛੱਤਾਂ 'ਤੇ ਹੁੰਦੇ ਸਨ, ਜੋ ਸਿਰਕੀ ਦੀਆਂ ਹੁੰਦੀਆਂ ਸਨ ਜਾਂ ਕੜੀਆਂ ਬਾਲਿਆਂ ਦੀਆਂ ਹੁੰਦੀਆਂ ਸਨ। ਇਸ ਤੋਂ ਬਿਨਾਂ ਚਿੜੀਆਂ ਦੇ ਆਲ੍ਹਣੇ ਕੰਧਾਂ ਦੇ ਮੋਰਿਆਂ ਵਿੱਚ ਅਤੇ ਕਈ ਵਾਰ ਕੁਥਰੇ ਥਾਵਾਂ ਵਿੱਚ ਜਿੱਥੇ ਸਾਮਾਨ ਸੁੱਟਿਆ ਪਿਆ ਹੋਵੇ, ਉੱਥੇ ਹੀ ਬਣਾ ਲੈਂਦੀਆਂ ਹਨ। ਉਂਜ ਕਈ ਵਾਰ ਚਿੜੀਆਂ ਆਲਿਆਂ ਵਿੱਚ ਵੀ ਆਲ੍ਹਣੇ ਪਾ ਲੈਂਦੀਆਂ ਹਨ। ਅੱਜਕੱਲ੍ਹ ਪੱਕੇ ਘਰ ਹੋਣ ਕਾਰਨ ਚਿੜੀਆਂ ਨੂੰ ਅਜਿਹੀ ਸੁਵਿਧਾ ਨਾ ਮਿਲਣ ਕਰਕੇ ਉਨ੍ਹਾਂ ਦੇ ਆਲ੍ਹਣਿਆਂ ਦਾ ਪਤਾ ਹੀ ਨਹੀਂ ਲੱਗਦਾ। ਤਾਂ ਹੀ ਤਾਂ ਘਰਾਂ ਵਿੱਚ ਚਿੜੀਆਂ ਘੱਟ ਨਜ਼ਰ ਆਉਂਦੀਆਂ ਹਨ।

ਇੱਕ ਚਿੜੀ ਆਪਣੇ ਆਲ੍ਹਣੇ ਨੂੰ ਬਣਾਉਣ ਲਈ ਆਪਣੇ ਸਾਥੀ ਦੀ ਮਦਦ ਨਾਲ ਮਿਹਨਤ ਕਰਕੇ ਆਲ੍ਹਣਾ ਬਣਾਉਂਦੀ ਹੈ ਜੋ ਬਿੱਲੀ ਤੋਂ ਸੁਰੱਖਿਅਤ ਹੁੰਦਾ ਹੈ। ਆਂਡੇ ਦੇਣ ਤੋਂ ਬਾਅਦ ਚਿੜੀ ਉਨ੍ਹਾਂ ਆਂਡਿਆਂ 'ਤੇ ਬੈਠਦੀ ਹੈ। ਇਨ੍ਹਾਂ ਆਂਡਿਆਂ ਵਿੱਚੋਂ ਅੱਠ ਦਿਨਾਂ ਬਾਅਦ ਬੱਚੇ ਨਿਕਲਦੇ ਹਨ। ਉਨ੍ਹਾਂ ਬੱਚਿਆਂ ਨੂੰ ਬੋਟ ਕਿਹਾ ਜਾਂਦਾ ਹੈ। ਚਿੜੀ ਦੇ ਆਂਡੇ ਕਾਲੇ ਅਤੇ ਘਸਮੈਲੇ ਰੰਗ ਦੇ ਹੁੰਦੇ ਹਨ। ਇਹ ਆਂਡੇ ਆਮ ਤੌਰ 'ਤੇ ਚਾਰ-ਪੰਜ ਹੁੰਦੇ ਹਨ। ਬੱਚੇ ਨਿਕਲਣ ਤੱਕ ਚਿੜੀ ਆਂਡਿਆਂ 'ਤੇ ਬੈਠੀ ਰਹਿੰਦੀ ਹੈ। ਬੋਟ ਵੱਡੇ ਹੋਣ ਤੋਂ ਬਾਅਦ ਜਦੋਂ ਛੋਟੇ ਬੱਚੇ ਦੀ ਸ਼ਕਲ 'ਚ ਆਉਂਦੇ ਹਨ ਜਿਸ ਤੋਂ ਉਹ ਚਿੜੀ ਵਰਗਾ ਲੱਗਦਾ ਹੈ ਤਾਂ ਬੱਚੇ ਉਸ ਨੂੰ ਬਹੁਤ ਪਿਆਰ ਕਰਦੇ ਹਨ ਤੇ ਉਸ ਦੇ ਪਿੱਛੇ ਪਿੱਛੇ ਭੱਜ ਕੇ ਕਈ ਵਾਰ ਉਸ ਨੂੰ ਫੜ ਵੀ ਲੈਂਦੇ ਸਨ। ਅੱਜਕੱਲ੍ਹ ਅਜਿਹੇ ਨਜ਼ਾਰੇ ਬੱਚਿਆਂ ਨੂੰ ਨਹੀਂ ਮਿਲਦੇ।

ਘਰ ਵਿੱਚ ਚਿੜੀ ਦੇ ਆਲ੍ਹਣਾ ਪਾਉਣ 'ਤੇ ਬੱਚਿਆਂ ਨੂੰ ਚਾਅ ਚੜ੍ਹ ਜਾਂਦਾ। ਉਨ੍ਹਾਂ ਨੂੰ ਆਲ੍ਹਣੇ 'ਚ ਬੈਠੀ ਚਿੜੀ ਬਹੁਤ ਵਧੀਆ ਲੱਗਦੀ। ਆਲ੍ਹਣੇ ਵਿੱਚ ਬੈਠੀ ਚਿੜੀ ਨੂੰ ਬੱਚੇ ਆਪ ਵੀ ਦੇਖਣ ਜਾਂਦੇ ਅਤੇ ਆਪਣੇ ਸਾਥੀ ਬੱਚਿਆਂ ਨੂੰ ਵੀ ਦਿਖਾਉਂਦੇ। ਕਈ ਵਾਰ ਬੱਚੇ ਆਲ੍ਹਣੇ ਦੇ ਨੇੜੇ ਚਲੇ ਜਾਂਦੇ ਤਾਂ ਚਿੜੀ ਵਿਚਾਰੀ ਨੂੰ ਆਲ੍ਹਣੇ 'ਚੋਂ ਭੱਜਣਾ ਪੈਂਦਾ। ਚਿੜੀ ਦੀ ਗ਼ੈਰ ਹਾਜ਼ਰੀ ਵਿੱਚ ਬੱਚੇ ਆਂਡੇ ਦੇਖਦੇ ਅਤੇ ਕਈ ਵਾਰ ਹੱਥ ਲਾ ਕੇ ਵੀ ਦੇਖਦੇ। ਘਰਦੇ ਸਿਆਣੇ ਬੰਦਿਆਂ ਵੱਲੋਂ ਬੱਚਿਆਂ ਨੂੰ ਅੰਡਿਆਂ ਦੇ ਹੱਥ ਲਾਉਣ ਤੋਂ ਰੋਕਿਆ ਜਾਂਦਾ ਤੇ ਇਹ ਡਰਾਵਾ ਦਿੱਤਾ ਜਾਂਦਾ ਕਿ ਜੇਕਰ ਤੁਸੀਂ ਆਂਡਿਆਂ ਨੂੰ ਹੱਥ ਲਾਏ ਤਾਂ ਚਿੜੀ ਇਨ੍ਹਾਂ ਅੰਡਿਆਂ ਨੂੰ ਛੱਡ ਕੇ ਇੱਥੋਂ ਚਲੀ ਜਾਵੇਗੀ। ਇਸ ਕਰਕੇ ਬੱਚੇ ਆਂਡਿਆਂ ਨੂੰ ਨਹੀਂ ਛੇੜਦੇ ਸਨ ਅਤੇ ਦੇਖ ਕੇ ਹੀ ਮੁੜ ਜਾਂਦੇ ਸਨ।

ਭਾਵੇਂ ਪ੍ਰਕਿਰਤੀ ਦੁਆਰਾ ਪੰਛੀਆਂ ਦੀ ਸਿਰਜਣਾ ਵੱਖ ਵੱਖ ਕੀਤੀ ਗਈ ਹੈ, ਪਰ ਕਈ ਵਾਰ ਉਨ੍ਹਾਂ ਨੂੰ ਇੱਕੋ ਨਾਮ ਨਾਲ ਪੁਕਾਰਿਆ ਜਾਂਦਾ ਹੈ ਜਿਵੇਂ ਚਿੜੀ। ਚਿੜੀਆਂ ਵੱਖ ਵੱਖ ਰੰਗਾਂ ਦੀਆਂ ਅਤੇ ਵੱਖ ਵੱਖ ਪ੍ਰਕਾਰ ਦੀਆਂ ਹਨ, ਪਰ ਫਿਰ ਵੀ ਚਿੜੀ ਦੀ ਮਾਨਤਾ ਦੇਸੀ ਚਿੜੀ ਨੂੰ ਹੀ ਦਿੱਤੀ ਗਈ ਹੈ। ਇਸ ਦਾ ਜ਼ਿਕਰ ਸਾਡੇ ਲੋਕ ਮੁਹਾਵਰਿਆਂ ਵਿੱਚ ਅਤੇ ਅਖਾਣਾ ਵਿੱਚ ਕੀਤਾ ਗਿਆ ਹੈ;

**ਪਲ ਵਿੱਚ ਚਿੜੀ ਤਿਹਾਈ ਮਰਦੀ**
**ਪਲ ਵਿੱਚ ਕਰਤਾ ਜਲ ਤੇ ਥਲ।**
**ਪਲ ਵਿੱਚ ਰਾਜਾ ਰਾਜ ਕਰੇਂਦਾ**
**ਪਲ ਵਿੱਚ ਭਿਕਸ਼ਾ ਮੰਗਦਾ ਦਰ ਦਰ।**

ਚਿੜੀ ਨੂੰ ਘੱਟ ਖਾਣ ਤੇ ਪੀਣ ਵਾਲਾ ਪੰਛੀ ਮੰਨਿਆ ਜਾਂਦਾ ਹੈ। ਇਸ ਨੂੰ ਧਰਮ ਕਰਮ ਨਾਲ ਵੀ ਜੋੜਿਆ ਜਾਂਦਾ ਹੈ ਤੇ ਕਿਹਾ ਜਾਂਦਾ ਹੈ;

**ਜਿਹੜੀ ਚੁੰਝ ਭਰ ਲੈ ਗਈ**
**ਨਦੀ ਨਾ ਘਟਿਆ ਨੀਰ।**

ਇਸ ਤਰ੍ਹਾਂ ਪ੍ਰਕਿਰਤੀ ਦੇ ਇਸ ਛੋਟੇ ਜਿਹੇ ਪੰਛੀ ਦਾ ਸਾਡੇ ਸਮਾਜ ਅਤੇ ਪ੍ਰਕਿਰਤੀ ਵਿੱਚ ਖ਼ਾਸ ਮਹੱਤਵ ਹੈ। ਇਹ ਚਿੜੀਆਂ ਘਰਾਂ ਦਾ ਸ਼ਿੰਗਾਰ ਅਤੇ ਪ੍ਰਕਿਰਤੀ ਦਾ ਸ਼ਿੰਗਾਰ ਹਨ।










## ਯੁੱਧ ਕੀਹਦੇ ਨਾਲ ਲੜੀਏ ?

ਛੱਡੋ ਯੁੱਧ ਦੇਸ਼ਾਂ ਨਾਲ ਦੇਸ਼ਾਂ ਦਿਓ ਹਾਕਮੋ ਉਏ,
ਯੁੱਧ ਲੜ ਵੈਰ ਨਾ ਸਹੇੜੀਏ।
ਲੱਗੇ ਜੋ ਕੁਰੀਤੀਆਂ ਦੇ ਕੋਹੜ ਨੇ ਸਮਾਜ ਉੱਤੇ,
ਰਲ ਉਨ੍ਹਾਂ ਖ਼ਿਲਾਫ਼ ਯੁੱਧ ਛੇੜੀਏ।
ਨਸ਼ਿਆਂ ਖ਼ਿਲਾਫ਼ ਯੁੱਧ ਲੜਨਾ ਜ਼ਰੂਰ ਪੈਣਾ,
ਕੰਨੀ ਕਤਰਾਓ ਕਾਹਤੋਂ ਏਸ ਤੋਂ।
ਦੁਸ਼ਮਣ ਵੱਡਾ ਇਹ ਜਵਾਨੀਆਂ ਦਾ ਘਾਣ ਕਰੇ,
ਜਾਨ ਛੁਡਵਾ ਦਿਓ ਕਲੇਸ਼ ਤੋਂ।
ਫ਼ਿਰਕੂ ਜਨੂੰਨ ਦੇ ਖ਼ ?ਲਾਫ਼ ਲੜੋ ਯੁੱਧ ਯਾਰੋ,
ਕਿਲਾ ਕੌਮੀ ਏਕਤਾ ਉਸਾਰ ਕੇ।
ਲੋਕਾਂ ਨੂੰ ਦਿਵਾਓ ਅਭੈਦਾਨ ਏਸ ਸ਼ਿਕਰੇ ਤੋਂ,
ਦਿਲੋਂ ਮੰਦੀ ਭਾਵਨਾ ਨੂੰ ਮਾਰ ਕੇ।
ਫੈਲਿਆ ਪਾਖੰਡਵਾਦ ਬਣ ਕੇ ਨਸੂਰ ਭੈੜਾ,
ਏਸ ਦੇ ਖ਼ ?ਲਾਫ਼ ਹੱਲਾ ਬੋਲੀਏ।
ਠੱਗ ਚੋਰ ਤਸਕਰ ਸੋਧ ਦਿਓ ਸਾਰੇ ਫੜ,
ਪਾਜ ਇਨ੍ਹਾਂ ਵਾਲੇ ਕੁੱਲ ਖੋਲ੍ਹੀਏ।
ਉੱਤੇ ਪੂੰਜੀਵਾਦ ਦੇ ਬਰਾਬਰੀ ਚਲਾਓ ਤੋਪ,
ਹੱਕ ਖੋਹਣ ਵਾਲੇ ਫੜ ਫੂੰਡੀਏ।
ਬੂਟਾ ਉਚ ਨੀਚ ਦਾ ਜੋ ਬੀਜਿਆ ਏ ਸ਼ਾਤਰਾਂ ਨੇ,
ਮੁੱਢੋਂ ਫੜ ਏਸ ਨੂੰ ਮਰੁੰਡੀਏ।
ਰਗੜੋ ਬਲਾਤਕਾਰੀ ਨਾਲ ਹੀ ਛਿਨਾਰ ਨਾਰੀ,
ਇੱਜ਼ਤਾਂ ਦਾ ਮਾਰੀਏ ਮੈਦਾਨ ਜੀ।
ਦੁਨੀਆ 'ਤੇ ਹੋਵੇ ਬੋਲਬਾਲਾ ਨੇਕ ਬੰਦਿਆਂ ਦਾ,
ਮਨਾ ਵਿੱਚੋਂ ਮਾਰੀਏ ਸ਼ੈਤਾਨ ਜੀ।
ਰਿਸ਼ਵਤਖੋਰੀ ਦੇ ਖ਼ਿਲਾਫ਼ ਹੋਈਏ ਲਾਮਬੰਦ,
ਨਾਮ ਇਹਦਾ ਜੱਗ ਤੋਂ ਮਿਟਾ ਦੇਈਏ।
ਦਾਜ ਉੱਤੇ ਵਾਰ ਕਰ ਅਕਲਾਂ ਦੋਨਾਲੀਆਂ ਦੇ,
ਮੁੱਢ ਮੂਲ ਏਸ ਦਾ ਮੁਕਾ ਦੇਈਏ।
ਬੇਲੋੜੇ ਫੈਸ਼ਨ ਨੰਗੇਜ਼ ਤਾਈਂ ਲਲਕਾਰ,
ਗੋਲੇ ਮਾਰ ਸਾਦਗੀ ਉਡਾ ਦੇਈਏ।
ਕਾਮ ਦੀ ਭੱਠੀ 'ਚ ਜਿਹੜੇ ਝੋਕਦੇ ਜਵਾਨੀਆਂ ਨੂੰ,
ਹੱਲਾ ਬੋਲ ਗੰਦਗੀ ਮੁਕਾ ਦੇਈਏ।
ਦੈਂਤ ਜੋ ਜਹਾਲਤ ਦਾ ਅਜੇ ਨਹੀਂ ਮਾਰ ਹੋਇਆ,
ਅਕਲ ਮਿਜ਼ਾਈਲ ਇਹਨੂੰ ਮਾਰੀਏ।
ਅੰਧ-ਵਿਸ਼ਵਾਸ ਦੀਆਂ ਫ਼ੌਜਾਂ ਤਾਈਂ ਮਾਤ ਦੇ ਕੇ,
ਸੁੰਦਰ ਸਮਾਜ ਨੂੰ ਉਸਾਰੀਏ।
ਪਲਟਣ ਮਾਰੀਏ ਇਹ ਬੇਰੁਜ਼ਗਾਰੀ ਵਾਲੀ,
ਰੁਜ਼ਗਾਰ ਯੁਕਤ ਬਣਾ ਦੇਈਏ।
ਮਹਿੰਗਾਈ ਵਾਲਾ ਕਰ ਮੋਰਚਾ ਫ਼ਤਹਿ ਜੇ ਲਈਏ,
ਹਾਸੇ ਹਰ ਮੁਖ 'ਤੇ ਖਿੰਡਾ ਦੇਈਏ।
ਐਟਮ ਸਵੱਛਤਾ ਦਾ ਦੈਂਤ ਪ੍ਰਦੂਸ਼ਣ 'ਤੇ,
ਸੁੱਟੀਏ ਨਾ ਖੋਜ ਰਹੇ ਏਸ ਦਾ।
ਜ਼ਹਿਰ ਦੀ ਤਜਾਰਤ 'ਤੇ ਸੀਜ਼ ਫਾਇਰ ਖੋਲ੍ਹ ਦੇਈਏ,
ਮਾਰੋ ਵੈਰੀ ਫਨੀਅਰ ਦੇਸ਼ ਦਾ।
ਜਾਤੀਵਾਦ ਮਜ਼ਹਬ ਦਾ ਢਾਹ ਦੇਈਏ ਕਿਲ੍ਹਾ,
ਓਥੇ ਏਕਤਾ ਦਾ ਮੰਦਰ ਉਸਾਰੀਏ।
ਉਹ ਜੰਗ ਛੱਡ ਆਓ ਇਹ ਜੰਗਾਂ ਲੜੀਏ,
ਵਿਕਾਸ ਦਾ ਪਸਾਰ ਹੀ ਪਸਾਰੀਏ।
ਬਾਜਵਾ ਪਿਆਰ ਦੇ ਚਲਾ ਕੇ ਚੰਗੇ ਕਾਰਤੂਸ,
ਨਫ਼ਰਤ ਮਨਾ ਵਿੱਚੋਂ ਮਾਰੀਏ।
ਜੰਗ ਦੀ ਭੱਠੀ 'ਚ ਛੱਡ ਝੋਕਣਾ ਜਹਾਨ ਸਾਰਾ,
ਮੂੰਹ ਮੱਥਾ ਧਰਾ ਦਾ ਸਵਾਰੀਏ।

-ਲਖਵਿੰਦਰ ਸਿੰਘ ਬਾਜਵਾ

## ਰੱਬਾ

ਕਦੇ ਖ਼ੁਦ ਤੂੰ, ਆ ਕੇ ਵੇਖ ਰੱਬਾ,
ਤੇਰੇ ਬੰਦੇ ਕੀ ਕੀ ਕਰਦੇ ਨੇ।
ਜਿਨ੍ਹਾਂ ਕੰਮਾਂ ਤੋਂ ਤੂੰ ਰੋਕਿਆ ਸੀ,
ਸਾਰੇ ਕੰਮ ਇਹ ਉਹੀ ਕਰਦੇ ਨੇ।
ਤੇਰੇ ਨਾਮ 'ਤੇ ਲੁੱਟਦੇ ਲੋਕਾਂ ਨੂੰ,
ਤੇਰੇ ਨਾਮ 'ਤੇ ਖੋਲ੍ਹੀਆਂ ਹੱਟਾਂ ਨੇ।

ਇਨ੍ਹਾਂ ਕਾਮ, ਕ੍ਰੋਧ ਅਤੇ ਲੋਭ ਦੀਆਂ,
ਸਾਰੀਆਂ ਹੀ ਟੱਪੀਆਂ ਹੱਦਾਂ ਨੇ।
ਤੂੰ ਹੈਂ ਵੀ ਹੈਂ, ਜਾਂ ਨਹੀਂ ਹੈਂ ਰੱਬਾ,
ਹੁਣ ਇਹ ਵੀ ਲੱਗੀਆਂ ਸ਼ਰਤਾਂ ਨੇ।

ਰੱਬਾ ਝੂਠੇ, ਚੋਰਾਂ, ਪਖੰਡੀਆਂ ਨੇ,
ਲੁੱਟੇ ਲੋਕੀਂ, ਮਾਰੀਆਂ ਠੱਗੀਆਂ ਨੇ।
ਲੋਕਾਂ ਛੱਡ 'ਖੁਡਾਲ' ਓਏ ਰਾਹ ਸੱਚ ਦਾ
ਪਾਈਆਂ ਧਰਮਾਂ ਦੇ ਨਾਮ 'ਤੇ ਵੰਡੀਆਂ ਨੇ।

- ਗੁਰਤੇਜ ਸਿੰਘ ਖੁਡਾਲ

## ਪਤਾਲ

ਤੂੰ ਪਾਣੀ ਬਚਾ ਲੈ ਪੰਜਾਬ ਸਿੰਹਾਂ।
ਮੈਂ ਧਰਤੀ ਥੱਲਿਓਂ ਪਤਾਲ ਬੋਲਦਾਂ।
ਮੇਰੀ ਫਰਿਆਦ ਤੂੰ ਮੈਨੂੰ ਬਚਾ ਲੈ।
ਕਿਉਂ ਮੈਨੂੰ ਗਟਰਾਂ ਵਿੱਚ ਰੋਲਦਾ।
ਮੈਨੂੰ ਫ਼ਿਕਰ ਹੈ ਥੋਡੇ ਬੱਚਿਆਂ ਦਾ।
ਮੇਰੇ ਕੋਲ ਥੋੜ੍ਹਾ ਪਾਣੀ ਤਾਂ ਡੋਲਦਾ।
ਮੇਰੀ ਛਾਤੀ ਵਿੱਚ ਬੜੇ ਛੇਕ ਡੂੰਘੇ ਨੇ।
ਗੁੱਝੇ ਸੀ ਭੇਤ ਮੈਂ ਅੱਜ ਤਾਂ ਖੋਲ੍ਹਦਾ।
ਪਿਆਸ ਬੁਝਾਉਂਦਾ ਹਰ ਇੱਕ ਦੀ।
ਕਦੇ ਵਿਤਕਰਾ ਨਹੀਂ ਪੂਰਾ ਤੋਲਦਾ।
ਕੀ ਕਰਾਂ ਮੱਥੇ ਹੱਥ ਰੱਖ ਬੈਠ ਜਾਂਦਾ।
ਤੂੰ ਬੇਵਜ੍ਹਾ ਮੋਟਰਾਂ ਟੂਟੀਆਂ ਖੋਲ੍ਹਦਾ।
ਮੇਰੇ ਹੱਥ ਵਿੱਚ ਕੁਝ ਨਹੀਂ ਰਹਿਣਾ।
ਬਹੁਤ ਪਛਤਾਵੇਂਗਾ ਮੈਂ ਤਾਂ ਖੌਲਦਾ।
ਮੈਂ ਆਖ਼ਰੀ ਵਾਰੀ ਕਹਿ ਦਿੱਤਾ ਤੈਨੂੰ।
ਮੈਂ ਲੱਭਣਾ ਨਹੀਂ ਫਿਰੇਂਗਾ ਟੋਲਦਾ।
ਤੂੰ ਪਾਣੀ ਬਚਾ ਲੈ ਪੰਜਾਬ ਸਿੰਹਾਂ।
ਮੈਂ ਧਰਤੀ ਥੱਲਿਓਂ ਪਤਾਲ ਬੋਲਦਾ।

-ਨਿਰਜੀਤ

## ਪਿਆਰੀ ਦਾਦੀ ਮਾਂ

ਬੁੱਕਲ ਤੇਰੀ ਦਾ ਨਿੱਘ ਦਾਦੀ,
ਮਿਲਣਾ ਫੇਰ ਦੁਬਾਰਾ ਨਹੀਂ ਮੈਨੂੰ।
ਬਚਪਨ ਵਾਲੀ ਤੇਰੀ ਲੋਰੀ,
ਸੁਣਾਉਂਦਾ ਕਿਉਂ ਕੋਈ ਤਾਰਾ ਨਹੀਂ ਮੈਨੂੰ।

ਵਿਹੜੇ ਦੇ ਵਿੱਚ ਰੁੱਖ ਵਰਗੀ ਮਾਂ,
ਠੰਢੀ ਮਿੱਠੀ ਛਾਂ ਸੀ ਤੇਰੀ।
ਮਮਤਾ ਤੇਰੀ ਸਮੁੰਦਰ ਗਹਿਰਾ,
ਪਿਆਰੀ ਦਾਦੀ ਮਾਂ ਸੀ ਮੇਰੀ।
ਕੁੱਟ ਕੁੱਟ ਚੂਰੀ ਦੇਸੀ ਘਿਉ ਦੀ,
ਹੱਥਾਂ ਨਾਲ ਖੁਆਉਂਦੀ ਸੀ ਮੈਨੂੰ।

ਤੇਰੇ ਲਈ ਸੀ ਅੱਜ ਵੀ ਛੋਟਾ,
ਝਿੜਕ ਕੇ ਕੋਲ ਬਿਠਾਉਂਦੀ ਸੀ ਮੈਨੂੰ।
ਹੁਣ ਤਾਂ ਕੋਲ 'ਕੱਲੀਆਂ ਯਾਦਾਂ,
ਗੁਰਭਿੰਦਰ ਗੁਰੀ ਦੇ ਰਹਿ ਗਈਆਂ।
ਤੈਨੂੰ ਯਾਦਾਂ ਦੇ ਵਿੱਚ ਜਿਉਂਦੀ ਰੱਖੂ
ਭਾਵੇਂ ਸਦੀਵੀ ਦੂਰੀਆਂ ਪੈ ਗਈਆਂ।

-ਗੁਰਭਿੰਦਰ ਗੁਰੀ

## ਕੁੱਖ 'ਚ ਨਾ ਮਾਰ ਮਾਏ

ਮੈਨੂੰ ਕੁੱਖ 'ਚ ਨਾ ਮਾਰ ਮਾਏ।
ਐਸਾ ਨਾ ਕਹਿਰ ਗੁਜ਼ਾਰ ਮਾਏ।
ਮੈਨੂੰ ਸੁਹਣੇ ਜੱਗ 'ਤੇ ਆਵਣ ਦੇ
ਪੈਰ ਧਰਤੀ 'ਤੇ ਪਾਵਣ ਦੇ,
ਮੈਂ ਚੰਗਾ ਨਾਮ ਕਮਾਵਾਂਗੀ
ਜੀਵਨ ਦਾ ਬਣੂੰ ਸ਼ਿੰਗਾਰ ਮਾਏ
ਮੈਨੂੰ ਕੁੱਖ 'ਚ ਨਾ ਮਾਰ ਮਾਏ।
ਐਸਾ ਨਾ ਕਹਿਰ ਗੁਜ਼ਾਰ ਮਾਏਂ।

ਮੈਂ ਤੇਰੇ ਹਾੜੇ ਕੱਢਦੀ ਹਾਂ,
ਤੇਰੇ ਅੱਗੇ ਝੋਲੀ ਅੱਡਦੀ ਹਾਂ
ਮੈਂ ਤੇਰਾ ਨਾਂ ਚਮਕਾਵਾਂਗੀ
ਪੂਰੇ ਵਿੱਚ ਸੰਸਾਰ ਮਾਏ
ਮੈਨੂੰ ਕੁੱਖ 'ਚ ਨਾ ਮਾਰ ਮਾਏ।
ਐਸਾ ਨਾ ਕਹਿਰ ਗੁਜ਼ਾਰ ਮਾਏ।
ਮੈਂ ਸੱਸੀ ਹੀਰ ਨਹੀਂ ਬਣਦੀ
ਸਾਹਿਬਾਂ ਦੇ ਤੀਰ ਨਹੀਂ ਬਣਦੀ।

ਕਲਪਨਾ ਚਾਵਲਾ ਦੇ ਵਾਂਗੂੰ
ਅਰਸ਼ਾਂ ਵਿੱਚ ਹੋਵਾਂਗੀ ਉਡਾਰ ਮਾਏ।
ਮੈਨੂੰ ਕੁੱਖ 'ਚ ਨਾ ਮਾਰ ਮਾਏ।
ਐਸਾ ਨਾ ਕਹਿਰ ਗੁਜ਼ਾਰ ਮਾਏ।
ਮੈਂ ਬਾਬਲ ਦੀ ਸ਼ਾਨ ਵਧਾਵਾਂਗੀ
ਕਦੇ ਪੱਗ ਨੂੰ ਦਾਗ ਨਾ ਲਾਵਾਂਗੀ।
ਪਸਨਾਵਾਲੀਆ ਗੀਤ ਲਿਖੇ,
ਉਸ ਦੀ ਵੀ ਸੁਣ ਪੁਕਾਰ ਮਾਏ
ਮੈਨੂੰ ਕੁੱਖ 'ਚ ਨਾ ਮਾਰ ਮਾਏ।
ਐਸਾ ਨਾ ਕਹਿਰ ਗੁਜ਼ਾਰ ਮਾਏ।

-ਸੁੱਚਾ ਸਿੰਘ ਪਸਨਾਵਾਲ

## ਪੁਆੜੇ ਭਰਦਾਨਗੀ ਦੇ !

ਚਾਹਤ ਚਿੰਬੜੀ ਐਸੀ ਭਰਦਾਨਗੀ ਦੀ
ਹਾਸੋ-ਹੀਣਾ ਹੀ ਹਾਲ ਬਣਾਇ ਦਿੱਤਾ।
ਬੌਣੀ ਸੋਚ 'ਥੋਪੀ' ਵੱਡੇ ਅਹੁਦਿਆਂ 'ਤੇ
ਕਠਪੁਤਲੀਆਂ ਵਾਂਗ 'ਨਚਾਇ' ਦਿੱਤਾ।
'ਕੁਰਸੀ ਭੁੱਖ' ਨੇ ਮਾਰ'ਤੀ ਮੱਤਿ ਐਸੀ
ਪਾਟੋ-ਧਾੜ ਵੱਲ੍ਹ ਪੰਥ ਵਧਾਇ ਦਿੱਤਾ।
ਨਹੀਂ ਕਦੇ ਇਤਹਾਸ ਵਿਚ ਦੇਖਿਆ ਜੋ
ਐਸਾ 'ਚੰਦਰਾ ਸਮਾਂ' ਦਿਖਾਇ ਦਿੱਤਾ।
ਕੌਮ ਸੀਸ ਝੁਕਾਉਂਦੀ ਹੈ ਜਿਨ੍ਹਾਂ ਮੋਹਰੇ
ਸ਼ਰਧਾ ਅਤੇ ਸਤਿਕਾਰ ਘਟਾਇ ਦਿੱਤਾ।
ਤਖਤ ਸਾਹਿਬ ਤੇ ਪੰਜਾਂ ਪਿਆਰਿਆਂ ਨੂੰ
ਇਕ ਦੂਜੇ ਦੇ ਨਾਲ 'ਟਕਰਾਇ' ਦਿੱਤਾ !



-ਤਰਲੋਚਨ ਸਿੰਘ ਦੁਪਾਲ ਪੁਰ
78146-92724

## ਪਿੰਡ ਦੀ ਸੱਥ

ਕਈ ਅੱਧਖੜ ਤੇ ਬੁੱਢੇ ਠੇਰੇ
ਪਿੰਡ ਦੀ ਸੱਥ ਵਿੱਚ ਬੰਦੇ ਬੈਠੇ
ਦਾਣਾ ਫੱਕਾ ਸਾਂਭ ਕੇ ਤੂੜੀ
ਮੁਕਾ ਕੇ ਸਭ ਕੰਮ ਧੰਦੇ ਬੈਠੇ
ਹੋ ਗਏ ਛਾਵੇਂ ਧੁੱਪ ਤੋਂ ਡਰਦੇ
ਇੱਕ ਦੂਜੇ ਨਾਲ ਗੱਲਾਂ ਕਰਦੇ
ਪਾਣੀ ਬਹੁਤ ਹੀ ਡੂੰਘੇ ਹੋ ਗਏ
ਹੁਣ ਕੀ ਕਰੀਏ ਹਾਉਕੇ ਭਰਦੇ!
ਬੋਲ ਪਿਆ ਬਲਜੀਤ ਕਾ ਘੋਨਾ
ਹੁਣ ਨਹੀਂ ਲੱਗਣਾ ਪੂਸਾ ਝੋਨਾ
ਉਹਨੂੰ ਕਹਿੰਦਾ ਰਾਜਾ ਸ਼ਰਮਾ
ਛੱਡ ਝੋਨਾ ਬੀਜੋ ਮੱਕੀ ਨਰਮਾ
ਮੇਜਰ ਕਹਿੰਦਾ ਸੁਣ ਉਏ ਸੱਜਣਾ
ਗੱਲ ਤਾਂ ਤੇਰੀ ਬਹੁਤ ਸਿਆਣੀ
ਬੋਰ ਵੀ ਡੂੰਘਾ ਕਰਨਾ ਪੈਣੈ
ਮੋਟਰ ਵੀ ਹੁਣ ਛੱਡ ਗਈ ਪਾਣੀ
ਕੰਨ ਜਿਹੇ ਸਿੱਟ ਕੇ ਕਹਿੰਦਾ ਕਾਲਾ
ਸੁਣ ਲੈ ਗੱਲ ਮੇਰੀ ਸ਼ਰਮੇ ਤਾਊ
ਨਰਮਾ ਆਪਾਂ ਬੀਜ ਲਵਾਂਗੇ
ਚੁਗਣ ਲਈ ਲੇਬਰ ਕਿੱਥੋਂ ਆਊ ?
ਡੇਅਰੀ ਵਾਲਾ ਬਿੰਦਰ ਕਹਿੰਦਾ
ਲੇਬਰ ਤੋਂ ਕਿਉਂ ਆਪਾਂ ਡਰੀਏ
ਢੰਗ ਅਪਣਾ ਕੇ ਪਹਿਲਾਂ ਵਾਲਾ
ਇੱਕ ਦੂਜੇ ਨਾਲ ਵੀੜ੍ਹੀ ਕਰੀਏ!
ਥੋੜ੍ਹਾ ਚਿਰ ਚੁੱਪ ਰਹਿਣ ਤੋਂ ਪਿੱਛੋਂ
ਕਰਨੈਲ ਤੇ ਮੱਘਰ 'ਕੱਠੇ ਬੋਲੇ
ਖੇਤੀ ਕਰਮਾਂ ਸੇਤੀ ਹੋ ਗਈ
ਦਿਲ ਦੇ ਦੁੱਖੜੇ ਬਹੁਤ ਫਰੋਲੇ!
ਬਾਗ ਵਾਲਾ ਜਰਨੈਲ ਬੋਲਿਆ
ਥੋਨੂੰ ਦੱਸਾਂ ਗੱਲ ਪੁਰਾਣੀ
ਉੱਤਮ ਖੇਤੀ ਕਹਿੰਦੇ ਹੁੰਦੇ ਸੀ
ਜੋ ਸੀ ਮੇਰੇ ਬਾਪ ਦੇ ਹਾਣੀ
ਭੋਲੇ ਦੇ ਬੋਲਣ ਤੋਂ ਪਹਿਲਾਂ
ਬੋਲ ਪਿਆ ਸੀ ਚੰਦ ਕਾ ਫੱਬਾ
ਆਥਣ ਹੋ ਗਿਆ ਚੱਲ ਉਏ ਜੱਗੀ
ਠੇਕੇ ਤੋਂ ਚੱਕ ਲਿਆਈਏ ਡੱਬਾ!
ਏਨੇ ਨੂੰ ਮੇਰੀ ਖੁੱਲ੍ਹ ਗਈ ਅੱਖ
ਸੁਪਨੇ ਦੇ ਵਿੱਚ ਜੁੜੀ ਸੀ ਸੱਥ
ਚੱਲ 'ਫ਼ੌਜੀਆ' ਕੰਮ 'ਤੇ ਚੱਲੀਏ
ਰਾਹ ਕਿਰਤ ਦਾ ਆਪਾਂ ਮੱਲੀਏ।

-ਅਮਰਜੀਤ ਸਿੰਘ ਫੌਜੀ

## ਹਤਿਆਰੇ

ਵਿੱਚ ਤਾਬੂਤਾਂ ਪੁੱਤਰ ਆਉਂਦੇ,
ਪੁੱਛੋ ਉਹਨਾਂ ਮਾਵਾਂ ਨੂੰ।
ਚੜ੍ਹੀ ਜਵਾਨੀ ਹੱਥੋਂ ਤੋਰੇ,
ਮਾਰ ਕੇ ਆਪਣੇ ਚਾਵਾਂ ਨੂੰ।
ਨਾ ਲਾਓ ਫੌਜਾਂ ਸਰਹੱਦਾਂ ਤੇ,
ਖੋਲ੍ਹ ਦਿਉ ਤੁਸੀਂ ਰਾਹਵਾਂ ਨੂੰ।
ਇੱਧਰ ਭਾਈ ਤੇ ਉੱਧਰ ਭਾਈ,
ਗਲ ਪਾ ਲੈਣ ਦਿਓ ਬਾਹਵਾਂ ਨੂੰ।
ਉਹ ਹਤਿਆਰੇ ਮਨੁੱਖਤਾਂ ਦੇ 'ਪੱਤੋ',
ਜੋ ਵੈਰੀ ਬਣਾਉਣ ਭਰਾਵਾਂ ਨੂੰ।

-ਹਰਪ੍ਰੀਤ ਪੱਤੋ

## ਕਿਆਮਤ

ਨਾ ਰੋਕੋ ਨਾ ਰੋਕੋ ਸੱਜਣੋ ਮੈਨੂੰ ਰੋਣ ਦਿਉ,
ਬੋਝ ਗ਼ਮਾਂ ਦਾ ਦਿਲ 'ਤੇ ਬੈਠਾ ਧੋਣ ਦਿਉ।

ਨਿੱਤ ਦਿਨ ਮਰ ਮਰ ਕੇ ਜੀਉਣਾ ਪੈਂਦਾ ਹੈ,
ਇੱਕ ਵਾਰੀ ਹੀ ਇਹ ਧੋਣਾ ਵੀ ਧੋਣ ਦਿਉ।

ਸੁਰਖ਼ਰੂ ਹੋ ਜਾਊ ਰੂਹ ਭੈੜੀ ਜਾਣੋਂ ਪਹਿਲਾਂ,
ਇਹ ਮੱਬੜਾ ਵੀ ਦਿਲ ਦਾ ਪੂਰਾ ਹੋਣ ਦਿਉ।

ਕਿੰਝ ਅਸਾਂ ਨੇ ਜ਼ਿੰਦਗੀ ਦੀ ਬਾਜ਼ੀ ਹਾਰੀ ਹੈ,
ਕਿਵੇਂ ਦਗ਼ਾ ਕਮਾਇਆ ਸੱਚ ਨੂੰ ਤੋਂਣ ਦਿਉ।

ਮੰਗਦੇ ਪਏ ਨੇ ਹਿਸਾਬ ਜੋ ਖੜ੍ਹ ਦਰਵਾਜ਼ੇ 'ਤੇ,
ਨਾ ਉਨ੍ਹਾਂ ਨੂੰ ਮੋੜੋ ਬੱਸ ਅੰਦਰ ਔਣ ਦਿਉ।

ਲੇਖੇ ਤੇਰੇ ਜਿੰਦੜੀਏ ਮੁੱਕਣੇ ਐਨੇ ਸੌਖੇ ਨਹੀਂ,
ਬਹੀ ਧਰਮਰਾਜ ਨੂੰ ਫੜਕੇ ਨੇੜੇ ਖੜ੍ਹੋਣ ਦਿਉ।

ਨੂਰਪੁਰੀ ਦਿਨ ਕਿਆਮਤ ਵਾਲਾ ਦਿਸਦਾ ਹੈ,
ਨਿਬੇੜੇ ਅਮਲਾਂ ਦੇ ਵੀ ਅੱਜ ਜਰਾ ਹੋਣ ਦਿਉ।

ਸੇਵਾ ਸਿੰਘ 'ਨੂਰਪੁਰੀ'

## ਪਿਆਰ ਦੀਆਂ ਤੰਦਾਂ

ਕੀ ਨੇ ਸਰਹੱਦਾਂ
ਤੇ ਕਿਉਂ ਨਹੀਂ ਖੁੱਲ੍ਹਾ ਛੱਡਦੇ
ਕੁਦਰਤ ਦੀ ਕਾਇਨਾਤ ਨੂੰ
ਕਿਉਂ ਲਕੀਰ ਮਾਰ ਸਰਹੱਦਾਂ 'ਚ ਕੈਦ ਕਰੀ ਬੈਠੇ ਹਾਂ
ਕੁਦਰਤ ਦੀ ਬਖ਼ਸ਼ੀ ਦਾਤ ਨੂੰ
ਧਰਮ, ਜਾਤ, ਕੌਮ
ਸਭ ਕੀ ਹੈ ?
ਕਿਉਂ ਲੜਦਾ ਹੈ
ਮਜ਼ਹਬ ਦੇ ਨਾਂ 'ਤੇ ਇਨਸਾਨ
ਆਓ! ਪੰਛੀਆਂ ਵਾਂਗ
ਖੁੱਲ੍ਹੇ ਅਸਮਾਨ ਉਡਾਰੀ ਮਾਰੀਏ
ਨਾ ਸਰਹੱਦ ਹੋਵੇ
ਨਾ ਆਰ ਪਾਰ ਦਾ ਡਰ
ਪਿਆਰ ਦੀਆਂ ਤੰਦਾਂ ਬੁਣ
ਇਨਸਾਨ ਬਣੀਏ
ਨਾ ਪਰਮਾਣੂ ਵੱਲ ਵਧ ਹੈਵਾਨ
ਆਓ! ਭੁੱਖਮਰੀ, ਗ਼ਰੀਬੀ
ਤੇ ਜਾਨ ਦਾ ਖੌਅ ਬਣੀਆਂ
ਲਾਇਲਾਜ ਬਿਮਾਰੀਆਂ ਵਿਰੁੱਧ
ਇੱਕਜੁਟ ਹੋ ਕੇ ਜੰਗ ਵਿੱਢੀਏ
ਇਹੋ ਇਨਸਾਨ ਦਾ ਸੱਚਾ
ਖੰਨੇ ਧਰਮ, ਕਰਮ ਤੇ ਫਰਜ਼ ਹੈ।

-ਅਜੀਤ ਖੰਨਾ

## ਨਾ ਵੇ ਰੱਬਾ ਜੰਗ ਨਾ ਲੱਗੇ

ਕਿੱਥੋਂ ਲਿਆਵਾਂਗੇ ਖਾਣ ਨੂੰ ਦਾਣੇ,
ਜਦ ਰੋਵਣਗੇ ਘਰੇ ਨਿਆਣੇ।
ਫਰਿਆਦ ਕਿਸ ਦੇ ਕਰਾਂਗੇ ਅੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।
ਤੋਪਾਂ ਕਿੱਥੋਂ ਲੱਗਦੀਆਂ ਚੰਗੀਆਂ,
ਇਹ ਤਾਂ ਕਰਦੀਆਂ ਸਿਰ ਤੋਂ ਨੰਗੀਆਂ।

ਫਿਰ ਮਰਨ ਲਈ ਕੋਈ ਥਾਂ ਨਾ ਲੱਭੇ,
ਨਾ ਵੇ ਰੱਬਾ ਜੰਗ ਨਾ ਲੱਗੇ।
ਲਾਲ ਗੁਲਾਬੀ ਚਿਹਰੇ ਰਕਾਨਾਂ,
ਨਹੀਂ ਸਾਨੀ ਕੋਈ ਏਥੇ ਦਿਆਂ ਜਵਾਨਾਂ।

ਫ਼ਿਕਰਾਂ ਵਿੱਚ ਨਾ ਹੋਵਣ ਬੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।
ਜ਼ਮੀਨ ਦੇਸ ਦੀ ਉਪਜਾਊ ਬੜੀ ਏ,
ਸੋਨਾ ਉਗਾਊਂ ਜ਼ਿੱਦ 'ਤੇ ਅੜੀ ਏ।

ਬੰਜਰਾਂ ਵਾਲੀ ਕੋਈ 'ਵਾ ਨਾ ਵੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।
ਪਿਆਰ ਪਾਓ ਸਾਂਝ ਵਧਾਓ,
ਦੇਸ 'ਚ ਏਕੇ ਦੇ ਫੁੱਲ ਲਗਾਓ।
ਵੰਡੀਆਂ ਪਾ ਕੇ ਨਾ ਜਾਇਓ ਠੱਗੇ,
ਨਾ ਵੇ ਰੱਬਾ ਜੰਗ ਨਾ ਲੱਗੇ।

-ਕੁਲਵੰਤ ਕੁਠਾਲਾ

# ਸਮਾਜ ਵਿੱਚ ਬੁੱਧੀਜੀਵੀਆਂ ਦੀ ਭੂਮਿਕਾ



ਵਿਜੈ ਗਰਗ ਸਾਬਕਾ
ਪੀ.ਈ..ਐਸ. - 1
ਸੇਵਾਮੁਕਤ ਪ੍ਰਿੰਸਪਲ



ਬੁੱਧੀਜੀਵੀ ਉਹ ਵਿਅਕਤੀ ਹੁੰਦਾ ਹੈ ਜੋ ਆਪਣੀ ਬੁੱਧੀ ਅਤੇ ਵਿਸ਼ਲੇਸ਼ਣਾਤਮਕ ਸੋਚ ਦੀ ਵਰਤੋਂ ਕਰਦਾ ਹੈ, ਜਾਂ ਤਾਂ ਪੇਸ਼ੇਵਰ ਸਮਰੱਥਾ ਵਿੱਚ ਜਾਂ ਨਿੱਜੀ ਕਾਰਨਾਂ ਕਰਕੇ। ਇਸਦਾ ਅਰਥ ਮਨ ਦੀ ਵਰਤੋਂ ਨਾਲ ਜੁੜਿਆ ਜਾਂ ਇਸਦੀ ਵਰਤੋਂ ਦੀ ਲੋੜ ਵੀ ਹੈ। ਕਈ ਤਰ੍ਹਾਂ ਦੇ ਬੁੱਧੀਜੀਵੀ ਹੁੰਦੇ ਹਨ, ਉਨ੍ਹਾਂ ਵਿੱਚੋਂ ਕੁਝ ਅਕਾਦਮਿਕ-ਵਿਰੋਧੀ ਹੁੰਦੇ ਹਨ ਜਦੋਂ ਕਿ ਕੁਝ ਯੂਨੀਵਰਸਿਟੀਆਂ ਦਾ ਹਿੱਸਾ ਹੁੰਦੇ ਹਨ। ਕੁਝ ਕਲਾ, ਰਾਜਨੀਤੀ, ਪੱਤਰਕਾਰੀ ਅਤੇ ਸਿੱਖਿਆ ਵਿੱਚ ਸ਼ਾਮਲ ਹੁੰਦੇ ਹਨ। ਕੁਝ ਵਿਸ਼ੇਸ਼ ਮਾਹਰ ਅਤੇ ਪੇਸ਼ੇਵਰ ਹੁੰਦੇ ਹਨ ਅਤੇ ਕੁਝ ਸੁਤੰਤਰ ਹੁੰਦੇ ਹਨ। ਉਹ ਇਸ ਤਰ੍ਹਾਂ ਦੀਆਂ ਕਈ ਤਰ੍ਹਾਂ ਦੀਆਂ ਭੂਮਿਕਾਵਾਂ ਪ੍ਰਾਪਤ ਕਰਦੇ ਹਨ। ਬੁੱਧੀਜੀਵੀਆਂ ਦਾ ਉਭਾਰ ਉਨ੍ਹੀਵੀਂ ਸਦੀ ਦੇ ਅੰਤ ਵਿੱਚ ਫਰਾਂਸ ਵਿੱਚ 'ਦਿ ਡਰੀਮਜ਼ ਅਫੇਅਰ' ਵਿੱਚ ਦੇਖਿਆ ਜਾ ਸਕਦਾ ਹੈ। ਇਸ ਦੀ ਬਜਾਏ, ਇਹ ਸਮਾਂ ਜਨਤਕ ਜੀਵਨ ਵਿੱਚ ਬੁੱਧੀਜੀਵੀ ਦੇ ਪੂਰੇ ਉਭਾਰ ਲਈ ਮਹੱਤਵਪੂਰਨ ਹੈ। ਖਾਸ ਕਰਕੇ ਐਮੀਲ ਜ਼ੋਲਾ, ਓਕਟੇਵ ਮਿਰਬੇਉ ਅਤੇ ਐਨਾਟੋਲ ਫਰਾਂਸ ਦੀਆਂ ਭੂਮਿਕਾਵਾਂ ਦੇ ਨਾਲ, ਇਸ ਮਾਮਲੇ 'ਤੇ ਸਿੱਧੇ ਤੌਰ 'ਤੇ ਗੱਲ ਕਰਨ ਵਿੱਚ। ਬੁੱਧੀਜੀਵੀ ਸ਼ਬਦ ਉਸ ਸਮੇਂ ਤੋਂ ਵਧੇਰੇ ਜਾਣਿਆ ਜਾਂਦਾ ਹੈ। ਫਰੈਂਚ ਵਿੱਚ ਇੱਕ ਨਾਮ ਵਜੋਂ ਸ਼ਬਦ ਦੀ ਵਰਤੋਂ 1898 ਵਿੱਚ ਜਾਰਜਸ ਕਲੇਮੈਂਸੋ ਨੂੰ ਦਿੱਤੀ ਗਈ ਹੈ।

ਸਮਾਜ ਵਿੱਚ ਬੁੱਧੀਜੀਵੀਆਂ ਦੀ ਭੂਮਿਕਾ ਕਿਸੇ ਵੀ ਸਮਾਜ ਵਿੱਚ ਬੁੱਧੀਜੀਵੀਆਂ ਦੀ ਭੂਮਿਕਾ ਅਸਲ ਵਿੱਚ ਇਸਦੇ ਵਿਕਾਸ ਲਈ ਮਹੱਤਵਪੂਰਨ ਤੱਤਾਂ ਵਿੱਚੋਂ ਇੱਕ ਹੁੰਦੀ ਹੈ। ਬੁੱਧੀਜੀਵੀ। ਇਸਦਾ ਅੰਦਾਜ਼ਾ ਇਤਿਹਾਸਕ ਦ੍ਰਿਸ਼ਟੀਕੋਣ ਤੋਂ ਲਗਾਇਆ ਜਾ ਸਕਦਾ ਹੈ। ਫਰਾਂਸੀਸੀ ਕ੍ਰਾਂਤੀ ਉਨ੍ਹਾਂ ਲੋਕਾਂ ਦੁਆਰਾ ਭੜਕਾਈ ਗਈ ਸੀ ਜਿਨ੍ਹਾਂ ਨੂੰ ਅਸੀਂ ਅੱਜ ਬੁੱਧੀਜੀਵੀਆਂ ਵਜੋਂ ਸ਼੍ਰੇਣੀਬੱਧ ਕਰਾਂਗੇ, ਲੈਨਿਨ ਅਤੇ ਉਸਦੇ ਜ਼ਿਆਦਾਤਰ ਸਾਥੀ ਬੁੱਧੀਜੀਵੀ ਸਨ। ਬੁੱਧੀਜੀਵੀਆਂ ਨੇ ਮੱਧ ਪੂਰਬ ਵਿੱਚ ਵਿਚਾਰਧਾਰਕ ਸੰਦੇਸ਼ਾਂ ਦੇ ਫੈਲਾਅ ਵਿੱਚ ਸਹਾਇਤਾ ਕੀਤੀ, ਜੋ ਤਬਦੀਲੀ ਅਤੇ ਸ਼ਾਂਤੀ ਲਈ ਚਿੰਤਤ ਅਸੰਤੁਸ਼ਟ, ਨਿਰਾਸ਼ ਅਤੇ ਨਿਰਾਸ਼ ਪੀੜ੍ਹੀਆਂ ਦੇ ਪ੍ਰਤੀਕ ਬਣ ਗਏ। ਰਾਜਨੀਤਿਕ ਪਾਰਟੀਆਂ ਅਤੇ ਪਾਦਰੀਆਂ ਨੇ ਬੁੱਧੀਜੀਵੀਆਂ ਦੀ ਵਰਤੋਂ ਆਪਣੀ ਸੰਗਠਨਾਤਮਕ ਸ਼ਕਤੀ ਅਤੇ ਰਾਜਨੀਤਿਕ ਨਿਯੰਤਰਣ ਨੂੰ ਵਧਾਉਣ ਲਈ ਕੀਤੀ। ਇਤਿਹਾਸਕ ਤੌਰ 'ਤੇ ਮੁਲਾਂਕਣ ਕਰਨ ਦਾ ਤਰੀਕਾ, ਕਿਸੇ ਵੀ ਸਮਾਜ 'ਤੇ ਬੁੱਧੀਜੀਵੀਆਂ ਦੇ ਪ੍ਰਭਾਵ ਦਾ ਉਸ ਸਮਾਜ 'ਤੇ ਨਿਰਭਰ ਕਰਦਾ ਹੈ ਜਿਸ ਵਿੱਚ ਉਹ ਕੰਮ ਕਰ ਰਹੇ ਹਨ: ਜਿੱਥੇ ਸਿਵਲ ਸਮਾਜ ਕਮਜ਼ੋਰ ਹੈ, ਜਿੱਥੇ ਗੈਰ-ਅਨੁਕੂਲਤਾ ਨੂੰ ਨੀਵਾਂ ਸਮਝਿਆ ਜਾਂਦਾ ਹੈ, ਜਿੱਥੇ ਸਹਿਣਸ਼ੀਲਤਾ ਅਤੇ ਬਹੁਲਵਾਦ ਦੀ ਘਾਟ ਹੈ, ਬੁੱਧੀਜੀਵੀਆਂ ਨੂੰ ਸਮਾਜ ਨੂੰ ਵਧੇਰੇ ਖੁੱਲ੍ਹੇ ਰਾਜਨੀਤਿਕ ਅਤੇ ਨੈਤਿਕ ਮਾਹੌਲ ਵੱਲ ਲਿਜਾਣਾ ਮੁਸ਼ਕਲ ਹੋਵੇਗਾ। ਈਰਾਨੀ ਸਮਾਜ ਜਿੱਥੇ ਇਸਲਾਮ ਰਾਸ਼ਟਰੀ ਪਛਾਣ ਦੇ ਨਿਰਮਾਣ ਬਲਾਕਾਂ ਵਿੱਚੋਂ ਇੱਕ ਹੈ, ਆਲੋਚਨਾਤਮਕ ਬੁੱਧੀਜੀਵੀਆਂ ਲਈ ਤਬਦੀਲੀ ਅਤੇ ਪਰਿਵਰਤਨ ਲਈ ਤੱਤਾਂ ਨੂੰ ਜਾਇਜ਼ ਠਹਿਰਾਉਣ ਲਈ ਬਹੁਤ ਸਾਰੇ ਹੋਰ ਵਿਕਲਪ ਪੇਸ਼ ਕਰਦਾ ਪ੍ਰਤੀਤ ਹੁੰਦਾ ਹੈ। ਹਾਲਾਂਕਿ ਇਹ ਬਹੁਤ ਸਾਰੇ ਅਰਬ ਸਮਾਜਾਂ ਵਿੱਚ ਇੱਕੋ ਜਿਹਾ ਮਾਮਲਾ ਨਹੀਂ ਹੈ, ਜਿੱਥੇ ਇਸਲਾਮ ਹੈ, ਇੱਕ ਜਾਂ ਦੂਜੇ ਤਰੀਕੇ ਨਾਲ ਅਰਬਵਾਦ ਦੀ ਵਿਰਾਸਤ ਨਾਲ ਜੁੜਿਆ ਹੋਇਆ ਹੈ ਅਤੇ ਸੱਚੀ ਆਲੋਚਨਾਤਮਕ ਸੋਚ ਕਮਜ਼ੋਰ ਹੈ।

ਬੁੱਧੀਜੀਵੀ ਸਮਾਜ ਦੇ ਅੰਦਰ ਇੱਕ ਖਾਸ ਗਤੀਵਿਧੀ ਕਰਨ ਲਈ ਆਪਣੇ ਆਪ ਨੂੰ ਸਮਰਪਿਤ ਕਰਦਾ ਹੈ ਜਿਸਦਾ ਉਦੇਸ਼ ਸੱਭਿਆਚਾਰ ਦੀ ਤਰੱਕੀ ਦੁਆਰਾ ਮਨੁੱਖਤਾ ਨੂੰ ਉੱਤਮ ਬਣਾਉਣਾ ਹੈ। ਇੱਕ ਵਿਦਵਾਨ ਦਾ ਇਹ ਫਰਜ਼ ਹੈ ਕਿ ਉਹ ਸੱਚਾਈ, ਗਿਆਨ ਜੋ ਸ਼ੁੱਧ ਤਰਕਸ਼ੀਲ ਸਿਧਾਂਤਾਂ ਤੋਂ ਪ੍ਰਾਪਤ ਹੁੰਦਾ ਹੈ, ਦੀ ਖੋਜ ਕਰਨ ਲਈ ਇੱਕ ਨਿਰਪੱਖ, ਉਦੇਸ਼ਪੂਰਨ ਪਹੁੰਚ ਅਪਣਾਏ, ਸ਼ਾਂਤੀ ਅਤੇ ਸੁਰੱਖਿਅਤ ਭਵਿੱਖ ਲਈ ਜਨਤਕ ਬਹਿਸਾਂ ਵਿੱਚ ਆਪਣੀ ਆਵਾਜ਼ ਸ਼ਾਮਲ ਕਰੇ। ਬੁੱਧੀਜੀਵੀ ਸਿਵਲ ਸਮਾਜ ਦੇ ਗਠਨ ਅਤੇ ਵਿਕਾਸ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ। ਬੁੱਧੀਜੀਵੀ ਲੋਕਤੰਤਰੀਕਰਨ, ਤਾਨਾਸ਼ਾਹੀ ਸ਼ਾਸਨ, ਤਾਨਾਸ਼ਾਹੀ, ਪੱਛਮੀ ਉਦਾਰਵਾਦ, ਸੰਵਿਧਾਨਵਾਦ, ਰਾਸ਼ਟਰਵਾਦ, ਫਾਸ਼ੀਵਾਦ ਵਰਗੀਆਂ ਵਿਚਾਰਧਾਰਾਵਾਂ ਦਾ ਇਹ ਅਧਾਰ ਵੀ ਰਹੇ ਹਨ। ਬੁੱਧੀਜੀਵੀ ਆਧੁਨਿਕਤਾ ਦੇ ਸਭ ਤੋਂ ਮਹੱਤਵਪੂਰਨ ਸਮਾਜ-ਸ਼ਾਸਤਰਿਕ ਅਦਾਕਾਰ ਹਨ। ਆਲੋਚਨਾਤਮਕ ਤਰਕਸ਼ੀਲਤਾ ਅਤੇ ਨਾਗਰਿਕ ਆਜ਼ਾਦੀਆਂ ਲਈ ਉਨ੍ਹਾਂ ਦਾ ਸੰਘਰਸ਼ ਉਨ੍ਹਾਂ ਦੀ ਆਲੋਚਨਾ ਅਤੇ ਸਾਧਨ ਤਰਕਸ਼ੀਲਤਾ ਅਤੇ ਦਬਦਬੇ ਦੀ ਭਾਵਨਾ ਤੋਂ ਇਨਕਾਰ ਦੇ ਨਾਲ-ਨਾਲ ਜਾਂਦਾ ਹੈ। ਉਨ੍ਹਾਂ ਦੀਆਂ ਉੱਤਮ ਬੌਧਿਕ ਪ੍ਰਤਿਭਾਵਾਂ ਅਤੇ ਸਕਾਰਾਤਮਕ ਪੁੱਛਗਿੱਛ ਦੀਆਂ ਤਕਨੀਕਾਂ ਵਿੱਚ ਸਿਖਲਾਈ ਨੇ ਉਨ੍ਹਾਂ ਨੂੰ ਸਥਾਨਕ ਦ੍ਰਿਸ਼ਟੀਕੋਣਾਂ ਦੀਆਂ ਤੰਗ ਧਾਰਨਾਵਾਂ ਤੋਂ ਪਾਰ ਜਾਣ ਅਤੇ ਨੀਤੀ ਨਿਰਮਾਣ ਦੀ ਪ੍ਰਕਿਰਿਆ ਨੂੰ ਤਰਕਸੰਗਤ ਬਣਾਉਣ ਦੇ ਯੋਗ ਬਣਾਇਆ। ਲੀਡਰਸ਼ਿਪ ਦੀ ਸਥਿਤੀ ਵਿੱਚ, ਉਨ੍ਹਾਂ ਨੇ ਨੁਕਸ ਰਹਿਤ ਸਿੱਟਿਆਂ ਦੇ ਆਧਾਰ 'ਤੇ ਸ਼ਾਸਨ ਕੀਤਾ, ਪਿਛਲੀਆਂ ਪੀੜ੍ਹੀਆਂ ਦੀਆਂ ਸਮੱਸਿਆਵਾਂ ਨੂੰ ਹੱਲ ਕੀਤਾ ਅਤੇ ਸਮਾਜਿਕ ਸੰਗਠਨ ਦੇ ਉੱਤਮ ਰੂਪ ਸਥਾਪਤ ਕੀਤੇ। ਉਹਨਾਂ ਨੇ ਇਹ ਵੀ ਦੇਖਿਆ ਕਿ ਜਦੋਂ ਕਿ ਆਧੁਨਿਕ ਸਮਾਜ ਦਾ ਰਾਹ ਸੱਚਮੁੱਚ ਆਪਣੇ ਸੰਗਠਨ ਵਿੱਚ ਵਧੇਰੇ ਤਰਕਸ਼ੀਲ ਬਣ ਗਿਆ ਸੀ, ਇਸ ਤਬਦੀਲੀ ਨੇ ਵਿਅਕਤੀ ਦੀ ਵਧੇਰੇ ਆਜ਼ਾਦੀ ਨੂੰ ਨਹੀਂ ਵਧਾਇਆ ਸਗੋਂ ਨੌਕਰਸ਼ਾਹੀ ਨਿਯੰਤਰਣ ਦੇ ਵਧਦੇ ਪੱਧਰ ਵਿੱਚ ਯੋਗਦਾਨ ਪਾਇਆ। ਇਸ ਰੁਝਾਨ ਦਾ ਨਤੀਜਾ ਸਮਾਜਿਕ ਸੰਸਾਰ ਵਿੱਚ ਵਧਦੀ ਤਰਕਹੀਣਤਾ ਸੀ, ਜਿੱਥੇ ਮਨੁੱਖੀ ਭਾਵਨਾਵਾਂ ਅਤੇ ਪੂਰਵ-ਆਧੁਨਿਕ ਸੋਚ ਦੀਆਂ ਆਦਤਾਂ ਪ੍ਰਚਲਿਤ ਰਹੀਆਂ। ਜਗੀਰੂ ਯੁੱਗ ਦੇ ਬਹੁਤ ਸਾਰੇ ਵਿਸ਼ਵਾਸ ਅਤੇ ਅੰਧਵਿਸ਼ਵਾਸ ਉਦਯੋਗਿਕ ਸਮਾਜ ਵਿੱਚ ਵਧਦੇ ਰਹੇ ਅਤੇ ਇਹਨਾਂ ਨੇ ਰਾਜਨੀਤਿਕ ਅਤੇ ਆਰਥਿਕ ਵਿਕਾਸ ਦੇ ਰਾਹ ਨੂੰ ਆਕਾਰ ਦਿੱਤਾ।

ਇੱਕ ਖੋਜਕਰਤਾ ਵਜੋਂ ਬੁੱਧੀਜੀਵੀ ਦੀ ਭੂਮਿਕਾ ਖੋਜਕਰਤਾ ਇੱਕ ਉਦੇਸ਼ਪੂਰਨ ਵਿਸ਼ਲੇਸ਼ਣ ਕਰਦੇ ਹਨ ਅਤੇ ਆਪਣੇ ਵਿਸ਼ੇ ਦੀ ਜਾਂਚ ਤੱਕ ਪਹੁੰਚ ਕਰਦੇ ਹਨ। ਬੁੱਧੀਜੀਵੀ ਇੱਕ ਧਾਰਨਾ ਪ੍ਰਤੀ ਜਾਗਰੂਕਤਾ ਵਿਕਸਤ ਕਰਨ ਦੀ ਕੋਸ਼ਿਸ਼ ਕਰਦੇ ਹਨ ਅਤੇ ਅਜਿਹਾ ਕਰਦੇ ਹੋਏ ਉਹ ਖੋਜਕਰਤਾ ਦੀ ਭੂਮਿਕਾ ਪ੍ਰਾਪਤ ਕਰਦੇ ਹਨ। ਉਹ ਸਮਾਜਿਕ ਵਿਗਿਆਨਕ ਖੋਜ ਵਿੱਚ ਸ਼ਾਮਲ ਹੁੰਦੇ ਹਨ। ਉਹ ਆਪਣੇ ਖੁਦ ਦੇ ਸੂਚਿਤ ਦ੍ਰਿਸ਼ਟੀਕੋਣਾਂ ਨੂੰ ਵਿਕਸਤ ਕਰਨ ਵਿੱਚ ਵਿਗਿਆਨ ਅਤੇ ਪਿਛਲੀਆਂ ਪਰੰਪਰਾਵਾਂ ਦੇ ਸਿਧਾਂਤਾਂ ਨੂੰ ਲਾਗੂ ਕਰਦੇ ਹਨ। ਉਨ੍ਹਾਂ ਨੇ ਇਹ ਵੀ ਪਾਇਆ ਕਿ ਸਮਾਜਿਕ ਵਿਗਿਆਨਕ ਕੰਮ ਸਮਾਜਿਕ ਸੰਸਾਰ ਦੇ ਨਵੀਨਤਾਕਾਰੀ ਵਿਸ਼ਲੇਸ਼ਣ ਨੂੰ ਉਤਸ਼ਾਹਿਤ ਕਰ ਸਕਦਾ ਹੈ। ਇਨ੍ਹਾਂ ਖੋਜਕਰਤਾਵਾਂ ਨੇ ਆਪਣੀਆਂ ਉਤਸੁਕਤਾਵਾਂ ਅਤੇ ਵਿਦਵਤਾਪੂਰਨ ਰੁਚੀਆਂ ਦੇ ਆਧਾਰ 'ਤੇ ਆਪਣੀਆਂ ਜਾਂਚਾਂ ਦਾ ਆਯੋਜਨ ਕੀਤਾ, ਅਜਿਹਾ ਕਰਦੇ ਹੋਏ ਉਨ੍ਹਾਂ ਨੇ ਕੁਝ ਤੱਥ ਪ੍ਰਗਟ ਕੀਤੇ ਹਨ ਜੋ ਜੇਕਰ ਉਨ੍ਹਾਂ ਨੇ ਖੋਜ ਨਾ ਕੀਤੀ ਹੁੰਦੀ ਤਾਂ ਖੁੰਝ ਜਾਂਦੇ। ਸਮਾਜਿਕ ਸੰਸਾਰ ਵਿੱਚ ਉਨ੍ਹਾਂ ਦੀ ਨਿੱਜੀ ਸੂਝ ਨੇ ਖੋਜ ਨੂੰ ਵੱਡੇ ਪੱਧਰ 'ਤੇ ਸਹਾਇਤਾ ਕੀਤੀ ਹੈ। ਆਧੁਨਿਕ ਕ੍ਰਮ ਦੇ ਤੇਜ਼ ਬਦਲਾਅ ਲਈ ਇੱਕ ਨਿਰੰਤਰ ਗੁਣਾਤਮਕ ਤੌਰ 'ਤੇ ਵਿਲੱਖਣ ਮੁਲਾਂਕਣਾਂ ਦੀ ਲੋੜ ਹੁੰਦੀ ਹੈ। ਪੁਰਾਣੇ ਫਾਰਮੂਲੇ ਸਥਿਰ ਹੋ ਸਕਦੇ ਹਨ ਅਤੇ ਨਵੇਂ ਵਿਕਾਸ ਦੀ ਵਿਆਖਿਆ ਕਰਨ ਦੀ ਆਪਣੀ ਯੋਗਤਾ ਗੁਆ ਸਕਦੇ ਹਨ। ਇਸ ਸੰਦਰਭ ਵਿੱਚ ਬੁੱਧੀਜੀਵੀ ਦੀ ਭੂਮਿਕਾ ਵਰਤਮਾਨ ਵੱਲ ਲੈ ਜਾਣ ਵਾਲੇ ਰੁਝਾਨਾਂ ਦੇ ਸੰਬੰਧ ਵਿੱਚ ਦੁਨੀਆ ਦੀਆਂ ਰਚਨਾਤਮਕ ਵਿਆਖਿਆਵਾਂ ਤਿਆਰ ਕਰਨਾ ਹੈ। ਉਹ ਵਿਚਾਰ ਜੋ ਸਮਾਜਿਕ ਵਿਚਾਰ ਦੀ ਮੁੱਖ ਧਾਰਾ ਦੇ ਅਨੁਕੂਲ ਨਹੀਂ ਹਨ, ਵਿਕਲਪਿਕ ਦ੍ਰਿਸ਼ਟੀਕੋਣਾਂ ਨੂੰ ਅਪਣਾਉਣ ਵਿੱਚ ਦਿਲਚਸਪੀ ਰੱਖਣ ਵਾਲੇ ਦੂਜਿਆਂ ਦੀ ਸੋਚ ਵਿੱਚ ਯੋਗਦਾਨ ਪਾ ਸਕਦੇ ਹਨ। ਸਮਕਾਲੀ ਸਮਾਜਿਕ ਖੋਜ, ਭਾਵੇਂ ਰਾਜਨੀਤਿਕ ਹੋਵੇ ਜਾਂ ਵਿਗਿਆਨਕ, ਅੰਤ ਵਿੱਚ ਦੂਰਗਾਮੀ ਨਤੀਜੇ ਦੇ ਸਕਦੀ ਹੈ ਅਤੇ ਨੈਤਿਕਤਾ ਦੇ ਇਨ੍ਹਾਂ ਦੇ ਸਮੂਹਾਂ ਦੇ ਢਾਂਚੇ ਦੇ ਅੰਦਰ ਕੰਮ ਕਰਨ ਵਾਲੇ ਬੁੱਧੀਜੀਵੀ ਆਧੁਨਿਕ ਸਮਾਜਿਕ ਵਿਵਸਥਾ ਦੀਆਂ ਭਵਿੱਖ ਦੀਆਂ ਦਿਸ਼ਾਵਾਂ ਨੂੰ ਆਕਾਰ ਦੇਣ ਵਿੱਚ ਪ੍ਰਭਾਵਸ਼ਾਲੀ ਹੋ ਸਕਦੇ ਹਨ।

ਇੱਕ ਰਾਜਨੀਤਿਕ ਸਲਾਹਕਾਰ ਵਜੋਂ ਬੁੱਧੀਜੀਵੀ ਦੀ ਭੂਮਿਕਾ ਬੌਧਿਕ ਸ਼ਮੂਲੀਅਤ ਇੱਕ ਰਾਜਨੀਤਿਕ ਲੀਡਰਸ਼ਿਪ ਦਾ ਇੱਕ ਮਹੱਤਵਪੂਰਨ ਹਿੱਸਾ ਹੈ। ਰਾਜਨੀਤਿਕ ਨੇਤਾਵਾਂ ਨੂੰ ਸਲਾਹ ਦੇਣ ਦੀ ਅਧਿਕਾਰਤ ਸਮਰੱਥਾ ਵਿੱਚ ਕੰਮ ਕਰਨ ਵਾਲੇ ਬੁੱਧੀਜੀਵੀ ਰਾਜਨੀਤਿਕ ਨੇਤਾਵਾਂ ਨੂੰ ਵਿਸ਼ਲੇਸ਼ਣ ਪੇਸ਼ ਕਰਦੇ ਹਨ ਜੋ ਫਿਰ ਆਪਣੇ ਵਿਸ਼ਵਾਸਾਂ ਅਤੇ ਜ਼ਿੰਮੇਵਾਰੀ ਦੀ ਭਾਵਨਾ ਦੇ ਆਧਾਰ 'ਤੇ ਫੈਸਲੇ ਲੈਂਦੇ ਹਨ। ਬੁੱਧੀਜੀਵੀ ਉਸ ਗਿਆਨ ਨੂੰ ਵਧਾਉਣ ਵਿੱਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ ਜਿਸ 'ਤੇ ਫੈਸਲੇ ਲਏ ਜਾ ਸਕਦੇ ਹਨ। ਉਹ ਰਾਜਨੀਤਿਕ ਖੇਤਰ ਵਿੱਚ ਆਪਣੇ ਗਿਆਨ ਦੀ ਵਰਤੋਂ ਕਰਦੇ ਹਨ ਜੋ ਅੱਗੇ ਜਾ ਕੇ ਵਿਹਾਰਕ ਨੀਤੀ ਵਿਕਲਪਾਂ ਵਿੱਚ ਅਨੁਵਾਦ ਹੁੰਦਾ ਹੈ। ਖੋਜ ਅਤੇ ਰਾਜਨੀਤੀ ਦੋਵਾਂ ਵਿੱਚ ਹੱਥ ਹੋਣ ਕਰਕੇ, ਰਾਜਨੀਤਿਕ ਬੁੱਧੀਜੀਵੀ ਸਮਾਜਿਕ ਵਿਗਿਆਨਕ ਪੁੱਛਗਿੱਛ ਅਤੇ ਨੀਤੀ-ਨਿਰਮਾਣ ਵਿਚਕਾਰ ਮਹੱਤਵਪੂਰਨ ਸਬੰਧ ਪ੍ਰਦਾਨ ਕਰ ਸਕਦਾ ਹੈ। ਉਨ੍ਹਾਂ ਦਾ ਕੰਮ ਵੱਡੀਆਂ ਸਮੱਸਿਆਵਾਂ ਨੂੰ ਪ੍ਰਗਟ ਕਰਨਾ ਅਤੇ ਇਸਦਾ ਹੱਲ ਕੱਢਣ ਦਾ ਸੁਝਾਅ ਦੇਣਾ ਹੈ। ਕਿਉਂਕਿ ਨੀਤੀਆਂ ਜਨਤਾ ਲਈ ਬਣਾਈਆਂ ਜਾਣੀਆਂ ਹਨ, ਇਸ ਲਈ ਬੁੱਧੀਜੀਵੀ ਪ੍ਰਸਤਾਵਿਤ ਕਾਰਵਾਈਆਂ ਦੁਆਰਾ ਲੋਕਾਂ ਦੇ ਜੀਵਨ ਨੂੰ ਕਿਵੇਂ ਬਦਲਿਆ ਜਾਵੇਗਾ, ਇਸ ਬਾਰੇ ਇੱਕ ਕੀਮਤੀ ਸਮਝ ਪ੍ਰਦਾਨ ਕਰਦੇ ਹਨ। ਸਲਾਹਕਾਰ ਦੀ ਜ਼ਿੰਮੇਵਾਰੀ ਇਹ ਵੀ ਹੈ ਕਿ ਉਹ ਨੇਤਾਵਾਂ ਦਾ ਧਿਆਨ ਵਿਚਾਰੇ ਜਾ ਰਹੇ ਕੰਮਾਂ ਦੇ ਲੰਬੇ ਸਮੇਂ ਦੇ ਨਤੀਜਿਆਂ ਵੱਲ ਖਿੱਚੇ ਅਤੇ ਆਪਣੇ ਸੁਝਾਅ ਦੇਣ। ਰਾਜਨੀਤਿਕ ਬੁੱਧੀਜੀਵੀਆਂ ਦੀ ਅਣਹੋਂਦ ਵਿੱਚ, ਨੀਤੀ ਨਿਰਮਾਣ ਨੌਕਰਸ਼ਾਹੀ ਮੁਖੀ ਪ੍ਰਬੰਧਕਾਂ ਦੇ ਹੱਥਾਂ ਵਿੱਚ ਆਉਂਦਾ ਰਹੇਗਾ।

ਇੱਕ ਸਿੱਖਿਅਕ ਵਜੋਂ ਬੁੱਧੀਜੀਵੀ ਦੀ ਭੂਮਿਕਾ ਉਦਯੋਗਿਕ-ਤਕਨੀਕੀ ਸਮਾਜ ਵਿੱਚ, ਉਹ ਜਨਤਕ ਰਾਏ ਨੂੰ ਪ੍ਰਭਾਵਿਤ ਕਰਦੇ ਹਨ ਅਤੇ ਸਮਾਜਿਕ ਸੰਸਾਰ ਦੇ ਮੁਲਾਂਕਣ ਪ੍ਰਦਾਨ ਕਰਦੇ ਹਨ ਜੋ ਗਿਆਨਵਾਨ ਹਨ। ਸਿੱਖਿਅਕਾਂ ਵਜੋਂ ਉਨ੍ਹਾਂ ਦਾ ਉਦੇਸ਼ ਸਮਕਾਲੀ ਸੰਸਾਰ ਦੀਆਂ ਵਿਆਖਿਆਵਾਂ ਪੇਸ਼ ਕਰਨਾ ਹੈ ਜੋ ਘੱਟ ਜਾਣਕਾਰੀ ਵਾਲੇ ਵਿਅਕਤੀਆਂ ਦੀ ਗਿਆਨਵਾਨ ਢੰਗ ਨਾਲ ਮਾਮਲਿਆਂ ਵਿੱਚ ਹਿੱਸਾ ਲੈਣ ਦੀ ਸਮਰੱਥਾ ਨੂੰ ਵਧਾਉਂਦਾ ਹੈ। ਅਜਿਹੇ ਬੁੱਧੀਜੀਵੀਆਂ ਦਾ ਇੱਕ ਹੋਰ ਟੀਚਾ ਆਪਣੇ ਚੇਲਿਆਂ ਨੂੰ ਕਲਾਸਰੂਮ ਵਿੱਚ ਅਤੇ ਵਿਦਵਤਾਪੂਰਨ ਗੱਲਬਾਤ ਦੇ ਪੱਧਰ 'ਤੇ ਆਲੋਚਨਾਤਮਕ ਤੌਰ 'ਤੇ ਸੋਚਣਾ ਸਿਖਾਉਣਾ ਹੈ। ਉਨ੍ਹਾਂ ਦੀ ਸਿੱਖਿਆ ਜਨਤਾ ਦੇ ਨੈਤਿਕ ਤੰਤੂ ਨੂੰ ਮਜ਼ਬੂਤ ਕਰਨ ਅਤੇ ਸਕਾਰਾਤਮਕ ਪੁੱਛਗਿੱਛ ਦੇ ਨਤੀਜਿਆਂ ਵਿੱਚ ਆਧੁਨਿਕਤਾ ਦੀ ਨੈਤਿਕਤਾ ਨੂੰ ਆਧਾਰ ਬਣਾਉਣ ਦੀ ਪੇਸ਼ਕਸ਼ ਕਰਦੀ ਹੈ। ਉਹ ਇੱਕ ਦਿੱਤੇ ਸੱਭਿਆਚਾਰ ਦੇ ਵੱਖ-ਵੱਖ ਨੈਤਿਕਤਾਵਾਂ ਦੀ ਜਾਂਚ ਕਰਦੇ ਹਨ, ਉਨ੍ਹਾਂ ਦਾ ਮੁਲਾਂਕਣ ਕਰਦੇ ਹਨ, ਅਤੇ ਉਨ੍ਹਾਂ ਦੀ ਆਲੋਚਨਾ ਵਿਕਸਤ ਕਰਦੇ ਹਨ ਅਤੇ ਅਜਿਹਾ ਕਰਦੇ ਸਮੇਂ ਉਹ ਇੱਕ ਯੋਜਨਾਬੱਧ ਪੁੱਛਗਿੱਛ ਨੂੰ ਪ੍ਰੇਰਿਤ ਕਰਦੇ ਹਨ।

# ਭਾਰਤ ਦਾ ਸਪੱਸ਼ਟ ਸੰਦੇਸ਼

ਭਾਰਤ ਵਲੋਂ ਪਹਿਲਗਾਮ ਵਿਚ ਅੱਤਵਾਦੀ ਹਮਲੇ ਤੋਂ ਬਾਅਦ ਪਾਕਿਸਤਾਨ ਵਿਚ ਅੱਤਵਾਦੀ ਟਿਕਾਣਿਆਂ 'ਤੇ 'ਆਪ੍ਰੇਸ਼ਨ ਸੰਧੂਰ' ਦੇ ਰੂਪ ਵਿਚ ਕੀਤੀ ਗਈ ਕਾਰਵਾਈ ਪਿੱਛੋਂ ਭਾਰਤ ਵਿਚ ਹੀ ਨਹੀਂ, ਸਗੋਂ ਦੁਨੀਆ ਭਰ ਵਿਚ ਇਸ ਬਾਰੇ ਅਨੇਕਾਂ ਹੀ ਵੱਖ-ਵੱਖ ਤਰ੍ਹਾਂ ਦੇ ਵੱਡੇ ਸੁਆਲ ਉਠਾਏ ਗਏ ਹਨ। ਕਾਂਗਰਸ ਸਮੇਤ ਹੋਰ ਕਈ ਵਿਰੋਧੀ ਪਾਰਟੀਆਂ ਦੇ ਆਗੂਆਂ ਨੇ ਵੀ ਇਸ ਬਾਰੇ ਸਰਕਾਰ ਤੋਂ ਜਵਾਬ ਮੰਗੇ ਹਨ। ਹੁਣ ਤੱਕ ਵੀ ਵੱਖ-ਵੱਖ ਸਟੇਜਾਂ 'ਤੇ ਇਸ ਸੰਬੰਧੀ ਚਰਚਾ ਲਗਾਤਾਰ ਹੁੰਦੀ ਆ ਰਹੀ ਹੈ।

ਦੂਜੇ ਪਾਸੇ ਕੇਂਦਰ ਸਰਕਾਰ ਵਲੋਂ ਇਸ ਕਾਰਵਾਈ ਸੰਬੰਧੀ ਭਾਰਤ ਦਾ ਪੱਖ ਦੁਨੀਆ ਸਾਹਮਣੇ ਰੱਖਣ ਲਈ ਕੇਂਦਰੀ ਮੰਤਰੀਆਂ, ਵੱਖ-ਵੱਖ ਵਿਰੋਧੀ ਪਾਰਟੀਆਂ ਦੇ ਆਗੂਆਂ ਅਤੇ ਹੋਰ ਅਹਿਮ ਸ਼ਖ਼ਸੀਅਤਾਂ ਦੀਆਂ ਕਮੇਟੀਆਂ ਦੁਨੀਆ ਦੇ ਤਿੰਨ ਦਰਜਨ ਦੇ ਕਰੀਬ ਦੇਸ਼ਾਂ ਵਿਚ ਪਹੁੰਚੀਆਂ ਹੋਈਆਂ ਹਨ, ਜਿੱਥੇ ਉਨ੍ਹਾਂ ਦੇਸ਼ਾਂ ਦੇ ਪ੍ਰਤੀਨਿਧਾਂ ਨਾਲ ਇਸ ਸੰਬੰਧੀ ਵਿਚਾਰ-ਵਟਾਂਦਰਾ ਕਰ ਰਹੀਆਂ ਹਨ ਅਤੇ ਦੁਨੀਆ ਦੇ ਦੇਸ਼ਾਂ ਨੂੰ ਇਹ ਦੱਸਿਆ ਜਾ ਰਿਹਾ ਹੈ ਕਿ ਭਾਰਤ ਅੱਤਵਾਦ ਸੰਬੰਧੀ ਕਿਸੇ ਤਰ੍ਹਾਂ ਦਾ ਕੋਈ ਸਮਝੌਤਾ ਕਰਨ ਲਈ ਤਿਆਰ ਨਹੀਂ ਹੈ ਅਤੇ ਇਹ ਵੀ ਕਿ ਪਾਕਿਸਤਾਨ ਵਲੋਂ ਫੈਲਾਏ ਜਾ ਰਹੇ ਅੱਤਵਾਦ ਦਾ ਉਹ ਡਟ ਕੇ ਮੁਕਾਬਲਾ ਕਰੇਗਾ। ਲਗਭਗ ਪਿਛਲੇ 4 ਦਹਾਕਿਆਂ ਤੋਂ ਪਾਕਿਸਤਾਨ ਵੱਖ-ਵੱਖ ਅੱਤਵਾਦੀ ਸੰਗਠਨਾਂ ਨੂੰ ਹਥਿਆਰਬੰਦ ਕਰਕੇ ਭਾਰਤ ਵਿਰੁੱਧ 'ਜੇਹਾਦ' ਕਰਨ ਲਈ ਭੇਜਦਾ ਰਿਹਾ ਹੈ। ਇਸ ਮਸਲੇ 'ਤੇ ਦੋਹਾਂ ਦੇਸ਼ਾਂ ਵਿਚ ਵੱਡੀ ਤਲਖ਼ੀ ਵੀ ਬਣੀ ਰਹੀ ਹੈ। ਆਪਸੀ ਝੜਪਾਂ ਅਤੇ ਲੜਾਈਆਂ ਵੀ ਹੁੰਦੀਆਂ ਰਹੀਆਂ ਹਨ ਪਰ ਪਾਕਿਸਤਾਨ ਦੀ ਫ਼ੌਜ ਆਪਣੇ ਵਲੋਂ ਅਪਣਾਈ ਇਸ ਨੀਤੀ ਸੰਬੰਧੀ ਟੱਸ ਤੋਂ ਮੱਸ ਨਹੀਂ ਹੋਈ। ਇੱਥੋਂ ਤੱਕ ਕਿ ਇਹ ਅੱਤਵਾਦੀ ਭਾਰਤ ਦੀ ਧਰਤੀ ਨੂੰ ਲਗਾਤਾਰ ਲਹੂ-ਲੁਹਾਨ ਕਰਕੇ ਇਸ ਦੀ ਪ੍ਰਭੂਸੱਤਾ ਨੂੰ ਚੁਣੌਤੀ ਦਿੰਦੇ ਆ ਰਹੇ ਹਨ। ਭਾਰਤੀ ਸਰਕਾਰਾਂ ਵਲੋਂ ਵੱਖ-ਵੱਖ ਸਮੇਂ ਵਾਪਰਦੇ ਰਹੇ ਅਜਿਹੇ ਘਟਨਾ-ਚੱਕਰ ਸੰਬੰਧੀ ਪਾਕਿਸਤਾਨ ਨੂੰ ਚੁਣੌਤੀਆਂ ਦਿੱਤੀਆਂ ਗਈਆਂ ਅਤੇ ਕਈ ਵਾਰ ਉਸ ਖ਼ਿਲਾਫ਼ ਸਖ਼ਤ ਕਾਰਵਾਈਆਂ ਵੀ ਕੀਤੀਆਂ ਪਰ ਉਸ ਨੂੰ ਇਨ੍ਹਾਂ ਦੀ ਸਮਝ ਨਹੀਂ ਆਈ। ਹੁਣ ਪਹਿਲਗਾਮ ਦੀ ਖ਼ੂਨੀ ਘਟਨਾ ਵਾਪਰਨ ਤੋਂ ਬਾਅਦ ਪਾਕਿਸਤਾਨ ਦੀਆਂ ਸਰਹੱਦਾਂ ਪਾਰ ਕਰਕੇ ਭਾਰਤ ਵਲੋਂ ਕੀਤੀ ਗਈ ਕਾਰਵਾਈ ਰਾਹੀਂ ਭਾਰਤ ਨੇ ਜੋ ਸਖ਼ਤ ਸੰਦੇਸ਼ ਦਿੱਤਾ ਹੈ, ਉਸ ਨੂੰ ਇਸ ਦੀ ਸਮਝ ਜ਼ਰੂਰ ਆਉਣ ਲੱਗੀ ਹੈ। ਪਿਛਲੇ ਦਿਨੀਂ ਪਾਕਿਸਤਾਨ ਦੇ ਪ੍ਰਧਾਨ ਮੰਤਰੀ ਸ਼ਹਿਬਾਜ਼ ਸ਼ਰੀਫ਼ ਨੇ ਆਪਣੀ ਈਰਾਨ ਦੀ ਯਾਤਰਾ ਸਮੇਂ ਇਹ ਬਿਆਨ ਜ਼ਰੂਰ ਦਿੱਤਾ ਹੈ ਕਿ ਉਨ੍ਹਾਂ ਦਾ ਦੇਸ਼, ਭਾਰਤ ਨਾਲ ਆਪਸੀ ਝਗੜੇ ਮਸਲਿਆਂ 'ਤੇ ਗੱਲਬਾਤ ਕਰਨ ਲਈ ਤਿਆਰ ਹੈ। ਇਨ੍ਹਾਂ ਵਿਚ ਕਸ਼ਮੀਰ ਅਤੇ ਪਾਣੀਆਂ ਤੋਂ ਇਲਾਵਾ ਵਪਾਰ ਅਤੇ ਅੱਤਵਾਦ ਵਿਰੁੱਧ ਗੱਲਬਾਤ ਵੀ ਸ਼ਾਮਿਲ ਹੋ ਸਕਦੀ ਹੈ। ਅਜਿਹੇ ਬਿਆਨ ਪਾਕਿਸਤਾਨ ਦੇ ਹੋਰ ਵੱਡੇ ਅਹਿਲਕਾਰਾਂ ਵਲੋਂ ਵੀ ਦਿੱਤੇ ਗਏ ਹਨ। ਪਿਛਲੇ ਦਿਨੀਂ 'ਆਪ੍ਰੇਸ਼ਨ ਸੰਧੂਰ' ਸੰਬੰਧੀ ਪ੍ਰਗਟਾਏ ਗਏ ਖ਼ਦਸ਼ਿਆਂ ਸੰਬੰਧੀ ਸਪੱਸ਼ਟੀਕਰਨ ਦਿੰਦੇ ਹੋਏ ਵਿਦੇਸ਼ ਮੰਤਰੀ ਜੈ ਸ਼ੰਕਰ ਨੇ ਸਪੱਸ਼ਟ ਸ਼ਬਦਾਂ ਵਿਚ ਕਿਹਾ ਹੈ ਕਿ ਭਾਰਤੀ ਹਮਲਿਆਂ ਤੋਂ ਘਬਰਾ ਕੇ ਹੀ ਪਾਕਿਸਤਾਨ ਦੇ ਡਾਇਰੈਕਟਰ ਜਨਰਲ ਮਿਲਟਰੀ ਆਪ੍ਰੇਸ਼ਨ ਨੇ ਭਾਰਤ ਦੇ ਆਪਣੇ ਹਮਰੁਤਬਾ ਨੂੰ ਲੜਾਈ ਬੰਦ ਕਰਨ ਲਈ ਕਿਹਾ ਸੀ। ਉਸ ਤੋਂ ਬਾਅਦ ਹੀ ਭਾਰਤ ਵਲੋਂ ਆਪਣੀਆਂ ਕਾਰਵਾਈਆਂ ਨੂੰ ਰੋਕਿਆ ਗਿਆ ਸੀ। ਉਨ੍ਹਾਂ ਨੇ ਇਹ ਵੀ ਕਿਹਾ ਕਿ ਇਸ ਵਿਚ ਅਮਰੀਕਾ ਦੇ ਰਾਸ਼ਟਰਪਤੀ ਟਰੰਪ ਨੂੰ ਵਿਚੋਲਾ ਨਹੀਂ ਸੀ ਬਣਾਇਆ ਗਿਆ ਪਰ ਉਸ ਸਮੇਂ ਅਮਰੀਕੀ ਵਿਦੇਸ਼ ਮੰਤਰੀ ਨੇ ਭਾਰਤ ਨੂੰ ਕਾਰਵਾਈ ਬੰਦ ਕਰਨ ਲਈ ਜ਼ਰੂਰ ਕਿਹਾ ਸੀ। ਭਾਰਤ ਨੇ ਇਸ ਤੋਂ ਇਨਕਾਰ ਕਰ ਦਿੱਤਾ ਸੀ ਅਤੇ ਪਾਕਿਸਤਾਨ ਨੂੰ ਹੀ ਇਸ ਸੰਬੰਧੀ ਭਾਰਤੀ ਡਾਇਰੈਕਟਰ ਜਨਰਲ ਮਿਲਟਰੀ ਆਪ੍ਰੇਸ਼ਨ ਨਾਲ ਗੱਲ ਕਰਨ ਲਈ ਕਿਹਾ ਗਿਆ ਸੀ। ਪਾਕਿਸਤਾਨ ਵਲੋਂ ਗੋਲੀਬੰਦੀ ਲਈ ਫ਼ੋਨ ਆਉਣ ਤੋਂ ਬਾਅਦ ਹੀ ਭਾਰਤ ਨੇ ਆਪਣੀ ਕਾਰਵਾਈ ਨੂੰ ਰੋਕਿਆ ਸੀ।



ਵਿਦੇਸ਼ ਮੰਤਰੀ ਨੇ ਇਸ ਗੱਲ ਨੂੰ ਸਪੱਸ਼ਟ ਕੀਤਾ ਹੈ ਕਿ ਇਸ ਕਾਰਵਾਈ ਬਾਰੇ ਪਾਕਿਸਤਾਨ ਨੂੰ ਪਹਿਲਾਂ ਨਹੀਂ, ਸਗੋਂ ਕਾਰਵਾਈ ਤੋਂ 30 ਮਿੰਟ ਬਾਅਦ ਇਸ ਦੇ ਖ਼ਤਮ ਹੋਣ ਪਿੱਛੋਂ ਹੀ ਸੂਚਿਤ ਕੀਤਾ ਗਿਆ ਸੀ। ਅਸੀਂ ਸਮਝਦੇ ਹਾਂ ਕਿ ਭਾਰਤ, ਪਾਕਿਸਤਾਨ ਦੇ ਨਾਲ-ਨਾਲ ਪੂਰੀ ਦੁਨੀਆ ਨੂੰ ਅੱਤਵਾਦ ਵਿਰੁੱਧ ਆਪਣਾ ਸੰਦੇਸ਼ ਦੇਣ 'ਚ ਸਫ਼ਲ ਹੋਇਆ ਹੈ ਪਰ ਇਸ ਦੇ ਬਾਵਜੂਦ ਹਾਲੇ ਪਾਕਿਸਤਾਨ ਦੀ ਭਾਰਤ ਵਿਰੁੱਧ ਅਸਿੱਧੀ ਜੰਗ ਦੇ ਖ਼ਤਮ ਹੋਣ ਦੀ ਉਮੀਦ ਨਹੀਂ ਕੀਤੀ ਜਾ ਸਕਦੀ, ਸਗੋਂ ਇਸ ਲਈ ਹਾਲੇ ਹੋਰ ਲੰਬਾ ਸੰਘਰਸ਼ ਕਰਨ ਦੀ ਲੋੜ ਪਵੇਗੀ।

Dosanjh Family
AUTO GROUP

Cadillac
CHEVROLET
INFINITI
KIA
NISSAN
BUICK
GMC
LIVERMORE TOYOTA
HYUNDAI
Fremont Hyundai
TOYOTA
Ford
ACURA

DUBLIN CHEVOLET
DUBLIN CADILLAC
DUBLIN BUICK GMC
DUBLIN KIA
DUBLIN NISSAN
DUBLIN INFINITI

FREMONT CHEVROLET
FREMONT CADILLAC
FREMONT BUICK GMC
STEVENS CREEK CHEVROLET
STEVENS CREEK CADILLAC
FREMONT HYUNDAI

CONCORD CHEVROLET
ACURA OF CONCORD
CONCORD NISSAN
LIVERMORE TOYOTA
FREMONT FORD